
**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763



WEBSITE: DHOLRADIO.ORG
**Dhol Radio**
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song

Listen On Phone
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Music 24/7
*Application for android and iPhone- Dhol Radio*



ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!! CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ



Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com


# ਪੰਜਾਬ ਟਾਈਮਜ਼

Punjab Times, Vol 15, Issue 31, August 2, 2014 20451 N Plum Grove Rd., Palatine, IL 60074 Ph:847-359-0746, Fax:847-705-9388


## ਭਾਜਪਾ ਵਲੋਂ ਬਾਦਲ ਦੇ ਮੋਰਚੇ ਨੂੰ ਬਰੇਕ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਗਰਮੀਆਂ ਉਤੇ ਭਾਈਵਾਲ ਭਾਜਪਾ ਦੇ ਦਖ਼ਲ ਨਾਲ ਬਰੇਕਾਂ ਲੱਗ ਗਈਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਧਾਰਮਿਕ ਮੁੱਦੇ ਨੂੰ ਵਰਤ ਕੇ ਸ਼੍ਰੋਮਣੀ ਅਕਾਲੀ ਦਲ ਦਾ ਮੁੜ ਪੰਥਕ ਅਕਸ ਉਭਾਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਧਰਮ ਯੁੱਧ ਮੋਰਚਾ ਲਾਉਣ ਦੀ ਤਿਆਰੀ ਵੀ ਕਰ ਲਈ ਸੀ ਅਤੇ ਇਸ ਬਾਰੇ ਐਲਾਨ 27 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਬੁਲਾਏ ਪੰਥਕ ਇਕੱਠ ਵਿਚ ਕੀਤਾ ਜਾਣਾ ਸੀ।

ਇਸ ਸਮਾਗਮ ਦੀਆਂ ਜੰਗੀ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਪਰ ਇਕ ਦਿਨ ਪਹਿਲਾਂ 26 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਸਮਾਗਮ ਰੱਦ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕੌਮ ਵਿਚ ਪੈਦਾ ਹੋ ਰਹੇ ਹਾਲਾਤ ਕਾਰਨ ਸਿੱਖ ਜਗਤ ਫਿਕਰਮੰਦ ਹੈ ਅਤੇ ਸਹਾਰਨਪੁਰ ਵਿਚ ਵਾਪਰੀ ਮੰਦਭਾਗੀ ਘਟਨਾ ਨੇ ਇਸ ਚਿੰਤਾ ਨੂੰ ਹੋਰ ਵਧਾ ਦਿੱਤਾ ਹੈ। ਅਜਿਹੇ ਮੁਸ਼ਕਲ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਤੇ ਸਿੱਖ ਕੌਮ ਵਿਚ ਪੈਦਾ ਹੋ ਰਹੇ ਆਪਸੀ ਟਕਰਾਅ ਨੂੰ ਹਰ ਹੀਲੇ ਰੋਕਣ ਦੇ ਮੰਤਵ ਨਾਲ ਸਮੂਹ ਸਿੱਖ ਧਿਰਾਂ ਨੂੰ ਉਨ੍ਹਾਂ ਕਾਨਫਰੰਸਾਂ ਰੱਦ ਕਰਨ ਦਾ ਆਦੇਸ਼ ਦਿੱਤਾ ਗਿਆ ਹੈ।


*ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਸਾਥੀਆਂ ਸਣੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਜਾਂਦੇ ਹੋਏ।*

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ 27 ਜੁਲਾਈ ਨੂੰ ਅੰਮ੍ਰਿਤਸਰ ਵਿਚ ਹੋਣ ਵਾਲੀ ਪੰਥਕ ਕਾਨਫਰੰਸ ਅਤੇ ਹਰਿਆਣਾ ਦੇ ਸਿੱਖ ਆਗੂਆਂ ਨੇ 28 ਜੁਲਾਈ ਨੂੰ ਕਰਨਾਲ ਵਿਖੇ ਹੋਣ ਵਾਲੇ ਸਿੱਖ ਸੰਮੇਲਨ ਨੂੰ ਰੱਦ ਕਰ ਦਿੱਤਾ। ਉਧਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਅੰਮ੍ਰਿਤਸਰ ਵਿਚ ਕੀਤੀ ਜਾਣ ਵਾਲੀ ਸਮਾਨੰਤਰ ਕਾਨਫਰੰਸ ਰੱਦ ਕਰ ਦਿੱਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਇਨ੍ਹਾਂ ਹੁਕਮਾਂ ਦਾ ਸਾਰੀਆਂ ਧਿਰਾਂ ਵੱਲੋਂ ਸਵਾਗਤ ਕੀਤਾ ਗਿਆ ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸ. ਬਾਦਲ ਨਾਲ ਗੱਲਬਾਤ ਕਰਨ ਲਈ ਭੇਜੇ ਦੂਤ ਸ਼ਾਂਤਾ ਕੁਮਾਰ ਨੇ ਇਹ ਖੁਲਾਸਾ ਕਰ ਕੇ ਕਈ ਸਵਾਲ ਖੜ੍ਹੇ ਕਰ ਦਿੱਤੇ ਕਿ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਦੀ ਸਲਾਹ 'ਤੇ ਮੋਰਚਾ ਨਾ ਲਾਉਣ ਦਾ ਫੈਸਲਾ ਕੀਤਾ ਹੈ। ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਕਿਸੇ ਤਰ੍ਹਾਂ ਦੇ ਦਬਾਅ ਤੋਂ ਇਨਕਾਰ ਕਰ ਰਿਹਾ ਹੈ ਪਰ ਸਿਆਸੀ ਹਲਕਿਆਂ ਵਿਚ ਇਸ ਗੱਲ ਦੀ ਚਰਚਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਮਾਗਮ ਤੋਂ ਕੁਝ ਘੰਟੇ ਪਹਿਲਾਂ ਹੀ ਕਿਉਂ ਦਖਲ ਦਿੱਤਾ ਗਿਆ।

ਸਿਆਸੀ ਹਲਕਿਆਂ ਵਿਚ ਇਸ ਗੱਲ ਦੀ ਚਰਚਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਲਾਏ ਜਾ ਰਹੇ ਮੋਰਚੇ ਦੇ ਪ੍ਰੋਗਰਾਮ ਨੂੰ ਰੱਦ

*(ਬਾਕੀ ਸਫਾ 6 'ਤੇ)*

## ਜਥੇਦਾਰ ਦੀ ਨਿਰਪੱਖਤਾ ਬਾਰੇ ਉਠੇ ਸਵਾਲ

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਿਸ ਦਿਨ ਹਰਿਆਣਾ ਦੇ ਸਿੱਖ ਨੇਤਾਵਾਂ ਜਗਜੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ ਅਤੇ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਸੁਣਾਇਆ, ਉਸ ਦਿਨ ਤੋਂ ਹੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਉਤੇ ਸਵਾਲਾਂ ਦੀ ਵਾਛੜ ਹੋ ਰਹੀ ਹੈ। ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕਠਪੁਤਲੀ ਕਿਹਾ ਜਾਣ ਲੱਗਾ ਹੈ। ਇਸ ਬਾਰੇ ਹੋਈ ਵਿਸ਼ੇਸ਼ ਮੁਲਾਕਾਤ ਦਾ ਸਾਰ-ਅੰਸ਼ ਇਸ ਪ੍ਰਕਾਰ ਹੈ:



**-ਵੱਖਰੀ ਕਮੇਟੀ ਦੇ ਮਾਮਲੇ ਨੂੰ ਤੁਸੀਂ ਕਿਸ ਤਰ੍ਹਾਂ ਵੇਖਦੇ ਹੋ?**

**ਉਤਰ:** ਸਿੱਖਾਂ ਦੀਆਂ ਕੁਰਬਾਨੀਆਂ ਤੋਂ ਬਾਅਦ ਐਸ.ਜੀ.ਪੀ.ਸੀ. 1925 ਵਿਚ ਹੋਂਦ ਵਿਚ ਆਈ ਸੀ। ਇਸ ਤੋਂ ਬਾਅਦ 185 ਮੈਂਬਰ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਬਿਹਾਰ ਤੇ ਬੰਗਾਲ ਤੋਂ ਇਸ ਕਮੇਟੀ ਵਿਚ ਆਉਂਦੇ ਹਨ। ਬਾਕਾਇਦਾ ਕਮੇਟੀ ਬਣਦੀ ਹੈ, ਪ੍ਰਧਾਨ ਚੁਣਿਆ ਜਾਂਦਾ ਹੈ, ਇਸ ਨੂੰ ਸਿੱਖਾਂ ਦੀ ਮਿਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਕਾਂਗਰਸ ਨੇ ਚੋਣਾਂ ਦੇ ਫਾਇਦੇ ਲਈ ਐਸ.ਜੀ.ਪੀ.ਸੀ. ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਹੈ।


**-ਐਚ.ਐਸ.ਜੀ.ਪੀ.ਸੀ. ਬਣ ਗਈ ਹੈ। ਹੁਣ ਅਕਾਲ ਤਖ਼ਤ ਦਾ ਰੁਖ਼ ਕੀ ਹੈ?**

*(ਬਾਕੀ ਸਫਾ 6 'ਤੇ)*


**REAL ESTATE & HOME LOANS**

✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker/Associate
Century 21 M&M and Associates
209.918.6464
ahundal@c21mm.com



Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh for your next Party 1-866-FOR RAJA www.RajaSweets.com



**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਵੀ ਟੀ ਏ ਦੇ ਡਰਾਈਵਰ ਵੀਰਾਂ ਵੱਲੋਂ ਗੁਰਦੁਆਰਾ ਸੈਨ ਹੋਜ਼ੇ ਨੂੰ 57,000 ਡਾਲਰ ਭੇਟ



**ਸੈਨ ਹੋਜ਼ੇ (ਬਿਊਰੋ):** ਸੈਟਾ ਕਲਾਰਾ ਕਾਉਂਟੀ ਦੀ ਵੈਲੀ ਟਰਾਂਜ਼ਿਟ ਅਥਾਰਿਟੀ (ਵੀ ਟੀ ਏ) ਦੇ ਡਰਾਈਵਰ ਵੀਰਾਂ ਨੇ ਗੁਰਦੁਆਰਾ ਸੈਨ ਹੋਜ਼ੇ ਨੂੰ 57,000 ਡਾਲਰ ਭੇਟ ਕੀਤੇ ਹਨ ਜਿਸ ਨਾਲ ਗੁਰਦੁਆਰਾ ਸਾਹਿਬ ਦਾ ਦਫਤਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਪਲੇਟ ਲਾ ਕੇ ਸਪਾਂਸਰ ਕੀਤਾ ਗਿਆ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਬਿਆਨ ਅਨੁਸਾਰ ਇਹ ਡਰਾਈਵਰ ਵੀਰ ਹਰ ਸਾਲ ਅਖੰਡ ਪਾਠ ਕਰਵਾਉਂਦੇ ਹਨ ਅਤੇ ਗੁਰੂ ਘਰ ਲਈ ਭੇਟਾ ਦਿੰਦੇ ਹਨ। ਪ੍ਰਬੰਧਕ ਕਮੇਟੀ ਨੇ ਇਨ੍ਹਾਂ ਸੰਗਤ ਮੈਂਬਰਾਂ ਦਾ ਧੰਨਵਾਦ ਕੀਤਾ ਹੈ।

# ਪੰਜਾਬੀ ਰੇਡੀਓ ਯੂ ਐਸ ਏ ਵਲੋਂ 'ਈਦ ਮਿਲਨ' ਪ੍ਰੋਗਰਾਮ

**ਫਰੀਮਾਂਟ (ਬਿਊਰੋ):** ਪੰਜਾਬੀ ਰੇਡੀਓ ਯੂ ਐਸ ਏ ਵਲੋਂ ਈਦ ਦੇ ਮੱਦੇਨਜ਼ਰ 'ਈਨ ਮਿਲਨ' ਪ੍ਰੋਗਰਾਮ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਪਾਕਿਸਤਾਨੀ ਪੰਜਾਬ ਦੇ ਪਿਛੋਕੜ ਵਾਲੇ ਪੰਜਾਬੀਆਂ ਤੋਂ ਪਿਛਲੇ ਪਿੰਡਾਂ ਬਾਰੇ ਜਾਣਕਾਰੀ ਲਈ ਗਈ ਅਤੇ ਯਾਦਾਂ ਤਾਜ਼ਾਂ ਕੀਤੀਆਂ ਗਈਆਂ। ਪਾਕਿਸਤਾਨ ਸਟੂਡੀਓ ਤੋਂ ਪ੍ਰੋਗਰਾਮ ਪੇਸ਼ ਕਰ ਰਹੇ ਮਸੂਦ ਮੱਲ੍ਹੀ ਅਤੇ ਮੁਸਲਿਮ ਭਾਈਚਾਰੇ ਨੂੰ ਈਦ ਮੁਬਾਰਕ ਆਖਦਿਆਂ ਭਾਰਤ ਅਤੇ ਪਾਕਿਸਤਾਨ ਵਿਚ ਪਰਸਪਰ ਚੰਗੇ ਸਬੰਧਾਂ ਦੀ ਕਾਮਨਾ ਵੀ ਕੀਤੀ ਗਈ। ਅਮਰੀਕਾ ਸਟੂਡੀਓ ਤੋਂ ਰਾਜਕਰਨਬੀਰ ਸਿੰਘ ਸਰੋਤਿਆਂ ਦੀਆਂ ਕਾਲਾਂ ਲੈ ਕੇ ਮਸੂਦ ਮੱਲ੍ਹੀ ਨਾਲ ਗੱਲਬਾਤ ਕਰਵਾਉਂਦੇ ਰਹੇ।

# ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 23 ਅਗਸਤ ਵਾਲਾ ਕਬੱਡੀ ਕੱਪ ਰੱਦ

**ਯੂਨੀਅਨ ਸਿਟੀ (ਬਿਊਰੋ):** ਯੁਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਨੇ 23 ਅਗਸਤ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਹੋਣ ਵਾਲਾ ਵਿਸ਼ਵ ਕਬੱਡੀ ਕੱਪ ਰੱਦ ਕਰ ਦਿੱਤਾ ਹੈ। ਇਸ ਸਬੰਧੀ ਫੈਸਲਾ ਰਾਜਾ ਸਵੀਟਸ ਵਿਚ ਹੋਈ ਕਲੱਬ ਦੀ ਮੀਟਿੰਗ ਦੌਰਾਨ ਲਿਆ ਗਿਆ।

ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਅਤੇ ਮੀਤ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਦੱਸਿਆ ਕਿ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਕਰੀਬ 20 ਸਟਾਰ ਖਿਡਾਰੀ ਭਾਰਤ ਵਿਚ ਕਬੱਡੀ ਲੀਗ ਵਿਚ ਖੇਡਣ ਲਈ ਸਾਈਨ ਕਰ ਚੁਕੇ ਹਨ ਜਿਸ ਕਾਰਨ ਉਹ ਕਲੱਬ ਦੇ 23 ਅਗਸਤ ਨੂੰ ਹੋਣ ਵਾਲੇ ਕਬੱਡੀ ਕੱਪ ਸਮੇਂ ਨਹੀਂ ਖੇਡ ਸਕਣਗੇ। ਲੀਗ ਵਾਸਤੇ ਇੱਕ ਟੀਮ ਕੈਲੀਫੋਰਨੀਆ ਵਿਚੋਂ ਬਣਾ ਕੇ ਵੀ ਖਿਡਾਰੀ ਸਾਈਨ ਕੀਤੇ ਗਏ ਹਨ। ਸ. ਗਾਖਲ ਨੇ ਕਿਹਾ ਕਿ ਭਾਵੇਂ ਹਾਲੇ ਤੱਕ ਕੋਈ ਵੀ ਫੰਡ ਇਕੱਠਾ ਨਹੀਂ ਕੀਤਾ ਗਿਆ ਪਰ ਫੇਰ ਵੀ ਸਾਰੇ ਪ੍ਰਮੋਟਰਾਂ ਅਤੇ ਦਾਨੀ ਸੱਜਣਾਂ ਵਲੋਂ ਦਿਖਾਏ ਉਤਸ਼ਾਹ ਅਤੇ ਹੁੰਗਾਰੇ ਲਈ ਕਲੱਬ ਰਿਣੀ ਹੈ।

ਕਲੱਬ ਦੇ ਅਹੁਦੇਦਾਰਾਂ ਨੇ ਖੇਡ ਪ੍ਰੇਮੀਆਂ ਅਤੇ ਸਹਿਯੋਗੀਆਂ ਤੋਂ ਕਬੱਡੀ ਕੱਪ ਰੱਦ ਕੀਤੇ ਜਾਣ ਕਾਰਨ ਮੁਆਫੀ ਮੰਗਦਿਆਂ ਕਿਹਾ ਕਿ ਕਲੱਬ ਅਜਿਹੀ ਸਥਿਤੀ ਵਿਚ ਸਟਾਰ ਖਿਡਾਰੀਆਂ ਤੋਂ ਬਿਨਾਂ ਖੇਡ ਮੇਲਾ ਕਰਵਾ ਕੇ ਭਾਈਚਾਰੇ 'ਤੇ ਵਾਧੂ ਵਿੱਤੀ ਬੋਝ ਨਹੀਂ ਪਾਉਣਾ ਚਾਹੁੰਦਾ। ਉਨ੍ਹਾਂ ਭਾਰਤੀ ਕਬੱਡੀ ਲੀਗ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਹੈ ਅਤੇ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਕਬੱਡੀ ਖਿਡਾਰੀਆਂ ਨੂੰ ਇਸ ਕਬੱਡੀ ਲੀਗ ਦਾ ਲਾਭ ਹੋਵੇਗਾ। ਕਲੱਬ ਨੇ ਕਬੱਡੀ ਲੀਗ ਲਈ ਸੁਰਜੀਤ ਸਿੰਘ ਟੁੱਟ ਅਤੇ ਭਰਾਵਾਂ ਵਲੋਂ ਕੈਲੀਫੋਰਨੀਆ ਦੀ ਟੀਮ ਬਣਾਉਣ 'ਤੇ ਵੀ ਵਧਾਈ ਦਿੱਤੀ ਹੈ। ਮੀਟਿੰਗ 'ਚ ਇਹ ਵੀ ਵਿਚਾਰ ਹੋਈ ਕਿ ਕਬੱਡੀ ਦੀਆਂ ਨਰਸਰੀਆਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਨਰਸਰੀਆਂ ਵਿਚੋਂ ਨਿੱਕਲੇ ਚੰਗੇ ਕਬੱਡੀ ਲੀਗਾਂ ਵਿਚ ਸ਼ਾਮਲ ਹੋ ਕੇ ਆਪਣਾ ਭਵਿੱਖ ਉਜਲਾ ਬਣਾ ਸਕਣ।




*ਮੀਟਿੰਗ ਤੋਂ ਬਾਅਦ ਕਲੱਬ ਦੇ ਅਹੁਦੇਦਾਰ*

ਮੀਟਿੰਗ ਵਿਚ ਸ. ਗਾਖਲ ਤੇ ਸ. ਬੈਂਸ ਤੋਂ ਇਲਾਵਾ ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਬਲਵੀਰ ਸਿੰਘ ਭਾਟੀਆ, ਗੁਰਦਾਵਰ ਸਿੰਘ ਮਹੇੜੂ, ਨਰਿੰਦਰ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਪਲਵਿੰਦਰ ਸਿੰਘ ਗਾਖਲ ਅਤੇ ਕੁਲਦੀਪ ਸਿੰਘ ਮਾਨ ਹਾਜ਼ਰ ਸਨ। ਹੋਰ ਜਾਣਕਾਰੀ ਲਈ ਅਮੋਲਕ ਸਿੰਘ ਗਾਖਲ ਫੋਨ: 831-247-4637 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਸਹੀ ਫੈਸਲਾ:** ਇਸੇ ਦੌਰਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਯੁਨਾਈਟਿਡ ਸਪੋਰਟਸ ਕਲੱਬ ਵਲੋਂ 23 ਅਗਸਤ ਦਾ ਕਬੱਡੀ ਕੱਪ ਰੱਦ ਕਰਨਾ ਸਹੀ ਫੈਸਲਾ ਹੈ ਕਿਉਂਕਿ ਕਬੱਡੀ ਦੇ ਸਟਾਰ ਖਿਡਾਰੀਆਂ ਵਲੋਂ ਭਾਰਤ ਵਿਚ ਕਬੱਡੀ ਲੀਗ ਲਈ ਸਮਝੌਤੇ ਸਾਈਨ ਕਰਨ ਕਰਕੇ ਹਾਲ ਦੀ ਘੜੀ ਉਨ੍ਹਾਂ ਦਾ ਇਸ ਕਲੱਬ ਲਈ ਖੇਡਣਾ ਸੰਭਵ ਨਹੀਂ ਸੀ। ਉਨ੍ਹਾਂ ਕਬੱਡੀ ਲੀਗ ਲਈ ਕੈਲੀਫੋਰਨੀਆ ਦੇ ਟੁੱਟ ਭਰਾਵਾਂ ਅਤੇ ਵੈਨਕੂਵਰ ਦੇ ਪੁਰੇਵਾਲ ਭਰਾਵਾਂ ਵਲੋਂ ਟੀਮ ਬਣਾਏ ਜਾਣ ਦੀ ਸ਼ਲਾਘਾ ਵੀ ਕੀਤੀ।










# ਭਾਜਪਾ ਅੱਗੇ ਝੁਕੇ ਬਾਦਲ; ਐਡਵਾਂਸ ਵੈਟ ਬਾਰੇ ਫ਼ੈਸਲਾ ਵਾਪਸ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਭਾਜਪਾ ਦੇ ਸਖਤ ਵਿਰੋਧ ਅੱਗੇ ਝੁਕਦੇ ਹੋਏ ਇਨਪੁੱਟ ਟੈਕਸ ਕਰੈਡਿਟ (ਆਈ.ਟੀ.ਸੀ.) ਹਾਸਲ ਕਰਨ ਲਈ ਪੰਜਾਬ ਵੈਟ ਐਕਟ 2005 ਦੇ ਸੈਕਸ਼ਨ 13 (1) ਵਿਚ ਕੀਤੀ ਸੋਧ ਨੂੰ ਵਾਪਸ ਲੈਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਭਾਜਪਾ ਨੇ ਇਸ ਸੋਧ ਨੂੰ ਵਾਪਸ ਲੈਣ ਲਈ ਸਰਕਾਰ ਉੱਤੇ ਭਾਰੀ ਦਬਾਅ ਪਾਇਆ ਸੀ। ਸਰਕਾਰ ਨੇ ਆਬਕਾਰੀ ਤੇ ਕਰ ਵਿਭਾਗ ਨੂੰ ਇਸ ਬਾਰੇ ਆਰਡੀਨੈਂਸ ਤਿਆਰ ਕਰਨ ਲਈ ਕਿਹਾ ਹੈ ਤਾਂ ਜੋ ਇਸ ਬਾਰੇ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿਚ ਸਹਿਮਤੀ ਲਈ ਜਾ ਸਕੇ। ਉਪ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਵਪਾਰੀਆਂ ਦੇ ਵਫ਼ਦ ਨੇ ਅਜਿਹੇ ਸੁਝਾਅ ਦਿੱਤੇ ਸਨ ਜਿਨ੍ਹਾਂ ਨੂੰ ਲਾਗੂ ਕਰ ਕੇ ਵੈਟ ਦੀ ਚੋਰੀ ਨੂੰ ਰੋਕਿਆ ਜਾ ਸਕਦਾ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਿਭਾਗ ਨੂੰ ਟੈਕਸ ਰਿਟਰਨਾਂ ਦਾਖਲ ਕਰਨ ਦੀ ਮਿਤੀ 20 ਅਗਸਤ ਤੱਕ ਵਧਾਉਣ ਤੇ ਵਪਾਰੀਆਂ ਨੂੰ ਪਿਛਲੇ ਸਾਲ ਵਾਂਗ ਹੀ ਰਿਟਰਨ ਭਰਨ ਦੀ ਸਹੂਲਤ ਦੇਣ ਲਈ ਵੀ ਕਿਹਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਸੂਬਾ ਸਰਕਾਰ ਇਕ ਆਰਡੀਨੈਂਸ ਰਾਹੀਂ ਪੰਜਾਬ ਵੈਟ ਐਕਟ ਦੀ ਧਾਰਾ 13 (1) ਵਿਚ ਸੋਧ ਕਰੇਗੀ। ਪਿਛਲੇ ਸਾਲ ਅਕਤੂਬਰ ਮਹੀਨੇ ਪੰਜਾਬ ਮੰਤਰੀ ਮੰਡਲ ਨੇ ਪੂਰੀ ਸਹਿਮਤੀ ਨਾਲ ਪੰਜਾਬ ਵੈਟ ਐਕਟ ਦੇ ਸੈਕਸ਼ਨ 13 (1) ਵਿਚ ਸੋਧ ਕਰਨ ਦੀ ਸਹਿਮਤੀ ਦਿੱਤੀ ਸੀ ਤੇ ਇਸ ਸੋਧ ਨੂੰ ਬਜਟ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਨੇ ਵੀ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਸੀ। ਪੰਜਾਬ ਵਿਚ ਕਰਾਂ ਦੀ ਵੱਡੇ ਪੱਧਰ ਉੱਤੇ ਹੁੰਦੀ ਚੋਰੀ ਰੋਕਣ ਦੇ ਮਨਸ਼ੇ ਨਾਲ ਆਈ.ਟੀ.ਸੀ. ਵਿਚ ਇਹ ਨਵੀਂ ਸੋਧ ਲਿਆਂਦੀ ਗਈ ਸੀ। ਵੈਟ ਐਕਟ ਵਿਚ ਸੋਧ ਕਰਨ ਦਾ ਮੁੱਖ ਪਹਿਲੂ ਇਹ ਸੀ ਕਿ ਬੋਗਸ ਬਿੱਲਾਂ ਰਾਹੀਂ ਹੁੰਦੀ ਟੈਕਸ ਦੀ ਚੋਰੀ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਪੰਜਾਬ ਭਾਜਪ ਦੇ ਪ੍ਰਧਾਨ ਕਮਲ ਸ਼ਰਮਾ ਨੇ ਸਰਕਾਰ ਵੱਲੋਂ ਵੈਟ ਐਕਟ ਦੀ ਵਿਵਾਦਮਈ ਧਾਰਾ 13(1) ਨੂੰ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਇਸ ਫੈਸਲੇ ਨਾਲ ਸੂਬੇ ਭਰ ਦੇ ਵਪਾਰੀਆਂ ਨੂੰ ਵੱਡੀ ਰਾਹਤ ਮਿਲੀ ਹੈ।

# ਹੁੱਡਾ ਦਾ ਤਖਤ ਡੋਲਿਆ; ਮੰਤਰੀ ਅਜੈ ਯਾਦਵ ਵੱਲੋਂ ਅਸਤੀਫ਼ਾ

**ਚੰਡੀਗੜ੍ਹ:** ਹਰਿਆਣਾ ਦੀ ਕਾਂਗਰਸ ਸਰਕਾਰ ਉਸ ਸਮੇਂ ਸੰਕਟ ਵਿਚ ਘਿਰ ਗਈ ਜਦੋਂ ਹਰਿਆਣਾ ਦੇ ਬਿਜਲੀ ਤੇ ਜੰਗਲਾਤ ਮੰਤਰੀ ਕੈਪਟਨ ਅਜੈ ਸਿੰਘ ਯਾਦਵ ਨੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਕਾਰਜਸ਼ੈਲੀ ਉਤੇ ਗੰਭੀਰ ਦੋਸ਼ ਲਾਉਂਦਿਆਂ ਵਜ਼ਾਰਤ ਤੋਂ ਅਸਤੀਫ਼ਾ ਦਿੱਤਾ ਹੈ ਪਰ ਉਨ੍ਹਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਵਿਚ ਹੀ ਰਹਿਣਗੇ ਤੇ ਕਾਂਗਰਸ ਹਾਈਕਮਾਂਡ ਜਿਹੜੀ ਜ਼ਿੰਮੇਵਾਰੀ ਸੌਂਪੇਗੀ, ਉਸ ਨੂੰ ਨਿਭਾਉਣਗੇ। ਉਨ੍ਹਾਂ ਨੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਅਸਤੀਫ਼ਾ ਦੇਣ ਤੋਂ ਬਾਅਦ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਲੀਡਰਸ਼ਿਪ ਵਿਚ ਪੂਰਾ ਭਰੋਸਾ ਪ੍ਰਗਟ ਕੀਤਾ ਹੈ। ਇਸ ਅਸਤੀਫ਼ੇ ਨਾਲ ਦੋ ਮਹੀਨਿਆਂ ਬਾਅਦ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਦੇ ਪ੍ਰਭਾਵਿਤ ਹੋਣ ਦੇ ਆਸਾਰ ਬਣ ਰਹੇ ਹਨ।

ਕੈਪਟਨ ਅਜੈ ਯਾਦਵ ਕਾਂਗਰਸ ਸਰਕਾਰ ਦੇ ਸਭ ਤੋਂ ਸੀਨੀਅਰ ਮੰਤਰੀਆਂ ਵਿਚੋਂ ਇਕ ਹਨ ਜਿਨ੍ਹਾਂ ਨੇ ਮੁੱਖ ਮੰਤਰੀ ਹੁੱਡਾ ਨਾਲ ਮੱਤਭੇਦਾਂ ਨੂੰ ਜਨਤਕ ਕਰਦਿਆਂ ਕਿਹਾ ਹੈ ਕਿ ਸੂਬੇ ਵਿਚ ਸਿਰਫ ਮੁੱਖ ਮੰਤਰੀ ਤਿੰਨ ਜ਼ਿਲ੍ਹਿਆਂ ਰੋਹਤਕ, ਸੋਨੀਪਤ ਤੇ ਝੱਜਰ ਦਾ ਵਿਕਾਸ ਕਰਵਾ ਰਹੇ ਹਨ ਤੇ ਬਾਕੀ ਜ਼ਿਲ੍ਹਿਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਵਿਭਾਗ ਦੀਆਂ ਬਦਲੀਆਂ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਹੀ ਕੀਤੀਆ ਜਾਂਦੀਆ ਰਹੀਆਂ ਹਨ। ਨੌਕਰੀਆਂ ਦੇਣ ਦੇ ਮਾਮਲੇ ਵਿਚ ਉਨ੍ਹਾਂ ਦੇ ਜ਼ਿਲ੍ਹੇ ਦੇ ਲੋਕਾਂ ਨਾਲ ਵਿਤਕਰਾ ਕੀਤਾ ਗਿਆ ਹੈ। ਹੁਣ ਸੀਨੀਅਰ ਮੰਤਰੀ ਵੱਲੋਂ ਅਸਤੀਫ਼ਾ ਦੇਣ ਕਰਕੇ ਸਰਕਾਰ ਦਾ ਸੰਕਟ ਹੋਰ ਵਧ ਗਿਆ ਹੈ। ਕੈਪਟਨ ਯਾਦਵ ਨੇ ਕਿਹਾ ਹੈ ਕਿ ਉਹ ਪਿਛਲੇ 3 ਸਾਲ ਤੋਂ ਸਰਕਾਰ ਵਿਚ ਅਣਦੇਖੀ ਦਾ ਸ਼ਿਕਾਰ ਹਨ ਤੇ ਸਰਕਾਰ ਨੇ ਬਿਨਾਂ ਕਿਸੇ ਕਾਰਨ ਦੇ ਉਨ੍ਹਾਂ ਕੋਲੋਂ ਤਿੰਨ ਸਾਲ ਪਹਿਲਾਂ ਵਿੱਤ ਵਿਭਾਗ ਲੈ ਲਿਆ ਸੀ ਤੇ ਬਿਜਲੀ ਮੰਤਰੀ ਬਣਾ ਦਿੱਤਾ ਸੀ।




**Harmit Toor**
**Professional Real Estate Services**
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
Broker Associate
BRE Lic. #01462579
NMLS #358820
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years


## ਹੁਣ ਲੀਬੀਆ ਵਿਚ ਫਸੀਆਂ 750 ਭਾਰਤੀ ਨਰਸਾਂ

**ਨਵੀਂ ਦਿੱਲੀ:** ਹਿੰਸਾ ਤੇ ਸੰਘਰਸ਼ ਵਿਚ ਘਿਰੇ ਲੀਬੀਆ ਵਿਚ ਇਸ ਸਮੇਂ 750 ਭਾਰਤੀ ਨਰਸਾਂ ਮੁਸ਼ਕਿਲ ਵਿਚ ਫਸੀਆਂ ਹੋਈਆਂ ਹਨ। ਲੀਬੀਆ ਵਿਚ ਛਿੜੇ ਸੰਘਰਸ਼ ਵਿਚਾਲੇ ਭਾਰਤੀ ਨਾਗਰਿਕ ਫਸ ਗਏ ਹਨ।

ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਸਰਕਾਰ ਨਰਸਾਂ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਕ ਰਿਪੋਰਟ ਅਨੁਸਾਰ ਉਥੇ ਫਸੀਆਂ ਭਾਰਤੀ ਨਰਸਾਂ ਆਪਣੇ ਦੇਸ਼ ਪਰਤਣਾ ਚਾਹੁੰਦੀਆਂ ਹਨ। ਤ੍ਰਿਪੋਲੀ ਦੇ ਹਸਪਤਾਲ ਵਿਚ ਹੀ ਕਰੀਬ 350 ਨਰਸਾਂ ਕੰਮ ਕਰ ਰਹੀਆਂ ਹਨ।

## ਪੰਜਾਬੀ ਤੇ ਅੰਗਰੇਜ਼ੀ ਵਿਚ ਛਪੇਗੀ 'ਸ੍ਰੀ ਗੁਰੂ ਸੋਭਾ'

**ਚੰਡੀਗੜ੍ਹ:** ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ ਵੱਲੋਂ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਕਵੀ ਸੈਨਾਪਤ ਦੀ ਰਚਿਤ ਪੁਸਤਕ 'ਸ੍ਰੀ ਗੁਰੂ ਸੋਭਾ' ਦਾ ਉਲਥਾ ਪੰਜਾਬੀ ਤੇ ਅੰਗਰੇਜ਼ੀ ਵਿਚ ਛਾਪਿਆ ਜਾਵੇਗਾ। ਇੰਸਟੀਚਿਊਟ ਵੱਲੋਂ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਸਿੱਖਾਂ ਦੇ ਧਾਰਮਿਕ ਤੇ ਇਤਿਹਾਸਕ ਮੂਲ ਸਰੋਤਾਂ ਦਾ ਅਨੁਵਾਦ ਕਰਵਾ ਕੇ ਪੰਜਾਬੀ ਤੇ ਅੰਗਰੇਜ਼ੀ ਵਿਚ ਛਾਪਿਆ ਜਾ ਰਿਹਾ ਹੈ ਤਾਂ ਕਿ ਕੁਝ ਵਿਦੇਸ਼ੀ ਸਾਹਿਤਕਾਰਾਂ ਤੇ ਲੇਖਕਾਂ ਵੱਲੋਂ ਸਿੱਖ ਧਰਮ ਤੇ ਇਤਿਹਾਸ ਬਾਰੇ ਪੈਦਾ ਕੀਤੀਆਂ ਗਲਤ ਫਹਿਮੀਆਂ ਤੇ ਅਣ-ਅਧਿਕਾਰਤ ਤੱਥਾਂ ਦੇ ਵਿਵਾਦਾਂ ਨੂੰ ਦੂਰ ਕੀਤਾ ਜਾ ਸਕੇ।

'ਸ੍ਰੀ ਗੁਰੂ ਸੋਭਾ' ਵਿਚ ਗੁਰੂ ਜੀ ਦੇ ਦਰਬਾਰੀ ਕਵੀ ਸੈਨਾਪਤ ਨੇ ਗੁਰੂ ਜੀ ਦੀ ਵਿਚਾਰਧਾਰਾ ਤੇ ਉਨ੍ਹਾਂ ਦੇ ਜੀਵਨ ਬਾਰੇ ਘਟਨਾਵਾਂ ਖਾਲਸੇ ਦੀ ਸਾਜਨਾ ਤੇ ਮੁਗਲ ਫੌਜਾਂ ਨਾਲ ਲੜਾਈਆਂ ਦਾ ਵਰਨਣ ਕੀਤਾ ਗਿਆ ਹੈ।

## ਬਲਾਤਕਾਰ ਮਾਮਲਿਆਂ ਵਿਚ ਸਮਝੌਤੇ ਪਿੱਛੋਂ ਵੀ ਹੋਵੇਗੀ ਕਾਰਵਾਈ

**ਨਵੀਂ ਦਿੱਲੀ:** ਬਲਾਤਕਾਰ ਤੇ ਕਤਲ ਜਿਹੇ ਗੰਭੀਰ ਅਪਰਾਧਾਂ ਵਿਚ ਪੀੜਤ ਤੇ ਮੁਲਜ਼ਮ ਧਿਰਾਂ ਵਿਚਾਲੇ ਸਮਝੌਤਾ ਹੋਣ ਤੇ ਦੋਸਤਾਨਾ ਢੰਗ ਨਾਲ ਮਾਮਲਾ ਨਿਪਟਾ ਲੈਣ ਦੇ ਬਾਵਜੂਦ ਫੌਜਦਾਰੀ ਕਾਰਵਾਈ ਖਾਰਜ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਦਾ ਸਮਾਜ 'ਤੇ ਬੜਾ ਮਾੜਾ ਅਸਰ ਪੈਂਦਾ ਹੈ।

ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਦਿੱਤੇ ਹਨ। ਜਸਟਿਸ ਰੰਜਨਾ ਪ੍ਰਕਾਸ਼ ਦੇਸਾਈ ਤੇ ਐਨ.ਵੀ. ਰਮਨ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਕਿਹਾ ਕਿ ਹੋਰ ਅਪਰਾਧਾਂ, ਜੋ ਜਨਤਕ ਅਮਨ ਜਾਂ ਸਥਿਰਤਾ ਨਾਲ ਸਬੰਧਤ ਨਾ ਹੋਣ ਤੇ ਦੋ ਵਿਅਕਤੀਆਂ ਜਾਂ ਦੋ ਧੜਿਆਂ ਵਿਚਾਲੇ ਤੱਕ ਹੀ ਸੀਮਤ ਹੋਣ ਤਾਂ ਉਨ੍ਹਾਂ ਵਿਚ ਸਮਝੌਤਾ ਹੋਣ 'ਤੇ ਫੌਜਦਾਰੀ ਕਾਰਵਾਈ ਖਾਰਜ ਹੋ ਸਕਦੀ ਹੈ।

ਬੈਂਚ ਨੇ ਕਿਹਾ ਕਿ ਹਰੇਕ ਕੇਸ ਦੇ ਤੱਥ ਤੇ ਹਾਲਾਤ ਦੇ ਆਧਾਰ 'ਤੇ ਹਾਈ ਕੋਰਟ ਆਪਣਾ ਅਧਿਕਾਰ ਵਰਤਦਿਆਂ ਕਾਰਵਾਈ ਖਾਰਜ ਕਰ ਸਕਦੀ ਹੈ ਪਰ ਨੈਤਿਕ ਗਿਰਾਵਟ ਭਰੇ ਗੰਭੀਰ ਅਪਰਾਧ ਜਿਵੇਂ ਬਲਾਤਕਾਰ ਤੇ ਕਤਲ ਜਿਹੇ ਕੇਸਾਂ ਵਿਚ ਫੌਜਦਾਰੀ ਕਾਰਵਾਈ ਖਾਰਜ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਮਾਜ ਉਤੇ ਮਾੜਾ ਅਸਰ ਪੈਂਦਾ ਹੈ।


'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈਂ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'
Since 1990
PCS SACRAMENTO (USA)
Presents
Non Profit
14ਵੀਆਂ
ਤੀਆਂ
TEEYAN
On Sunday, the 17th AUGUST 2014
At 1.00 P. M.
AT
S.E.S. Hall
10427 E. STOCKTON BLVD.
ELK GROVE, CA 95624



Featuring : Songs, Gidha, Dances, Skits, D.J. and Much More
ALL LADIES AND GIRLS ARE INVITED
ORGANIZING COMMITTEE
Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala
For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010,
Email: palpharwala@yahoo.com | Website : www.sacpcs.com
ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਅਕਾਲੀ ਆਗੂਆਂ ਨੂੰ ਰਾਸ ਆਈ ਕਾਂਗਰਸ ਦੀ ਸ਼ਰਾਫਤ

## ਵਿਧਾਨ ਸਭਾ ਵਿਚ ਵਰਤੀ ਢਿੱਲ ਕਰਕੇ ਖੁਦ ਕਸੂਤੀ ਫਸੀ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਕਾਂਗਰਸ ਵੱਲੋਂ ਹਾਕਮ ਧਿਰ ਪ੍ਰਤੀ ਵਿਖਾਈ ਨਰਮੀ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਰੋਧੀ ਧਿਰ ਵੱਲੋਂ ਅਪਣਾਈ ਨੀਤੀ ਤੋਂ ਜਾਪ ਰਿਹਾ ਹੈ ਕਿ ਉਸ ਨੇ ਹਾਕਮ ਧਿਰ ਅਕਾਲੀ-ਭਾਜਪਾ ਦੀਆਂ ਸਾਰੀਆਂ 'ਗਲਤੀਆਂ' ਮੁਆਫ ਕਰ ਦਿੱਤੀਆਂ ਹਨ। ਕਾਂਗਰਸ ਨੇ ਪੂਰੇ ਸ਼ੈਸਨ ਦੌਰਾਨ ਸੂਬੇ ਦੇ ਕਿਸੇ ਵੀ ਭਖਦੇ ਮਸਲੇ 'ਤੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਤੱਕ ਨਹੀਂ ਕੀਤੀ। ਸੈਸ਼ਨ ਦੇ ਛੇ ਦਿਨਾਂ ਦੌਰਾਨ ਇੰਜ ਲੱਗ ਰਿਹਾ ਸੀ ਕਿ ਕਾਂਗਰਸ ਜਾਂ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਕੁੜਿੱਕੀ ਵਿਚ ਫਸ ਗਈ ਹੈ ਜਾਂ ਫਿਰ ਘਿਓ ਖਿਚੜੀ ਹੋ ਗਈ ਹੈ। ਕਾਂਗਰਸ ਦੇ ਕਈ ਸੀਨੀਅਰ ਆਗੂ ਸਰਕਾਰ ਨੂੰ ਘੇਰਨ ਦਾ ਮੌਕਾ ਹੱਥੋਂ ਗਵਾਉਣ 'ਤੇ ਪਛਤਾਵਾ ਕਰ ਰਹੇ ਹਨ।

ਕਾਂਗਰਸ ਵੱਲੋਂ ਰੇਤ-ਬਜਰੀ ਦੀ ਕਿੱਲਤ ਤੇ ਭਾਅ ਅਸਮਾਨੀ ਚੜ੍ਹਨ, ਨਸ਼ਿਆਂ ਦੀ ਸਮਗਲਿੰਗ, ਜਾਇਦਾਦ ਟੈਕਸ, ਬਿਜਲੀ ਤੇ ਹੋਰ ਕਈ ਮੁੱਦਿਆਂ 'ਤੇ ਰੌਲਾ ਪਾਇਆ ਜਾ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਦੀਆਂ ਸਮੀਖਿਆ ਮੀਟਿੰਗਾਂ ਵਿਚ ਵੀ ਇਹ ਮੁੱਦੇ ਭਾਰੂ ਰਹੇ ਸਨ। ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹਾਕਮ ਪਾਰਟੀਆਂ ਇਨ੍ਹਾਂ ਮਸਲਿਆਂ ਨੂੰ ਲੈ ਕੇ ਚਿੰਤਤ ਸਨ ਤੇ ਸਦਨ ਵਿਚ ਜਵਾਬ ਦੇਣ ਲਈ ਸਰਕਾਰ ਵੱਲੋਂ ਤਿਆਰੀ ਵੀ ਕੀਤੀ ਗਈ ਸੀ ਪਰ ਕਾਂਗਰਸ ਵੱਲੋਂ ਸਦਨ ਵਿਚ ਅਪਣਾਈ ਗਈ ਰਣਨੀਤੀ ਫਲਾਪ ਸਿੱਧ ਹੋ ਗਈ। ਪੰਜਾਬ ਵਿਚ ਰੇਤ-ਬਜਰੀ ਦੀ ਕਿੱਲਤ ਅਜੇ ਵੀ ਭਖਦਾ ਮਸਲਾ ਹੈ। ਵਿਰੋਧੀ ਧਿਰ ਨੇ ਇਸ ਮੁੱਦੇ 'ਤੇ ਜ਼ਬਾਨ ਵੀ ਨਹੀਂ ਖੋਲ੍ਹੀ। ਨਸ਼ਿਆਂ ਦੇ ਮੁੱਦੇ 'ਤੇ ਕਾਂਗਰਸ ਉਸ ਵੇਲੇ ਖ਼ੁਦ ਹੀ ਘਿਰ ਗਈ ਜਦੋਂ ਮਾਨਸਾ ਪੁਲਿਸ ਨੇ ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਨਾਂ ਇਕ ਸਮੱਗਲਰ ਨਾਲ ਜੋੜ ਦਿੱਤਾ। ਜਾਇਦਾਦ ਟੈਕਸ ਦੇ ਮੁੱਦੇ 'ਤੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਉਸ ਵੇਲੇ ਬੋਲੇ ਜਦੋਂ ਸਰਕਾਰ ਵੱਲੋਂ ਸਦਨ ਵਿਚ ਸੋਧ ਬਿੱਲ ਲਿਆਂਦਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੈਸ਼ਨ ਵਿਚ ਸਿਰਫ਼ ਇਕ ਦਿਨ ਹੀ ਆਏ। ਸ. ਬਾਦਲ ਦੀ ਗੈਰਹਾਜ਼ਰੀ ਵਿਰੋਧੀ ਧਿਰ ਲਈ ਵੱਡਾ ਮੌਕਾ ਸੀ ਜਦੋਂ ਸਰਕਾਰ ਨੂੰ ਘੇਰਿਆ ਜਾ ਸਕਦਾ ਸੀ ਕਿਉਂਕਿ ਆਮ ਤੌਰ 'ਤੇ ਇਹ ਪ੍ਰਭਾਵ ਮੰਨਿਆ ਜਾਂਦਾ ਹੈ ਕਿ ਹੰਗਾਮੀ ਹਾਲਤ ਉਤੇ ਵੱਡੇ ਬਾਦਲ ਹੀ ਕਾਬੂ ਪਾ ਸਕਦੇ ਹਨ।

ਵਿਧਾਨ ਸਭਾ ਦਾ ਬਜਟ ਸੈਸ਼ਨ ਮਹਿਜ਼ ਛੇ ਦਿਨ ਹੀ ਚੱਲਿਆ। ਸਦਨ ਵਿਚ ਤਿੰਨ ਦਿਨ ਅਜਿਹੇ ਸਨ ਜਦੋਂ ਵਿਰੋਧੀ ਧਿਰ ਸਰਕਾਰ ਨੂੰ ਘੇਰ ਸਕਦੀ ਸੀ। ਕਾਂਗਰਸ ਵੱਲੋਂ ਜੇਕਰ ਸਦਨ ਦੀ ਕਾਰਵਾਈ ਵਿਚੋਂ ਵਾਕਆਊਟ ਵੀ ਕੀਤਾ ਗਿਆ ਤਾਂ ਇਹ ਮਹਿਜ਼ ਸੰਕੇਤਕ ਸੀ। ਬਜਟ ਇਜਲਾਸ ਦੌਰਾਨ ਇਕ ਵਾਰ ਵੀ ਅਜਿਹਾ ਸਮਾਂ ਨਹੀਂ ਆਇਆ ਜਦੋਂ ਵਿਰੋਧੀ ਧਿਰ ਨੇ ਕਿਸੇ ਮੁੱਦੇ 'ਤੇ ਸਪੀਕਰ ਨੂੰ ਸਦਨ ਦੀ ਕਾਰਵਾਈ ਮੁਲਤਵੀ ਕਰਨ ਲਈ ਮਜਬੂਰ ਕੀਤਾ ਹੋਵੇ। ਵਿਰੋਧੀ ਧਿਰ ਵੱਲੋਂ ਸਦਨ ਵਿਚ ਜਿਨ੍ਹਾਂ ਮੁੱਦਿਆਂ 'ਤੇ ਬੋਲਣ ਲਈ ਸਮਾਂ ਮੰਗਿਆ ਗਿਆ ਜਾਂ ਸੈਸ਼ਨ ਦੇ ਦਿਨ ਵਧਾਉਣ ਦੀ ਮੰਗ ਕੀਤੀ ਗਈ, ਉਨ੍ਹਾਂ ਨੂੰ ਸਪੀਕਰ ਨੇ ਮੁੱਢੋਂ ਹੀ ਰੱਦ ਕਰ ਦਿੱਤਾ। ਸੈਸ਼ਨ ਦੇ ਆਖਰੀ ਦਿਨ ਵਿਰੋਧੀ ਧਿਰ ਵੱਲੋਂ ਮਾਨਸਾ ਦੇ ਐਸ.ਐਸ.ਪੀ. ਵਿਰੁੱਧ ਮਰਿਯਾਦਾ ਮਤਾ ਲਿਆਂਦਾ ਗਿਆ ਜਿਸ ਨੂੰ ਸਪੀਕਰ ਨੇ ਰੱਦ ਕਰ ਦਿੱਤਾ। ਇਸ ਤਰ੍ਹਾਂ ਵਿਰੋਧੀ ਧਿਰ ਨੂੰ ਕੋਈ ਵੀ ਮੌਕਾ ਨਹੀਂ ਮਿਲਿਆ। ਦੂਜੇ ਪਾਸੇ ਪਿਛਲੇ ਕਈ ਮਹੀਨਿਆਂ ਤੋਂ ਚਰਚਾ ਦਾ ਵਿਸ਼ਾ ਬਣੇ ਰਹੇ ਬਿਕਰਮ ਸਿੰਘ ਮਜੀਠੀਆ ਨੇ ਸਦਨ ਵਿਚ ਆਪਣੀ ਸਫ਼ਾਈ ਦੇਣ ਦਾ ਚੰਗਾ ਲਾਹਾ ਲਿਆ।

ਵਿਰੋਧੀ ਧਿਰ ਦੇ ਮੈਂਬਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਫੋਟੋਆਂ ਖਿਚਵਾਉਣ ਵਿਚ ਫ਼ਖਰ ਮਹਿਸੂਸ ਕਰ ਰਹੇ ਸਨ। ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਕਾਂਗਰਸ ਨੇ ਸਰਕਾਰ ਨੂੰ ਘੇਰਨ ਦਾ ਇਕ ਵੱਡਾ ਮੌਕਾ ਗੁਆ ਲਿਆ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਗੁਆਚੇ ਲੋਕ ਆਧਾਰ ਨੂੰ ਮੁੜ ਪ੍ਰਾਪਤ ਕਰਨ ਦਾ ਇਹ ਚੰਗਾ ਮੌਕਾ ਸੀ। ਸ੍ਰੀ ਖਹਿਰਾ ਆਪਣੀ ਪਾਰਟੀ ਦੇ ਆਗੂਆਂ 'ਤੇ ਹਾਕਮ ਧਿਰ ਨਾਲ ਮਿਲੇ ਹੋਣ ਦੇ ਦੋਸ਼ ਵੀ ਲਗਾ ਚੁੱਕੇ ਹਨ। ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਬੋਲਣ ਦਾ ਮੌਕਾ ਨਾ ਦਿੱਤੇ ਜਾਣ ਕਾਰਨ ਜਨਤਕ ਮੁੱਦਿਆਂ 'ਤੇ ਆਵਾਜ਼ ਬੁਲੰਦ ਨਹੀਂ ਕੀਤੀ ਜਾ ਸਕੀ। ਉਨ੍ਹਾਂ ਕਿਹਾ ਕਿ ਉਹ ਟਕਰਾਅ ਨਹੀਂ ਚਾਹੁੰਦੇ। ਸਰਕਾਰ ਨੇ ਉਨ੍ਹਾਂ ਦੀ ਸ਼ਰਾਫ਼ਤ ਦਾ ਨਾਜਾਇਜ਼ ਫਾਇਦਾ ਉਠਾਇਆ ਹੈ। ਉਨ੍ਹਾਂ ਮੰਨਿਆ ਕਿ ਰਾਜਾ ਵੜਿੰਗ ਦਾ ਮੁੱਦਾ ਸਾਹਮਣੇ ਆਉਣ ਕਾਰਨ ਨਸ਼ਿਆਂ ਦੇ ਮੁੱਦੇ 'ਤੇ ਕਾਂਗਰਸ ਢਿੱਲੀ ਪੈ ਗਈ।

## ਨਸ਼ਿਆਂ ਦੇ ਮੁੱਦੇ ਤੋਂ ਵੀ ਕਿਨਾਰਾ ਕਰ ਗਏ ਕਾਂਗਰਸੀ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦਾ ਮੁੱਦਾ ਰਾਜਸੀ ਨੇਤਾਵਾਂ ਲਈ ਇਕ ਸਿਆਸੀ ਖੇਡ ਬਣ ਕੇ ਰਹਿ ਗਿਆ ਹੈ। ਹੁਣ ਤੱਕ ਹਾਕਮ ਧਿਰ ਨੂੰ ਇਸ ਮੁੱਦੇ 'ਤੇ ਘੇਰਦੀ ਰਹੀ ਕਾਂਗਰਸ ਨੇ ਜਿਵੇਂ ਚੁੱਪ ਹੀ ਧਾਰ ਲਈ ਹੈ। ਮੰਨਿਆ ਜਾ ਰਿਹਾ ਹੈ ਕਿ ਕੁਝ ਕਾਂਗਰਸੀ ਆਗੂਆਂ ਦੇ ਨਾਂ ਨਸ਼ਾ ਤਸਕਰੀ ਦੇ ਮਾਮਲੇ ਵਿਚ ਆਉਣ ਤੋਂ ਬਾਅਦ ਇਸ ਮੁੱਦੇ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਰਕਾਰੀ ਧਿਰ ਨੇ ਜਿਥੇ ਕਾਂਗਰਸ ਵੱਲੋਂ ਡਰੱਗ ਦੇ ਸਮੁੱਚੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਜਾਂ ਕਿਸੇ ਸਿਟਿੰਗ ਜੱਜ ਤੋਂ ਕਰਵਾਉਣ ਦੀ ਮੰਗ ਦਾ ਕੋਈ ਹੁੰਗਾਰਾ ਨਾ ਭਰਿਆ, ਉਥੇ ਐਸ.ਐਸ.ਪੀ. ਮਾਨਸਾ ਵੱਲੋਂ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਡਰੱਗ ਮਾਫ਼ੀਆ ਨਾਲ ਮਿਲੀਭੁਗਤ ਹੋਣ ਦੇ ਦਿੱਤੇ ਬਿਆਨਾਂ ਕਾਰਨ ਪੁਲਿਸ ਅਧਿਕਾਰੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਵੀ ਠੁਕਰਾ ਦਿੱਤੀ।

ਉਲਟਾ ਕਾਂਗਰਸ ਵੱਲੋਂ ਉਠਾਇਆ ਗਿਆ ਇਹ ਮੁੱਦਾ ਖ਼ਾਸ ਕਰਕੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਖ਼ੂਬ ਰਾਸ ਆਇਆ। ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਇਕ ਸਾਜ਼ਿਸ਼ ਤਹਿਤ ਮਾਨਸਾ ਪੁਲਿਸ ਦੀ ਗੁਪਤ ਪੜਤਾਲੀਆ ਰਿਪੋਰਟ ਵੱਟਸਐੱਪ 'ਤੇ ਪ੍ਰਚਾਰੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਿਰੋਧੀ ਧਿਰ ਦਾ ਮੂੰਹ ਬੰਦ ਕਰਨ ਲਈ ਬਦਲਾਲਊ ਕਾਰਵਾਈ ਕਰ ਰਹੀ ਹੈ। ਕਾਂਗਰਸ ਨੇ ਮੰਗ ਕੀਤੀ ਹੈ ਕਿ ਵਿਧਾਇਕ ਦਾ ਨਾਂ ਲੈਣ ਵਾਲੇ ਮਾਨਸਾ ਦੇ ਐਸ.ਐਸ.ਪੀ. ਵਿਰੁੱਧ ਕਾਰਵਾਈ ਕੀਤੀ ਜਾਵੇ।

# ਖੱਬੇ ਪੱਖੀਆਂ ਵੱਲੋਂ ਸਰਕਾਰ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਚਾਰ ਖੱਬੇ ਪੱਖੀ ਪਾਰਟੀਆਂ ਨੇ ਪੰਜਾਬ ਸਰਕਾਰ ਵਿਰੁੱਧ ਜਨਤਕ ਮੁੱਦਿਆਂ 'ਤੇ ਲੜਾਈ ਲੜਣ ਲਈ ਇਕ ਮੰਚ ਬਣਾ ਲਿਆ ਹੈ। ਸੀ.ਪੀ.ਆਈ., ਸੀ.ਪੀ.ਆਈ. (ਐਮ), ਸੀ.ਪੀ.ਆਈ. (ਐਮ.ਐਲ.)-ਲਿਬਰੇਸ਼ਨ ਅਤੇ ਸੀ.ਪੀ.ਐਮ. (ਪੰਜਾਬ) ਨੇ ਮੀਟਿੰਗ ਕਰ ਕੇ ਲੜਾਈ ਦਾ ਮੁੱਢ ਬੰਨ੍ਹ ਲਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਚਾਰੇ ਖੱਬੀ ਪੱਖੀ ਪਾਰਟੀਆਂ ਇਕ ਮੰਚ 'ਤੇ ਇਕੱਠੀਆਂ ਹੋਈਆਂ ਹਨ। ਇਨ੍ਹਾਂ ਪਾਰਟੀਆਂ ਵੱਲੋਂ ਸਰਕਾਰ ਖ਼ਿਲਾਫ਼ ਸੰਘਰਸ਼ ਛੇੜਣ ਤੋਂ ਪਹਿਲਾਂ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮਿਲ ਕੇ ਇਕ ਮੰਗ ਪੱਤਰ ਦੇ ਕੇ ਜਾਇਦਾਦ ਰੋਕੂ ਬਿੱਲ ਪਾਸ ਨਾ ਕਰਨ ਦੀ ਮੰਗ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਇਸ ਤੋਂ ਬਾਅਦ ਚਾਰ ਅਗਸਤ ਨੂੰ ਦੇਸ਼ ਭਗਤ ਯਾਦਗਾਰੀ ਹਾਲ ਵਿਚ ਭਖ਼ਦੇ ਮੁੱਦਿਆਂ 'ਤੇ ਵਿਚਾਰ ਕਰਨ ਲਈ ਕਨਵੈਨਸ਼ਨ ਕਰਵਾਈ ਜਾ ਰਹੀ ਹੈ, ਜਿਸ ਤੋਂ ਬਾਅਦ ਸੰਘਰਸ਼ ਦੀ ਰੂਪਰੇਖਾ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਵਿਚ ਸ਼ਾਮਲ ਆਗੂਆਂ ਨੇ ਇਸ ਵਾਰ ਮੰਗਾਂ ਦੀ ਪੂਰਤੀ ਲਈ ਜਨਤਕ ਲਹਿਰ ਖੜ੍ਹੀ ਕਰਨ ਤੇ ਸਰਕਾਰ ਨੂੰ ਲੋਕ ਵਿਰੋਧੀ ਫ਼ੈਸਲੇ ਵਾਪਸ ਲੇਣ ਵਾਸਤੇ ਮਜਬੂਰ ਕਰਨ ਦਾ ਤਹੱਈਆ ਕੀਤਾ ਹੈ। ਮੀਟਿੰਗ ਵਿਚ ਹਰਿਆਣਾ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਚੱਲ ਰਹੇ ਵਿਵਾਦ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਦੋਹਾਂ ਧਿਰਾਂ ਨੂੰ ਮਸਲਾ ਆਪਸ ਵਿਚ ਬੈਠ ਕੇ ਹੱਲ ਕਰਨ ਜਾਂ ਦੇਸ਼ ਦੀ ਸੁਪਰੀਮ ਕੋਰਟ 'ਤੇ ਛੱਡ ਦੇਣ ਦੀ ਸਲਾਹ ਦਿੱਤੀ ਗਈ ਹੈ। ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਿੱਜੀ ਹਿੱਤਾਂ ਦੀ ਖ਼ਾਤਰ ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਕੇ ਦਿੱਤੇ ਜਾ ਰਹੇ ਬਿਆਨਾਂ ਤੋਂ ਭੜਕਾਹਟ ਵਿਚ ਨਾ ਆਉਣ। ਮੀਟਿੰਗ ਵਿਚ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀ ਨੁਕਤਾਚੀਨੀ ਕੀਤੀ ਗਈ ਹੈ।

ਖੱਬਪੱਖੀ ਪਾਰਟੀਆਂ ਨੇ ਸਰਕਾਰ ਵਿਰੁੱਧ ਜਿਨ੍ਹਾਂ ਮੁੱਦਿਆਂ 'ਤੇ ਘੋਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਉਨ੍ਹਾਂ ਵਿਚ ਪ੍ਰਾਪਰਟੀ ਟੈਕਸ ਵਾਪਸ ਲੈਣਾ, ਬੁਢਾਪਾ ਪੈਨਸ਼ਨ ਦੀ ਰਕਮ ਵਿਚ ਵਾਧਾ ਕਰਨਾ ਤੇ ਘੱਟੋ ਘੱਟ ਉਜਰਤ 15000 ਰੁਪਏ ਮੁਕਰਰ ਕਰਨਾ ਆਦਿ ਸ਼ਾਮਲ ਹਨ। ਇਸ ਦੇ ਨਾਲ ਫਸਲਾਂ ਦਾ ਘੱਟੋ ਘੱਟ ਮੁੱਲ ਨਿਰਧਾਰਤ ਕਰਨ ਲਈ ਸਵਾਮੀਨਾਥਨ ਰਿਪੋਰਟ ਲਾਗੂ ਕਰਾਉਣ ਲਈ ਵੀ ਜ਼ੋਰ ਪਾਇਆ ਜਾਵੇਗਾ।

## ਸੁਖਬੀਰ ਬਾਦਲ ਨੇ ਨਸ਼ਿਆਂ ਦੇ ਮੁੱਦੇ 'ਤੇ ਆਪਣੀ ਹੀ ਪਿੱਠ ਥਾਪੜੀ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਨਸ਼ੀਲੇ ਪਦਾਰਥਾਂ ਵਿਰੁੱਧ ਦੇਸ਼ ਦੀ ਜੰਗ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਜਨਵਰੀ 2014 ਤੋਂ ਕੁਲ 28 ਪੁਲਿਸ ਕਰਮਚਾਰੀ ਨਸ਼ਿਆਂ ਨਾਲ ਸਬੰਧਤ ਗੈਰ ਕਾਨੂੰਨੀ ਸਰਗਰਮੀਆਂ ਵਿਚ ਸ਼ਾਮਲ ਪਾਏ ਗਏ।



ਇਨ੍ਹਾਂ ਪੁਲਿਸ ਕਰਮਚਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ (2011, 2012, 2013) ਤੇ 18 ਜੁਲਾਈ 2014 ਤੱਕ ਨਾਰਕੋਟਿਕਸ ਦੀ ਸਮਗਿਲੰਗ ਕਰਨ ਵਾਲੇ ਵਿਅਕਤੀਆਂ ਵਿਰੁੱਧ ਦਰਜ ਐਫ.ਆਈ.ਆਰ. ਤੇ ਬਰਾਮਦ ਸੂਦਾ ਨਾਰਕੋਟਿਕਸ ਵਿਚ ਚੋਖਾ ਵਾਧਾ ਹੋਇਆ ਹੈ। ਪੰਜਾਬ ਪੁਲਿਸ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਨੂੰ ਜਾਰੀ ਰੱਖਿਆ ਹੋਇਆ ਹੈ।

ਇਸ ਤੋਂ ਇਲਾਵਾ ਪੰਜਾਬ ਪੁਲਿਸ ਨੇ ਆਪਣੇ ਕਰਮਚਾਰੀਆਂ ਵਿਰੁੱਧ ਅਪਰਾਧਕ ਮਾਮਲੇ ਦਰਜ ਕਰਨ ਤੋਂ ਇਲਾਵਾ 13 ਹੋਰ ਅਧਿਕਾਰੀ/ਕਰਮਚਾਰੀ ਜੋ ਕਿ ਸਿਪਾਹੀ ਰੈਂਕ ਤੋਂ ਡੀ.ਐਸ.ਪੀ. ਰੈਂਕ ਦੇ ਸਨ, ਨੂੰ ਮਹਿਕਮੇ ਵਿਚੋਂ ਬਰਖਾਸਤ ਕੀਤਾ ਹੈ ਤੇ 14 ਹੋਰਾਂ ਦੇ ਖਿਲਾਫ਼ ਅਜਿਹੀਆਂ ਵਿਭਾਗੀ ਕਾਰਵਾਈਆਂ ਚੱਲ ਰਹੀਆਂ ਹਨ।

## ਹੋਦ ਚਿੱਲੜ ਕਾਂਡ ਦੀ ਸੁਣਵਾਈ ਨਵੰਬਰ ਤੱਕ ਮੁਕੰਮਲ ਕਰਨ ਦਾ ਭਰੋਸਾ

**ਚੰਡੀਗੜ੍ਹ:** ਹੋਦ ਚਿੱਲੜ ਕਾਂਡ ਦੀ ਜਾਂਚ ਕਰ ਰਹੇ ਇਕ ਮੈਂਬਰੀ ਕਮਿਸ਼ਨ ਦੇ ਰਿਟਾਇਰਡ ਜੱਜ ਟੀ.ਪੀ.ਗਰਗ ਨੇ ਪੀੜਤਾਂ ਨੂੰ ਭਰੋਸਾ ਦਿੱਤਾ ਹੈ ਕਿ ਕੇਸ ਦੀ ਸੁਣਵਾਈ ਇਸ ਸਾਲ ਨਵੰਬਰ ਮਹੀਨੇ ਤੱਕ ਮੁਕੰਮਲ ਕਰ ਲਈ ਜਾਵੇਗੀ। ਵਰਨਣਯੋਗ ਹੈ ਕਿ ਇਸ ਕਾਂਡ ਦੀ ਸੁਣਵਾਈ ਸ਼ੁਰੂ ਹੋਣ ਸਮੇਂ ਛੇ ਮਹੀਨਿਆਂ ਵਿਚ ਜਾਂਚ ਮੁਕੰਮਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਪਰ ਤਿੰਨ ਸਾਲ ਬੀਤਣ ਬਾਅਦ ਵੀ ਜਾਂਚ ਸਿਰੇ ਨਹੀਂ ਚੜ੍ਹ ਸਕੀ। ਹੋਦ ਚਿਲੜ ਤਾਲਮੇਲ ਕਮੇਟੀ ਦੇ ਆਗੂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਦਰਸ਼ਨ ਸਿੰਘ ਘੋਲੀਆ ਆਪਣੇ ਵਕੀਲ ਰਣਜੀਤ ਯਾਦਵ ਨਾਲ ਕਮਿਸ਼ਨ ਦੀ ਹਿਸਾਰ ਵਿਚਲੀ ਅਦਾਲਤ ਵਿਚ ਪੇਸ਼ ਹੋਏ।

ਇਸ ਮਾਮਲੇ ਦੀ ਸਣਵਾਈ ਸਮੇਂ ਡਾ. ਸੰਜੀਵ ਕੁਮਾਰ ਨੇ ਛੇ ਪੋਸਟਮਾਰਟਮ ਰਿਪੋਰਟਾਂ ਅਦਾਲਤ ਵਿਚ ਪੇਸ਼ ਕੀਤੀਆਂ। ਇਨ੍ਹਾਂ ਵਿਚ ਇਕ ਔਰਤ ਤੇ ਪੰਜ ਮਰਦਾਂ ਦੀਆਂ ਪੋਸਟਮਾਰਟਮ ਸਨ। ਰਿਪੋਰਟਾਂ ਮੁਤਾਬਕ ਮ੍ਰਿਤਕਾਂ ਦਾ ਪੋਸਟਮਾਰਟਮ ਤਿੰਨ ਨਵੰਬਰ 1984 ਨੂੰ ਸਵੇਰੇ ਗਿਆਰਾਂ ਵਜੇ ਤੋਂ ਲੈ ਕੇ ਬਾਅਦ ਦੁਪਹਿਰ ਤਿੰਨ ਵਜੇ ਤੱਕ ਕੀਤਾ ਗਿਆ ਸੀ। ਜੱਜ ਨੇ ਰਿਪੋਰਟਾਂ ਦੇਖਣ ਤੋਂ ਬਾਅਦ ਸੁਣਵਾਈ ਦੀ ਅਗਲੀ ਤਾਰੀਕ 20 ਅਗਸਤ ਤੈਅ ਕਰ ਦਿੱਤੀ ਹੈ। ਤਾਲਮੇਲ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਅਪੀਲ ਕੀਤੀ ਗਈ ਹੈ ਕਿ ਕੇਸ ਦੀ ਸਣਵਾਈ ਛੇਤੀ ਮੁਕੰਮਲ ਕਰਵਾ ਕੇ ਪੀੜਤਾਂ ਨੂੰ ਇਨਸਾਫ ਦਿਵਾਇਆ ਜਾਵੇ। ਮਾਨਯੋਗ ਜੱਜ ਨੇ ਪੋਸਟਮਾਰਟਮ ਰਿਪੋਰਟਾਂ ਨੂੰ ਗਹੁ ਨਾਲ ਵਾਚਣ ਤੋਂ ਬਾਅਦ ਅਗਲੀ ਅੰਤਿਮ ਬਹਿਸ ਲਈ 20 ਅਗਸਤ ਮੁਕੱਰਰ ਕਰ ਦਿੱਤੀ

# ਪੰਜਾਬ ਭਾਜਪਾ ਨੇ ਆਪਣੇ ਹਥਿਆਰ ਹੋਰ ਤਿੱਖੇ ਕੀਤੇ

**ਚੰਡੀਗੜ੍ਹ:** ਹੁਣ ਤੱਕ ਦੱਬ-ਘੁਟ ਕੇ ਦਿਨ ਕੱਟ ਰਹੇ ਪੰਜਾਬ ਭਾਜਪਾਈਆਂ ਨੇ ਆਪਣੇ ਭਾਈਵਾਲ ਅਕਾਲੀ ਦਲ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕੇਂਦਰ ਵਿਚ ਸਰਕਾਰ ਬਣਨ ਤੋਂ ਬਾਅਦ ਭਾਜਪਾ ਆਗੂਆਂ ਦੇ ਤੇਵਰ ਲਗਾਤਰ ਤਿੱਖੇ ਹੁੰਦੇ ਜਾ ਰਹੇ ਹਨ। ਹਾਲੀਆ ਘਟਨਾਕ੍ਰਮ ਤੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਭਾਜਪਾ ਦੇ ਆਗੂਆਂ ਤੇ ਮੰਤਰੀਆਂ ਦਾ ਵੱਖਰਾ ਜਨਤਕ ਸਟੈਂਡ, ਪਾਰਟੀ ਦੇ ਹਮਲਾਵਰ ਰੁੱਖ ਦੇ ਸੰਕੇਤ ਹਨ। ਸਥਾਨਕ ਸਰਕਾਰਾਂ ਮੰਤਰੀ ਅਨਿਲ ਜੋਸ਼ੀ ਵੱਲੋਂ ਅੰਮ੍ਰਿਤਸਰ ਵਿਚ ਸਟਾਕ 'ਤੇ ਐਡਵਾਂਸ ਟੈਕਸ ਲੈਣ ਦੇ ਮੁੱਦੇ ਉਤੇ ਸੂਬਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਦੀ ਜੋ ਧਮਕੀ ਦਿੱਤੀ ਹੈ, ਉਹ ਸੂਬਾ ਭਾਜਪਾ ਪ੍ਰਧਾਨ ਕਮਲ ਸ਼ਰਮਾ ਵੱਲੋਂ ਸਰਕਾਰ ਵਿਰੁੱਧ ਪਹਿਲਾਂ ਲਏ ਪੈਂਤੜੇ ਦੀ ਹੀ ਲੜੀ ਵਿਚ ਅਗਲਾ ਕਦਮ ਹੈ। ਸ੍ਰੀ ਸ਼ਰਮਾ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੀ ਅੰਮ੍ਰਿਤਸਰ ਸੰਸਦੀ ਸੀਟ ਤੋਂ ਹਾਰ ਮਗਰੋਂ ਸਾਰਾ ਭਾਂਡਾ ਸਰਕਾਰ ਸਿਰ ਭੰਨਦਿਆਂ ਕਿਹਾ ਸੀ ਕਿ ਅਕਾਲੀਆਂ ਦੇ 'ਕਾਰੇ' ਭਾਜਪਾ ਨੂੰ ਬਹੁਤ ਮਹਿੰਗੇ ਪਏ ਹਨ।

ਭਾਜਪਾ ਨੇ ਸੂਬਾ ਸਰਕਾਰ ਸਿਰ ਇਹ ਵੀ ਦੋਸ਼ ਲਾਇਆ ਸੀ ਕਿ ਇਹ ਲੋਕਾਂ ਦਾ ਗੁੱਸਾ ਸਮਝਣ ਵਿਚ ਅਸਫਲ ਰਹੀ ਹੈ। ਪਾਰਟੀ ਦੀ ਆਸ ਨਾਲੋਂ ਕਾਰਗੁਜ਼ਾਰੀ ਮਾੜੀ ਰਹਿਣ ਦਾ ਮੁੱਲਾਂਕਣ ਕਰਨ ਲਈ ਬਣਾਈ ਗਈ ਟੰਡਨ ਕਮੇਟੀ ਨੇ ਇਹ ਤੱਤ ਕੱਢਿਆ ਕਿ ਅਕਾਲੀ-ਭਾਜਪਾ ਗੱਠਜੋੜ ਨੂੰ ਲੋਕਾਂ ਦੇ ਗੁੱਸੇ ਕਾਰਨ ਸ਼ਹਿਰੀ ਖੇਤਰਾਂ ਵਿਚੋਂ ਮੱਠਾ ਹੁੰਗਾਰਾ ਮਿਲਿਆ। ਭਾਜਪਾ ਨੂੰ ਆਪਣੇ ਚਾਰ ਮੰਤਰੀਆਂ ਦੇ ਅਸਤੀਫੇ ਵੀ ਲੈਣੇ ਪੈ ਗਏ ਸਨ। ਇਹ ਰਿਪੋਰਟ ਭਾਜਪਾ ਦੀ ਹਾਈ ਕਮਾਂਡ ਕੋਲ ਭੇਜੀ ਗਈ ਸੀ। ਭਾਜਪਾ ਦੇ ਚਾਰ ਮੰਤਰੀ ਅਨਿਲ ਜੋਸ਼ੀ, ਮਦਨ ਮੋਹਨ ਮਿੱਤਲ, ਚੁੰਨੀ ਲਾਲ ਭਗਤ ਤੇ ਸੁਰਜੀਤ ਕੁਮਾਰ ਜਿਆਣੀ ਦੇ ਅਸਤੀਫਿਆਂ ਮਗਰੋਂ ਇਹ ਕਿਆਸਅਰਾਈਆਂ ਵੀ ਜ਼ੋਰ ਫੜ ਰਹੀਆਂ ਹਨ ਕਿ ਪਾਰਟੀ ਵਿਚਲਾ ਦੂਜਾ ਧੜਾ (ਮਨੋਰੰਜਨ ਕਾਲੀਆ ਤੇ ਅਸ਼ਵਨੀ ਸ਼ਰਮਾ) ਮੰਤਰੀਆਂ ਵਜੋਂ ਆਏਗਾ। ਪਿਛਲੇ ਕੁਝ ਹਫਤਿਆਂ ਤੋਂ ਚਾਰੇ ਮੰਤਰੀ ਆਪਣੀ-ਆਪਣੀ ਸੀਟ ਬਚਾਉਣ ਲਈ ਜੱਦੋ-ਜਹਿਦ ਕਰ ਰਹੇ ਹਨ ਤੇ ਕਮਲ ਸ਼ਰਮਾ ਧੜਾ ਵੀ ਇਹ ਯਤਨ ਕਰ ਰਿਹਾ ਹੈ ਕਿ ਕਾਲੀਆ ਧੜਾ ਸਰਕਾਰ ਵਿਚੋਂ ਬਾਹਰ ਹੀ ਰਹੇ। ਹੁਣ ਭਾਜਪਾ ਆਗੂ ਤੇ ਮੰਤਰੀ, ਆਪਣੀ ਪਾਰਟੀ ਹਾਈ ਕਮਾਨ ਅੱਗੇ ਆਪਣੇ ਆਪ ਨੂੰ ਅਕਾਲੀਆਂ ਤੋਂ ਫਾਸਲੇ 'ਤੇ ਵੀ ਰੱਖ ਰਹੇ ਹਨ ਤੇ ਨਾਲ ਦੀ ਨਾਲ ਸ਼ਹਿਰੀ ਵੋਟ ਪੱਕੀ ਕਰਨ ਦੇ ਯਤਨਾਂ ਵਿਚ ਹਨ।

ਭਾਜਪਾ ਦੇ ਬਹੁਤੇ ਮੰਤਰੀਆਂ ਤੇ ਸੂਬਾ ਆਗੂਆਂ ਉਤੇ ਵਿਰੋਧੀਆਂ ਵੱਲੋਂ ਭਾਜਪਾਈਆਂ ਨਾਲੋਂ ਅਕਾਲੀ ਵੱਧ ਹੋਣ ਦੇ ਦੋਸ਼ ਲਗਾਉਂਦੇ ਹਨ ਜੋ ਆਪਣੀ ਸ਼ਹਿਰੀ ਵੋਟ ਬੈਂਕ ਦੀ ਰਾਖੀ ਲਈ ਸਟੈਂਡ ਵੀ ਨਹੀਂ ਲੈਂਦੇ। ਸ੍ਰੀ ਜੋਸ਼ੀ ਦਾ ਇਹ ਵੀ ਦੋਸ਼ ਹੈ ਕਿ ਸੂਬੇ ਦੀ ਅਫ਼ਸਰਸ਼ਾਹੀ ਆਪਣੀ ਮਨਮਰਜੀ ਨਾਲ ਰਿਸ਼ਵਤ ਲੈਣ ਖਾਤਰ ਉਪ ਮੁੱਖ ਮੰਤਰੀ ਨੂੰ ਗੁੰਮਰਾਹ ਕਰ ਰਹੀ ਹੈ, ਜਿਸ 'ਤੇ ਭਰੋਸਾ ਕਰਦਿਆਂ ਉਹ ਵਪਾਰੀਆਂ ਤੇ ਸਨਅਤਕਾਰਾਂ ਨੂੰ ਘਾਟਾ ਪਾਉਣ ਵਾਲੀਆਂ ਨੀਤੀਆਂ ਲਾਗੂ ਕਰ ਰਹੇ ਹਨ। ਉਹ ਹੁਣ ਤੱਕ ਇਸ ਮੁੱਦੇ 'ਤੇ ਸ. ਸੁਖਬੀਰ ਸਿੰਘ ਬਾਦਲ ਨੂੰ ਦਸ ਵਾਰ ਮਿਲ ਚੁੱਕੇ ਹਨ ਤੇ ਵਾਰ-ਵਾਰ ਉਨ੍ਹਾਂ ਵੱਲੋਂ ਦਿੱਤੇ ਭਰੋਸੇ ਦੇ ਬਾਵਜੂਦ ਉਕਤ ਫੈਸਲਾ ਵਾਪਸ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਅਫ਼ਸਰਸ਼ਾਹੀ ਸਰਕਾਰ ਦਾ ਅਕਸ ਖ਼ਰਾਬ ਕਰ ਰਹੀ ਹੈ।

# ਯੂ.ਏ.ਈ. ਵਿਚ ਹਰ ਸਾਲ 100 ਭਾਰਤੀ ਕਰਦੇ ਨੇ ਖ਼ੁਦਕੁਸ਼ੀ

**ਦੁਬਈ:** ਸੰਯੁਕਤ ਅਰਬ ਅਮੀਰਾਤ ਵਿਚ (ਯੂ.ਏ.ਈ.) ਵਿਚ 2011 ਤੋਂ ਹਰ ਸਾਲ ਕੋਈ 100 ਭਾਰਤੀ ਖੁਦਕੁਸ਼ੀ ਕਰ ਚੁੱਕੇ ਹਨ। ਇਥੇ ਤਾਇਨਾਤ ਭਾਰਤ ਦੇ ਸਫੀਰ ਨੇ ਹਮਵਤਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਦੁੱਖ-ਤਕਲੀਫ, ਮੁਸ਼ਕਲ ਖਾਸਕਰ ਵਿੱਤੀ ਮੁਸ਼ਕਲਾਂ ਵਿਚ ਫਸੇ ਆਪਣੇ ਲੋਕਾਂ ਦੀ ਮਦਦ ਕਰਨ।

ਭਾਰਤੀ ਸਫੀਰ ਟੀ.ਪੀ.ਸੀ. ਤਾਰਾਮ ਨੇ ਦੱਸਿਆ ਕਿ ਇਹ ਖੁਦਕੁਸ਼ੀਆਂ ਭਾਰਤੀ ਭਾਈਚਾਰੇ ਦੀਆਂ ਇਥੇ ਹਰ ਸਾਲ ਹੋ ਰਹੀਆਂ ਤਕਰੀਬਨ 1300 ਮੌਤਾਂ ਵਿਚ ਸ਼ਾਮਲ ਹਨ। ਇਥੇ ਰਹਿ ਰਹੇ 25 ਲੱਖ ਭਾਰਤੀਆਂ ਵਿਚੋਂ ਹਰ ਸਾਲ 1300 ਲੋਕ ਮਰ ਰਹੇ ਹਨ ਤੇ ਇਨ੍ਹਾਂ ਵਿਚੋਂ ਕੋਈ 100 ਕੁ ਖੁਦਕੁਸ਼ੀ ਕਰਦੇ ਹਨ।

ਪਿਛਲੇ ਦੋ-ਤਿੰਨ ਸਾਲ ਤੋਂ ਖੁਦਕੁਸ਼ੀਆਂ ਦੇ ਕੇਸਾਂ ਦੀ ਗਿਣਤੀ 90 ਤੋਂ 101-102 ਚੱਲ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਕਰਜ਼ੇ ਦੀ ਮਾਰ ਵਿਚ ਆ ਕੇ ਜਾਨ ਦੇਣ ਵਾਲੇ ਲੋਕਾਂ ਦੇ ਸਹੀ ਅੰਕੜੇ ਉਪਲਬਧ ਨਹੀਂ ਹਨ।

ਸ੍ਰੀ ਸੀਤਾ ਰਾਮ ਨੇ ਭਾਰਤੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਰਲ-ਮਿਲ ਕੇ ਦੁੱਖ ਤੇ ਵਿੱਤੀ ਔਖਾਂ ਵਿਚ ਫਸੇ ਲੋਕਾਂ ਦੀ ਬਾਂਹ ਫੜਨ। ਉਨ੍ਹਾਂ ਕਿਹਾ ਕਿ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਕਰਜ਼ੇ ਕਰਕੇ ਖੁਦਕੁਸ਼ੀ ਕਰਦੇ ਹਨ ਪਰ ਇਹ ਪ੍ਰਚਲਨ ਹੈ। ਇਹ ਵੀ ਨਹੀਂ ਹੈ ਕਿ ਹੁਣ ਜ਼ਿਆਦਾ ਲੋਕ ਖੁਦਕੁਸ਼ੀਆਂ ਕਰਨ ਲੱਗੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਮਸਲਿਆਂ ਦੇ ਹੱਲ ਬਹੁਤ ਸਰਲ ਨਹੀਂ ਹੈ, ਪਰ ਇਹ ਆਸ ਕੀਤੀ ਜਾ ਸਕਦੀ ਹੈ ਕਿ ਲੋਕ ਅੰਤ ਦਾ ਇਹ ਕਦਮ ਪੁੱਟਣ ਦੀ ਬਜਾਏ ਆਪਣੇ ਨੇੜਲਿਆਂ ਨਾਲ ਦੁੱਖ ਸਾਂਝਾ ਕਰਨ।

ਦੁਬਈ ਤੇ ਉੱਤਰੀ ਅਮੀਰਾਤ ਵਿਚ ਸਾਲ ਦੇ ਪਹਿਲੇ ਅੱਧ ਤੱਕ ਰਿਪੋਰਟ ਹੋਈਆਂ 544 ਮੌਤਾਂ ਵਿਚੋਂ 37 ਖੁਦਕੁਸ਼ੀਆਂ ਸਨ। ਮਾਨਸਿਕ ਤੇ ਨਿੰਜੀ ਉਲਝਣਾਂ ਤੇ ਕਰਜ਼ਾ ਇਨ੍ਹਾਂ ਲਈ ਮੁੱਖ ਕਾਰਨ ਦੱਸੇ ਜਾਂਦੇ ਹਨ। 2008 ਦੇ ਆਰਥਿਕ ਮੰਦੇ ਦੌਰਾਨ ਤਾਂ ਯੂ.ਏ.ਈ. ਵਿਚ 176 ਭਾਰਤੀ ਖੁਦਕੁਸ਼ੀ ਕਰ ਗਏ ਸਨ।

# ਫੰਡਾਂ ਦੀ ਘਾਟ ਕਾਰਨ ਰੁਕਿਆ ਸ਼ਹੀਦਾਂ ਦੀਆਂ ਅਸਥੀਆਂ ਦਾ ਡੀ.ਐਨ.ਏ. ਟੈਸਟ

**ਅੰਮ੍ਰਿਤਸਰ:** ਅਜਨਾਲਾ ਸਥਿਤ ਕਾਲਿਆਂ ਵਾਲੇ ਖੂਹ ਵਿਚੋਂ ਮਿਲੀਆਂ 1857 ਦੇ ਗਦਰ ਦੇ ਸ਼ਹੀਦਾਂ ਦੀਆਂ ਅਸਥੀਆਂ ਦਾ ਡੀ.ਐਨ.ਏ. ਟੈਸਟ ਫੰਡਾਂ ਦੀ ਘਾਟ ਕਾਰਨ ਹੁਣ ਤੱਕ ਸ਼ੁਰੂ ਨਹੀਂ ਹੋ ਸਕਿਆ ਹੈ। ਇਸ ਬਾਰੇ ਸਰਕਾਰ ਵੱਲੋਂ ਇਕ ਕਮੇਟੀ ਕਾਇਮ ਕੀਤੀ ਗਈ ਸੀ, ਜਿਸ ਵਿਚ ਭਾਰਤੀ ਪੁਰਾਤਤਵ ਵਿਭਾਗ, ਪੰਜਾਬ ਯੂਨੀਵਰਸਿਟੀ ਦੇ ਫੌਰੈਂਸਿਕ ਸਾਇੰਸ ਵਿਭਾਗ ਦੇ ਮਾਹਿਰ ਤੇ ਹੋਰਾਂ ਤੋਂ ਇਲਾਵਾ ਪੰਜਾਬ ਦੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਨੁਮਾਇੰਦੇ ਸ਼ਾਮਲ ਸਨ। ਇਸ ਟੀਮ ਨੇ ਅਪਰੈਲ ਵਿਚ ਅਜਨਾਲਾ ਸਥਿਤ ਕਾਲਿਆਂ ਵਾਲੇ ਖੂਹ ਦਾ ਦੌਰਾ ਕੀਤਾ ਸੀ ਤੇ ਉਥੋਂ ਸ਼ਹੀਦਾਂ ਦੀਆਂ ਅਸਥੀਆਂ ਦੇ ਕੁਝ ਹਿੱਸੇ ਅਗਲੇਰੇ ਪ੍ਰਯੋਗਾਂ ਵਾਸਤੇ ਨਾਲ ਲੈ ਗਏ ਸਨ, ਜੋ ਹੁਣ ਉਨ੍ਹਾਂ ਦੇ ਕੋਲ ਹਨ।

ਇਸ ਬਾਰੇ ਗੱਲ ਕਰਦਿਆਂ ਪੰਜਾਬ ਯੂਨੀਵਰਸਿਟੀ ਦੇ ਐਂਥਰੋਪੋਲੋਜੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਜੇ.ਐਸ. ਸ਼ੇਰਾਵਤ ਨੇ ਦੱਸਿਆ ਕਿ ਸੱਭਿਆਚਾਰਕ ਮਾਮਲੇ ਵਿਭਾਗ ਕੋਲ ਦੋ ਸੰਦੂਕ ਹਨ, ਜਿਨ੍ਹਾਂ ਵਿਚ ਇਹ ਅਸਥੀਆਂ ਹਨ। ਇਨ੍ਹਾਂ ਅਸਥੀਆਂ ਦਾ ਡੀ.ਐਨ.ਏ. ਟੈਸਟ ਯੂਨੀਵਰਸਿਟੀ ਵਿਖੇ ਕੀਤਾ ਜਾਣਾ ਹੈ ਪਰ ਹੁਣ ਤੱਕ ਲੋੜੀਂਦੀ ਥਾਂ ਤੇ ਫੰਡ ਨਾ ਮਿਲਣ ਕਾਰਨ ਇਹ ਕੰਮ ਸ਼ੁਰੂ ਨਹੀਂ ਹੋ ਸਕਿਆ ਹੈ। ਇਸ ਮਾਮਲੇ ਵਿਚ ਯੂਨੀਵਰਸਿਟੀ ਵੱਲੋਂ ਪਹਿਲਾਂ ਹੀ ਸਪੱਸ਼ਟ ਕੀਤਾ ਜਾ ਚੁੱਕਿਆ ਹੈ ਕਿ ਉਹ ਡੀ.ਐਨ.ਏ. ਟੈਸਟਾਂ ਲਈ ਆਪਣੀ ਪ੍ਰਯੋਗਸ਼ਾਲਾ ਵਿਚ ਜਗ੍ਹਾ ਮੁਹੱਈਆ ਤਿਆਰ ਕਰਾਉਣ ਵਾਸਤੇ ਤਿਆਰ ਹੈ ਪਰ ਇਸ ਮਾਮਲੇ ਵਿਚ ਸਰਕਾਰ ਵੱਲੋਂ ਹੁਣ ਤੱਕ ਲੋੜੀਂਦੀ ਮਾਇਕ ਮੱਦਦ ਨਹੀਂ ਮੁਹਈਆ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਯੂਨੀਵਰਸਿਟੀ ਪ੍ਰਬੰਧਕਾਂ ਨੂੰ ਕਿਹਾ ਗਿਆ ਸੀ ਕਿ ਉਹ ਛੇਤੀ ਹੀ ਇਸ ਕੰਮ ਵਾਸਤੇ ਲੋੜੀਂਦੀ ਮਾਇਕ ਮੱਦਦ ਮੁਹਈਆ ਕਰਨਗੇ ਪਰ ਹੁਣ ਤੱਕ ਇਸ ਮਦਦ ਦੀ ਉਡੀਕ ਕੀਤੀ ਜਾ ਰਹੀ ਹੈ। ਸਰਕਾਰ ਨੇ ਇਸ ਮਾਮਲੇ ਵਿਚ ਅਜਨਾਲਾ ਗਏ ਵਿਦਵਾਨਾਂ ਦੇ ਲੋੜੀਂਦੇ ਭੱਤੇ ਵੀ ਨਹੀਂ ਮੋੜੇ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਵਿਖੇ ਰੱਖੀਆਂ ਅਸਥੀਆਂ ਠੀਕ ਹਾਲਤ ਵਿਚ ਤੇ ਸੁਰੱਖਿਅਤ ਹਨ। ਜਦੋਂਕਿ ਅਜਿਹੇ ਦੋ ਹੋਰ ਸੰਦੂਕ ਫਿਲਹਾਲ ਅਜਨਾਲਾ ਵਿਖੇ ਹੀ ਹਨ।

ਜ਼ਿਕਰਯੋਗ ਹੈ ਕਿ ਜਾਇਜ਼ਾ ਲੈਣ ਲਈ ਗਏ ਮਾਹਿਰਾਂ ਵੱਲੋਂ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਇਨ੍ਹਾਂ ਅਸਥੀਆਂ ਨੂੰ ਬਾਹਰ ਕੱਢਣ ਸਮੇਂ ਸਹੀ ਤਕਨੀਕ ਦੀ ਵਰਤੋਂ ਨਹੀਂ ਕੀਤੀ ਗਈ, ਜਿਸ ਕਾਰਨ ਇਨ੍ਹਾਂ ਵਿਚੋਂ ਵਧੇਰੇ ਅਸਥੀਆਂ ਨੂੰ ਨੁਕਸਾਨ ਪੁੱਜਿਆ ਹੈ। ਦੋ ਸੰਦੂਕਾਂ ਵਿਚ ਹੀ ਕੁਝ ਹੱਡੀਆਂ, ਦੰਦ ਅਤੇ ਜਬਾੜੇ ਅਜਿਹੇ ਹਨ, ਜੋ ਠੀਕ ਹਾਲਤ ਵਿਚ ਹਨ ਤੇ ਉਨ੍ਹਾਂ ਨੂੰ ਪ੍ਰਯੋਗ ਲਈ ਵਰਤਿਆ ਜਾ ਸਕਦਾ ਹੈ। ਇਸ ਦੌਰਾਨ ਗੁਰਦੁਆਰਾ ਸ਼ਹੀਦਗੰਜ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਸਰਕਾਰੀਆ ਨੇ ਆਖਿਆ ਕਿ ਕਮੇਟੀ ਕੋਲ ਵੱਡੀ ਗਿਣਤੀ ਵਿੱਚ ਅਸਥੀਆਂ ਹਨ, ਜਿਨ੍ਹਾਂ ਨੂੰ ਉਹ ਸੁਰੱਖਿਅਤ ਰੱਖਣਾ ਚਾਹੁੰਦੇ ਹਨ।

# ਮੀਂਹ ਦੇ ਪਾਣੀ ਵਿਚ ਡੁੱਬ ਕੇ ਤਿੰਨ ਬੱਚਿਆਂ ਦੀ ਮੌਤ

**ਬਨੂੜ:** ਨੇੜਲੇ ਪਿੰਡ ਗਾਰਦੀਨਗਰ ਵਿਚ ਮੀਂਹ ਦੇ ਪਾਣੀ ਨਾਲ ਭਰੇ ਟੋਇਆਂ ਵਿਚ ਡੁੱਬ ਕੇ ਤਿੰਨ ਬੱਚਿਆਂ ਦੀ ਮੌਤ ਹੋ ਗਈ। ਇਹ ਘਟਨਾ ਪਿੰਡ ਦੀ ਸ਼ਾਮਲਾਤ ਜ਼ਮੀਨ ਵਿਚ ਮਿੱਟੀ ਚੁੱਕਣ ਨਾਲ ਪਏ ਟੋਇਆਂ ਵਿਚ ਭਰੇ ਪਾਣੀ ਕਾਰਨ ਵਾਪਰੀ। ਬੱਚਿਆਂ ਨੂੰ ਤੁਰੰਤ ਟੋਇਆਂ ਵਿਚੋਂ ਕੱਢ ਕੇ ਨਜ਼ਦੀਕੀ ਹਸਪਤਾਲ ਗਿਆਨ ਸਾਗਰ ਪਹੁੰਚਾਇਆ ਗਿਆ ਪਰ ਡਾਕਟਰਾਂ ਨੇ ਬੱਚਿਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਸਰਕਾਰੀ ਹਾਈ ਸਕੂਲ ਥੂਹਾ ਵਿਚ ਪੜ੍ਹਦੇ ਛੇ-ਸੱਤ ਵਿਦਿਆਰਥੀ ਈਦ ਦੀ ਛੁੱਟੀ ਹੋਣ ਕਾਰਨ ਪਿੰਡ ਤੋਂ ਬਾਹਰ ਖੇਡਣ ਗਏ ਸਨ। ਇਨ੍ਹਾਂ ਵਿਚੋਂ ਤਿੰਨ ਬੱਚੇ ਨਿਤਿਨ ਕੁਮਾਰ (11 ਸਾਲ), ਸੰਜੀਵ ਕੁਮਾਰ (12 ਸਾਲ) ਤੇ ਗੁਰਧਿਆਨ ਸਿੰਘ (13 ਸਾਲ) ਨਹਾਉਣ ਲਈ ਪਾਣੀ ਵਿੱਚ ਕੁੱਦ ਪਏ। ਜਦੋਂ ਕੁਝ ਦੇਰ ਬਾਅਦ ਬੱਚੇ ਪਾਣੀ ਵਿਚ ਦਿੱਸਣੋਂ ਹਟ ਗਏ ਤਾਂ ਪਾਣੀ ਵਿਚ ਵੜੇ ਹੋਏ ਨਿਤਿਨ ਦੇ ਵੱਡੇ ਭਰਾ ਦਮਨ ਨੇ ਤੁਰੰਤ ਘਰ ਆ ਕੇ ਇਸ ਬਾਰੇ ਦੱਸਿਆ।

ਇਹ ਵੀ ਪਤਾ ਲੱਗਾ ਹੈ ਕਿ ਦੂਜੇ ਬੱਚੇ ਵੀ ਕੱਪੜੇ ਲਾਹਕੇ ਨਹਾਉਣ ਦੀ ਤਿਆਰੀ ਕਰ ਰਹੇ ਸਨ ਪਰ ਆਪਣੇ ਦੋਸਤਾਂ ਦੇ ਪਾਣੀ ਵਿਚੋਂ ਬਾਹਰ ਨਾ ਆਉਣ ਕਾਰਨ ਉਹ ਡਰ ਗਏ। ਇਨ੍ਹਾਂ ਵਿਚੋਂ ਨਿਤਿਨ ਛੇਵੀਂ, ਸੰਜੀਵ ਤੇ ਗੁਰਧਿਆਨ ਸਤਵੀਂ ਜਮਾਤ ਦੇ ਵਿਦਿਆਰਥੀ ਸਨ। ਇਨ੍ਹਾਂ ਵਿਚੋਂ ਨਿਤਿਨ ਦੇ ਪਿਤਾ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ।


LAW OFFICE OF NIRWAN & ASSOCIATES


Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION


## ਭਾਰਤ ਦੇ ਆਜ਼ਾਦੀ ਦਿਹਾੜੇ ਸਬੰਧੀ ਪ੍ਰੋਗਰਾਮ 23 ਨੂੰ

**ਫਰਿਜ਼ਨੋ (ਬਿਊਰੋ):** ਭਾਰਤ ਦਾ ਆਜ਼ਾਦੀ ਦਿਵਸ ਇਥੇ 23 ਅਗਸਤ, ਸਨਿਚਰਵਾਰ ਨੂੰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਦੇ ਸੈਟੇਲਾਈਟ ਸਟੂਡੈਂਟ ਯੂਨੀਅਨ ਹਾਲ ਵਿਚ ਸ਼ਾਮ 4:30 ਤੋਂ ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਾਲ ਸਿੰਘ ਸਹੋਤਾ ਨੇ ਦੱਸਿਆ ਕਿ ਹਾਲ ਦੇ ਦਰਵਾਜ਼ੇ ਲੋਕਾਂ ਲਈ ਸ਼ਾਮ 4 ਵਜੇ ਖੋਲ ਦਿੱਤੇ ਜਾਣਗੇ ਅਤੇ ਪ੍ਰੋਗਰਾਮ ਦੀ ਸ਼ੁਰੂਆਤ 4:30 ਵਜੇ ਹੋਵੇਗੀ। ਮੁੱਖ ਮਹਿਮਾਨ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਐਨ. ਪਾਰਥਾਸਾਰਥੀ ਹੋਣਗੇ। ਇਸ ਮੌਕੇ ਭਾਰਤੀ ਦੇਸ਼ ਭਗਤੀ ਦੇ ਗੀਤ ਅਤੇ ਮੰਨੋਰੰਜਨ ਦਾ ਵੀ ਪ੍ਰਬੰਧ ਹੋਵੇਗਾ।


Security Cameras
Special promotion
for limited time only



1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133



SUPER TRAVEL
847-676-9090, 773-465-5566
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250


## *ਸਿੱਖਸ ਫਾਰ ਜਸਟਿਸ ਵਲੋਂ ਮੋਦੀ ਖਿਲਾਫ ਸੋਸ਼ਲ ਮੀਡੀਆ ਲਹਿਰ*

**ਵਾਸ਼ਿੰਗਟਨ (ਬਿਊਰੋ):** ਵਾਈਟ ਹਾਊਸ ਲਈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤੇ ਸੱਦਾ ਪੱਤਰ ਨੂੰ ਰੱਦ ਕਰਵਾਉਣ ਲਈ ਸਿੱਖਸ ਫਾਰ ਜਸਟਿਸ ਨੇ ਆਪਣੀ ਪਟੀਸ਼ਨ ਦੇ ਸਮਰਥਨ ਵਿਚ ਇਕ ਸੋਸ਼ਲ ਮੀਡੀਆ ਲਹਿਰ ਸ਼ੁਰੂ ਕੀਤੀ ਹੈ। ਦਸਣਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਨੇ ਸ੍ਰੀ ਮੋਦੀ ਨੂੰ 30 ਸਤੰਬਰ ਨੂੰ ਵਾਈਟ ਹਾਊਸ ਵਿਖੇ ਮੀਟਿੰਗ ਲਈ ਬੁਲਾਇਆ ਹੈ।

ਸੰਸਥਾ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸੰਸਥਾ ਵਲੋਂ 'ਮੋਦੀ ਨੂੰ ਬੁਲਾਉਣ ਤੋਂ ਉਬਾਮਾ ਨੂੰ ਰੋਕਣ ਲਈ ਪਟੀਸ਼ਨ 'ਤੇ ਦਸਤਖਤ ਕਰੋ। ਇਕ ਹੋਰ ਇਸਰਾਇਲ ਨੂੰ ਉਤਸ਼ਾਹਿਤ ਨਾ ਕਰੋ' ਦਾ ਫੇਸਬੁਕ ਇਸ਼ਤਿਹਾਰ ਸ਼ੁਰੂ ਕੀਤਾ ਗਿਆ ਹੈ। ਸੰਸਥਾਂ ਨੇ ਉਬਾਮਾ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਗਈ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਵਿਚ ਭੂਮਿਕਾ ਲਈ ਉਨ੍ਹਾਂ ਨੂੰ ਦਿੱਤਾ ਸੱਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਜੂਨ 1984 ਵਿਚ ਭਾਜਪਾ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਨੂੰ ਭੜਕਾਇਆ ਸੀ ਜਿਸ ਦੇ ਨਤੀਜੇ ਵਜੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਧਾਲੂਆਂ ਦਾ ਕਤਲੇਆਮ ਹੋਇਆ। 2008 ਵਿਚ ਭਾਜਪਾ ਨੇ ਉੜੀਸਾ ਵਿਚ ਇਸਾਈਆਂ ਖਿਲਾਫ ਹਿੰਸਾ ਭੜਕਾਈ ਸੀ।


ਲੁਈਸੀਆਨਾ ਵਿਚ
Business For Sale/Lease

**Unbranded Gas Station**
*Sales inside $45,000 to $50,000 *ATM $400 *Check Cashing $800 *Poker $8,000 *Gas Sales $39,000
Price $75,000/Rent $4,000 (Property $450,000)

**Exxon Branded Gas Station**
*Sales $58,000 to $60,000 *ATM $500
*Rent/Lease $75,000, Rent $4000
Property $550,000
*(Very Good 2 Highways Signal Light, Downtown Property)*

**4½ Acers Corner Property For Sale**
7 Apartments (Income $3500)
Good For Convenience Store or Gas Station

Contac: Beant Singh 337-513-2504
e-mail: beantsingh94553@yahoo.com
30-31



ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
*ਸੰਪਰਕ ਕਰੋ*
ਫੋਨ: 816-806-6065

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਸ਼ਨਾਖਤ ਬਾਰੇ ਟੀ.ਵੀ. ਇਸ਼ਤਿਹਾਰ ਦੀ ਚਰਚਾ

**ਵਾਸ਼ਿੰਗਟਨ:** ਕੌਮਕਾਸਟ ਵੱਲੋਂ 30 ਜੂਨ ਤੋਂ 27 ਜੁਲਾਈ 2014 ਤਕ ਕੇਬਲ ਚੈਨਲਾਂ 'ਤੇ ਨਸ਼ਰ ਕਰਵਾਏ ਪਹਿਲੇ ਸਿੱਖ ਇਸ਼ਤਿਹਾਰ ਦੀ ਹਰ ਪਾਸੇ ਚਰਚਾ ਹੈ। ਇਸ ਇਸ਼ਤਿਹਾਰੀ ਸਮੇਂ ਲਈ ਕੌਮਕਾਸਟ ਨੇ ਇਕ ਮਿਲੀਅਨ ਡਾਲਰ ਦਾ ਯੋਗਦਾਨ ਦਿੱਤਾ। ਇਹ ਇਸ਼ਤਿਹਾਰ ਜੋ ਸਿੱਖ ਅਦਾਕਾਰ ਵਾਰਸ ਸਿੰਘ ਆਹਲੂਵਾਲੀਆ ਨੂੰ ਨਾਲ ਲੈ ਕੇ ਤਿਆਰ ਕੀਤਾ ਗਿਆ ਹੈ, ਅਮਰੀਕਾ ਦੇ 39 ਸੂਬਿਆਂ ਵਿਚ ਦਿਖਾਇਆ ਗਿਆ। ਐਸ.ਏ.ਐਲ.ਡੀ.ਈ.ਐਫ ਵੱਲੋਂ ਤਿਆਰ ਕਰਵਾਏ ਇਸ ਇਸ਼ਤਿਹਾਰ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸੇਵਾ, ਪਰਿਵਾਰ ਅਤੇ ਕਮਿਊਨਿਟੀ ਪ੍ਰਤੀ ਸਿੱਖਾਂ ਦਾ ਜਜ਼ਬਾ ਹੈ ਅਤੇ ਸਿੱਖ ਵੰਨ-ਸੁਵੰਨੇ ਅਮਰੀਕੀ ਸਭਿਆਚਾਰ ਦੇ ਅਹਿਮ ਹਿੱਸਾ ਹਨ। ਇਹ ਇਸ਼ਤਿਹਾਰ ਨਸ਼ਰ ਕਰਨ ਦਾ ਮੁੱਖ ਸੀ ਕਿ ਸਿੱਖਾਂ ਨੂੰ ਵਾਰ-ਵਾਰ ਹੋ ਰਹੀ ਨਸਲੀ ਹਿੰਸਾ ਤੋਂ ਬਚਾਇਆ ਜਾ ਸਕੇ।

ਅਮਰੀਕਾ ਵਿਚ ਸਿੱਖਾਂ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਐਸ.ਏ.ਐਲ.ਡੀ.ਈ.ਐਫ ਦੇ ਕਾਰਜਕਾਰੀ ਨਿਰਦੇਸ਼ਕ ਜਸਜੀਤ ਸਿੰਘ ਨੇ ਦੱਸਿਆ ਕਿ ਸਿੱਖ ਅਮਰੀਕੀ ਸਭਿਆਚਾਰ ਵਿਚ ਪਿਛਲੇ 125 ਸਾਲਾਂ ਤੋਂ ਯੋਗਦਾਨ ਪਾ ਰਹੇ ਹਨ। ਇਸ ਵਿਚ ਪਨਾਮਾ ਨਹਿਰ ਦੀ ਉਸਾਰੀ ਅਤੇ ਕੈਲੀਫੋਰਨੀਆ ਵਿਚ ਰੇਲਰੋਡਜ਼ ਦੀ ਉਸਾਰੀ ਵਿਚ ਮਦਦ ਸ਼ਾਮਲ ਹੈ। ਇਹੀ ਨਹੀਂ, ਅਮਰੀਕੀ ਕਾਂਗਰਸ ਵਿਚ ਸੇਵਾ ਨਿਭਾਉਣ ਵਾਲਾ ਪਹਿਲਾ ਏਸ਼ੀਅਨ ਅਮੈਰੀਕਨ, ਦਲੀਪ ਸਿੰਘ ਸੌਂਡ ਇੱਕ ਅਮੈਰੀਕਨ ਸਿੱਖ ਸੀ। ਇਸ ਬਾਰੇ ਪ੍ਰਚਾਰ ਹਿਤ ਹੀ ਅਮਰੀਕਾ ਦਾ ਆਜ਼ਾਦੀ ਦਿਹਾੜਾ (4 ਜੁਲਾਈ) ਚੁਣਿਆ ਗਿਆ ਅਤੇ ਅਮਰੀਕੀ ਸਿੱਖ ਅਦਾਕਾਰ ਵਾਰਸ ਸਿੰਘ ਆਹਲੂਵਾਲੀਆ ਦੀਆਂ ਸੇਵਾਵਾਂ ਲਈਆਂ ਗਈਆਂ।


ਵਾਰਸ ਸਿੰਘ

ਉਨ੍ਹਾਂ ਦੱਸਿਆ ਕਿ ਕੌਮਕਾਸਟ ਗਲੋਬਲ ਮੀਡੀਆ ਟੈਕਨੋਲੋਜੀ ਕੰਪਨੀ ਹੈ ਅਤੇ ਇਸ ਇਸ਼ਤਿਹਾਰ ਨੂੰ ਜੁਲਾਈ ਦਾ ਪੂਰਾ ਮਹੀਨਾ ਦਿਖਾਇਆ ਗਿਆ। ਈਸਟਵਾਰਡ ਫਿਲਮਜ਼ ਇਸ ਫਿਲਮ ਦੇ ਨਿਰਦੇਸ਼ਕ ਅਤੇ ਪ੍ਰੋਡਿਊਸਰ ਹਨ। ਕੌਮਕਾਸਟ ਦੇ ਐਕਸਟਰਨਲ ਅਫੇਅਰ ਕਾਰਜਕਾਰੀ ਨਿਰਦੇਸ਼ਕ ਜੋਹਨੀ ਗਾਈਲਜ਼ ਨੇ ਕਿਹਾ ਕਿ ਸਮੇਂ ਸਿਰ ਅਤੇ ਸਬੰਧਤ ਜਾਣਕਾਰੀ, ਲੋਕਾਂ ਨੂੰ ਪ੍ਰੇਰਨਾ ਦਿੰਦੀ ਹੈ ਅਤੇ ਤਬਦੀਲੀ ਲਿਆਉਣ ਲਈ ਸੰਸਥਾਵਾਂ ਵਿਚ ਊਰਜਾ ਭਰਦੀ ਹੈ। ਇਸ ਲਈ ਇਹ ਪਰੋਜੈਕਟ ਉਲੀਕਿਆ ਗਿਆ।

ਯਾਦ ਰਹੇ ਕਿ ਕੌਮੀ ਪੱਧਰ ਉਤੇ ਮੰਗਣ 'ਤੇ ਐਸ.ਏ.ਐਲ.ਡੀ.ਈ.ਐਫ. ਨੂੰ 400 ਫੋਟੋਆਂ ਅਤੇ ਵੀਡੀਓਜ਼ ਸਿੱਖ ਅਮੈਰੀਕਨਜ਼ ਵੱਲੋਂ ਇਸ ਇਸ਼ਤਿਹਾਰ ਵਿਚ ਦੇਣ ਲਈ ਮਿਲੀਆਂ ਸਨ। ਇਸ ਤੋਂ ਇਲਾਵਾ ਐਸ.ਏ.ਐਲ.ਡੀ.ਈ.ਐਫ. ਇਨ੍ਹਾਂ ਸਾਰੀਆਂ ਫੋਟੋਆਂ ਨੂੰ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ ਉਤੇ ਵੀ ਨਸ਼ਰ ਕਰ ਰਿਹਾ ਹੈ। ਇਸ ਦੇ ਨਾਲ ਹੀ ਇਸ ਨੂੰ ਐਸ.ਏ.ਐਲ.ਡੀ.ਈ.ਐਫ. ਦੇ 2014 ਨੈਸ਼ਨਲ ਪ੍ਰੋਗਰਾਮ ਜੋ 11 ਅਕਤੂਬਰ 2014 ਨੂੰ ਵਾਸ਼ਿੰਗਟਨ ਡੀ.ਸੀ. ਵਿਚ ਹੋਣਾ ਹੈ, ਵਿਚ ਵੀ ਨਸ਼ਰ ਕੀਤਾ ਜਾਵੇਗਾ।

# ਇਰਾਕ ਦੇ ਤਿੰਨ ਟੁਕੜਿਆਂ 'ਚ ਟੁੱਟਣ ਦਾ ਖਤਰਾ ਵਧਿਆ

**ਬਗਦਾਦ:** ਸਲਮਾਨ ਖਾਲਿਦ ਲਈ ਬਗਦਾਦ ਵਿਚਲਾ ਨਸਲੀ ਖਿਚਾਅ ਕੋਈ ਨਵੀਂ ਗੱਲ ਨਹੀਂ ਹੈ ਪਰ ਹੁਣ ਇਰਾਕ ਸ਼ੀਆ, ਸੁੰਨੀ ਤੇ ਕੁਰਦ ਖਿੱਤਿਆਂ ਦਰਮਿਆਨ ਵੰਡ ਹੋਣ ਵੱਲ ਵਧ ਰਿਹਾ ਤੇ ਦੇਸ਼ ਦੀ ਅਖੰਡਤਾ ਦਾਅ 'ਤੇ ਲੱਗੀ ਹੈ। 23 ਸਾਲਾਂ ਦੇ ਸੁੰਨੀ ਮੁਸਲਿਮ ਵਿਦਿਆਰਥੀ ਖਾਲਿਦ ਨੇ ਕਿਹਾ, "ਹਾਲਾਤ ਬਹੁਤ ਤਣਾਅ-ਪੂਰਨ ਹਨ ਤੇ ਇਹ ਬਦਤਰ ਹੋ ਸਕਦੇ ਹਨ। ਜੇਕਰ ਸਿਆਸਤਦਾਨ ਇਸੇ ਰਾਹ 'ਤੇ ਚੱਲਦੇ ਰਹੇ ਤਾਂ ਦੇਸ਼ ਟੁਕੜੇ-ਟੁਕੜੇ ਹੋ ਜਾਵੇਗਾ।" ਸੱਤ ਸਾਲ ਪਹਿਲਾਂ ਬਗਦਾਦ ਵਿਚ ਜਦੋਂ ਨਸਲ ਦੇ ਨਾਂ 'ਤੇ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ ਤਾਂ ਸ਼ੀਆ ਅਤਿਵਾਦੀਆਂ ਨੇ ਖਾਲਿਦ ਦੇ ਪਿਤਾ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਹਿੰਸਾ ਕਰਕੇ ਉਨ੍ਹਾਂ ਨੂੰ ਬਗਦਾਦ ਛੱਡ ਕੇ ਜਾਣਾ ਪਿਆ ਤੇ ਅੱਜ ਕੱਲ੍ਹ ਉਨ੍ਹਾਂ ਦਾ ਪਰਿਵਾਰ ਅਹਿਮਦੀਆ ਜ਼ਿਲ੍ਹੇ ਅਬੂ ਹਨੀਫਾ ਮਸਜਿਦ ਦੇ ਨੇੜੇ ਰਹਿੰਦਾ ਹੈ। ਇਥੇ ਹੀ ਸੁੰਨੀਆਂ ਦੇ ਕਈ ਵੱਡੇ ਫਕੀਰਾਂ ਦਾ ਇੰਤਕਾਲ ਹੋਇਆ ਸੀ। ਖਾਲਿਦ ਅਹਿਮਦੀਆ ਵਿਚ ਸੁਰੱਖਿਅਤ ਮਹਿਸੂਸ ਕਰਦਾ ਹੈ ਪਰ ਉਹ ਅਜੇ ਵੀ ਕਦੇ-ਕਦਾਈਂ ਬਗ਼ਦਾਦ ਜਾਂਦਾ ਹੈ ਜੋ ਹੁਣ ਸੁਰੱਖਿਆ ਨਾਕਿਆਂ ਦਾ ਸ਼ਹਿਰ ਬਣ ਕੇ ਰਹਿ ਗਿਆ ਹੈ। ਇਰਾਕ ਦਾ ਇਹ ਸੱਜਰਾ ਤੇ ਸਭ ਤੋਂ ਵੱਡਾ ਸੰਕਟ ਪਿਛਲੇ ਮਹੀਨੇ ਸ਼ੁਰੂ ਹੋਇਆ ਸੀ ਜਦੋਂ ਸੁੰਨੀ ਲੜਾਕਿਆਂ ਨੇ ਉੱਤਰੀ ਖੇਤਰ 'ਤੇ ਲੜਾਈ ਕਰਦੇ ਕਈ ਸ਼ਹਿਰਾਂ 'ਤੇ ਕਬਜ਼ਾ ਜਮਾ ਲਿਆ ਸੀ। ਇਸ ਸਮੇਂ ਇਰਾਕ ਦੇ ਵੱਡੇ ਸੁੰਨੀ ਅਰਬ ਖਿੱਤੇ ਉਪਰ ਸੁੰਨੀ ਜਹਾਦੀਆਂ ਦਾ ਝੰਡਾ ਲਹਿਰਾ ਰਿਹਾ ਹੈ। ਕੁਰਦ ਵੀ ਆਜ਼ਾਦੀ ਲਈ ਲਾਹਾ ਲੈਣ ਦੀ ਤਾਕ ਵਿਚ ਹਨ ਤੇ ਉਨ੍ਹਾਂ ਕਿਰਕੁਕ ਅਤੇ ਨਾਲ ਲਗਦੇ ਤੇਲ ਭੰਡਾਰਾਂ 'ਤੇ ਕਬਜ਼ਾ ਕਰ ਲਿਆ ਹੈ।

# ਭਾਜਪਾ ਵਲੋਂ ਬਾਦਲ ਦੇ ਮੋਰਚੇ ਨੂੰ ਬਰੇਕ

*(ਸਫਾ ਇਕ ਦੀ ਬਾਕੀ)*

ਕਰਨ ਲਈ ਦਬਾਅ ਪਾਇਆ ਗਿਆ ਹੈ। ਪਾਰਟੀ ਦੀ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਸ਼ਾਂਤਾ ਕੁਮਾਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮੋਰਚੇ ਦਾ ਫੈਸਲਾ ਤਿਆਗਣ ਲਈ ਰਾਜ਼ੀ ਕੀਤਾ ਹੈ। ਸੂਤਰਾਂ ਮੁਤਾਬਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਾਹਲੀ-ਕਾਹਲੀ ਵਿਚ ਪੰਜ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਨਵੀਂ ਦਿੱਲੀ ਅਤੇ ਉਤਰਾਖੰਡ ਨਾਲ ਸਬੰਧਤ ਸੰਸਦ ਮੈਂਬਰਾਂ ਨੂੰ ਨਾਸ਼ਤੇ 'ਤੇ ਬੁਲਾ ਕੇ ਮੀਟਿੰਗ ਕੀਤੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਪੈਦਾ ਹੋਈ ਸਥਿਤੀ ਬਾਰੇ ਜਾਣਕਾਰੀ ਲਈ। ਸੂਤਰਾਂ ਮੁਤਾਬਕ ਸ਼ਾਂਤਾ ਕੁਮਾਰ ਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਵਿਨੋਦ ਖੰਨਾ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅੰਦੋਲਨ ਮੁਲਤਵੀ ਕਰਨ ਦੀਆਂ ਹਦਾਇਤਾਂ ਦੇਣ ਦੀ ਮੰਗ ਕੀਤੀ। ਸ਼ਾਂਤਾ ਕੁਮਾਰ ਅਨੁਸਾਰ ਸ. ਬਾਦਲ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਜਦੋਂ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਖੜ੍ਹੀ ਹੀ ਹੈ ਤਾਂ ਅੰਦੋਲਨ ਦੀ ਕੋਈ ਤੁਕ ਨਹੀਂ ਰਹਿ ਜਾਂਦੀ।

ਭਾਜਪਾ ਦੇ ਦਬਾਅ ਅੱਗੇ ਝੁਕਦਿਆਂ ਸ. ਬਾਦਲ ਨੇ ਹੁਣ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੇ ਮੁੱਦੇ 'ਤੇ ਹਰਿਆਣਾ ਸਰਕਾਰ ਖ਼ਿਲਾਫ਼ ਵਿਧਾਨਕ ਤੇ ਕਾਨੂੰਨੀ ਕਾਰਵਾਈ ਲਈ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਸੁੱਟ ਦਿੱਤੀ ਹੈ। ਸ. ਬਾਦਲ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਨੂੰ ਬਰਖ਼ਾਸਤ ਕਰਨ ਜਾਂ ਨਾ ਕਰਨ ਬਾਰੇ ਫ਼ੈਸਲਾ ਵੀ ਕੇਂਦਰ ਨੇ ਤੈਅ ਕਰਨਾ ਹੈ। ਸ. ਬਾਦਲ ਅਨੁਸਾਰ ਵੱਖਰੀ ਕਮੇਟੀ ਦੇ ਮੁੱਦੇ 'ਤੇ ਹਰਿਆਣਾ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਹੋਰਾਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਅਗਲੀ ਕਾਰਵਾਈ ਉਨ੍ਹਾਂ ਨੇ ਹੀ ਕਰਨੀ ਹੈ।

# ਅੰਮ੍ਰਿਤਸਰ ਦੀ ਸੁਨੈਨਾ ਸਿੰਘ ਸੁੰਦਰਤਾ ਮੁਕਾਬਲੇ ਦੇ ਫਾਈਨਲ 'ਚ

**ਅੰਮ੍ਰਿਤਸਰ:** ਅੰਮ੍ਰਿਤਸਰ ਦੀ ਸੁਨੈਨਾ ਸਿੰਘ ਅਮਰੀਕਾ ਵਿਚ ਸਾਂ ਫ੍ਰਾਂਸਿਸਕੋ ਵਿਖੇ 2 ਅਗਸਤ ਨੂੰ ਹੋਣ ਵਾਲੇ 'ਮਿਸ ਏਸ਼ੀਅਨ ਅਮੈਰੀਕਾ ਪੇਜੈਂਟ' ਮੁਕਾਬਲੇ ਦੇ ਫਾਈਨਲ ਵਿਚ ਪੁੱਜ ਗਈ ਹੈ। ਇਸ ਵਿਚ ਭਾਗ ਲੈਣ ਵਾਲੇ ਨੂੰ ਆਪਣੇ ਦੇਸ਼ ਨਾਲ ਜੁੜੇ ਸਭਿਆਚਾਰ ਪ੍ਰੋਗਰਾਮ ਪੇਸ਼ ਕਰਨੇ ਹੁੰਦੇ ਹਨ। ਸੁਨੈਨਾ ਅੰਮ੍ਰਿਤਸਰ ਤੋਂ 'ਆਪ' ਵੱਲੋਂ ਚੋਣ ਲੜ ਚੁੱਕੇ ਅਤੇ ਅੱਖਾਂ ਦੇ ਰੋਗਾਂ ਦੇ ਪ੍ਰਸਿੱਧ ਡਾ. ਦਲਜੀਤ ਸਿੰਘ ਦੇ ਵੱਡੇ ਪੁੱਤਰ ਡਾ. ਰਵੀਜੀਤ ਸਿੰਘ ਦੀ ਪੁੱਤਰੀ ਹੈ। ਇਸ ਮੁਕਾਬਲੇ ਵਿਚ ਭਾਰਤ ਤੋਂ ਦੋ ਕੁੜੀਆਂ ਗਈਆਂ ਹਨ। ਭਾਰਤ, ਪਾਕਿਸਤਾਨ, ਅਫਗਾਨਿਸਤਨ, ਬੰਗਲਾਦੇਸ਼, ਸ੍ਰੀਲੰਕਾ ਆਦਿ ਕਈ ਦੇਸ਼ਾਂ ਦੇ 300 ਮੁੰਡੇ-ਕੁੜੀਆਂ ਇਸ ਵਿਚ ਭਾਗ ਲੈ ਰਹੇ ਹਨ।

# ਸਿੱਖ ਖ਼ਿਲਾਫ਼ ਕਿਰਪਾਨ ਦਾ ਕੇਸ ਰੱਦ

**ਨਿਊ ਯਾਰਕ:** ਅਮਰੀਕੀ ਅਦਾਲਤ ਨੇ ਇਕ ਸਿੱਖ ਵਿਅਕਤੀ ਵੱਲੋਂ ਜੌਹਨ ਐਫ ਕੈਨੇਡੀ ਕੌਮਾਂਤਰੀ ਹਵਾਈ ਅੱਡੇ 'ਤੇ ਕਿਰਪਾਨ ਲਿਜਾਏ ਜਾਣ ਖ਼ਿਲਾਫ਼ ਅਪਰਾਧਕ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ।

ਨਿਊ ਯਾਰਕ ਪੋਰਟ ਅਥਾਰਟੀ ਪੁਲਿਸ ਵਿਭਾਗ ਨੇ ਮਈ ਵਿਚ ਮਨਿੰਦਰ ਸਿੰਘ ਵੱਲੋਂ ਹਵਾਈ ਅੱਡੇ 'ਤੇ ਦੋ ਕਿਰਪਾਨਾਂ ਸੁਰੱਖਿਆ ਨਾਕਿਆਂ ਰਾਹੀਂ ਲਿਜਾਏ ਜਾਣ ਦੇ ਦੋਸ਼ਾਂ ਹਿੱਤ ਸੰਮਨ ਜਾਰੀ ਕੀਤੇ ਸਨ।

ਸੰਘੀ ਨਿਯਮਾਂ ਦੀ ਉਲੰਘਣਾ ਦੇ ਦੋਸ਼ ਮਨਿੰਦਰ ਸਿੰਘ ਨੂੰ ਸੰਮਨ ਭੇਜੇ ਗਏ ਸਨ ਜਿਸ ਤਹਿਤ ਚਾਰ ਇੰਚ ਜਾਂ ਉਸ ਤੋਂ ਵੱਧ ਲੰਬਾਈ ਵਾਲਾ ਚਾਕੂ ਲਿਜਾਣ 'ਤੇ ਪਾਬੰਦੀ ਹੈ। ਜੇਕਰ ਮਨਿੰਦਰ ਸਿੰਘ ਦੋਸ਼ੀ ਠਹਿਰਾਇਆ ਜਾਂਦਾ ਤਾਂ ਉਸ ਨੂੰ 300 ਡਾਲਰ ਜੁਰਮਾਨੇ ਦੇ ਨਾਲ-ਨਾਲ 15 ਦਿਨਾਂ ਦੀ ਸਜ਼ਾ ਵੀ ਹੋ ਸਕਦੀ ਸੀ।

# ਜਥੇਦਾਰ ਦੀ ਨਿਰਪੱਖਤਾ ਬਾਰੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

**ਉਤਰ:** ਇਹ ਕੇਸ ਹੁਣ ਕੋਰਟ ਵਿਚ ਹੈ। ਹਰਿਆਣਾ ਦੇ ਸਿੱਖਾਂ ਨੂੰ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਹੈ, ਪਰ ਐਸ.ਜੀ.ਪੀ.ਸੀ. ਦੇ ਟੁਕੜੇ ਨਹੀਂ ਹੋਣੇ ਚਾਹੀਦੇ।

**-ਹੁਣ ਇਸ ਮਸਲੇ ਦਾ ਹੱਲ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ?**

**ਉਤਰ:** ਕੁਝ ਐਸ.ਜੀ.ਪੀ.ਸੀ. ਨੂੰ ਛੱਡਣਾ ਪੈਣਾ ਹੈ ਅਤੇ ਕੁਝ ਹਰਿਆਣਾ ਵਾਲਿਆਂ ਨੂੰ ਕਰਨਾ ਪੈਣਾ ਹੈ।

**-ਹਰਿਆਣਾ ਵਾਲੇ ਅੱਠ ਸਾਲਾਂ ਤੋਂ ਮੰਗ ਕਰ ਰਹੇ ਹਨ...**

**ਉਤਰ:** ਇਸ ਮੁੱਦੇ 'ਤੇ ਕਈ ਮੀਟਿੰਗਾਂ ਹੋਈਆਂ, ਪਰ ਗੱਲ ਸਿਰੇ ਨਹੀਂ ਲੱਗੀ। ਹੁਣ ਸੰਗਤ ਬੈਠ ਕੇ ਮਸਲੇ ਹੱਲ ਕਰੇ।

**-ਪਰ ਜਿਨ੍ਹਾਂ ਨਾਲ ਗੱਲ ਕਰਨੀ ਹੈ, ਉਨ੍ਹਾਂ ਨੂੰ ਤਨਖਾਈਆ ਕਰਾਰ ਦੇ ਦਿੱਤਾ ਗਿਆ ਹੈ।**

**ਉਤਰ:** ਅਸੀਂ ਝੀਂਡਾ, ਨਲਵੀ ਤੇ ਚੱਠਾ ਨੂੰ ਛੱਡ ਕੇ ਹਰਿਆਣਾ ਦੇ ਕਿਸੇ ਵੀ ਸਿੱਖ ਨਾਲ ਗੱਲ ਕਰਨ ਲਈ ਤਿਆਰ ਹਾਂ।

**-ਅਗਲਾ ਐਕਸ਼ਨ ਪ੍ਰੋਗਰਾਮ ਕੀ ਹੋਵੇਗਾ?**

**ਉਤਰ:** ਪੰਜ ਸਿੱਖ ਸਾਹਿਬਾਨ ਵਿਚਕਾਰ ਜੋ ਸਹਿਮਤੀ ਹੋਵੇਗੀ, ਉਹੀ ਕੀਤਾ ਜਾਵੇਗਾ।

**-ਅਕਾਲ ਤਖ਼ਤ 'ਤੇ ਜਾਣ ਤੋਂ ਝੀਂਡਾ ਨੂੰ ਕਿਉਂ ਰੋਕਿਆ ਗਿਆ?**

**ਉਤਰ:** ਪੰਥ ਤੋਂ ਛੇਕਿਆ ਕੋਈ ਵੀ ਆਦਮੀ ਤਖ਼ਤ ਉਤੇ ਨਹੀਂ ਜਾ ਸਕਦਾ।

**-ਇਹ ਮਾਮਲਾ ਹੁਣ ਸਿਆਸੀ ਬਣ ਚੁੱਕਿਆ ਹੈ?**

**ਉਤਰ:** ਨਹੀਂ, ਇਹ ਮਾਮਲਾ ਧਾਰਮਿਕ ਹੀ ਹੈ। ਸਿਆਸੀ ਹੁੰਦਾ ਤਾਂ ਇਹ ਸਿਰਫ ਸ਼੍ਰੋਮਣੀ ਅਕਾਲੀ ਦਲ ਦਾ ਮਾਮਲਾ ਹੋਣਾ ਸੀ।

**-ਪਰ ਸ਼੍ਰੋਮਣੀ ਅਕਾਲੀ ਦਲ ਤਾਂ ਪੂਰੀ ਦਖ਼ਲਅੰਦਾਜ਼ੀ ਕਰ ਰਿਹਾ ਹੈ। ਇਸ ਤਰ੍ਹਾਂ ਦੇ ਦੋਸ਼ ਵੀ ਲੱਗਦੇ ਰਹੇ ਹਨ?**

**ਉਤਰ:** ਮਾਮਲਾ ਐਸ.ਜੀ.ਪੀ.ਸੀ. ਨਾਲ ਜੁੜਿਆ ਹੋਇਆ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਚੁੱਕੇ ਮੈਂਬਰ ਐਸ.ਜੀ.ਪੀ.ਸੀ. ਵਿਚ ਹਨ।

**-ਦੁਨੀਆਂ ਭਰ ਦੇ ਸਿੱਖ ਇਸ ਮਾਮਲੇ ਨੂੰ ਲੈ ਕੇ ਵੰਡੇ ਗਏ ਹਨ?**

**ਉਤਰ:** ਇਹ ਬਹੁਤ ਮੰਦਭਾਗਾ ਹੈ, ਪਰ ਇਸ ਮਾਮਲੇ 'ਤੇ ਜ਼ਿਆਦਾਤਰ ਸਿੱਖ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਖੜ੍ਹੇ ਹਨ।

**-ਤੁਹਾਡਾ ਮਤਲਬ ਇਹ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦਾ ਨੁਮਾਇੰਦਗੀ ਕਰਨ ਵਾਲੀ ਜਮਾਤ ਹੈ?**

**ਉਤਰ:** ਬਿਲਕੁਲ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ। ਐਸ.ਜੀ.ਪੀ.ਸੀ. ਵਿਚ ਅਕਾਲੀ ਦਲ ਦੇ ਲੋਕ ਜਿੱਤ ਕੇ ਆਏ ਹਨ।

**-ਲੋਕ ਕਹਿੰਦੇ ਹਨ ਕਿ ਤੁਸੀਂ ਅਕਾਲੀ ਦਲ ਲਈ ਕੰਮ ਕਰਦੇ ਹਨ। ਜੋ ਬਾਦਲ ਨੂੰ ਠੀਕ ਲਗਦਾ ਹੈ, ਉਹੀ ਫੈਸਲਾ ਸੁਣਾਉਂਦੇ ਹੋ?**

**ਉਤਰ:** ਪੰਜ ਸਿੱਖ ਸਾਹਿਬਾਨ ਮਿਲ ਕੇ ਫੈਸਲਾ ਕਰਦੇ ਹਨ। ਹਾਂ, ਕਈ ਵਾਰ ਹੁਕਮਰਾਨ, ਜਥੇਦਾਰ ਉਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਪਹਿਲਾਂ ਵੀ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ, ਪਰ ਅਕਾਲ ਤਖ਼ਤ ਨਿਰਪੱਖ ਹੈ। ਇਹ ਕੌਮ ਦੇ ਹੱਕ ਵਿਚ ਫੈਸਲਾ ਕਰਦਾ ਹੈ। ਕਿਸੇ ਵੀ ਆਗੂ ਦੀ ਨਹੀਂ ਸੁਣਦਾ।

**-ਇਹ ਪ੍ਰਭਾਵ ਫਿਰ ਕਿਸ ਤਰ੍ਹਾਂ ਬਣ ਗਿਆ ਕਿ ਤੁਸੀਂ ਸ. ਬਾਦਲ ਦੀ ਕਠਪੁਤਲੀ ਹੋ?**

**ਉਤਰ:** ਇਹ ਸੱਚ ਨਹੀਂ ਹੈ। ਮੈਂ ਕਦੀ ਉਨ੍ਹਾਂ ਦੇ ਕਹੇ ਅਨੁਸਾਰ ਨਹੀਂ ਚਲਦਾ।

*('ਦੈਨਿਕ ਭਾਸਕਰ' ਤੋਂ ਧੰਨਵਾਦ ਸਹਿਤ)*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਖਤਰਨਾਕ ਸਾਬਤ ਹੋ ਸਕਦੇ ਨੇ ਈਅਰ-ਫੋਨ

**ਚੰਡੀਗੜ੍ਹ:** ਕੰਨਾਂ 'ਤੇ ਈਅਰ ਫ਼ੋਨ ਲਾ ਕੇ ਨਾਲ-ਨਾਲ ਕੰਮ ਕਰਨ ਦਾ ਰੁਝਾਨ ਭਾਰਤ ਦੇ ਨੌਜਵਾਨਾਂ ਵਿਚ ਵਧਦਾ ਜਾ ਰਿਹਾ ਹੈ ਜਿਸ ਕਾਰਨ ਨੌਜਵਾਨਾਂ ਨੂੰ ਕਈ ਰੋਗਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਿਹਤ ਮਾਹਿਰਾਂ ਮੁਤਾਬਕ ਈਅਰ ਫ਼ੋਨ ਦੀ ਵਰਤੋਂ ਕਰਨ ਨਾਲ ਆਮ ਨਾਲੋਂ ਦਿਲ ਦੇ ਰੋਗ ਲੱਗਣ ਤੇ ਕੈਂਸਰ ਹੋਣ ਦੀ ਸੰਭਾਵਨਾ 30 ਤੋਂ 40 ਫੀਸਦੀ ਤੱਕ ਵਧ ਜਾਂਦੀ ਹੈ ਜਿਸ ਕਾਰਨ ਜਾਨ ਵੀ ਜਾ ਸਕਦੀ ਹੈ।



ਨੌਜਵਾਨਾਂ ਵਿਚ ਇਸ ਬਾਰੇ ਵਧ ਰਿਹਾ ਰੁਝਾਨ ਖਤਰਨਾਕ ਸਾਬਤ ਹੋ ਸਕਦਾ ਹੈ। ਮਿਲੀ ਜਾਣਕਾਰੀ ਮੁਤਾਬਕ 40 ਫੀਸਦੀ ਨੌਜਵਾਨ ਡਰਾਈਵਿੰਗ ਦੌਰਾਨ ਈਅਰ ਫ਼ੋਨ ਲਾ ਕੇ ਗੱਲਾਂ ਕਰਦੇ ਹਨ ਜਿਸ ਕਾਰਨ ਸੜਕ ਹਾਦਸਿਆਂ ਵਿਚ ਵੀ ਵਾਧਾ ਹੋ ਰਿਹਾ ਹੈ। ਮੋਬਾਈਲ ਕੰਪਨੀਆਂ ਵੱਲੋਂ ਅਜਿਹੇ ਈਅਰ ਫੋਨ ਬਣਾਏ ਜਾ ਰਹੇ ਹੈ ਜਿਨ੍ਹਾਂ ਵਿਚ ਰਬਰ ਪਲੱਗ ਲੱਗੇ ਹੁੰਦੇ ਹਨ ਤੇ ਇਹ ਆਕਾਰ ਵਿਚ ਛੋਟੇ ਹੁੰਦੇ ਹਨ ਜਿਸ ਕਾਰਨ ਇਹ ਕੰਨਾਂ ਵਿਚ ਕੈਫ਼ ਅੰਦਰ ਤੱਕ ਆਸਾਨੀ ਨਾਲ ਫਿੱਟ ਹੋ ਜਾਂਦੇ ਹਨ। ਅਜਿਹੇ ਈਅਰ ਫ਼ੋਨ ਬਾਹਰੀ ਆਵਾਜ਼ਾਂ ਨੂੰ ਕੰਨਾਂ ਦੇ ਪਰਦਿਆ ਤੱਕ ਪਹੁੰਚਣ ਨਹੀਂ ਦਿੰਦੇ ਤੇ ਕੰਨਾਂ ਦੇ ਅੰਦਰ ਹਵਾ ਦਾ ਪ੍ਰੈਸ਼ਰ ਜ਼ਿਆਦਾ ਹੋਣ ਕਾਰਨ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਬਾਰੇ ਕੇਸਾਂ ਦੀ ਮਾਹਿਰ ਮੰਜੂ ਅਗਰਵਾਲ ਮੁਤਾਬਕ ਆਮ ਲੋਕਾਂ ਦੇ ਮੁਕਾਬਲੇ ਈਅਰ ਫ਼ੋਨ ਦੀ ਵਰਤੋਂ ਜ਼ਿਆਦਾ ਕਾਰਨ ਵਾਲਿਆਂ ਨੂੰ ਕੰਨਾਂ ਸਬੰਧੀ ਗੰਭੀਰ ਰੋਗਾਂ ਦੇ ਇਲਾਵਾ ਦਿਲ ਦੇ ਰੋਗ ਤੇ ਕੈਂਸਰ ਦਾ ਖ਼ਤਰਾ ਵੀ ਕਾਫੀ ਜ਼ਿਆਦਾ ਵਧ ਜਾਂਦਾ ਹੈ।

ਅਜਿਹੀ ਕਵਾਲਿਟੀ ਵਾਲੇ ਈਅਰ ਫ਼ੋਨ ਦੀ ਸਾਊਂਡ ਕਵਾਲਿਟੀ ਬਿਹਤਰ ਹੋਣ ਦੇ ਚੱਲਦਿਆਂ ਨੌਜਵਾਨ ਵਰਗ ਵੱਲੋਂ ਇਨ੍ਹਾਂ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ ਜਦਕਿ ਅਜਿਹੇ ਈਅਰ ਫੋਨ ਉਨ੍ਹਾਂ ਦੀ ਸੁਣਨ ਸ਼ਕਤੀ ਹੌਲੀ-ਹੌਲੀ ਖਤਮ ਕਰਦੇ ਹਨ ਤੇ ਨੌਜਵਾਨ ਹੋਰ ਵੀ ਕਈ ਗੰਭੀਰ ਰੋਗਾਂ ਦਾ ਸ਼ਿਕਾਰ ਹੁੰਦੇ ਹਨ। ਮਾਹਿਰਾਂ ਮੁਤਾਬਕ ਫੋਨ ਸੁਣਨ ਵੇਲੇ ਈਅਰ ਫੋਨ ਦੀ ਵਰਤੋਂ ਘਟ ਕਰਨੀ ਚਾਹੀਦੀ ਹੈ ਤੇ ਡਰਾਈਵਿੰਗ ਕਰਦੇ ਸਮੇਂ ਵੀ ਫੋਨ ਤੇ ਈਅਰ ਫ਼ੋਨ ਦਾ ਪ੍ਰਯੋਗ ਬੰਦ ਕਰ ਦੇਣਾ ਚਾਹੀਦਾ ਹੈ।

# ਜਬਰ ਜਨਾਹ ਦੇ ਕੇਸਾਂ ਵਿਚ ਭਾਰਤ ਦਾ ਤੀਜਾ ਨੰਬਰ

**ਨਵੀਂ ਦਿੱਲੀ:** ਜਬਰ ਜਨਾਹ ਦੇ ਮਾਮਲਿਆਂ ਵਿਚ ਭਾਰਤ ਵਿਸ਼ਵ ਵਿਚ ਤੀਜੇ ਸਥਾਨ 'ਤੇ ਹੈ। ਸੰਯੁਕਤ ਰਾਸ਼ਟਰ ਦੇ ਅਪਰਾਧ ਬਾਰੇ ਸਰਵੇ-2010 ਮੁਤਾਬਕ ਅਮਰੀਕਾ ਵਿਚ 85593 ਜਦੋਂ ਕਿ ਬ੍ਰਾਜ਼ੀਲ ਵਿਚ 41180 ਜਬਰ ਜਨਾਹ ਦੇ ਮਾਮਲੇ ਸਾਹਮਣੇ ਆਏ। ਇਸੇ ਤਰ੍ਹਾਂ ਭਾਰਤ ਵਿਚ ਸਾਲ 2010 ਦੌਰਾਨ ਜਬਰ ਜਨਾਹ ਦੇ 22172 ਮਾਮਲੇ ਦਰਜ ਕੀਤੇ ਗਏ।



ਸੰਯੁਕਤ ਰਾਸ਼ਟਰ ਰਿਪੋਰਟ ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿਚ ਪ੍ਰਤੀ ਲੱਖ ਆਬਾਦੀ ਦੇ ਹਿਸਾਬ ਨਾਲ 27.3 ਜਦੋਂ ਕਿ ਬ੍ਰਾਜ਼ੀਲ ਵਿਚ 21.09 ਜਬਰ ਜਨਾਹ ਦੇ ਮਾਮਲੇ ਸਾਹਮਣੇ ਆਏ ਤੇ ਭਾਰਤ ਵਿਚ ਪ੍ਰਤੀ ਲੱਖ ਆਬਾਦੀ ਦੇ ਹਿਸਾਬ ਨਾਲ ਜਬਰ ਜਨਾਹ ਦੇ ਮਾਮਲੇ 1.8 ਦਰਜ ਕੀਤੇ ਗਏ।

ਇਸੇ ਤਰ੍ਹਾਂ ਇੰਗਲੈਂਡ ਵਿਚ 15892 ਜਬਰ ਜਨਾਹ ਦੇ ਮਾਮਲੇ ਸਾਹਮਣੇ ਆਏ ਤੇ ਮੈਕਸੀਕੋ ਵਿਚ ਇਹ ਅੰਕੜਾ 14993 ਰਿਹਾ। ਫਰਾਂਸ ਵਿਚ ਜਬਰ ਜਨਾਹ ਦੇ 10108 ਮਾਮਲੇ ਦਰਜ ਕੀਤੇ ਗਏ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਸਾਲ 2012 ਦੌਰਾਨ ਬ੍ਰਾਜ਼ੀਲ ਵਿਚ ਸਭ ਤੋਂ ਵੱਧ 50108 ਹੱਤਿਆ ਦੇ ਮਾਮਲੇ ਦਰਜ ਕੀਤੇ ਗਏ, ਜਦੋਂ ਕਿ ਭਾਰਤ ਵਿਚ ਇਹ ਅੰਕੜਾ 43335 ਰਿਹਾ।


# Golden State Realty

Sacramento Office: 9912 Kapalua Ln., Elk Grove, CA 95624
Tel: 916-612-5773

*Courtesy of Sales Manager Traci Lill, Meadows at Galt*

**The Poppy ~ Plan 1** — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਜੌਹਨ ਕੈਰੀ ਵੱਲੋਂ ਮੋਦੀ ਦੇ ਵਿਕਾਸ ਮਾਡਲ ਦੀ ਪ੍ਰਸੰਸਾ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਦੀ ਯੋਜਨਾ ਦੀ ਉਨ੍ਹਾਂ ਦੇ ਚੋਣ ਨਾਅਰੇ 'ਸਭ ਕਾ ਸਾਥ, ਸਭ ਕਾ ਵਿਕਾਸ' ਵਿਚੋਂ ਝਲਕ ਪੈਂਦੀ ਹੈ। ਇਹ ਗੱਲ ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਭਾਰਤ ਦੌਰੇ ਦੀ ਸ਼ੁਰੂਆਤ ਤੋਂ ਪਹਿਲਾਂ ਆਖੀ ਹੈ। ਸ੍ਰੀ ਕੈਰੀ ਆਪਣੀ ਹਮਰੁਤਬਾ ਸੁਸ਼ਮਾ ਸਵਰਾਜ ਨਾਲ ਪੰਜਵੇਂ ਸਾਲਾਨਾ ਭਾਰਤ-ਅਮਰੀਕਾ ਰਣਨੀਤਕ ਸੰਵਾਦ ਦੀ ਪ੍ਰਧਾਨਗੀ ਕਰਨ ਲਈ ਨਵੀਂ ਦਿੱਲੀ ਆ ਰਹੇ ਹਨ।

ਮੋਦੀ ਦੀ ਸਮੂਹਿਕ ਵਿਕਾਸ ਦੇ ਏਜੰਡੇ ਦੀ ਪ੍ਰਸੰਸਾ ਕਰਦਿਆਂ ਸ੍ਰੀ ਕੈਰੀ ਨੇ ਕਿਹਾ ਕਿ ਅਮਰੀਕੀ ਸਰਕਾਰ ਭਾਰਤ ਦੀ ਨਵੀਂ ਸਰਕਾਰ ਦੇ ਉੱਦਮ ਵਿਚ ਭਿਆਲ ਬਣਨ ਲਈ ਤਿਆਰ ਹੈ। ਉਨ੍ਹਾਂ ਸੈਂਟਰ ਫਾਰ ਅਮੇਰਿਕਨ ਪ੍ਰੋਗ੍ਰੈਸ ਵੱਲੋਂ ਕਰਵਾਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਵੀਂ ਭਾਰਤੀ ਸਰਕਾਰ ਦੀ ਯੋਜਨਾ 'ਸਭ ਕਾ ਸਾਥ, ਸਭ ਕਾ ਵਿਕਾਸ' ਇਕ ਅਜ਼ੀਮ ਸੰਕਲਪ ਹੈ ਜਿਸ ਨੂੰ ਅਸੀਂ ਹਮਾਇਤ ਦਿੰਦੇ ਹਾਂ। ਅਸੀਂ ਮੰਨਦੇ ਹਾਂ ਕਿ ਇਹ ਇਕ ਅਜਿਹਾ ਸੰਕਲਪ ਹੈ ਤੇ ਸਾਡਾ ਪ੍ਰਾਈਵੇਟ ਖੇਤਰ ਭਾਰਤ ਦੇ ਆਰਥਿਕ ਨਵੀਨੀਕਰਨ ਵਿਚ ਹੱਥ ਵਟਾਉਣ ਲਈ ਬਹੁਤ ਉਤਸਕ ਹੈ।

ਅਮਰੀਕੀ ਕਮਿਊਨਿਟੀ ਕਾਲਜ ਦਰਅਸਲ ਇਕੀਵੀਂ ਸਦੀ ਦੇ ਹੁਨਰ ਸਿਖਲਾਈ ਦੇ ਬੇਮਿਸਾਲ ਪੈਮਾਨੇ ਤੈਅ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਵਿਦਿਅਕ ਸਬੰਧਾਂ ਦਾ ਵੱਖ-ਵੱਖ ਖੇਤਰਾਂ ਵਿਚ ਪਸਾਰ ਕਰਨਾ ਚਾਹੀਦਾ ਹੈ ਜਿਸ ਨਾਲ ਸਾਡੇ ਦੋਵਾਂ ਦੇਸ਼ਾਂ ਦੇ ਨੌਜਵਾਨਾਂ ਲਈ ਅਵਸਰ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਅਮਰੀਕੀ ਕੰਪਨੀਆਂ ਉਨ੍ਹਾਂ ਅਹਿਮ ਖੇਤਰਾਂ ਵਿਚ ਹੀ ਅਗਵਾਈ ਕਰਦੀਆਂ ਹਨ ਜਿਨ੍ਹਾਂ ਖੇਤਰਾਂ ਵਿਚ ਭਾਰਤ ਤਰੱਕੀ ਕਰਨਾ ਚਾਹੁੰਦਾ ਹੈ ਜਿਵੇਂ ਕਿ ਉੱਚ-ਮਿਆਰੀ ਨਿਰਮਾਣ, ਬੁਨਿਆਦੀ ਢਾਂਚਾ, ਸਿਹਤ ਸੰਭਾਲ, ਸੂਚਨਾ ਤਕਨਾਲੋਜੀ ਆਦਿ ਅਹਿਮ ਖੇਤਰ ਹਨ ਜਿਨ੍ਹਾਂ ਨਾਲ ਵਿਕਾਸ ਦੀ ਵੱਡੀ ਪੁਲਾਂਘ ਭਰੀ ਜਾ ਸਕਦੀ ਹੈ।

# ਕਰਜ਼ਈ ਦੇ ਚਚੇਰੇ ਭਰਾ ਹਸ਼ਮਤ ਦੀ ਹੱਤਿਆ

**ਕਾਬੁਲ:** ਅਫਗਾਨਿਸਤਾਨ ਦੇ ਅਹੁਦਾ ਛੱਡ ਰਹੇ ਹਾਮਿਦ ਕਰਜ਼ਈ ਦੇ ਚਚੇਰੇ ਭਰਾ ਤੇ ਨੇੜਲੇ ਸਹਾਇਕ ਦੀ ਇਕ ਖੁਦਕੁਸ਼ ਬੰਬਾਰ ਨੇ ਹੱਤਿਆ ਕਰ ਦਿੱਤੀ। ਪ੍ਰੋਵਿੰਸ਼ੀਅਲ ਅਧਿਕਾਰੀ ਮੁਤਾਬਕ ਹਮਲਾਵਰ ਆਪਣੀ ਪੱਗ ਵਿਚ ਬੰਬ ਲੁਕੋ ਕੇ ਲਿਆਇਆ ਸੀ।



ਹਸ਼ਮਤ ਖਲੀਲ ਕਰਜ਼ਈ

ਇਹ ਬੰਬਾਰ ਈਦ-ਉਲ-ਫਿਤਰ ਦੀ ਸਵੇਰ ਦੀ ਨਮਾਜ਼ ਮਗਰੋਂ ਵਧਾਈ ਦੇਣ ਲਈ ਹਸ਼ਮਤ ਖਲੀਲ ਕਰਜ਼ਈ ਦੇ ਘਰ ਪੁੱਜਿਆ ਤੇ ਉਸ ਨਾਲ ਹੱਥ ਮਿਲਾਉਣ ਮਗਰੋਂ ਧਮਾਕਾ ਕਰ ਦਿੱਤਾ। ਅਧਿਕਾਰੀ ਅਨੁਸਾਰ ਫੌਰੀ ਤੌਰ 'ਤੇ ਕਿਸੇ ਨੇ ਵੀ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ।

ਕਰਜ਼ਈ ਪਰਿਵਾਰ ਦੇ ਦੱਖਣੀ ਕੰਧਾਰ ਸੂਬੇ ਵਿਚ ਕਰਜ਼ ਜ਼ਿਲ੍ਹੇ ਵਿਚ ਸਥਿਤ ਘਰ ਦੇ ਮਹਿਮਾਨਾਂ ਵਾਲੇ ਰਿਸੈਪਸ਼ਨ ਰੂਮ ਵਿਚ ਇਹ ਹਮਲਾ ਹੋਇਆ। ਸੂਬੇ ਦੇ ਗਵਰਨਰ ਦੇ ਤਰਜਮਾਨ ਦਾਵਾਖਾਨ ਮੀਨਾਪਾਲ ਮੁਤਾਬਕ ਕਰਜ਼ਈ ਅਧਿਕਾਰਤ ਤੌਰ 'ਤੇ ਤਾਂ ਅਹਿਮ ਸਿਆਸੀ ਹਸਤੀ ਹੈ ਹੀ ਸੀ, ਉਹ ਆਪਣੇ ਭਰਾ ਦਾ ਪੱਕਾ ਸਮਰਥਕ ਵੀ ਸੀ ਤੇ ਉਸ ਨੇ ਸਾਬਕਾ ਵਿੱਤ ਮੰਤਰੀ ਅਸ਼ਰਫ ਗਨੀ ਅਹਿਮਦਜ਼ਈ ਦੀ ਕਰਜ਼ਈ ਦਾ ਉਤਰਾਧਿਕਾਰੀ ਬਣਨ ਵਿਚ ਬਹੁਤ ਮਦਦ ਕੀਤੀ ਸੀ। ਕਰਜ਼ਈ ਦੇ ਪਰਿਵਾਰਕ ਜੀਆਂ ਨੂੰ ਨਿਸ਼ਾਨਾ ਬਣਾਉਣ ਦੀ ਇਹ ਪਹਿਲੀ ਘਟਨਾ ਨਹੀਂ ਹੈ।

# ਘੱਟ-ਗਿਣਤੀਆਂ ਬਾਰੇ ਗੰਭੀਰ ਨਹੀਂ ਪਾਕਿਸਤਾਨ ਸਰਕਾਰ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਤਾਨ ਨੇ ਦੇਸ਼ ਦੀਆਂ ਘੱਟ-ਗਿਣਤੀਆਂ 'ਤੇ ਹਮਲੇ ਕਰਨ ਵਾਲੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਲਈ ਅਜੇ ਕੋਈ ਕਦਮ ਨਹੀਂ ਚੁੱਕਿਆ ਹੈ। 2013 ਦੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 'ਤੇ ਸਾਲਾਨਾ ਕੰਗਰੈਸ਼ਨਲ ਰਿਪੋਰਟ ਜਾਰੀ ਕਰਨ ਮੌਕੇ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਕਿਹਾ ਕਿ ਪਾਕਿਸਤਾਨ ਵਿਚ ਅੱਤਵਾਦੀਆਂ ਨੇ ਫਿਰਕੂ ਸੰਘਰਸ਼ ਵਿਚ 500 ਤੋਂ ਜ਼ਿਆਦਾ ਸ਼ੀਆ ਮੁਸਲਮਾਨਾਂ ਦੀ ਹੱਤਿਆ ਕਰ ਦਿੱਤੀ ਸੀ ਤੇ ਪਿਛਲੇ ਸਾਲ ਇਕ ਚਰਚ ਵਿਚ ਬੰਬ ਧਮਾਕਾ ਕਰ ਕੇ 80 ਇਸਾਈਆਂ ਨੂੰ ਮਾਰ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਅਜੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਲਈ ਕਦਮ ਨਹੀਂ ਚੁੱਕਿਆ। ਇਸ ਦੇ ਨਾਲ ਹੀ ਕੈਰੀ ਨੇ ਪਾਕਿਸਤਾਨ ਦੇ ਲੋਕਾਂ ਦੀ ਇਸ ਗੱਲ ਕਰਕੇ ਪ੍ਰਸੰਸਾ ਕੀਤੀ ਕਿਉਂਕਿ ਧਾਰਮਿਕ ਘੱਟ-ਗਿਣਤੀਆਂ ਖਿਲਾਫ਼ ਹੋਈ ਹਿੰਸਾ ਖਿਲਾਫ਼ ਉਨ੍ਹਾਂ ਨੇ ਆਵਾਜ਼ ਉਠਾਈ। ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਟਾਮ ਮੱਲਿਨੋਕੀ ਨੇ ਕਿਹਾ ਕਿ ਪਾਕਿਸਤਾਨ ਵਿਚ ਧਾਰਮਿਕ ਘੱਟ ਗਿਣਤੀਆਂ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ ਵਿਰੁੱਧ ਹਿੰਸਾ ਤੋਂ ਭਾਵ ਹੈ ਕਿ ਪਾਕਿਸਤਾਨ ਸਰਕਾਰ ਉਨ੍ਹਾਂ ਨੂੰ ਸੁਰੱਖਿਆ ਦੇਣ ਵਿਚ ਅਸਫਲ ਰਹੀ ਹੈ। ਇਸੇ ਸਾਲ ਹੋਈ ਵਕੀਲ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਰਸ਼ੀਦ ਰਹਿਮਾਨ ਦੀ ਹੱਤਿਆ ਕਾਰਨ ਸਾਨੂੰ ਬਹੁਤ ਅਫਸੋਸ ਹੋਇਆ ਸੀ ਤੇ ਅਧਿਕਾਰੀਆਂ ਨੇ ਅਹਿਮਦੀਆ ਮੁਸਲਿਮ ਜਮਾਤ ਨੂੰ ਅਧਿਕਾਰਹੀਣ ਕਰਨ ਲਈ ਬਣਾਏ ਕਾਨੂੰਨ ਤੇ ਈਸ਼ ਨਿੰਦਾ ਕਾਨੂੰਨਾਂ ਨੂੰ ਲਾਗੂ ਰੱਖਿਆ ਹੋਇਆ ਹੈ। ਇਹ ਕਾਨੂੰਨ ਧਾਰਮਿਕ ਆਜ਼ਾਦੀ 'ਤੇ ਰੋਕ ਲਾਉਂਦੇ ਹਨ।

ਰਿਪੋਰਟ ਮੁਤਾਬਕ ਹਿੰਦੂ ਤੇ ਸਿੱਖਾਂ ਦੇ ਵਿਆਹ ਰਜਿਸਟਰ ਕਰਨ ਬਾਰੇ ਕਾਨੂੰਨ ਵਿਚ ਕੋਈ ਵਿਵਸਥਾ ਨਹੀਂ ਹੈ ਤੇ ਇਨ੍ਹਾਂ ਕਾਰਨ ਇਨ੍ਹਾਂ ਧਰਮਾਂ ਦੀਆਂ ਔਰਤਾਂ ਨੂੰ ਵਸੀਅਤ ਵਿਚ, ਸਿਹਤ ਸੇਵਾਵਾਂ ਲੈਣ, ਵੋਟਿੰਗ, ਪਾਸਪੋਰਟ ਬਣਾਉਣ ਤੇ ਜਾਇਦਾਦ ਖਰੀਦ-ਵੇਚ ਵਰਗੇ ਮਾਮਲਿਆਂ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਸਿੱਖਾਂ ਨੂੰ ਫਿਰਕਾਪ੍ਰਸਤ ਤਾਕਤਾਂ ਤੋਂ ਸੁਚੇਤ ਕਰਨ ਜਥੇਦਾਰ: ਫੂਲਕਾ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ (ਆਪ) ਦੇ ਆਗੂ ਤੇ ਉੱਘੇ ਸਿੱਖ ਵਕੀਲ ਐਚ.ਐਸ. ਫੂਲਕਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਸਿੱਖ ਕੌਮ ਨੂੰ ਆਦੇਸ਼ ਦੇਣ ਕਿ ਸਿੱਖ ਭਾਈਚਾਰਾ ਫਿਰਕਾਪ੍ਰਸਤ ਤਾਕਤਾਂ ਦਾ ਮੋਹਰਾ ਨਾ ਬਣੇ ਤੇ ਫਿਰਕਾਪ੍ਰਸਤ ਤਾਕਤਾਂ ਵੱਲੋਂ ਦੇਸ਼ ਵਿਚ ਵਿਗਾੜੇ ਜਾ ਰਹੇ ਮਾਹੌਲ ਤੋਂ ਆਪਣੇ ਆਪ ਨੂੰ ਦੂਰ ਰੱਖੇ।

ਇਸ ਪੱਤਰ ਵਿਚ ਉਨ੍ਹਾਂ ਸਹਾਰਨਪੁਰ ਵਿਚ ਵਾਪਰੀ ਘਟਨਾ ਦਾ ਹਵਾਲਾ ਦਿੰਦਿਆਂ ਆਖਿਆ ਕਿ ਉਥੇ ਹੋਏ ਦੰਗੇ ਚਿੰਤਾ ਦਾ ਵਿਸ਼ਾ ਹਨ ਤੇ ਜਥੇਦਾਰ ਵੱਲੋਂ ਖੁਦ ਉਥੇ ਜਾ ਕੇ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਵਿਚ ਮੋਦੀ ਸਰਕਾਰ ਦੀ ਸਥਾਪਨਾ ਤੋਂ ਬਾਅਦ ਫਿਰਕਾਪ੍ਰਸਤ ਤਾਕਤਾਂ ਉਤਸ਼ਾਹਿਤ ਹੋਈਆਂ ਹਨ ਤੇ ਕਈ ਕੱਟੜਵਾਦੀ ਗਰੁੱਪਾਂ ਵੱਲੋਂ ਇਸ ਵੇਲੇ ਮੁਸਲਿਮ ਭਾਈਚਾਰੇ ਨੂੰ ਆਪਣਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਮੁਸਲਮਾਨਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਇਨ੍ਹਾਂ ਹਮਲਿਆਂ ਦੇ ਕਾਰਨ ਮੁਸਲਿਮ ਭਾਈਚਾਰਾ ਵੀ ਰੋਹ ਵਿਚ ਹੈ। ਅਜਿਹੇ ਸਮੇਂ ਵਿਚ ਸੰਜਮ ਤੇ ਸੂਝ ਤੋਂ ਕੰਮ ਲੈਣ ਦੀ ਲੋੜ ਹੈ। ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਸਮੇਂ ਵਿਚ ਤਣਾਅ ਵਾਲੇ ਮਾਹੌਲ ਤੋਂ ਆਪਣੇ ਆਪ ਨੂੰ ਦੂਰ ਰੱਖਣ ਤੇ ਸ਼ਾਂਤੀ ਬਣਾ ਕੇ ਰੱਖਣ ਵਿਚ ਸਹਿਯੋਗ ਦੇਣ।

# *ਗਿੱਪੀ ਗਰੇਵਾਲ ਵਿਰੁੱਧ ਧੋਖਾਧੜੀ ਦਾ ਕੇਸ ਦਰਜ*

ਚੰਡੀਗੜ੍ਹ: ਪੰਜਾਬੀ ਗਾਇਕ ਤੇ ਅਭਿਨੇਤਾ ਗਿੱਪੀ ਗਰੇਵਾਲ ਤੇ ਦੋ ਹੋਰਨਾਂ ਖ਼ਿਲਾਫ਼ ਅਦਾਲਤ ਵਿਚ ਧੋਖਾਧੜੀ ਦਾ ਕੇਸ ਦਾਇਰ ਕੀਤਾ ਗਿਆ ਹੈ। ਸ਼ਿਕਾਇਤ ਆਈਪੀਸੀ ਦੀ ਧਾਰਾ 406,420 ਤੇ 120-ਬੀ ਤਹਿਤ ਦਿੱਤੀ ਗਈ ਹੈ। ਇਸ ਕੇਸ ਵਿਚ ਗਾਇਕ ਗਿੱਪੀ ਗਰੇਵਾਲ, ਬਰਨਾਲਾ ਦੇ



ਗਿਰੀਸ਼ ਤੇ ਪੁਸ਼ਪਿੰਦਰ ਸਿੰਘ ਉਰਫ਼ ਹੈਪੀ ਨੂੰ ਧਿਰ ਬਣਾਇਆ ਗਿਆ ਹੈ। ਸ਼ਿਕਾਇਤ ਵਿਚ ਹੈਪੀ ਨੂੰ ਗਿੱਪੀ ਦਾ ਭਰਾ ਤੇ ਗਿਰੀਸ਼ ਨੂੰ ਮੈਨੇਜਰ ਦੱਸਿਆ ਗਿਆ ਹੈ।

ਇਹ ਸ਼ਿਕਾਇਤ ਅਮਨ ਐਡਵਰਟਾਈਜ਼ਮੈਂਟ ਪ੍ਰਾਈਵੇਟ ਲਿਮਿਟਡ ਚੰਡੀਗੜ੍ਹ ਦੇ ਭਾਈਵਾਲ ਰਮਨ ਅਗਰਵਾਲ ਵੱਲੋਂ ਦਾਇਰ ਕਰਵਾਈ ਗਈ ਹੈ। ਸ਼ਿਕਾਇਤਕਰਤਾ ਵੱਲੋਂ ਪੈਸੇ ਦੀ ਉਗਰਾਹੀ ਵਾਸਤੇ ਨੈਗੋਸ਼ੀਏਬਲ ਇੰਸਟਰੂਮੈਂਟ ਦੀ ਧਾਰਾ 136 ਤਹਿਤ ਵੱਖਰਾ ਕੇਸ ਵੀ ਪਾਇਆ ਗਿਆ ਹੈ। ਅਦਾਲਤ 'ਚ ਦਾਇਰ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਗਿੱਪੀ ਤੇ ਉਸ ਦੇ ਸਾਥੀਆਂ ਵੱਲੋਂ ਕੰਪਨੀ ਨੂੰ ਫਿਲਮ 'ਜੱਟ ਜੇਮਜ਼ ਬਾਂਡ' ਦੀ ਇਸ਼ਤਿਹਾਰਬਾਜ਼ੀ ਵਾਸਤੇ ਪੰਜ ਲੱਖ ਰੁਪਏ ਦ ਚੈੱਕ ਦਿੱਤਾ ਗਿਆ ਸੀ ਜਿਹੜਾ ਕਿ ਦੋ ਵਾਰ ਬੈਂਕ ਤੋਂ ਬੇਰੰਗ ਮੁੜ ਆਇਆ ਹੈ।

# ਆਪ ਦੇ ਸੰਸਦ ਮੈਂਬਰ ਅਲਾਟ ਹੋਏ ਖਸਤਾ ਫਲੈਟਾਂ 'ਤੇ ਖ਼ਫ਼ਾ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਚਾਰ ਸੰਸਦ ਮੈਂਬਰਾਂ ਵਿਚੋਂ ਤਿੰਨ ਲੋਕ ਸਭਾ ਦੀ ਘਰ ਅਲਾਟ ਕਰਨ ਵਾਲੀ ਕਮੇਟੀ ਵੱਲੋਂ ਅਲਾਟ ਛੋਟੇ ਤੇ ਪੁਰਾਣੇ ਘਰਾਂ ਨੂੰ ਦੇਖ ਕੇ ਖ਼ਫ਼ਾ ਹਨ। ਘਰ ਅਲਾਟ ਕਰਨ ਵਾਲੀ ਲੋਕ ਸਭਾ ਦੀ ਕਮੇਟੀ ਦੇ ਹੈੱਡ ਭਾਜਪਾ ਆਗੂ ਕਿਰੀਟ ਸੋਮੱਈਆ ਅੱਗੇ ਇਨ੍ਹਾਂ ਮੈਂਬਰਾਂ ਨੇ ਬਿਹਤਰ ਘਰ ਦਿੱਤੇ ਜਾਣ ਲਈ ਦੁਹਾਈ ਪਾਈ ਹੈ। ਇਹ ਤਿੰਨੇ ਮੈਂਬਰ ਪਹਿਲੀ ਵਾਰ ਸੰਸਦ ਮੈਂਬਰ ਬਣੇ ਹਨ। ਇਨ੍ਹਾਂ ਵਿਚ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਤੇ ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ ਹਨ।

ਇਨ੍ਹਾਂ ਨੇ ਸੋਮੱਈਆ ਨੂੰ ਲਿਖਤੀ ਪਟੀਸ਼ਨ ਦੇ ਕੇ ਬਿਹਤਰ ਘਰ ਦਿੱਤੇ ਜਾਣ ਦੀ ਮੰਗ ਕੀਤੀ ਹੈ। ਇਨ੍ਹਾਂ ਨੂੰ ਨੌਰਥ ਐਵੇਨਿਊ ਵਿਚ ਸੰਸਦ ਮੈਂਬਰਾਂ ਲਈ ਬਣਾਏ ਫਲੈਟ ਅਲਾਟ ਕੀਤੇ ਗਏ ਸਨ। ਨੌਰਥ ਵਿਊ ਵਿਚ 400 ਐਮ.ਪੀ. ਫਲੈਟ ਹਨ ਜੋ 53 ਸਾਲ ਪੁਰਾਣੇ ਤੇ ਦੋ ਜਾਂ ਤਿੰਨ ਬੈੱਡਰੂਮ ਹਨ। ਭਗਵੰਤ ਮਾਨ ਇਹ ਫਲੈਟ ਨਾ ਲੈ ਕੇ ਲੁਟਾਇਨਜ਼ ਦਿੱਲੀ ਵਿਚ ਮਕਾਨ ਚਾਹੁੰਦਾ ਹੈ। ਉਸ ਦਾ ਸੁਆਲ ਹੈ ਕਿ ਉਹ ਸੰਗਰੂਰ ਤੋਂ ਆਪਣੇ ਤੋਂ ਪਹਿਲੇ ਵਿਜੈਇੰਦਰ ਸਿੰਗਲਾ ਨੂੰ ਮਿਲਿਆ ਮਹਾਦੇਵ ਮਾਰਕੀਟ ਵਾਲਾ ਬੰਗਲਾ ਕਿਉਂ ਨਹੀਂ ਲੈ ਸਕਦਾ? ਸਿੰਗਲਾ ਵੀ ਪਹਿਲੀ ਵਾਰ ਸੰਸਦ ਮੈਂਬਰ ਬਣਿਆ ਸੀ। ਮਾਨ ਦਾ ਕਹਿਣਾ ਹੈ ਕਿ ਉਸ ਨੇ ਸਿੰਗਲਾ ਨੂੰ ਹਰਾਇਆ ਹੈ ਤੇ ਨੌਰਥ ਐਵੇਨਿਊ ਦੇ ਫਲੈਟ 'ਕਬੂਤਰਖਾਨੇ' ਵਰਗੇ ਹਨ। ਪਤਾ ਲੱਗਿਆ ਹੈ ਕਿ ਭਗਵੰਤ ਨੇ ਆਪਣੇ 'ਸੈਲੇਬ੍ਰਿਟੀ ਸਟੇਟਸ' ਦੇ ਹਵਾਲੇ ਨਾਲ ਬਿਹਤਰ ਰਿਹਾਇਸ਼ ਮੰਗੀ ਹੈ।

ਭਗਵੰਤ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਲੋਕ ਸਭਾ ਹਾਊਸ ਕਮੇਟੀ ਦੇ ਨੇਮਾਂ ਵਿਚ ਵਿਵਸਥਾ ਹੈ ਕਿ ਸੈਲੇਬ੍ਰਿਟੀ ਸੰਸਦ ਮੈਂਬਰਾਂ, ਜਿਨ੍ਹਾਂ ਨੇ ਦੇਸ਼ ਦਾ ਮਾਣ ਵਧਾਇਆ ਹੋਵੇ, ਨੂੰ ਇਹ ਬਿਹਤਰ ਘਰ ਅਲਾਟ ਕਰ ਸਕਦੀ ਹੈ। ਇਸ ਵਾਰ ਪਰੇਸ਼ ਰਾਵਲ, ਕਿਰਨ ਖੇਰ ਤੇ ਗਾਇਕ ਬਾਬੁਲ ਸੁਪ੍ਰਿਯੋ ਜਿਹੀਆਂ ਹਸਤੀਆਂ ਸੰਸਦ ਵਿਚ ਪੁੱਜੀਆਂ ਹਨ। ਦੋ ਬੈੱਡਰੂਮ ਫਲੈਟ ਮਿਲਣ 'ਤੇ ਡਾ. ਧਰਮਵੀਰ ਗਾਂਧੀ ਨੇ ਤਿੰਨ ਬੈੱਡਰੂਮ ਫਲੈਟ ਮੰਗਿਆ ਹੈ।

# ਭਗਵੰਤ ਮਾਨ ਵੱਲੋਂ ਗੁਰਬਾਣੀ ਨੂੰ ਤੋੜਨ-ਮਰੋੜਨ ਦਾ ਲਿਆ ਸਖਤ ਨੋਟਿਸ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਰਿਕਾਰਡ ਵੋਟਾਂ ਨਾਲ ਜਿੱਤੇ ਲੋਕ ਸਭਾ ਮੈਂਬਰ ਤੇ ਕਾਮੇਡੀਅਨ ਭਗਵੰਤ ਮਾਨ ਵੱਲੋਂ ਅਰਦਾਸ ਉਪਰੰਤ ਪੜ੍ਹੇ ਜਾਣ ਵਾਲੇ ਦੋਹਰੇ ਨੂੰ ਤਰੋੜ-ਮਰੋੜ ਕੇ ਇਕ ਭਾਈਚਾਰੇ ਨਾਲ ਜੋੜਨ ਬਾਰੇ ਨਸ਼ਰ ਹੋਈਆਂ ਖ਼ਬਰਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ। ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਨੇ ਭਗਵੰਤ ਮਾਨ ਦੀ ਉਕਤ ਕਾਰਵਾਈ ਕਾਰਨ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਗੈਰ ਜ਼ਿੰਮੇਵਾਰਾਨਾ ਦੱਸਿਆ ਹੈ।

ਉਨ੍ਹਾਂ ਕਿਹਾ ਕਿ ਮੀਡੀਆ ਰਾਹੀਂ ਧਿਆਨ ਵਿਚ ਆਇਆ ਹੈ ਕਿ ਸਿੱਖਾਂ ਵੱਲੋਂ ਨਿਤ ਦੀ ਅਰਦਾਸ ਉਪਰੰਤ ਪੜ੍ਹੇ ਜਾਂਦੇ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਦੋਹਰੇ ਨੂੰ ਇਕ ਲੋਕ ਮਿਲਣੀ ਦੌਰਾਨ ਭਗਵੰਤ ਮਾਨ ਨੇ ਤੋੜ ਕੇ ਪੇਸ਼ ਕੀਤਾ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਵੱਡੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਸਮੁੱਚੇ ਸਿੱਖ ਪੰਥ ਪਾਸੋਂ ਬਿਨ੍ਹਾਂ ਦੇਰੀ ਮੁਆਫੀ ਮੰਗਣੀ ਚਾਹੀਦੀ ਹੈ।

# ਸਰਕਾਰੀ ਸਕੂਲਾਂ ਦੀ ਕਿਸੇ ਸਾਰ ਨਾ ਲਈ

**ਚੰਡੀਗੜ੍ਹ:** ਪੰਜਾਬ ਸਰਕਾਰ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਬਿਲਕੁਲ ਵੀ ਗੰਭੀਰ ਨਹੀਂ ਹੈ। ਸੂਬੇ ਦੇ ਸਕੂਲ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ ਹਨ। ਸਰਕਾਰੀ ਸਕੂਲਾਂ ਵਿਚ ਜਿਥੇ ਅਧਿਆਪਕਾਂ ਦੀਆਂ 26 ਫੀਸਦੀ ਤੇ ਨਾਨ-ਟੀਚਿੰਗ ਸਟਾਫ ਦੀਆਂ 36 ਫੀਸਦੀ ਅਸਾਮੀਆਂ ਖਾਲੀ ਪਈਆਂ ਹਨ ਉਥੇ ਸਰਕਾਰੀ ਸਕੂਲਾਂ ਵਿਚ ਕੰਮ ਕਰ ਰਹੇ ਤਕਰੀਬਨ 93,292 ਅਧਿਆਪਕਾਂ ਤੇ ਮੁਲਾਜ਼ਮਾਂ ਵਿਚੋਂ ਵੱਡੀ ਗਿਣਤੀ ਨੂੰ ਪਿਛਲੇ ਮਹੀਨਿਆਂ ਤੋਂ ਤਨਖਾਹਾਂ ਵੀ ਨਸੀਬ ਨਹੀਂ ਹੋਈਆਂ ਹਨ। ਜਿਸ ਕਾਰਨ ਉਨ੍ਹਾਂ ਦਾ ਜ਼ਿਆਦਾ ਸਮਾਂ ਸਰਕਾਰ ਵਿਰੁੱਧ ਸੰਘਰਸ਼ ਵਿੱਢਣ ਵਿਚ ਲੰਘਦਾ ਹੈ।

ਸੂਬੇ ਦੇ ਸਮੂਹ ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚਲੀਆਂ ਅਧਿਆਪਕਾਂ ਦੀਆਂ ਕੁੱਲ 1,09,467 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 28,229 ਅਸਾਮੀਆਂ ਖਾਲੀ ਪਈਆਂ ਹਨ। ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚਲੀਆਂ ਅਧਿਆਪਕਾਂ ਦੀਆਂ ਕੁੱਲ 76,833 ਅਸਾਮੀਆਂ ਵਿਚੋਂ 21,217 (28 ਫੀਸਦੀ) ਅਸਾਮੀਆਂ ਖਾਲੀ ਹਨ। ਮਾਸਟਰ ਕਾਡਰ ਦੀਆਂ ਕੁੱਲ 47,886 ਅਸਾਮੀਆਂ ਵਿਚੋਂ 11,737 ਤੇ ਲੈਕਚਰਾਰਾਂ ਦੀਆਂ ਕੁੱਲ 12,245 ਅਸਾਮੀਆਂ ਵਿਚੋਂ 3961 ਖਾਲੀ ਪਈਆਂ ਹਨ। ਸਰਕਾਰ ਨੇ ਮਹਿਜ਼ 25 ਲੈਕਚਰਾਰਾਂ ਤੇ 5723 ਮਾਸਟਰ ਕਾਡਰ ਦੀਆਂ ਅਸਾਮੀਆਂ ਭਰਨ ਦੀ ਪ੍ਰਕਿਰਿਆ ਚਲਾਈ ਹੈ। ਇਸੇ ਤਰ੍ਹਾਂ ਕਲਾਸੀਕਲ ਤੇ ਵਰਨੈਕੂਲਰ ਟੀਚਰਾਂ ਦੀਆਂ ਕੁੱਲ 10,108 ਅਸਾਮੀਆਂ ਵਿਚੋਂ 2481 ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਵਿਚੋਂ ਸਿਰਫ 746 ਅਸਾਮੀਆਂ ਭਰਨ ਦੀ ਕਾਰਵਾਈ ਚਲਾਈ ਗਈ ਹੈ। ਵੋਕੇਸ਼ਨਲ ਮਾਸਟਰਾਂ ਦੀਆਂ 3241 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 1935, ਹੈੱਡਮਾਸਟਰਾਂ ਦੀਆਂ 1624 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 956 ਤੇ ਪ੍ਰਿੰਸੀਪਲਾਂ ਦੀਆਂ 1729 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 147 ਅਸਾਮੀਆਂ ਖਾਲੀ ਪਈਆਂ ਹਨ। ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚਲੀਆਂ ਨਾਨ-ਟੀਚਿੰਗ ਸਟਾਫ ਦੀਆਂ ਕੁੱਲ 18,786 ਅਸਾਮੀਆਂ ਵਿਚੋਂ 6736 ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਸਕੂਲਾਂ ਵਿਚ ਕਲਰਕਾਂ ਦੀਆਂ ਕੁੱਲ 3003 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 719 ਖਾਲੀ ਹਨ, ਇਨ੍ਹਾਂ ਵਿਚੋਂ ਸਿਰਫ 169 ਅਸਾਮੀਆਂ ਭਰਨ ਦੀ ਕਾਰਵਾਈ ਚਲਾਈ ਜਾ ਰਹੀ ਹੈ। ਇਸੇ ਤਰ੍ਹਾਂ ਐਸ.ਐਲ.ਏ. ਦੀਆਂ ਕੁੱਲ 2451 ਅਸਾਮੀਆਂ ਵਿਚੋਂ 613, ਲਾਇਬ੍ਰੇਰੀਅਨ ਦੀਆਂ ਕੁੱਲ 590 ਅਸਾਮੀਆਂ ਵਿਚੋਂ 218, ਸਹਾਇਕ ਲਾਇਬ੍ਰੇਰੀਅਨ ਦੀਆਂ ਕੁੱਲ 358 ਅਸਾਮੀਆਂ ਵਿਚੋਂ 101, ਲਾਇਬ੍ਰੇਰੀ ਰਿਸਟੋਰਰ ਦੀਆਂ ਕੁੱਲ 526 ਅਸਾਮੀਆਂ ਵਿਚੋਂ 234 ਤੇ ਗਰੁੱਪ-ਡੀ ਦੀਆਂ ਕੁੱਲ 11,866 ਅਸਾਮੀਆਂ ਵਿਚੋਂ 4851 ਖਾਲੀ ਪਈਆਂ ਹਨ।

ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਵੱਲੋਂ ਵਿਧਾਨ ਸਭਾ ਵਿਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਦੇ ਸਰਕਾਰੀ ਪ੍ਰਾਇਮਰੀ/ਐਲੀਮੈਂਟਰੀ ਸਕੂਲਾਂ ਵਿਚਲੀਆਂ ਅਧਿਆਪਕਾਂ ਦੀਆਂ ਕੁੱਲ 32,634 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 7009 (22 ਫੀਸਦੀ) ਖਾਲੀ ਪਈਆਂ ਹਨ। ਇਨ੍ਹਾਂ ਸਕੂਲਾਂ ਵਿਚ ਜੇ.ਬੀ.ਟੀ. ਟੀਚਰਾਂ ਦੀਆਂ ਕੁੱਲ 26,268 ਅਸਾਮੀਆਂ ਵਿਚੋਂ 4586 ਖਾਲੀ ਹਨ। ਇਹ 4586 ਅਸਾਮੀਆਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿਚ ਕੰਮ ਕਰ ਰਹੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿਚ ਸ਼ਿਫਟ ਕਰਕੇ ਭਰਨੀਆਂ ਹਨ। ਇਨ੍ਹਾਂ ਸਕੂਲਾਂ ਵਿਚ ਹੈੱਡਮਾਸਟਰਾਂ ਦੀਆਂ ਕੁੱਲ 5210 ਅਸਾਮੀਆਂ ਵਿਚੋਂ 1931 ਤੇ ਸੈਂਟਰ ਹੈੱਡ ਟੀਚਰਾਂ ਦੀਆਂ 1156 ਅਸਾਮੀਆਂ ਵਿਚੋਂ 492 (43 ਫੀਸਦੀ) ਖਾਲੀ ਹਨ। ਸਿੱਖਿਆ ਵਿਭਾਗ ਵੱਲੋਂ ਸੈਂਟਰ ਹੈੱਡ ਟੀਚਰਾਂ ਦੀਆਂ 259 ਅਸਾਮੀਆਂ ਮੁੜ ਸਿਰਜਣ ਦੀ ਕਾਰਵਾਈ ਚਲਾਈ ਜਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਸਿੱਖਿਆ ਵਿਭਾਗ ਵਿਚ ਅਧਿਆਪਕਾਂ ਦੀਆਂ 28,226 ਤੇ ਨਾਨ-ਟੀਚਿੰਗ ਸਟਾਫ ਦੀਆਂ 6736 ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਨਾ ਭਰਨ ਕਾਰਨ ਬੇਰੁਜ਼ਗਾਰਾਂ ਨੂੰ ਨੌਕਰੀਆਂ ਹਾਸਲ ਕਰਨ ਲਈ ਟੈਂਕੀਆਂ ਆਦਿ 'ਤੇ ਚੜ੍ਹ ਕੇ ਸੰਘਰਸ਼ਾਂ ਦੇ ਰਾਹ ਪੈਣਾ ਪੈ ਰਿਹਾ ਹੈ।

## ਮੁਫਤ ਸਿੱਖਿਆ ਦੇ ਵਾਅਦੇ ਤੋਂ ਮੁੱਕਰੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਗਰੀਬ ਤੇ ਮੈਰੀਟੋਰੀਅਸ ਵਿਦਿਆਰਥੀਆਂ ਨੂੰ ਜ਼ੋਰਦਾਰ ਝਟਕਾ ਦਿੰਦਿਆਂ ਅਗਸਤ ਮਹੀਨੇ ਤੋਂ ਸ਼ੁਰੂ ਹੋ ਰਹੇ ਸਰਕਾਰੀ ਰਿਹਾਇਸ਼ੀ ਸਕੂਲਾਂ ਵਿਚ ਮੁਫ਼ਤ ਸਿੱਖਿਆ ਦੇਣ ਦੇ ਆਪਣੇ ਫੈਸਲੇ ਤੋਂ ਪੈਰ ਪਿਛਾਂਹ ਮੋੜ ਲਏ ਹਨ। ਸਰਕਾਰ ਦੇ ਨਵੇਂ ਫੈਸਲੇ ਮੁਤਾਬਕ ਹੁਣ ਇਨ੍ਹਾਂ ਸਕੂਲਾਂ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਪੁਸਤਕਾਂ, ਵਰਦੀ ਤੇ ਸਟੇਸ਼ਨਰੀ ਦਾ ਖਰਚ ਆਪ ਉਠਾਉਣਾ ਪਵੇਗਾ। ਇਹੀ ਨਹੀਂ ਸਰਕਾਰ ਨੇ ਛੇ ਜ਼ਿਲ੍ਹਿਆਂ ਵਿਚਲੇ ਆਪਣੇ ਇਨ੍ਹਾਂ ਸਕੂਲਾਂ ਵਿਚ ਦਾਖਲਾ ਲੈਣ ਵਾਲੇ ਹੋਣਹਾਰ ਵਿਦਿਆਰਥੀਆਂ ਦੀ 'ਡਾ. ਹਰਗੋਬਿੰਦ ਖੁਰਾਣਾ ਵਜ਼ੀਫ਼ਾ' ਯੋਜਨਾ ਵੀ ਬੰਦ ਕਰਨ ਦਾ ਫੁਰਮਾਨ ਸੁਣਾ ਦਿੱਤਾ ਹੈ।

ਇਹ ਯੋਜਨਾ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਅਜਿਹੇ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਸੀ, ਜਿਹੜੇ ਬੋਰਡ ਦੇ ਇਮਤਿਹਾਨਾਂ ਵਿਚ 80 ਫ਼ੀਸਦੀ ਜਾਂ ਇਸ ਤੋਂ ਵੱਧ ਅੰਕ ਹਾਸਲ ਕਰਦੇ ਹਨ, ਅਜਿਹੇ ਵਿਦਿਆਰਥੀਆਂ ਨੂੰ ਇਸ ਯੋਜਨਾ ਤਹਿਤ 30-30 ਹਜ਼ਾਰ ਰੁਪਏ ਵਜ਼ੀਫ਼ਾ ਰਾਸ਼ੀ ਮਿਲਣੀ ਸੀ। ਸਰਕਾਰ ਦੇ ਇਨ੍ਹਾਂ ਫੈਸਲਿਆਂ ਬਾਰੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਉਦੋਂ ਪਤਾ ਲੱਗਾ, ਜਦੋਂ ਵਿਦਿਆਰਥੀ ਸਰਕਾਰ ਵੱਲੋਂ ਇਨ੍ਹਾਂ ਸਕੂਲਾਂ ਵਿਚ ਦਾਖਲਿਆਂ ਲਈ ਰੱਖੀ ਕੌਂਸਲਿੰਗ ਵਿਚ ਪਹੁੰਚੇ।

ਕੌਂਸਲਿੰਗ ਮੌਕੇ ਵਿਦਿਆਰਥੀਆਂ ਨੂੰ 'ਜ਼ਰੂਰੀ ਹਦਾਇਤਾਂ' ਸਿਰਲੇਖ ਹੇਠ ਆਪਣੇ ਆਪਣੇ ਸਟ੍ਰੀਮ ਮੈਡੀਕਲ/ਨਾਨ ਮੈਡੀਕਲ/ਕਾਮਰਸ ਦੀਆਂ ਕਿਤਾਬਾਂ, ਪ੍ਰੈਕਟੀਕਲ ਕਾਪੀਆਂ, ਨੋਟ ਬੁਕਸ, 2-2 ਸੈੱਟ ਵਰਦੀਆਂ, ਸਟੇਸ਼ਨਰੀ ਤੇ ਹੋਸਟਲ ਵਿਚ ਵਰਤੋਂ ਦਾ ਸਾਮਾਨ ਜਿਵੇਂ ਬਿਸਤਰੇ ਆਦਿ ਤੇ ਭਾਂਡੇ ਨਾਲ ਲਿਆਉਣ ਲਈ ਕਿਹਾ ਗਿਆ।

ਜਾਣਕਾਰਾਂ ਮੁਤਾਬਕ ਗਿਆਰਵੀਂ ਤੇ ਬਾਰ੍ਹਵੀਂ ਦੀਆਂ ਮੈਡੀਕਲ/ਨਾਨ-ਮੈਡੀਕਲ ਦੀਆਂ ਪੁਸਤਕਾਂ ਬਹੁਤ ਮਹਿੰਗੀਆਂ ਹੁੰਦੀਆਂ ਹਨ, ਜਦਕਿ ਸਰਕਾਰ ਦੀ ਇਹ ਸਕੀਮ ਗਰੀਬ ਤੇ ਮੈਰੀਟੋਰੀਅਸ ਵਿਦਿਆਰਥੀਆਂ ਲਈ ਹੈ ਤੇ ਸਰਕਾਰ ਸ਼ੁਰੂ ਤੋਂ ਹੀ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਨਿਰੋਲ ਮੁਫ਼ਤ ਸਿੱਖਿਆ ਦਾਅਵੇ ਕਰਦੀ ਇਹ ਕਹਿੰਦੀ ਆਈ ਹੈ ਕਿ ਵਿਦਿਆਰਥੀਆਂ ਦੇ ਮਾਪਿਆਂ 'ਤੇ ਕਿਸੇ ਕਿਸਮ ਦਾ ਵਿੱਤੀ ਬੋਝ ਨਹੀਂ ਪੈਣ ਦਿੱਤਾ ਜਾਵੇਗਾ।

# ਭਾਰਤ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ ਪਹਿਲਾਂ ਨਾਲੋਂ ਘਟੀ?

**ਨਵੀਂ ਦਿੱਲੀ:** ਦੇਸ਼ ਵਿਚ ਪੰਜ ਤੋਂ 14 ਸਾਲ ਤੱਕ ਦੀ ਉਮਰ ਦੇ ਬਾਲ ਮਜ਼ਦੂਰਾਂ ਦੀ ਗਿਣਤੀ ਵਿਚ ਕਮੀ ਆਈ ਹੈ। 2001 ਦੀ ਮਰਦਮਸ਼ੁਮਾਰੀ ਮੁਤਾਬਕ ਇਕ ਕਰੋੜ 26 ਲੱਖ ਬੱਚੇ ਮਜ਼ਦੂਰੀ ਵਿਚ ਲੱਗੇ ਹੋਏ ਸਨ ਪਰ 2011 ਦੀ



ਮਰਦਮਸ਼ੁਮਾਰੀ ਵਿਚ ਇਹ ਗਿਣਤੀ ਘਟ ਕੇ 43 ਲੱਖ 53 ਹਜ਼ਾਰ ਰਹਿ ਗਈ। ਸਰਕਾਰ ਬਾਲ ਮਜ਼ਦੂਰਾਂ ਦੇ ਮੁੜ ਵਸੇਬੇ ਲਈ 1988 ਤੋਂ ਕੌਮੀ ਬਾਲ ਮਜ਼ਦੂਰੀ ਪ੍ਰੋਜੈਕਟ ਯੋਜਨਾ (ਐਨ.ਸੀ.ਐਲ.ਪੀ.) ਚਲਾ ਰਹੀ ਹੈ। ਇਸ ਯੋਜਨਾ ਤਹਿਤ 9 ਤੋਂ 14 ਸਾਲ ਤੱਕ ਦੇ ਬੱਚਿਆਂ ਨੂੰ ਖਤਰਨਾਕ ਕੰਮਾਂ ਤੋਂ ਬਚਾਇਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਪ੍ਰਾਜੈਕਟ ਦੇ ਵਿਸ਼ੇਸ਼ ਸਿਖਲਾਈ ਕੇਂਦਰਾਂ ਵਿਚ ਭੇਜਿਆ ਜਾਂਦਾ ਹੈ ਜਿਥੇ ਉਨ੍ਹਾਂ ਦੀ ਪੜ੍ਹਾਈ, ਖਾਣੇ ਅਤੇ ਕਿੱਤੇ ਦਾ ਪ੍ਰਬੰਧ ਕੀਤਾ ਜਾਂਦਾ ਹੈ। ਰਾਜ ਸਭਾ ਵਿਚ ਲਿਖਤੀ ਜਵਾਬ ਦੌਰਾਨ ਕਿਰਤ ਤੇ ਰੁਜ਼ਗਾਰ ਮੰਤਰੀ ਵਿਸ਼ਨੂੰ ਦਿਉ ਸਾਈ ਨੇ ਦੱਸਿਆ ਕਿ "ਇਸ ਸਮੇਂ ਇਹ ਯੋਜਨਾ ਦੇਸ਼ ਦੇ 20 ਸੂਬਿਆਂ ਦੇ 270 ਜ਼ਿਲ੍ਹਿਆਂ ਵਿਚ ਚੱਲ ਰਹੀ ਹੈ ਤੇ ਤਕਰੀਬਨ ਛੇ ਹਜ਼ਾਰ ਵਿਸ਼ੇਸ਼ ਸਿਖਲਾਈ ਕੇਂਦਰਾਂ ਵਿਚ ਢਾਈ ਲੱਖ ਤੋਂ ਵੱਧ ਬੱਚੇ ਉਥੇ ਰਹਿ ਰਹੇ ਹਨ। ਉਨ੍ਹਾਂ ਦੱਸਿਆ ਕਿ 2011-12 ਵਿਚ ਇਕ ਲੱਖ 25 ਹਜ਼ਾਰ 716 ਬੱਚਿਆਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਗਿਆ ਸੀ ਜਦਕਿ 2013-14 ਦੌਰਾਨ 64 ਹਜ਼ਾਰ 50 ਬੱਚਿਆਂ ਨੂੰ ਬਾਲ ਮਜ਼ਦੂਰੀ ਤੋਂ ਛੁਟਕਾਰਾ ਦਿਵਾਇਆ ਗਿਆ ਸੀ।

ਮਹਿਲਾ ਕਿਰਤ ਡਵੀਜ਼ਨ ਵੱਲੋਂ ਮਹਿਲਾ ਮਜ਼ਦੂਰਾਂ ਦੀ ਭਲਾਈ ਲਈ ਸਹਾਇਤਾ ਯੋਜਨਾ ਚਲਾਈ ਜਾ ਰਹੀ ਹੈ। ਇਸ ਯੋਜਨਾ ਤਹਿਤ 2011-12 ਵਿਚ 52630 ਮਹਿਲਾਵਾਂ ਨੂੰ 15 ਲੱਖ 28 ਹਜ਼ਾਰ ਦੀ ਸਹਾਇਤਾ ਦਿੱਤੀ ਗਈ ਜਦਕਿ 2013-14 ਦੌਰਾਨ 14700 ਮਹਿਲਾਵਾਂ ਨੂੰ 13.39 ਲੱਖ ਰੁਪਏ ਵੰਡੇ ਗਏ। ਉਨ੍ਹਾਂ ਕਿਹਾ ਕਿ ਕੌਮੀ ਕਿੱਤਾ ਵਿਕਾਸ ਏਜੰਸੀ ਨੇ ਛੇ ਜੂਨ 2013 ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਇਹ ਸਰਕਾਰ ਅਤੇ ਪ੍ਰਾਈਵੇਟ ਸੈਕਟਰ ਵਿਚਕਾਰ ਤਾਲਮੇਲ ਬਿਠਾ ਕੇ ਕੰਮ ਕਰ ਰਹੀ ਹੈ।

ਇਸ ਤੋਂ ਇਲਾਵਾ ਕੇਂਦਰੀ ਮਾਨਵ ਸੰਸਾਧਨ ਵਿਕਾਸ ਮੰਤਰੀ ਸਮ੍ਰਿਤੀ ਈਰਾਨੀ ਨੇ ਦਾਅਵਾ ਕੀਤਾ ਕਿ ਦੇਸ਼ ਭਰ ਵਿਚ ਪ੍ਰਾਇਮਰੀ ਸਕੂਲ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵਿਚ ਕਮੀ ਆਈ ਹੈ ਪਰ ਜਨ-ਜਾਤੀ ਬੱਚਿਆਂ ਵਿਚ ਇਹ ਹੁਣ ਵੀ ਵੱਧ ਹੈ ਤੇ ਇਹ ਚਿੰਤਾਜਨਕ ਹੈ। ਉਨ੍ਹਾਂ ਨੇ ਲੋਕ ਸਭਾ ਵਿਚ ਪੁੱਛੇ ਗਏ ਇਕ ਪ੍ਰਸ਼ਨ ਦੇ ਉੱਤਰ ਵਿਚ ਕਿਹਾ ਕਿ ਪ੍ਰਾਇਮਰੀ ਸਕੂਲ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਸਾਲ 2009-10 ਦੌਰਾਨ 9.11 ਫੀਸਦੀ ਸੀ ਜੋਕਿ 2013-14 ਵਿਚ ਘੱਟ ਕੇ 4.67 ਫੀਸਦੀ ਰਹਿ ਗਈ ਪਰ ਜਨ-ਜਾਤੀ ਭਾਈਚਾਰੇ ਦੇ ਬੱਚਿਆਂ ਵਿਚ ਇਹ ਗਿਣਤੀ ਹੁਣ ਵੀ ਚਿੰਤਾ ਦਾ ਕਾਰਨ ਹੈ। ਪ੍ਰਾਇਮਰੀ ਸਕੂਲਾਂ ਵਿਚ ਸ਼ੁੱਧ ਪਾਣੀ ਤੇ ਪਖਾਨੇ ਸਹਿਤ ਹੋਰ ਸੁਵਿਧਾਵਾਂ ਉਪਲੱਬਧ ਕਰਵਾਉਣ ਤੇ ਉਥੇ ਹਾਲਾਤ ਬਿਹਤਰ ਬਣਾਉਣ ਲਈ ਸਰਕਾਰ ਨੇ ਕਈ ਕਦਮ ਚੁੱਕੇ ਹਨ। ਉਨ੍ਹਾਂ ਪ੍ਰਸ਼ਨ ਕਾਲ ਦੌਰਾਨ ਕਿਹਾ ਕਿ ਮੈਂ 11 ਜੁਲਾਈ ਨੂੰ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਪੱਤਰ ਲਿਖ ਕੇ ਸਰਵ ਸਿੱਖਿਆ ਅਭਿਆਨ ਨਾਲ ਸਬੰਧਤ ਮੁੱਦਿਆਂ ਨੂੰ ਉਜਾਗਰ ਕਰਨ ਲਈ ਕਿਹਾ ਹੈ। ਇਕ ਹੋਰ ਸਵਾਲ ਦਾ ਜਵਾਬ ਦਿੰਦੇ ਹੋਏ ਸਮ੍ਰਿਤੀ ਨੇ ਕਿਹਾ ਕਿ ਸਰਕਾਰ ਸਕੂਲੀ ਪਾਠਕ੍ਰਮ ਵਿਚ ਲਿੰਗੀ ਸੰਵੇਦਨਸ਼ੀਲਤਾ 'ਤੇ ਇਕ ਨਵਾਂ ਪਾਠ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ।

## ਕੈਨੇਡਾ ਵਿਚ ਭੰਗ ਦੀ ਖੇਤੀ ਦੀ ਮਨਜ਼ੂਰੀ ਮੰਗਣ ਲੱਗੇ ਲੋਕ

**ਵੈਨਕੂਵਰ:** ਕੁਝ ਮਹੀਨੇ ਪਹਿਲਾਂ ਕੈਨੇਡਾ ਦੇ ਨਾਲ ਲਗਦੇ ਅਮਰੀਕਨ ਸੂਬਿਆਂ ਕੋਲੋਰਾਡੋ ਤੇ ਵਾਸ਼ਿੰਗਟਨ ਦੀਆਂ ਸਰਕਾਰਾਂ ਵੱਲੋਂ ਲੋਕ ਰਾਇ ਦੇ ਆਧਾਰ 'ਤੇ ਉਥੇ ਭੰਗ ਦੀ ਖੇਤੀ ਦੀ ਇਕ ਹੱਦ ਤੱਕ ਵਰਤੋਂ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਦਾ ਕੈਨੇਡਾ ਉਤੇ ਪੈ ਰਿਹਾ ਪਰਛਾਵਾਂ ਹੋਰ ਸੰਘਣਾ ਹੁੰਦਾ ਜਾ ਰਿਹਾ ਹੈ।

ਅਮਰੀਕਾ ਦੇ ਬਾਕੀ ਸੂਬਿਆਂ ਵਿਚ ਵੀ ਭੰਗ ਦੀ ਖੁੱਲ੍ਹ ਦੇਣ ਦੀ ਹੋ ਰਹੀ ਮੰਗ ਕਾਰਨ ਕੈਨੇਡੀਅਨ ਲੋਕ ਵੀ ਅਜਿਹੀ ਖੁੱਲ੍ਹ ਦੀ ਵਕਾਲਤ ਕਰਨ ਲੱਗੇ ਹਨ। ਉਂਜ ਇਸ ਬਾਰੇ ਲਿਬਰਲ ਪਾਰਟੀ ਆਗੂ ਜਸਟਿਨ ਟਰੂਡੋ ਖੁਦ ਇਹ ਮੰਨ ਚੁੱਕੇ ਹਨ ਕਿ ਕੇਂਦਰ ਵਿਚ ਉਸ ਦੀ ਸਰਕਾਰ ਬਣੀ ਤਾਂ ਉਹ ਭੰਗ ਦੀ ਖੁੱਲ੍ਹ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਨਗੇ। ਪਿਛਲੇ ਕੁਝ ਦਿਨਾਂ ਤੋਂ ਅਮਰੀਕਨ ਸੈਨੇਟਰਾਂ ਵੱਲੋਂ ਇਸ 'ਤੇ ਜ਼ੋਰ ਦੇਣ ਨਾਲ ਕੈਨੇਡਾ ਵਿਚ ਵੀ ਚਰਚਾ ਜ਼ੋਰ ਫੜ ਗਈ ਹੈ ਤੇ ਭੰਗ ਦੇ ਸ਼ੌਕੀਨ ਲੋਕ ਸੰਸਦੀ ਚੋਣਾਂ ਦੀ ਉਡੀਕ ਵੀ ਕਰਨ ਲਈ ਤਿਆਰ ਨਹੀਂ। ਲੋਕ 49 ਸਾਲ ਪਹਿਲਾਂ ਭੰਗ ਦੀ ਵਰਤੋਂ 'ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਵਿਚ ਤੁਰੰਤ ਬਦਲਾਅ ਦੀ ਮੰਗ ਕਰਨ ਲੱਗੇ ਹਨ। ਲੋਕਾਂ ਦਾ ਤਰਕ ਹੈ ਕਿ ਭੰਗ ਵਿਚ ਅਲਕੋਹਲ ਤੋਂ ਕਾਫੀ ਘੱਟ ਨਸ਼ਾ ਹੈ, ਇਸ ਲਈ ਜੇਕਰ ਸ਼ਰਾਬ ਵਿਕ ਸਕਦੀ ਹੈ ਤਾਂ ਭੰਗ ਵਿਚ ਕੀ ਬੁਰਾਈ ਹੈ।

## ਹੁਣ ਲੀਬੀਆ ਵਿਚ ਫਸੀਆਂ 750 ਭਾਰਤੀ ਨਰਸਾਂ

**ਨਵੀਂ ਦਿੱਲੀ:** ਹਿੰਸਾ ਤੇ ਸੰਘਰਸ਼ ਵਿਚ ਘਿਰੇ ਲੀਬੀਆ ਵਿਚ ਇਸ ਸਮੇਂ 750 ਭਾਰਤੀ ਨਰਸਾਂ ਮੁਸ਼ਕਿਲ ਵਿਚ ਫਸੀਆਂ ਹੋਈਆਂ ਹਨ। ਲੀਬੀਆ ਵਿਚ ਛਿੜੇ ਸੰਘਰਸ਼ ਵਿਚਾਲੇ ਭਾਰਤੀ ਨਾਗਰਿਕ ਫਸ ਗਏ ਹਨ।

ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਸਰਕਾਰ ਨਰਸਾਂ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਕ ਰਿਪੋਰਟ ਅਨੁਸਾਰ ਉਥੇ ਫਸੀਆਂ ਭਾਰਤੀ ਨਰਸਾਂ ਆਪਣੇ ਦੇਸ਼ ਪਰਤਣਾ ਚਾਹੁੰਦੀਆਂ ਹਨ। ਤ੍ਰਿਪੋਲੀ ਦੇ ਹਸਪਤਾਲ ਵਿਚ ਹੀ ਕਰੀਬ 350 ਨਰਸਾਂ ਕੰਮ ਕਰ ਰਹੀਆਂ ਹਨ।

## ਮਾਤਾ ਸੁਰਜੀਤ ਕੌਰ ਸੁਰਗਵਾਸ


**ਫਰਿਜ਼ਨੋ (ਬਿਊਰੋ):** ਪੰਜਾਬੀ ਭਾਈਚਾਰੇ ਦੇ ਪਤਵੰਤੇ ਬਾਬ ਸਿੰਘ ਭੰਗੂ ਨੂੰ ਉਸ ਸਮੇਂ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਸੁਰਜੀਤ ਕੌਰ ਭੰਗੂ (ਪਤਨੀ ਸਵਰਗੀ ਕੁਲਵੰਤ ਸਿੰਘ ਭੰਗੂ) ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਡਾ. ਗੁਰਤੇਗ ਸਿੰਘ ਭੰਗੂ ਅਤੇ ਜਸਵੰਤ ਸਿੰਘ ਭੰਗੂ ਦੇ ਭਰਜਾਈ ਸਨ।



ਮਾਤਾ ਸੁਰਜੀਤ ਕੌਰ ਦਾ ਅੰਤਿਮ ਸੰਸਕਾਰ 3 ਅਗਸਤ, ਐਤਵਾਰ ਨੂੰ ਸ਼ਾਤ ਭਵਨ ਫਿਊਨਰਲ ਹੋਮ ਵਿਚ ਸਵੇਰੇ 11 ਵਜੇ ਹੋਵੇਗਾ। ਅੰਤਿਮ ਅਰਦਾਸ ਗੁਰਦੁਆਰਾ ਸਿੱਖ ਸੈਂਟਰ ਪੈਸੇਫਿਕ ਕੋਸਟ, ਸੈਲਮਾ ਵਿਚ ਬਾਅਦ ਦੁਪਹਿਰ 2 ਤੋਂ 4 ਵਜੇ ਦਰਮਿਆਨ ਹੋਵੇਗੀ। ਭੰਗੂ ਪਰਿਵਾਰ ਨਾਲ ਸੰਪਰਕ ਫੋਨ 559-471-6664 ਰਾਹੀਂ ਕੀਤਾ ਜਾ ਸਕਦਾ ਹੈ।

# ਜਪੁਜੀ ਸਾਹਿਬ 'ਤੇ ਆਧਾਰਤ ਗੁਰਬਾਣੀ ਵਿਚਾਰ ਦੀ ਸੀ ਡੀ ਰਿਲੀਜ਼

**ਰੋਜ਼ਵਿਲ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ, ਰੋਜ਼ਵਿਲ ਵਿਖੇ ਸਿੱਖ ਵਿਦਵਾਨ ਭਾਈ ਜਤਿੰਦਰਪਾਲ ਸਿੰਘ ਦੀ ਜਪੁਜੀ ਸਾਹਿਬ ਦੀ ਬਾਣੀ 'ਤੇ ਆਧਾਰਤ



ਗੁਰਬਾਣੀ-ਵਿਚਾਰ ਦੀ ਆਡੀਓ ਸੀ ਡੀ ਤੇ ਐਮ ਪੀ-3 ਰਿਲੀਜ਼ ਕੀਤੀ ਗਈ। ਇਸ ਤੋਂ ਪਹਿਲਾਂ ਭਾਈ ਜਤਿੰਦਰਪਾਲ ਸਿੰਘ ਜਪ ਸਾਹਿਬ, ਅਨੰਦ ਸਾਹਿਬ, ਸਿੱਧ ਗੋਸ਼ਟਿ ਅਤੇ ਜਪੁਜੀ ਸਾਹਿਬ ਦੀ ਅੰਗਰੇਜ਼ੀ ਕਥਾ ਦੀ ਸੀ ਡੀ ਵੀ ਸੰਗਤਾਂ ਨੂੰ ਭੇਟ ਕਰ ਚੁਕੇ ਹਨ।

ਇਸ ਮੌਕੇ ਵੱਖ ਵੱਖ ਪੰਥਕ ਤੇ ਸਮਾਜ ਸੇਵਕਾਂ-ਡਾ. ਓਂਕਾਰ ਸਿੰਘ ਬਿੰਦਰਾ, ਸਤਿੰਦਰਪਾਲ ਸਿੰਘ ਹੇਅਰ, ਹਰਜਿੰਦਰ ਸਿੰਘ ਧਾਮੀ, ਪਰਮਜੀਤ ਸਿੰਘ ਪੱਡਾ, ਡਾ. ਗੁਰਪ੍ਰੀਤ ਸਿੰਘ ਚਹਿਲ, ਸ਼ੇਰ ਸਿੰਘ ਗਿੱਲ, ਦੇਸ਼ਦੀਪ ਸਿੰਘ, ਜੱਗਾ ਸਿੰਘ ਮਾਨ ਅਤੇ ਹੋਰਨਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਭਾਈ ਜਤਿੰਦਰਪਾਲ ਸਿੰਘ ਵਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਈ ਜਤਿੰਦਰਪਾਲ ਸਿੰਘ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਨ। ਹੋਰ ਜਾਣਕਾਰੀ ਲਈ ਫੋਨ 916-256-5907 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇਮਰਾਨ ਖਾਨ ਨੂੰ 20 ਅਰਬ ਦਾ ਨੋਟਿਸ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਚੀਫ਼ ਜਸਟਿਸ ਇਫ਼ਤਿਖ਼ਾਰ ਮੁਹੰਮਦ ਚੌਧਰੀ ਨੇ ਸਿਆਸਤਦਾਨ ਇਮਰਾਨ ਖ਼ਾਨ ਨੂੰ 20 ਅਰਬ ਰੁਪਏ ਦਾ ਮਾਣਹਾਨੀ ਨੋਟਿਸ ਭੇਜਿਆ ਹੈ। ਪਾਕਿਸਤਾਨ ਤਹਿਰੀਕ-ਇ-ਇਨਸਾਫ਼ ਪਾਰਟੀ (ਪੀ.ਟੀ.ਆਈ.) ਦੇ ਮੁਖੀ ਇਮਰਾਨ ਖ਼ਾਨ ਨੇ ਕਿਹਾ ਸੀ ਕਿ 2013 ਦੀਆਂ ਆਮ ਚੋਣਾਂ ਦੌਰਾਨ ਚੌਧਰੀ, ਪਾਕਿਸਤਾਨ ਦੇ ਚੀਫ ਜਸਟਿਸ ਹੁੰਦਿਆਂ ਵੀ ਤਿਕੜਮਬਾਜ਼ੀ ਤੇ ਹੋਰ ਕੋਤਾਹੀਆਂ ਨਹੀਂ ਰੋਕ ਸਕੇ ਸਨ ਤੇ ਇਸ ਤਰ੍ਹਾਂ ਉਨ੍ਹਾਂ ਨੇ ਉਨ੍ਹਾਂ ਦੇ ਵਿਰੋਧੀਆਂ ਦੀ ਜਿੱਤਣ ਦੇ ਅਸਿੱਧੇ ਢੰਗ ਨਾਲ ਮਦਦ ਕੀਤੀ ਸੀ। ਚੌਧਰੀ ਦੇ ਵਕੀਲਾਂ ਨੇ ਖਾਨ ਨੂੰ ਇਹ ਨੋਟਿਸ, ਦੇਸ਼ ਦੀ ਸਿਖਰਲੀ ਨਿਆਂਪਾਲਿਕਾ ਦਾ ਅਕਸ ਮਲੀਨ ਕਰਨ ਤੇ ਸਾਬਕਾ ਜੱਜ ਦੀ ਤੌਹੀਨ ਕਰਨ ਦੇ ਦੋਸ਼ਾਂ ਵਿਚ ਭੇਜਿਆ ਹੈ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

Gurdip Singh Sandhu
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਸੱਤ ਸਾਲਾਂ ਵਿਚ ਦੁੱਗਣਾ ਹੋਇਆ ਪੰਜਾਬ ਦਾ ਕਰਜ਼ਾ

**ਚੰਡੀਗੜ੍ਹ:** ਪਿਛਲੇ ਸੱਤ ਸਾਲਾਂ ਦੌਰਾਨ ਪੰਜਾਬ ਸਿਰ ਚੜ੍ਹਿਆ ਕਰਜ਼ਾ 99 ਫ਼ੀਸਦੀ ਵਧ ਗਿਆ ਹੈ ਤੇ ਮਾਰਚ 2015 ਤੱਕ ਸਰਕਾਰ ਨੂੰ 2484 ਕਰੋੜ ਰੁਪਏ ਵਿਆਜ ਦੀ ਕਿਸ਼ਤ ਤਾਰ ਕੇ ਖਹਿੜਾ ਛੁਡਾਉਣਾ ਪਵੇਗਾ। 31 ਮਾਰਚ 2014 ਨੂੰ ਸੂਬੇ ਸਿਰ 1,01,969,92 ਕਰੋੜ ਰੁਪਏ ਦਾ ਕਰਜ਼ਾ ਹੈ ਜੋ ਨਿਰੰਤਰ ਵਧਦਾ ਜਾ ਰਿਹਾ ਹੈ। ਸਰਕਾਰ ਨੂੰ ਇਸ ਕਰਜ਼ੇ ਉਪਰ ਚਾਲੂ ਵਿੱਤੀ ਵਰ੍ਹੇ ਦੌਰਾਨ 8371.30 ਕਰੋੜ ਰੁਪਏ ਵਿਆਜ ਦੀ ਅਦਾਇਗੀ ਕਰਨੀ ਪੈਣੀ ਹੈ। ਅੰਕੜਿਆਂ ਮੁਤਾਬਕ 31 ਮਾਰਚ 2007 ਨੂੰ ਸੂਬਾ ਸਰਕਾਰ ਸਿਰ 51,155 ਕਰੋੜ ਰੁਪਏ ਦਾ ਕਰਜ਼ਾ ਸੀ ਜੋ ਸੱਤ ਸਾਲਾਂ ਬਾਅਦ 31 ਮਾਰਚ 2014 ਨੂੰ ਵਧ ਕੇ 1,01,970 ਕਰੋੜ ਰੁਪਏ ਹੋ ਗਿਆ ਹੈ।

ਪਿਛਲੇ ਸੱਤ ਸਾਲਾਂ ਦੌਰਾਨ ਪੰਜਾਬ ਸਿਰ ਚੜ੍ਹੇ ਕਰਜ਼ੇ ਵਿਚ 99 ਫ਼ੀਸਦੀ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇਸ ਵਾਧੇ ਨੂੰ ਫਿਲਹਾਲ ਰੋਕਣ ਦੀ ਕੋਈ ਗੁੰਜਾਇਸ਼ ਨਹੀਂ ਹੈ ਤੇ ਅਗਲੇ ਵਰ੍ਹਿਆਂ ਦੌਰਾਨ ਵੀ ਇਸ ਵਿਚ ਹੋਰ ਵਾਧਾ ਹੋਵੇਗਾ। ਦੱਸਣਯੋਗ ਹੈ ਕਿ ਜਦੋਂ ਬਾਦਲ ਸਰਕਾਰ ਨੇ 31 ਮਾਰਚ 2012 ਨੂੰ ਆਪਣੀ ਦੂਜੀ ਪਾਰੀ ਦੀ ਸ਼ੁਰੂ ਕੀਤੀ ਸੀ ਤਾਂ ਉਸ ਵੇਲੇ ਪੰਜਾਬੀਆਂ ਸਿਰ 83,099 ਕਰੋੜ ਰੁਪਏ ਕਰਜ਼ਾ ਸੀ ਜਿਸ ਵਿਚ ਦੋ ਸਾਲਾਂ ਬਾਅਦ ਭਾਵ 31 ਮਾਰਚ 2014 ਨੂੰ 18,871 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਇਸ ਭਾਰੀ ਕਰਜ਼ੇ ਕਾਰਨ ਓਵਰ ਡਰਾਫਟ ਤੋਂ ਬਚਣ ਲਈ ਨਿਰੰਤਰ




ਚੁੱਪ-ਚੁਪੀਤੇ ਪੰਜਾਬ ਦੇ ਖਜ਼ਾਨਾ ਦਫਤਰਾਂ ਨੂੰ ਹਦਾਇਤਾਂ ਜਾਰੀ ਕਰ ਕੇ ਮੁਲਾਜ਼ਮਾਂ ਤੇ ਅਧਿਕਾਰੀਆਂ ਦੀਆਂ ਅਦਾਇਗੀਆਂ ਉਪਰ ਰੋਕ ਲਾਉਣੀ ਪੈ ਰਹੀ ਹੈ। ਸਰਕਾਰ ਖਜ਼ਾਨਾ ਦਫ਼ਤਰਾਂ ਰਾਹੀਂ ਅਦਾਇਗੀਆਂ ਨੂੰ ਕਈ ਸਾਲਾਂ ਤੋਂ ਟੁੱਟਵੇਂ ਢੰਗ ਨਾਲ ਜਾਰੀ ਕਰ ਕੇ ਬੁੱਤਾ ਸਾਰ ਰਹੀ ਹੈ। ਦਰਅਸਲ ਪੰਜਾਬ ਸਰਕਾਰ ਵੱਲੋਂ ਕਰਜ਼ੇ ਦਾ ਮੂਲ ਉਤਾਰਨਾ ਤਾਂ ਦੂਰ ਦੀ ਗੱਲ, ਵਿਆਜ ਉਤਾਰਨ ਲਈ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜੇ ਪਾਸੇ ਉਦਯੋਗ ਤੇ ਕਾਮਰਸ ਵਿਭਾਗ ਦੇ ਮੰਤਰੀ ਮਦਨ ਮੋਹਨ ਮਿੱਤਲ ਵੱਲੋਂ ਚਾਰ ਕਾਰਪੋਰੇਸ਼ਨਾਂ ਦੇ ਪੇਸ਼ ਕੀਤੇ ਅੰਕੜੇ ਵੀ ਪੰਜਾਬੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਹਨ। ਸਰਕਾਰ ਮੁਤਾਬਕ ਪੰਜਾਬ ਸੂਚਨਾ ਤੇ ਸੰਚਾਰ ਤਕਨਾਲੋਜੀ ਨਿਗਮ ਸਾਲ 2010-11 ਦੌਰਾਨ 1106 ਲੱਖ ਰੁਪਏ ਦੇ ਲਾਭ ਵਿਚ ਸੀ ਤੇ ਸਾਲ 2011-12 ਦੌਰਾਨ ਹੈਰਾਨੀਜਨਕ ਢੰਗ ਨਾਲ ਹੋਏ ਉਲਟਫੇਰ ਕਾਰਨ ਇਹ 1208 ਲੱਖ ਰੁਪਏ ਦੇ ਘਾਟੇ ਵਿਚ ਚਲਾ ਗਿਆ ਹੈ। ਪਿਛਲੇ ਵਰ੍ਹੇ ਤੱਕ ਵੀ ਇਹ 176 ਲੱਖ ਰੁਪਏ ਘਾਟੇ ਵਿਚ ਹੈ। ਪੰਜਾਬ ਰਾਜ ਉਦਯੋਗ ਵਿਕਾਸ ਨਿਗਮ ਵੀ ਪਿਛਲੇ ਵਰ੍ਹੇ 43 ਕਰੋੜ ਰੁਪਏ ਦੇ ਘਾਟੇ ਵਿਚ ਹੈ। ਇਹ ਨਿਗਮ ਸਾਲ 2006-07 ਤੋਂ ਘਾਟੇ ਵਿਚ ਹੀ ਚੱਲਦਾ ਆ ਰਿਹਾ ਹੈ।

ਪੰਜਾਬ ਵਿਕਾਸ ਨਿਗਮ ਵੀ ਪਿਛਲੇ ਵਰ੍ਹੇ 10 ਕਰੋੜ ਰੁਪਏ ਘਾਟੇ ਵਿਚ ਹੈ। ਇਹ ਕਾਰਪੋਰੇਸ਼ਨ ਸਾਲ 2006-07 ਤੋਂ ਘਾਟੇ ਵਿਚ ਹੀ ਚੱਲਦੀ ਆ ਰਹੀ ਹੈ। ਤਸੱਲੀ ਦੀ ਗੱਲ ਇਹ ਹੈ ਕਿ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਨਿਰੰਤਰ ਲਾਭ ਵਿੱਚ ਚੱਲ ਰਿਹਾ ਹੈ ਤੇ ਪਿਛਲੇ ਵਰ੍ਹੇ ਇਹ ਤਕਰੀਬਨ 37 ਕਰੋੜ ਰੁਪਏ ਦੇ ਲਾਭ ਵਿਚ ਸੀ।

## ਸਿੱਖ ਡਰਾਈਵਰ 'ਤੇ ਹਮਲਾ ਨਫ਼ਰਤੀ ਜੁਰਮਾਂ ਵਿਚ ਸ਼ਾਮਲ

**ਨਿਊਯਾਰਕ:** ਨਿਊਯਾਰਕ ਦਾ ਇਕ ਸਿੱਖ ਟੈਕਸੀ ਡਰਾਈਵਰ ਆਪਣੇ ਉੱਤੇ ਤਕਰੀਬਨ ਦੋ ਮਹੀਨੇ ਪਹਿਲਾਂ ਹੋਏ ਹਮਲੇ ਨੂੰ ਨਸਲੀ ਹਮਲੇ ਵਜੋਂ ਦਰਜ ਕਰਵਾਉਣ ਵਿਚ ਸਫਲ ਰਿਹਾ ਹੈ, ਜਦੋਂਕਿ ਪਹਿਲਾਂ ਇਸ ਘਟਨਾ ਨੂੰ ਪੁਲਿਸ ਨੇ ਮਹਿਜ਼ ਆਮ ਸੜਕ ਹਾਦਸੇ ਵਜੋਂ ਦਰਜ ਕੀਤਾ ਸੀ। ਪੀੜਤ ਸਿੱਖ ਜੁਗਿੰਦਰ ਸਿੰਘ ਦਾ ਦੋਸ਼ ਹੈ ਕਿ ਉਸ ਉੱਤੇ ਕੁਝ ਵਿਅਕਤੀਆਂ ਨੇ ਬਿਨਾਂ ਭੜਕਾਹਟ ਦੇ ਹਮਲਾ ਕਰਕੇ ਨਾ ਸਿਰਫ਼ ਉਸ ਦੇ ਵਾਹਨ ਨੂੰ ਨੁਕਸਾਨ ਪਹੁੰਚਾਇਆ ਸਗੋਂ ਉਸ ਉੱਤੇ ਥੁੱਕਿਆ ਤੇ ਨਸਲੀ ਟਿੱਪਣੀਆਂ ਕੀਤੀਆਂ।

ਇਹ ਘਟਨਾ ਮੈਡੀਸਨ ਸਕੁਏਅਰ ਗਾਰਡਨ ਨੇੜੇ ਵਾਪਰੀ ਸੀ। ਜੁਗਿੰਦਰ ਸਿੰਘ ਦੀ ਇਸ ਇਨਸਾਫ ਦੀ ਲੜਾਈ ਵਿਚ ਸਿੱਖ ਹੱਕਾਂ ਲਈ ਕੰਮ ਕਰਦੀ ਜਥੇਬੰਦੀ ਯੂਨਾਈਟਿਡ ਸਿੱਖਸ ਨੇ ਮਦਦ ਕੀਤੀ। ਜਥੇਬੰਦੀ ਦੀ ਟੀਮ ਨੇ ਇਸ ਬਾਰੇ ਨਿਊਯਾਰਕ ਪੁਲਿਸ ਕਮਿਸ਼ਨਰ ਤੇ ਅਟਾਰਨੀ ਜਨਰਲ ਦੇ ਦਫ਼ਤਰ ਤੱਕ ਪਹੁੰਚ ਕੀਤੀ। ਇਸ ਤੋਂ ਬਾਅਦ ਪੁਲਿਸ ਰਿਪੋਰਟ ਨੂੰ ਸੋਧ ਕੇ ਇਸ ਵਿਚ ਮੁਜਰਮਾਨਾ ਇਰਾਦੇ ਦੇ ਦੋਸ਼ਾਂ ਨੂੰ ਸ਼ਾਮਲ ਕਰ ਦਿੱਤਾ ਗਿਆ ਹੈ। ਹੁਣ ਪੀੜਤ ਆਪਣੇ ਉੱਤੇ ਹੋਏ ਨਸਲੀ ਹਮਲੇ ਬਾਰੇ ਅਦਾਲਤ ਵਿਚ ਮਜ਼ਬੂਤੀ ਨਾਲ ਲੜਾਈ ਲੜ ਸਕੇਗਾ।

## ਕਰਜ਼ੇ ਲਈ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ: ਭੱਠਲ

**ਜਲੰਧਰ:** ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਦੀਆਂ ਨੀਤੀਆਂ ਕਾਰਨ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਪੰਡ ਦਿਨੋ-ਦਿਨ ਹੋਰ ਭਾਰੀ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ਾ 1,13, 000 ਕਰੋੜ ਰੁਪਏ ਹੋ ਗਿਆ ਹੈ। ਇਥੇ ਹੀ ਬੱਸ ਨਹੀਂ ਸਰਕਾਰ ਵੱਲੋਂ ਵਿਆਜ ਤੇ ਹੋਰਨਾਂ ਦੇਣਦਾਰੀਆਂ ਲਈ 12 ਹਜ਼ਾਰ ਕਰੋੜ ਦਾ ਹੋਰ ਕਰਜ਼ਾ ਲਿਆ ਜਾ ਰਿਹਾ ਹੈ। ਇਸ ਸਮੇਂ ਜਿਥੇ ਖੇਤੀਬਾੜੀ ਦੀ ਵਿਕਾਸ ਦਰ ਵਿਚ ਗਿਰਾਵਟ ਆਈ ਹੈ, ਉਥੇ ਸਮੁੱਚੀ ਵਿਕਾਸ ਦਰ ਵੀ ਕਈ ਗੁਣਾ ਘਟੀ ਹੈ। ਬੀਬੀ ਭੱਠਲ ਨੇ ਸੂਬੇ ਦੀ ਮਾੜੀ ਆਰਥਿਕ ਸਥਿਤੀ ਲਈ ਜਿਥੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ ਕਿ ਉਹ ਸੂਬੇ ਲਈ ਵਿਸ਼ੇਸ਼ ਆਰਥਿਕ ਪੈਕੇਜ ਮੰਗਣ ਉਥੇ ਸਰਹੱਦੀ ਸੂਬਾ ਹੋਣ ਕਾਰਨ ਕੇਂਦਰ ਸਰਕਾਰ ਕੋਲੋਂ ਸਨਅਤੀ ਇਕਾਈਆਂ ਲਈ ਵਿਸ਼ੇਸ਼ ਰਿਆਇਤਾਂ ਦੀ ਮੰਗ ਵੀ ਕਰਨ।



## ਪਟਿਆਲਾ ਤੋਂ ਪ੍ਰਨੀਤ ਤੇ ਤਲਵੰਡੀ ਸਾਬੋ ਤੋਂ ਜੱਸੀ ਕਾਂਗਰਸੀ ਉਮੀਦਵਾਰ

**ਚੰਡੀਗੜ੍ਹ:** ਪੰਜਾਬ ਦੇ ਦੋ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਲਈ ਕਾਂਗਰਸ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਪਾਰਟੀ ਨੇ ਪਟਿਆਲਾ (ਸ਼ਹਿਰੀ) ਹਲਕੇ ਲਈ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਤੇ ਤਲਵੰਡੀ ਸਾਬੋ ਹਲਕੇ ਲਈ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਨੂੰ ਉਮੀਦਵਾਰ ਬਣਾਇਆ ਹੈ।



ਉਮੀਦਵਾਰਾਂ ਦਾ ਐਲਾਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕੀਤਾ। ਦੋਵੇਂ ਹਲਕਿਆਂ ਲਈ ਵੋਟਾਂ 21 ਅਗਸਤ ਨੂੰ ਪੈਣਗੀਆਂ। ਬੀਬੀ ਪ੍ਰਨੀਤ ਕੌਰ ਹਾਲੀਆ ਲੋਕ ਸਭਾ ਚੋਣਾਂ ਵਿਚ ਪਟਿਆਲਾ ਹਲਕੇ ਤੋਂ ਹਾਰ ਗਈ ਸੀ ਜਦੋਂਕਿ ਉਨ੍ਹਾਂ ਦੇ ਪਤੀ ਕੈਪਟਨ ਅਮਰਿੰਦਰ ਸਿੰਘ ਜੋ ਪਟਿਆਲਾ (ਸ਼ਹਿਰੀ) ਵਿਧਾਨ ਸਭਾ ਹਲਕੇ ਤੋਂ ਵਿਧਾਇਕ ਸਨ, ਲੋਕ ਸਭਾ ਚੋਣ ਅੰਮ੍ਰਿਤਸਰ ਹਲਕੇ ਤੋਂ ਜਿੱਤ ਗਏ ਸਨ।

ਇਸ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਲੋਕ ਸਭਾ ਲਈ ਚੁਣੇ ਜਾਣ ਕਾਰਨ ਖਾਲੀ ਹੋਈ ਵਿਧਾਨ ਸਭਾ ਸੀਟ ਉਤੇ ਹੁਣ ਬੀਬੀ ਪ੍ਰਨੀਤ ਕੌਰ ਨੂੰ ਕਾਂਗਰਸੀ ਟਿਕਟ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੂੰ ਹਰਾਇਆ ਸੀ।



ਦੂਜੇ ਪਾਸੇ ਤਲਵੰਡੀ ਸਾਬੋ ਸੀਟ ਉਥੋਂ ਕਾਂਗਰਸੀ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਵੱਲੋਂ ਪਾਰਟੀ ਛੱਡ ਕੇ ਹਾਕਮ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਜਾਣ ਕਾਰਨ ਖਾਲੀ ਹੋਈ ਸੀ।

## ਅਫਸਰਸ਼ਾਹੀ ਮਾਤ ਭਾਸ਼ਾ ਅਪਨਾਉਣ ਤੋਂ ਮੁਨਕਰ

**ਪਟਿਆਲਾ:** ਪੰਜਾਬ ਦੀ ਅਫਸਰਸ਼ਾਹੀ ਦਫਤਰੀ ਕੰਮਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਲਈ ਤਿਆਰ ਨਹੀਂ ਹੈ। ਸਰਕਾਰ ਵੱਲੋਂ ਸਖਤੀ ਦੇ ਦਾਅਵਿਆਂ ਦੇ ਬਾਵਜੂਦ ਸਰਕਾਰੀ ਬਾਊ ਅੰਗਰੇਜ਼ੀ ਨੂੰ ਵੱਧ ਤਰਜੀਹ ਦੇ ਰਹੇ ਹਨ। 2011 ਤੋਂ ਹੁਣ ਤੱਕ 19 ਅਧਿਕਾਰੀ ਤੇ 24 ਕਰਮਚਾਰੀ ਦਫ਼ਤਰੀ ਕੰਮਕਾਜ ਵਿਚ ਪੰਜਾਬੀ ਦੀ ਵਰਤੋਂ ਨਾ ਕਰਨ ਦੇ ਦੋਸ਼ ਹੇਠ ਫੜੇ ਗਏ ਹਨ।

ਰਾਜ ਭਾਸ਼ਾ ਪੰਜਾਬੀ ਤੋਂ ਬੇਮੁੱਖ ਹੋਏ ਇਹ ਅਧਿਕਾਰੀ ਤੇ ਕਰਮਚਾਰੀ ਜ਼ਿਆਦਾਤਰ ਵਿਦੇਸ਼ੀ ਭਾਸ਼ਾ ਅੰਗਰੇਜ਼ੀ ਨੂੰ ਦਫ਼ਤਰੀ ਭਾਸ਼ਾ ਦਾ ਹਿੱਸਾ ਬਣਾਉਂਦੇ ਕਾਬੂ ਆਏ ਹਨ। ਦੱਸਣਯੋਗ ਹੈ ਕਿ ਰਾਜ ਭਾਸ਼ਾ ਸੋਧ ਐਕਟ 2008 ਤਹਿਤ ਪੰਜਾਬ ਸਰਕਾਰ ਦੇ ਦਫ਼ਤਰੀ ਕੰਮਕਾਜ ਦੀ ਭਾਸ਼ਾ ਸ਼ਖਤੀ ਨਾਲ ਪੰਜਾਬੀ ਤੈਅ ਕੀਤੀ ਗਈ ਸੀ। ਇਸ ਐਕਟ ਦੇ ਛੇ ਸਾਲ ਲੰਘਣ ਦੇ ਬਾਵਜੂਦ ਵੀ ਅਜੇ ਤੱਕ ਪੰਜਾਬੀ ਭਾਸ਼ਾ ਪ੍ਰਤੀ ਦਫ਼ਤਰੀ ਪੱਧਰ 'ਤੇ ਉਹ ਸਤਿਕਾਰ ਬਹਾਲ ਨਹੀਂ ਹੋ ਸਕਿਆ ਜਿਸਦੀ ਪੰਜਾਬੀ ਪ੍ਰਸ਼ੰਸਕਾਂ ਨੂੰ ਉਮੀਦ ਬੱਝੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਸੂਬੇ ਵਿਚ ਵਧੇਰੇ ਕਰਕੇ ਉਚ ਅਫਸਰਸ਼ਾਹੀ ਦੀ ਦਫ਼ਤਰੀ ਨੋਟਿੰਗ ਆਦਿ ਪੰਜਾਬੀ ਤੋਂ ਕੋਹਾਂ ਦੂਰ ਹੁੰਦੀ ਹੈ ਤੇ ਜ਼ਿਆਦਾਤਰ ਅਜਿਹਾ ਨਿਪਟਾਰਾ ਅੰਗਰੇਜ਼ੀ ਵਿਚ ਹੀ ਕੀਤਾ ਜਾਂਦਾ ਹੈ।

ਭਾਸ਼ਾ ਵਿਭਾਗ ਪੰਜਾਬ ਤੋਂ ਮਿਲੇ ਜਾਣਕਾਰੀ ਮੁਤਾਬਕ ਵਿਭਾਗ ਨੇ 2011 ਤੋਂ ਜੂਨ 2014 ਤੱਕ ਰਾਜ ਭਾਸ਼ਾ ਪੰਜਾਬੀ ਦੀ ਬਹਾਲੀ ਵਜੋਂ ਸੂਬੇ ਦੇ ਵੱਖ-ਵੱਖ ਦਫਤਰਾਂ ਦੀ ਕੀਤੀ ਗਈ ਚੈਕਿੰਗ ਦੌਰਾਨ ਹਰ ਸਾਲ ਹੀ ਅਧਿਕਾਰੀ ਤੇ ਕਰਮਚਾਰੀ ਪੰਜਾਬੀ ਤੋਂ ਬੇਮੁੱਖ ਪਾਏ ਹਨ। ਸਾਲ 2011 ਦੌਰਾਨ ਭਾਸ਼ਾ ਵਿਭਾਗ ਵੱਲੋਂ 719 ਦਫ਼ਤਰਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿਚ ਸੱਤ ਅਧਿਕਾਰੀ ਤੇ 18 ਕਰਮਚਾਰੀ ਪੰਜਾਬੀ ਦੀ ਬਜਾਏ ਹੋਰਨਾਂ ਭਾਸ਼ਾਵਾਂ ਵਿਚ ਦਫਤਰੀ ਕੰਮਕਾਜ ਕਰਦੇ ਫੜੇ ਗਏ। ਇਸੇ ਤਰ੍ਹਾਂ 2012 ਦੌਰਾਨ 732 ਦਫ਼ਤਰਾਂ ਦੀ ਚੈਕਿੰਗ ਕੀਤੀ ਗਈ ਤੇ ਇਸ ਚੈਕਿੰਗ ਵਿਚੋਂ ਛੇ ਅਧਿਕਾਰੀ ਤੇ ਪੰਜ ਕਰਮਚਾਰੀ ਪੰਜਾਬੀ ਤੋਂ ਦੂਰੀ ਬਣਾਉਂਦੇ ਪਾਏ ਗਏ। 2013 ਵਿਚ 955 ਦਫ਼ਤਰਾਂ ਦੀ ਚੈਕਿੰਗ ਦੌਰਾਨ ਤਿੰਨ ਅਧਿਕਾਰੀ ਪੰਜਾਬੀ ਤੋਂ ਮੁਨਕਰ ਪਾਏ ਗਏ। ਇਸੇ ਤਰ੍ਹਾਂ ਪਹਿਲੀ ਜਨਵਰੀ 2014 ਤੋਂ ਜੂਨ 2014 ਤੱਕ 288 ਦਫਤਰਾਂ ਦੀ ਕੀਤੀ ਗਈ ਚੈਕਿੰਗ ਦੌਰਾਨ ਤਿੰਨ ਅਧਿਕਾਰੀ ਤੇ ਇਕ ਕਰਮਚਾਰੀ ਰਾਜ ਭਾਸ਼ਾ ਤੋਂ ਮੁਨਕਰ ਪਾਇਆ ਗਿਆ ਹੈ। ਅਜਿਹੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦੋ ਵਾਰ ਚਿਤਾਵਨੀ ਦਿੱਤੀ ਜਾਂਦੀ ਹੈ ਤੇ ਜੇਕਰ ਕੋਈ ਤੀਜੀ ਵਾਰ ਅਜਿਹੀ ਗਲਤੀ ਕਰਦਾ ਪਾਇਆ ਜਾਵੇ ਤਾਂ ਉਚੇਰੀ ਸਿੱਖਿਆ ਸਕੱਤਰ ਵੱਲੋਂ ਉਸਦੇ ਵਿਭਾਗ ਦੇ ਸਕੱਤਰ ਨੂੰ ਕਾਰਵਾਈ ਲਈ ਲਿਖਿਆ ਜਾਂਦਾ ਹੈ। ਹਾਲੇ ਤੱਕ ਪੰਜਾਬੀ ਤੋਂ ਮੁਨਕਰ ਹੋਣ ਵਾਲੇ ਅਧਿਕਾਰੀ ਤੇ ਕਰਮਚਾਰੀ ਦੂਜੀ ਵਾਰ ਅਜਿਹੇ ਦੋਸ਼ ਵਿਚ ਨਹੀਂ ਫੜੇ ਗਏ ਹਨ। ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਚੇਤਨ ਸਿੰਘ ਦਾ ਕਹਿਣਾ ਹੈ ਕਿ ਰਾਜ ਭਾਸ਼ਾ ਸੋਧ ਐਕਟ ਨੂੰ ਹੂਬਹੂ ਲਾਗੂ ਕਰਵਾਉਣ ਲਈ ਸੰਜੀਦਗੀ ਨਾਲ ਕੰਮ ਆਰੰਭਿਆ ਗਿਆ ਹੈ।

ਦਫ਼ਤਰਾਂ ਵਿਚ ਪੰਜਾਬੀ ਨੂੰ ਵੱਡੇ ਪੱਧਰ 'ਤੇ ਲਾਗੂ ਕਰਵਾਉਣ ਲਈ ਪਹਿਲਾਂ ਕੀਤੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਪੰਜਾਬੀ ਤੋਂ ਮੁਨਕਰ ਹੋਣ ਵਾਲੇ ਲੋਕਾਂ ਦੀ ਗਿਣਤੀ ਨੂੰ ਭਾਵੇਂ ਕਾਫੀ ਠੱਲ੍ਹ ਪਈ ਹੈ।

# ਜ਼ਿਮਨੀ ਚੋਣ ਤੋਂ ਦੂਰ ਰਹਿਣਗੇ ਪੀ.ਪੀ.ਪੀ. ਅਤੇ ਖੱਬੇ ਪੱਖੀ

**ਚੰਡੀਗੜ੍ਹ:** ਪੰਜਾਬ ਦੀਆਂ ਕਈ ਪਾਰਟੀਆਂ ਦੋ ਵਿਧਾਨ ਸਭਾ ਹਲਕਿਆਂ ਤੋਂ ਜ਼ਿਮਨੀ ਚੋਣ ਲੜਨ ਦੇ ਰੌਂਅ ਵਿਚ ਨਹੀਂ ਹਨ। ਪੀਪਲਜ਼ ਪਾਰਟੀ ਆਫ ਪੰਜਾਬ, ਖੱਬੇਪੱਖੀ ਧਿਰਾਂ ਤੇ ਬਹੁਜਨ ਸਮਾਜ ਪਾਰਟੀ ਚੋਣਾਂ ਵਿਚ ਉਮੀਦਵਾਰ ਖੜ੍ਹੇ ਨਹੀਂ ਕਰ ਰਹੀਆਂ ਹਨ। ਪੀਪਲਜ਼ ਪਾਰਟੀ ਆਫ ਪੰਜਾਬ ਵੱਲੋਂ ਦੋਹਾਂ ਹਲਕਿਆਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਹਮਾਇਤ ਦਿੱਤੀ ਜਾ ਰਹੀ ਹੈ ਜਦੋਂਕਿ ਭਾਰਤੀ ਮਾਰਕਸਵਾਦੀ ਪਾਰਟੀ ਨੇ ਚੋਣ ਮੈਦਾਨ ਵਿਚੋਂ ਬਾਹਰ ਰਹਿਣ ਦਾ ਮਨ ਬਣਾ ਲਿਆ ਹੈ। ਬਹੁਜਨ ਸਮਾਜ ਪਾਰਟੀ ਨੇ ਹਾਲੇ ਰਸਮੀ ਤੌਰ 'ਤੇ ਕੋਈ ਐਲਾਨ ਨਹੀਂ ਕੀਤਾ ਹੈ ਪਰ ਪਾਰਟੀ ਹਾਈਕਮਾਂਡ ਵੱਲੋਂ ਚੋਣਾਂ ਤੋਂ ਦੂਰ ਰਹਿਣ ਦੇ ਸੰਕੇਤ ਦਿੱਤੇ ਜਾ ਚੁੱਕੇ ਹਨ।

ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚ ਮੁਕਾਬਲਾ ਹੋਣ ਦੇ ਆਸਾਰ ਬਣ ਰਹੇ ਹਨ। ਦੋਵੇਂ ਹਲਕਿਆਂ ਲਈ ਵੋਟਾਂ 21 ਅਗਸਤ ਨੂੰ ਪੈਣਗੀਆਂ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਸੇ ਸਾਲ ਦੇ ਸ਼ੁਰੂ ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਇਨ੍ਹਾਂ ਪਾਰਟੀਆਂ (ਜੋ ਇਸ ਵਾਰ ਚੋਣ ਨਹੀਂ ਲੜ ਰਹੀਆਂ) ਦੇ ਉਮੀਦਵਾਰ ਆਪਣਾ ਖਾਤਾ ਵੀ ਨਹੀਂ



ਖੋਲ੍ਹ ਸਕੇ ਸਨ ਤੇ ਉਨ੍ਹਾਂ ਨੂੰ ਮਿਲੀਆਂ ਵੋਟਾਂ ਦੀ ਪ੍ਰਤੀਸ਼ਤਤਾ ਵੀ ਪਹਿਲਾਂ ਨਾਲੋਂ ਹੇਠਾਂ ਆ ਗਈ ਸੀ। ਇਸ ਦੇ ਉਲਟ ਆਮ ਆਦਮੀ ਪਾਰਟੀ ਨੇ ਹੋਂਦ ਵਿਚ ਆਉਣ ਦੇ ਇਕ ਸਾਲ ਦੇ ਅੰਦਰ ਹੀ ਪੰਜਾਬ ਵਿਚ ਚਮਤਕਾਰ ਦਿਖਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਵੀ ਪੰਜਾਬ ਤੋਂ ਬਾਹਰ ਕਿਧਰੇ ਹੁੰਗਾਰਾ ਨਹੀਂ ਮਿਲ ਸਕਿਆ ਸੀ।

ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਕਾਂਗਰਸ ਪਾਰਟੀ ਨਾਲ ਚੋਣ ਸਮਝੌਤੇ ਤਹਿਤ ਤਲਵੰਡੀ ਸਾਬੋ ਹਲਕੇ ਤੋਂ ਹਰਮਿੰਦਰ ਸਿੰਘ ਜੱਸੀ ਤੇ ਪਟਿਆਲਾ ਤੋਂ ਪਰਨੀਤ ਕੌਰ ਦੀ ਹਮਾਇਤ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਆਮ ਲੋਕ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਤੋਂ ਦੁਖੀ ਹਨ ਤੇ ਇਸ ਸਰਕਾਰ ਨੂੰ ਸਬਕ ਸਿਖਾਉਣ ਦੇ ਰੌਂਅ ਵਿਚ ਹਨ। ਇਸ ਕਰਕੇ ਹਾਕਮ ਧਿਰ ਨੂੰ ਸਬਕ ਸਿਖਾਉਣ ਦਾ ਇਹ ਢੁਕਵਾਂ ਮੌਕਾ ਹੈ। ਉਹ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਗਠਨ ਤੋਂ ਵਿਹਲੇ ਹੋ ਕੇ ਅਗਲੇ ਦਿਨੀਂ ਚੋਣ ਪ੍ਰਚਾਰ ਵਿਚ ਜੁਟ ਜਾਣਗੇ।

ਬਸਪਾ ਦੇ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਨੇ ਕਿਹਾ ਕਿ ਹਾਲੇ ਤੱਕ ਉਮੀਦਵਾਰ ਨਾ ਖੜ੍ਹੇ ਕਰਨ ਦਾ ਮਨ ਹੈ ਤੇ ਪਾਰਟੀ ਹਾਈਕਮਾਂਡ ਵੱਲੋਂ ਵੀ ਚੋਣਾਂ ਵਿਚ ਹਿੱਸਾ ਲੈਣ ਬਾਰੇ ਹਦਾਇਤਾਂ ਨਹੀਂ ਆਈਆਂ ਹਨ। ਸੀ.ਪੀ.ਆਈ. ਦੇ ਸੂਬਾ ਸਕੱਤਰ ਬੰਤ ਬਰਾੜ ਨੇ ਕਿਹਾ ਕਿ ਦੋਹਾਂ ਹਲਕਿਆਂ ਵਿਚ ਪਾਰਟੀ ਦਾ ਜ਼ਿਆਦਾ ਆਧਾਰ ਨਹੀਂ ਹੈ, ਇਸ ਲਈ ਚੋਣ ਨਾ ਲੜਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸੀ.ਪੀ.ਆਈ. (ਐਮ.) ਦੇ ਸੂਬਾ ਸਕੱਤਰ ਚਰਨ ਸਿੰਘ ਵਿਰਦੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਚੋਣ ਲੜਨ ਬਾਰੇ ਅਜੇ ਜੱਕੋਤੱਕੀ ਵਿਚ ਹੈ ਤੇ ਮੈਂਬਰਾਂ ਵੱਲੋਂ ਦੋਹਾਂ ਹਲਕਿਆਂ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ ਗਈ ਹੈ।

## ਬਲਕਾਰ ਸਿੱਧੂ ਤੇ ਅਦਾਲਤੀਵਾਲਾ 'ਆਪ' ਦੇ ਉਮੀਦਵਾਰ

**ਸੁਨਾਮ:** ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ ਦੋ ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਤੋਂ ਪੰਜਾਬੀ ਗਾਇਕ ਬਲਕਾਰ ਸਿੱਧੂ ਤੇ ਪਟਿਆਲਾ ਵਿਧਾਨ ਸਭਾ ਹਲਕੇ ਤੋਂ ਹਰਜੀਤ ਸਿੰਘ ਅਦਾਲਤੀਵਾਲਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਤਿੰਨ ਰੋਜ਼ਾ ਕੌਮੀ ਕਾਰਜਕਾਰਨੀ ਦੀ ਬੈਠਕ ਦੀ ਸਮਾਪਤੀ ਉਪਰੰਤ ਦੱਸਿਆ ਕਿ ਦੋਵੇਂ ਸੀਟਾਂ 'ਤੇ ਉਹ ਖੁਦ ਵੀ ਚੋਣ ਪ੍ਰਚਾਰ ਕਰਨ ਲਈ ਆਉਣਗੇ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਬੈਠਕ ਵਿਚ ਵਿਚਾਰ ਚਰਚਾ ਤੋਂ ਬਾਅਦ ਫ਼ੈਸਲਾ ਲਿਆ ਗਿਆ ਹੈ ਕਿ ਪਾਰਟੀ ਆਪਣੀ ਤਾਕਤ ਦਿੱਲੀ ਵਿਧਾਨ ਸਭਾ ਚੋਣਾਂ ਉਪਰ ਲਗਾਏਗੀ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਸੂਬੇ ਵਿਚ ਕੈਂਸਰ ਦੀ ਵੱਡੀ ਸਮੱਸਿਆ ਹੈ ਜਿਸ ਦਾ ਮੁੱਖ ਕਾਰਨ ਪਾਣੀ ਵਿਚ ਯੂਰੇਨੀਅਮ ਦਾ ਹੋਣਾ ਹੈ। ਪੰਜਾਬ ਸਰਕਾਰ ਨੂੰ ਪੀਣ ਵਾਲੇ ਸਾਫ਼ ਪਾਣੀ ਦੇ ਪੁਖ਼ਤਾ ਪ੍ਰਬੰਧ ਦੇ ਨਾਲ-ਨਾਲ ਕੈਂਸਰ ਦੇ ਇਲਾਜ ਲਈ ਹਸਪਤਾਲ ਸਥਾਪਤ ਕਰਨੇ ਚਾਹੀਦੇ ਹਨ।





# ਚੀਨੀ ਸਰਹੱਦ ਨੇੜੇ ਰੇਲ ਲਾਈਨਾਂ ਵਿਛਾਏਗਾ ਭਾਰਤ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਚੀਨ ਨਾਲ ਪੈਂਦੀ ਅਸਲ ਕੰਟਰੋਲ ਰੇਖਾ ਨਾਲ ਲੱਗਦੇ ਖੇਤਰਾਂ ਨੂੰ ਜੋੜਨ ਲਈ ਹਿਮਾਲਿਆ ਖਿੱਤੇ ਵਿਚਲੇ ਰਣਨੀਤਕ ਤੌਰ 'ਤੇ ਅਹਿਮ ਖੇਤਰਾਂ ਵਿਚ ਰੇਲਵੇ ਲਾਈਨਾਂ ਵਿਛਾਉਣ ਦਾ ਫੈਸਲਾ ਕਰ ਲਿਆ ਹੈ। ਇਹ ਪ੍ਰਾਜੈਕਟ ਸਿਰੇ ਚੜ੍ਹਨ ਨਾਲ ਇਸ ਊਬੜ-ਖਾਬੜ ਤੇ ਘੌਝੜ ਇਲਾਕੇ ਵਿਚ ਫੌਜੀ ਨਫ਼ਰੀ ਤੇਜ਼ੀ ਨਾਲ ਤਾਇਨਾਤ ਕਰਨ ਵਿਚ ਸੌਖ ਹੋ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਉਪ ਕੌਮੀ ਸੁਰੱਖਿਆ ਸਲਾਹਕਾਰ ਨਿਹਚਲ ਸੰਧੂ ਦੀ ਪ੍ਰਧਾਨਗੀ ਹੇਠ 14 ਜੁਲਾਈ ਨੂੰ ਹੋਈ ਇਕ ਆਲ੍ਹਾ ਮਿਆਰੀ ਮੀਟਿੰਗ ਵਿਚ ਰੱਖਿਆ ਤੇ ਵਿੱਤ ਮੰਤਰਾਲਿਆਂ ਦੇ ਨੁਮਾਇੰਦੇ ਸ਼ਾਮਲ ਹੋਏ ਤੇ ਰਣਨੀਤਕ ਤੌਰ 'ਤੇ ਅਹਿਮ ਚਾਰ ਰੇਲਵੇ ਲਾਈਨਾਂ ਵਿਛਾਉਣ ਦਾ ਕੰਮ ਪਹਿਲ ਦੇ ਆਧਾਰ 'ਤੇ ਸ਼ੁਰੂ ਕਰਨ ਦਾ ਫੈਸਲਾ ਕੀਤਾ, ਜਿਸ ਲਈ ਬਜਟ ਵਿਚ 1000 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ।

ਇਹ ਚਾਰ ਲਾਈਨਾਂ ਉਨ੍ਹਾਂ 14 ਰਣਨੀਤਕ ਲਾਈਨਾਂ ਵਿਚ ਸ਼ੁਮਾਰ ਹਨ, ਜਿਨ੍ਹਾਂ ਦੀ ਰੱਖਿਆ ਮੰਤਰਾਲੇ ਨੇ ਨਿਸ਼ਾਨਦੇਹੀ ਕੀਤੀ ਸੀ। ਅਸਲ ਕੰਟਰੋਲ ਰੇਖਾ ਦੇ ਆਪਣੇ ਪਾਸੇ ਦੇ ਖੇਤਰਾਂ ਨੂੰ ਪਹਿਲਾਂ ਹੀ ਤੇਜ਼ ਰਫ਼ਤਾਰ ਰੇਲ ਲਿੰਕਾਂ ਨਾਲ ਜੋੜ ਦਿੱਤਾ ਹੈ। ਭਾਰਤ ਵੱਲੋਂ ਹਿਮਾਲਿਆ ਦੇ ਇਸ ਖੇਤਰ ਵਿਚ ਪਹਿਲੀ ਵਾਰ ਅਜਿਹਾ ਪ੍ਰਾਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨਾਲ ਨਵੀਂ ਕਾਇਮ ਕੀਤੀ ਮਾਊਂਟੇਨ ਸਟ੍ਰਾਈਕ ਕੋਰ ਨੂੰ ਤੇਜ਼ੀ ਨਾਲ ਅਗਲੇ ਮੋਰਚਿਆਂ 'ਤੇ ਤਾਇਨਾਤ ਕਰਨ ਵਿਚ ਸੌਖ ਹੋ ਜਾਵੇਗੀ। ਉਂਜ, ਰਣਨੀਤਕ ਪਹਿਲੂ ਤੋਂ ਇਲਾਵਾ ਇਹ ਰੇਲ ਪ੍ਰਾਜੈਕਟ ਖਿੱਤੇ ਦੇ ਸਮਾਜੀ-ਆਰਥਿਕ ਵਿਕਾਸ ਲਈ ਵੀ ਸਹਾਈ ਹੋਵੇਗੀ। ਇਸ ਪ੍ਰਾਜੈਕਟ ਦਾ ਸਭ ਤੋਂ ਅਹਿਮ ਪਹਿਲੂ ਜੰਮੂ-ਕਸ਼ਮੀਰ ਵਿਚ ਲੇਹ ਤੇ ਅਰੁਣਾਚਲ ਪ੍ਰਦੇਸ਼ ਵਿਚ ਤਵਾਂਗ ਨੂੰ ਭਾਰਤ ਦੇ ਮੁੱਖ ਖੇਤਰ ਨਾਲ ਜੋੜਨਾ ਹੋਵੇਗਾ। ਇਹ ਦੋਵੇਂ ਟਿਕਾਣੇ ਅਸਲ ਕੰਟਰੋਲ ਰੇਖਾ ਦੇ ਨੇੜੇ ਹਨ ਤੇ ਇਥੇ 1962 ਵਿਚ ਵੱਡੀਆਂ ਲੜਾਈਆਂ ਹੋਈਆਂ ਸਨ। ਇਥੇ ਪ੍ਰਮੁੱਖ ਫੌਜੀ ਛਾਉਣੀਆਂ ਵੀ ਸਥਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਦੋ ਹੋਰ ਮਾਰਗਾਂ ਰਾਹੀਂ ਉੱਤਰ ਪੂਰਬ ਦੇ ਬਾਕੀ ਰਾਜਾਂ ਨੂੰ ਅਰੁਣਾਚਲ ਪ੍ਰਦੇਸ਼ ਨਾਲ ਜੋੜਿਆ ਜਾਵੇਗਾ। ਉੱਤਰੀ ਭਾਰਤ ਲਈ ਵੀ ਇਹ ਰੇਲ ਲਿੰਕ ਕਾਫੀ ਅਹਿਮ ਹੋਵੇਗਾ। ਇਸ ਬਾਰੇ ਹੰਢਣਸਾਰਤਾ ਰਿਪੋਰਟ ਵਿਚ ਬਿਲਾਸਪੁਰ-ਮਨਾਲੀ-ਲੇਹ ਰੇਲਵੇ ਲਾਈਨ 'ਤੇ 22831 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਸ ਦਾ ਸ਼ੁਰੂਆਤੀ ਬਿੰਦੂ ਪੰਜਾਬ ਵਿਚ ਕੀਰਤਪੁਰ ਸਾਹਿਬ ਜਾਂ ਪਠਾਨਕੋਟ ਹੋ ਸਕਦਾ ਹੈ। ਪਠਾਨਕੋਟ ਤੇ ਜੋਗਿੰਦਰਨਗਰ ਵਿਚਕਾਰ 181 ਕਿਲੋਮੀਟਰ ਲੰਮੀ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਬਣਾਈ ਗਈ ਸੀ, ਜਿਸ ਨੂੰ ਚੌੜੀ ਗੇਜ਼ ਲਾਈਨ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਤੇ ਇਸ ਉਪਰ 3279 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ।

# ਹੁਣ ਤੰਬਾਕੂ ਮੁਕਤ ਹੋਣਗੀਆਂ ਪੰਜਾਬ ਦੀਆਂ ਜੇਲ੍ਹਾਂ

**ਬਠਿੰਡਾ:** ਪੰਜਾਬ ਹੁਣ ਤੀਜਾ ਸੂਬਾ ਬਣ ਗਿਆ ਹੈ, ਜਿਥੋਂ ਦੀਆਂ ਜੇਲ੍ਹਾਂ ਤੰਬਾਕੂ ਮੁਕਤ ਹੋਣਗੀਆਂ। ਗੁਜਰਾਤ ਤੇ ਕੇਰਲ ਸੂਬਿਆਂ ਦੀਆਂ ਜੇਲ੍ਹਾਂ ਵਿਚ ਤਾਂ ਪਹਿਲਾਂ ਹੀ ਬੀੜੀ ਸਿਗਰਟ ਦੀ ਵਿਕਰੀ ਤੇ ਪੀਣ ਦੀ ਮਨਾਹੀ ਸੀ। ਜੇਲ੍ਹ ਵਿਭਾਗ ਪੰਜਾਬ ਇਸ ਤੋਂ ਪਹਿਲਾਂ ਖੁਦ ਹੀ ਹਰ ਜੇਲ੍ਹ ਦੀ ਕੰਟੀਨ ਵਿਚ ਬੀੜੀ ਸਿਗਰਟ ਦੀ ਵਿਕਰੀ ਕਰ ਰਿਹਾ ਸੀ। ਬੰਦੀਆਂ ਨੂੰ ਕੰਟੀਨ ਤੋਂ ਬੀੜੀ ਸਿਗਰਟ ਰੁਟੀਨ ਵਿਚ ਹੀ ਮਿਲਦੀ ਸੀ। ਜੇਲ੍ਹ ਵਿਭਾਗ ਵੱਲੋਂ ਇਸ ਤੋਂ ਕਾਫ਼ੀ ਕਮਾਈ ਕੀਤੀ ਜਾਂਦੀ ਸੀ।

ਡੀ.ਜੀ.ਪੀ. (ਜੇਲ੍ਹਾਂ) ਨੇ ਜੇਲ੍ਹਾਂ ਨੂੰ ਪੱਤਰ ਜਾਰੀ ਕਰਕੇ ਫੌਰੀ ਬੀੜੀ ਸਿਗਰਟ ਦੀ ਵਿਕਰੀ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਕੀਤੇ ਹਨ ਕਿ ਜੇਲ੍ਹਾਂ ਦੀ ਕੰਟੀਨ ਵਿਚ ਜੋ ਬੀੜੀ ਸਿਗਰਟ ਦੇ ਸਟਾਕ ਹਨ, ਉਨ੍ਹਾਂ ਦੇ ਖ਼ਤਮ ਹੋਣ ਮਗਰੋਂ ਇਸ ਦੀ ਵਿਕਰੀ ਜੇਲ੍ਹਾਂ ਵਿਚ ਬੰਦ ਕਰ ਦਿੱਤੀ ਜਾਵੇ। ਪੱਤਰ ਵਿਚ ਆਖਿਆ ਗਿਆ ਹੈ ਕਿ ਜੇਲ੍ਹਾਂ ਵਿਚ ਬੀੜੀ ਸਿਗਰਟ ਪੀਣ ਦੀ ਮਨਾਹੀ ਵੀ ਹੋਵੇਗੀ। ਕਿਸੇ ਵੀ ਬੰਦੀ ਕੋਲੋਂ ਜੇਕਰ ਕੋਈ ਬੀੜੀ ਸਿਗਰਟ ਫੜੀ ਜਾਂਦੀ ਹੈ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਦਾ ਕਹਿਣਾ ਹੈ ਕਿ ਜੇਲ੍ਹਾਂ ਨੂੰ ਤੰਬਾਕੂ ਮੁਕਤ ਕਰਨ ਵਾਸਤੇ ਇਹ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਆਖਿਆ ਕਿ ਜੇਲ੍ਹਾਂ 'ਚ ਹਰ ਤਰ੍ਹਾਂ ਦੇ ਨਸ਼ੇ ਦੀ ਸਖ਼ਤੀ ਨਾਲ ਮਨਾਹੀ ਕੀਤੀ ਗਈ ਹੈ। ਬਠਿੰਡਾ ਜੇਲ੍ਹ ਦੇ ਸੁਪਰਡੈਂਟ ਰਾਜਮਹਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਡੀ.ਜੀ.ਪੀ (ਜੇਲ੍ਹਾਂ) ਤਰਫ਼ੋਂ ਪੱਤਰ ਪ੍ਰਾਪਤ ਹੋਇਆ ਹੈ, ਜਿਸ ਤਹਿਤ ਜੇਲ੍ਹ ਅੰਦਰ ਬੀੜੀ ਸਿਗਰਟ ਦੀ ਵਿਕਰੀ ਬੰਦ ਕਰ ਦਿੱਤੀ ਗਈ ਹੈ।



*ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਬਨਾਰਸ ਵਾਲੇ ਆਪਣੇ ਜਥੇ ਸਮੇਤ ਤਿੰਨ ਮਹੀਨੇ ਲਈ ਨਿਊ ਜਰਸੀ ਪਹੁੰਚੇ ਹੋਏ ਹਨ। ਉਨ੍ਹਾਂ ਨਾਲ ਸੰਪਰਕ ਫੋਨ 732-325-5805 ਉਤੇ ਕੀਤਾ ਜਾ ਸਕਦਾ ਹੈ।*
*(ਤਸਵੀਰ ਤੇ ਵੇਰਵਾ: ਤਰਲੋਚਨ ਸਿੰਘ ਦੁਪਾਲਪੁਰ)*

## Matrimonial

### ਕੰਨਿਆ ਦੀ ਲੋੜ

ਸੈਣੀ ਸਿੱਖ, 28 ਸਾਲ, 5'-10", ਐਮ ਐਸ (ਇੰਜੀਨੀਅਰ), ਸਟੂਡੈਂਟ ਵੀਜ਼ੇ 'ਤੇ ਆਏ ਅਤੇ ਹੁਣ ਐਚ 1-ਬੀ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 860-833-9913, ਈਮੇਲ: balisaini2284@gmail.com
*31 to 34*

ਜੱਟ ਸਿੱਖ, 40 ਸਾਲ, ਕੱਦ 6'-2", ਬੇਕਰਜ਼ਫੀਲਡ, ਕੈਲੀਫੋਰਨੀਆ ਰਹਿੰਦੇ ਨੌਜਵਾਨ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਵਾਲੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 661-240-8889 ਜਾਂ 661-364-4700
*31 to 34*

ਜੱਟ ਸਿੱਖ, ਕਲੀਨਸ਼ੇਵ, 24 ਸਾਲ, ਕੱਦ 6 ਫੁੱਟ, ਕੈਲੀਫੋਰਨੀਆ ਰਹਿੰਦੇ, ਫੈਡਰਲ ਗੌਰਮਿੰਟ ਦੀ ਜੌਬ ਕਰਦੇ ਲੜਕੇ ਲਈ ਪੜ੍ਹੀ-ਲਿਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੀ ਗਰੀਨ ਕਾਰਡ ਹੋਲਡਰ ਜਾਂ ਅਮੈਰਿਕਨ ਸਿਟੀਜ਼ਨ ਹੋਵੇ। ਵਿਆਹ ਬਿਨਾ ਦਾਜ-ਦਹੇਜ ਤੋਂ। ਸੰਪਰਕ ਕਰੋ: sikhjatt1@yahoo.com
*30 to 33*

ਸੈਣੀ ਸਿੱਖ, 28 ਸਾਲ, ਕੱਦ 5'-8", ਇੰਡੀਆ ਰਹਿੰਦੇ ਬੀ.ਏ. ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 571-428-5175 ਜਾਂ 91-99159-72923 (ਭਾਰਤ)
*30 to 33*

### ਵਰ ਦੀ ਲੋੜ

ਯੂ ਐਸ ਸਿਟੀਜ਼ਨ ਜੱਟ ਸਿੱਖ ਤਲਾਕਸ਼ੁਦਾ ਲੜਕੀ ਉਮਰ 35 ਸਾਲ (ਇਕ ਬੱਚੀ) ਲਈ 35-40 ਸਾਲ ਦੇ ਲੜਕੇ ਦੀ ਲੋੜ ਹੈ। ਕੇਵਲ ਮਾਝੇ ਤੇ ਮਾਲਵੇ ਵਾਲੇ ਹੀ 9 ਤੋਂ 5 ਦਰਮਿਆਨ ਫੋਨ: 510-943-9100 'ਤੇ ਸੰਪਰਕ ਕਰਨ।
*30 to 33*


ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
31=4




Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ


Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 2 ਅਗਸਤ 2014*

# ਸੌੜੀ ਸਿਆਸਤ ਅਤੇ ਹਿੰਸਾ ਦੀ ਮਾਰ

ਉਤਰ ਪ੍ਰਦੇਸ਼ ਦੇ ਸ਼ਹਿਰ ਸਹਾਰਨਪੁਰ ਵਿਚ ਵਾਪਰੀਆਂ ਫਿਰਕੂ ਵਾਰਦਾਤਾਂ ਨੇ ਸਭ ਨੂੰ ਦੁਖੀ ਕੀਤਾ ਹੈ ਅਤੇ ਫਿਕਰ ਵਧਾਇਆ ਹੈ। ਇਨ੍ਹਾਂ ਵਾਰਦਾਤਾਂ ਨੇ ਧਰਮ ਦੇ ਨਾਂ ਉਤੇ ਕੀਤੀ ਜਾਂਦੀ ਸੌੜੀ ਸਿਆਸਤ ਨੂੰ ਇਕ ਵਾਰ ਫਿਰ ਜੱਗ-ਜ਼ਾਹਿਰ ਕਰ ਦਿੱਤਾ ਹੈ। ਮਸਲਾ ਕੁਝ ਵੀ ਨਹੀਂ ਸੀ ਅਤੇ ਇਸ ਦਾ ਹੱਲ ਪਹਿਲਾਂ ਅਦਾਲਤੀ ਫੈਸਲੇ ਰਾਹੀਂ ਤੇ ਫਿਰ ਆਪਸੀ ਸਹਿਮਤੀ ਰਾਹੀਂ ਕੱਢ ਲਿਆ ਗਿਆ ਸੀ, ਪਰ ਜਿਸ ਤਰ੍ਹਾਂ ਪਹਿਲਾਂ ਵੀ ਅਜਿਹਾ ਹੁੰਦਾ ਆਇਆ ਹੈ, ਮੁੱਠੀ ਭਰ ਲੋਕਾਂ ਨੇ ਆਮ ਲੋਕਾਂ ਨੂੰ ਭੜਕਾ ਕੇ ਹਾਲਾਤ ਫਿਰਕੂ ਫਸਾਦਾਂ ਵਿਚ ਤਬਦੀਲ ਕਰ ਦਿੱਤੇ। ਇਨ੍ਹਾਂ ਵਾਰਦਾਤਾਂ ਦਾ ਸਭ ਤੋਂ ਮਾੜਾ ਪੱਖ ਇਹ ਰਿਹਾ ਕਿ ਸਭ ਕੁਝ ਪਤਾ ਹੋਣ ਦੇ ਬਾਵਜੂਦ ਪ੍ਰਸ਼ਾਸਨ ਨੇ ਅਜਿਹਾ ਸਭ ਕੁਝ ਹੋ ਲੈਣ ਦਿੱਤਾ। ਪ੍ਰਸ਼ਾਸਨ ਦੀ ਇਸ ਅਣਗਹਿਲੀ ਤੇ ਲਾਪ੍ਰਵਾਹੀ ਨੇ ਕੀਮਤੀ ਮਨੁੱਖੀ ਜਾਨਾਂ ਵੀ ਲੈ ਲਈਆਂ ਅਤੇ ਇਨ੍ਹਾਂ ਵਾਰਦਾਤਾਂ ਨਾਲ ਫਿਰਕੂ ਮਾਹੌਲ ਨੂੰ ਜਿਹੜੀ ਸੱਟ ਵੱਜੀ ਹੈ, ਉਸ ਦੀ ਭਰਪਾਈ ਲਈ ਪਤਾ ਨਹੀਂ ਅਜੇ ਕਿੰਨਾ ਸਮਾਂ ਹੋਰ ਲੱਗ ਜਾਣਾ ਹੈ। ਮਸਲਾ ਗੁਰਦੁਆਰੇ ਨਾਲ ਸਬੰਧਤ ਜ਼ਮੀਨ ਦਾ ਸੀ ਅਤੇ ਅਦਾਲਤ ਨੇ ਇਸ ਸਬੰਧੀ ਫੈਸਲਾ ਗੁਰਦੁਆਰਾ ਪ੍ਰਬੰਧਕਾਂ ਦੇ ਹੱਕ ਵਿਚ ਕਰ ਦਿੱਤਾ ਸੀ। ਦੋਹਾਂ ਭਾਈਚਾਰਿਆਂ ਦੇ ਮੋਹਤਬਰਾਂ ਨੇ ਬਾਅਦ ਵਿਚ ਇਸ ਬਾਰੇ ਆਪਸੀ ਸਹਿਮਤੀ ਵੀ ਪ੍ਰਗਟ ਕਰ ਦਿੱਤੀ ਸੀ, ਪਰ ਇਸ ਤੋਂ ਬਾਅਦ ਘਟਨਾਵਾਂ ਨੇ ਜਿਸ ਤਰ੍ਹਾਂ ਤੇਜ਼ੀ ਨਾਲ ਮੋੜ ਲਿਆ, ਉਸ ਨੇ ਚਿਰਾਂ ਤੋਂ ਚੱਲ ਰਹੇ ਫਿਰਕੂ ਸਦਭਾਵ ਨੂੰ ਖੇਰੂੰ-ਖੇਰੂੰ ਕਰ ਦਿੱਤਾ ਗਿਆ। ਅਜੇ ਕੁਝ ਸਮਾਂ ਪਹਿਲਾਂ ਦੀ ਹੀ ਗੱਲ ਹੈ, ਉਤਰ ਪ੍ਰਦੇਸ਼ ਦੇ ਹੀ ਕਸਬੇ ਮੁਜ਼ੱਫਰਨਗਰ ਵਿਚ ਵੀ ਇਸੇ ਤਰ੍ਹਾਂ ਘਟਨਾਵਾਂ ਵਾਪਰੀਆਂ ਸਨ ਅਤੇ ਰਾਤੋ-ਰਾਤ ਹਾਲਾਤ ਇੰਨੇ ਵਿਗੜ ਗਏ ਕਿ ਉਦੋਂ ਦੇ ਘਰੋਂ ਬੇਘਰ ਹੋਏ ਲੋਕ ਅੱਜ ਤੱਕ ਵੀ ਆਪਣੇ ਘਰਾਂ ਨੂੰ ਪਰਤ ਨਹੀਂ ਸਕੇ ਹਨ। ਉਸ ਵੇਲੇ ਵੀ ਹੁਣ ਵਾਂਗ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਗੱਲ ਵਿਗੜੀ ਸੀ। ਉਦੋਂ ਵੀ ਜੇ ਪ੍ਰਸ਼ਾਸਨ ਵੇਲੇ ਸਿਰ ਹਰਕਤ ਵਿਚ ਆਉਂਦਾ ਤਾਂ ਉਨ੍ਹਾਂ ਫਿਰਕੂ ਫਸਾਦਾਂ ਤੋਂ ਬਚਿਆ ਜਾ ਸਕਦਾ ਸੀ, ਪਰ ਪ੍ਰਸ਼ਾਸਨ ਅਤੇ ਸਿਆਸੀ ਢਾਂਚੇ ਵਿਚ ਫਿਰਕੂ ਜੜ੍ਹਾਂ ਇੰਨੀਆਂ ਡੂੰਘੀਆਂ ਚਲੀਆਂ ਗਈ ਹਨ ਕਿ ਹਰ ਵਾਰ ਗੱਲ ਬਣਨ ਦੀ ਥਾਂ ਵਿਗੜ ਜਾਂਦੀ ਹੈ ਅਤੇ ਫਿਰ ਇਸ ਦਾ ਖਮਿਆਜ਼ਾ ਆਮ ਬੰਦੇ ਨੂੰ ਭੁਗਤਣਾ ਪੈਂਦਾ ਹੈ। ਪਿਛੋਂ ਪ੍ਰਸ਼ਾਸਨਕ ਅਫਸਰ ਅਤੇ ਸਿਆਸੀ ਆਗੂ ਆਪਣੀ ਦੋ ਕੁ ਦਿਨਾਂ ਦੀ ਸਰਗਰਮੀ ਨਾਲ ਹਰ ਘਟਨਾ ਉਤੇ ਪੋਚਾ ਪਾਉਣ ਦਾ ਯਤਨ ਕਰਦੇ ਹਨ। ਕੁਝ ਸਮਾਂ ਪਾ ਕੇ ਹਾਲਾਤ ਆਮ ਵਰਗੇ ਲੱਗਣ ਲੱਗ ਪੈਂਦੇ ਹਨ। ਅਫਸਰ ਫਿਰ ਆਪੋ-ਆਪਣੇ ਦਫਤਰਾਂ ਵਿਚ ਜਾ ਬੈਠਦੇ ਹਨ ਅਤੇ ਅਗਲੀ ਵਾਰਦਾਤ ਦੀ ਉਡੀਕ ਕਰਨ ਲਗਦੇ ਹਨ। ਸਿਆਸੀ ਆਗੂ ਇਸ ਸਭ ਕਾਸੇ ਤੋਂ ਉਕਾ ਹੀ ਬੇਫਿਕਰ ਹਨ। ਦਰਅਸਲ ਉਨ੍ਹਾਂ ਦੀ ਸਿਆਸਤ ਚੰਗੀ ਚੱਲੀ ਜਾਂਦੀ ਹੈ, ਇਸ ਤੋਂ ਵੱਧ ਉਨ੍ਹਾਂ ਨੂੰ ਕੁਝ ਚਾਹੀਦਾ ਵੀ ਨਹੀਂ ਹੈ। ਇਹ ਸਿਲਸਿਲਾ ਦਹਾਕਿਆਂ ਤੋਂ ਚੱਲ ਰਿਹਾ ਹੈ ਅਤੇ ਇਸ ਵਿਚ ਕੋਈ ਤਬਦੀਲੀ ਨਹੀਂ ਆਈ ਹੈ। ਫਿਲਹਾਲ ਤਬਦੀਲੀ ਦੀ ਕੋਈ ਆਸ ਵੀ ਨਹੀਂ ਦਿਸਦੀ।

ਇਸ ਸਸਤੀ ਸਿਆਸਤ ਦਾ ਸੇਕ ਭਾਰਤ ਮਹਾਨ ਦੇ ਹਰ ਤਬਕੇ ਨੂੰ ਲੱਗ ਚੁੱਕਾ ਹੈ। ਇਸ ਸੇਕ ਵਿਚ ਇਨ੍ਹਾਂ ਤਬਕਿਆਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਖਪ ਗਈਆਂ ਹਨ, ਪਰ ਇਸ ਸੇਕ ਦਾ ਸਿਲਸਿਲਾ ਅਜੇ ਤੱਕ ਮੱਠਾ ਪੈਣ ਦਾ ਨਾਂ ਨਹੀਂ ਲੈ ਰਿਹਾ। 1984 ਦੇ ਸਿੱਖ ਕਤਲੇਆਮ ਨੂੰ ਤਿੰਨ ਦਹਾਕੇ ਹੋ ਗਏ ਹਨ। ਉਸ ਵੇਲੇ ਵੀ ਪ੍ਰਸ਼ਾਸਨ ਦੀ ਥਾਂ ਸੌੜੀ ਸਿਆਸਤ ਦੀ ਹੀ ਚੱਲੀ ਸੀ। ਇੰਨਾ ਵੱਡਾ ਕਤਲੇਆਮ ਪ੍ਰਸ਼ਾਸਨ ਹੱਥਾਂ ਉਤੇ ਹੱਥ ਧਰ ਕੇ ਦੇਖਦਾ ਰਿਹਾ ਸੀ। ਲੋਕ ਮਾਰੇ ਜਾ ਰਹੇ ਸਨ ਅਤੇ ਪ੍ਰਸ਼ਾਸਨ ਆਰਡਰਾਂ ਦੀ ਉਡੀਕ ਕਰ ਰਿਹਾ ਸੀ। ਵਿੰਹਦਿਆਂ-ਵਿੰਹਦਿਆਂ ਹਜ਼ਾਰਾਂ ਜਾਨਾਂ ਚਲੀਆਂ ਗਈਆਂ ਅਤੇ ਹਜ਼ਾਰਾਂ ਘਰ ਉਜੜ ਗਏ। ਸਭ ਤੋਂ ਵੱਡੀ ਗੱਲ, ਉਸ ਵੇਲੇ ਜਿਹੜਾ ਭਰੋਸਾ ਟੁੱਟਿਆ ਅਤੇ ਬੇਗਾਨਗੀ ਦਾ ਜੋ ਅਹਿਸਾਸ ਹੋਇਆ, ਉਸ ਦੀ ਭਰਪਾਈ ਤਿੰਨ ਦਹਾਕਿਆਂ ਬਾਅਦ ਵੀ ਨਹੀਂ ਹੋਈ ਹੈ। ਪੀੜ੍ਹੀਆਂ ਬਦਲ ਗਈਆਂ ਹਨ, ਪਰ ਪੀੜਾ ਉਂਜ ਦੀ ਉਂਜ ਰਿਸ ਰਹੀ ਹੈ, ਬਲਕਿ ਨਾਸੂਰ ਬਣ ਕੇ ਜ਼ਿੰਦਗੀ ਦਾ ਹਿੱਸਾ ਬਣ ਗਈ ਹੈ। ਥੋੜ੍ਹਾ ਹੋਰ ਪਿਛਾਂਹ ਝਾਤੀ ਮਾਰੀਏ ਤਾਂ 1947 ਵਿਚ ਵੰਡ ਵੇਲੇ ਹੋਇਆ ਕਾਰਾ ਯਾਦ ਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਸ ਵੇਲੇ ਉਠੇ ਫਿਰਕੂ ਫਸਾਦ ਨੂੰ ਠੱਲ੍ਹਣ ਲਈ ਅੰਗਰੇਜ਼ੀ ਪ੍ਰਸ਼ਾਸਨ ਕੋਲ ਸੁਰੱਖਿਆ ਦਸਤਿਆਂ ਦੀ ਲੋੜੀਂਦੀ ਨਫਰੀ ਨਹੀਂ ਸੀ, ਪਰ ਸਵਾਲ ਤਾਂ ਫਿਰ ਉਹੀ ਹੈ ਕਿ ਪ੍ਰਸ਼ਾਸਨ ਹੈ ਕਿੱਥੇ ਸੀ? ਫਸਾਦਾਂ ਤੋਂ ਪਹਿਲਾਂ ਜਿਸ ਤਰ੍ਹਾਂ ਹਾਲਾਤ ਬਣ ਰਹੇ ਸਨ, ਉਸ ਹਿਸਾਬ ਨਾਲ ਚਾਰਾਜੋਈ ਕਰਨੀ ਪ੍ਰਸ਼ਾਸਨ ਦਾ ਕੰਮ ਸੀ ਅਤੇ ਇਹ ਹੋ ਵੀ ਸਕਦਾ ਸੀ, ਪਰ ਅਜਿਹਾ ਕਿਸੇ ਨੇ ਕਰਨਾ ਨਹੀਂ ਸੀ। ਉਸ ਤੋਂ ਪਹਿਲਾਂ ਵੀ ਅਜਿਹਾ ਹੀ ਹੁੰਦਾ ਆਇਆ ਹੈ। ਸਿਆਸੀ/ਪ੍ਰਸ਼ਾਸਕੀ ਗਿਣਤੀਆਂ-ਮਿਣਤੀਆਂ ਮਨੁੱਖੀ ਕਦਰਾਂ-ਕੀਮਤਾਂ ਉਤੇ ਜਦੋਂ ਬਾਜ ਵਾਂਗ ਝਪਟ ਪੈਂਦੀਆਂ ਹਨ ਤਾਂ ਇਸੇ ਤਰ੍ਹਾਂ ਹੀ ਵਾਪਰਦਾ ਹੈ ਅਤੇ ਆਮ ਬੰਦਾ ਬੇਵੱਸ ਹੋਇਆ ਹਾਲਾਤ ਵਿਚ ਨਪੀੜਿਆ ਜਾਂਦਾ ਹੈ। ਇਤਿਹਾਸ ਵਿਚ ਉਸ ਤੋਂ ਪਹਿਲਾਂ ਹੋਏ ਸਾਕੇ ਇਹੀ ਕਨਸੋਅ ਦਿੰਦੇ ਹਨ। ਇਸ ਦਾ ਇਕੋ-ਇਕ ਹੱਲ ਲੋਕਾਂ ਵਿਚ ਚੇਤਨਾ ਭਰਨਾ ਹੈ। ਲੋਕਾਂ ਨੂੰ ਪਲ-ਪਲ ਇਹ ਯਾਦ ਕਰਵਾਉਣਾ ਹੈ ਕਿ ਧਰਮ ਦੇ ਨਾਂ ਉਤੇ ਸਿਆਸਤ, ਇਹ ਸਿਆਸੀ ਆਗੂ ਆਪਣੀ ਦੁਕਾਨ ਚਲਾਉਣ ਲਈ ਕਰਦੇ ਹਨ। ਜਿੰਨੀ ਜਲਦੀ ਸਿਆਸਤਦਾਨਾਂ ਦੀ ਇਸ ਚਾਲ ਨੂੰ ਸਮਝ ਲਿਆ ਜਾਵੇ, ਉਨਾ ਹੀ ਚੰਗਾ ਹੈ। ਭਾਰਤ ਦਾ ਸਮੁੱਚਾ ਢਾਂਚਾ ਹੁਣ ਜਿਸ ਲੀਹੇ ਪੈ ਚੁੱਕਾ ਹੈ, ਉਹ ਰਸਤਾ ਸੌੜੀ ਸਿਆਸਤ ਵੱਲ ਹੀ ਜਾਂਦਾ ਹੈ। ਇਸ ਰਾਹ ਉਤੇ ਅੱਖਾਂ ਮੀਚ ਕੇ ਚੱਲਣ ਦੀ ਥਾਂ ਹਰ ਸ਼ਖਸ ਨੂੰ ਸੋਚ-ਵਿਚਾਰ ਕੇ ਮਾਨਵ-ਹਿਤੂ ਪੈਂਤੜਾ ਅਖਤਿਆਰ ਕਰਨਾ ਪਵੇਗਾ। ਸਿਆਸਤਦਾਨਾਂ ਨੇ ਇੰਨੇ ਦਹਾਕਿਆਂ ਤੋਂ ਇਸ ਸੌੜੀ ਸਿਆਸਤ ਦਾ ਬਹੁਤ ਫਾਇਦਾ ਚੁੱਕਿਆ ਹੈ। ਹੁਣ ਲੋੜ ਹੈ ਕਿ ਇਸ ਸਿਆਸਤ ਤੋਂ ਲੋਕਾਂ ਦਾ ਖਹਿੜਾ ਛੁਡਾਇਆ ਜਾਵੇ ਅਤੇ ਇਹ ਸ਼ੁਭ ਕਾਰਜ ਲੋਕਾਂ ਵਿਚਕਾਰ ਜਾਗਰੂਕਤਾ ਪੈਦਾ ਕਰਨ ਨਾਲ ਹੀ ਸੰਭਵ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਲਾ, ਲੋਕ ਤੇ ਭਗਵੰਤ !*

ਇੱਕ ਕਲਾ ਜੋ ਕਬਰਾਂ 'ਤੇ ਨੱਕ ਰਗੜੇ, ਰੰਗ ਚਾੜ੍ਹਦੀ ਫੋਕੀਆਂ ਮਸਤੀਆਂ ਦਾ।
ਖਤਰਨਾਕ ਹੈ ਕਲਾ ਸਿਆਸਤਾਂ ਦੀ, ਜਿਊਣਾ ਨਰਕ ਬਣਾਉਂਦੀ ਏ ਬਸਤੀਆਂ ਦਾ।
'ਜਥੇਦਾਰੀ' ਦੀ ਕਲਾ ਵੀ ਤੰਗ ਕਰਦੀ, ਨਾਂ ਵਰਤ ਕੇ ਉਤਲੀਆਂ ਹਸਤੀਆਂ ਦਾ।
ਇਕ ਕਲਾ ਜੋ ਕੁੜੀਆਂ ਦਾ ਲੱਕ ਮਿਣਦੀ, ਇਹਨੂੰ ਫਿਕਰ ਨਾ ਇੱਜਤਾਂ 'ਸਸਤੀਆਂ' ਦਾ।
ਭਲੇ ਬੁਰੇ ਦੀ ਆ ਗਈ ਜੇ ਪਰਖ ਥੋਨੂੰ, ਛੇਤੀ ਕੁਫਰ ਦਾ ਹੋਵੇਗਾ ਅੰਤ ਲੋਕੋ।
ਕਲਾ ਬਹਿਸਦੀ ਲੋਕਾਂ ਲਈ ਦੇਖਣੀ ਜੇ, ਲੋਕ ਸਭਾ ਵਿਚ ਸੁਣੋ 'ਭਗਵੰਤ' ਲੋਕੋ।

# ਬਾਦਲਾਂ ਦਾ ਰੋਲਟ ਐਕਟ

ਬੂਟਾ ਸਿੰਘ
ਫੋਨ: 91-94634-74342

ਬਾਦਲ ਸਰਕਾਰ ਵਲੋਂ ਹਾਲ ਹੀ ਵਿਚ ਪੰਜਾਬ 'ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ-2014' ਨੂੰ ਪਾਸ ਕਰਨ ਤੋਂ ਇਕ ਵਾਰ ਫਿਰ ਸਪਸ਼ਟ ਹੋ ਗਿਆ ਹੈ ਕਿ ਉਹ ਮਸਲਿਆਂ ਦੇ ਹੱਲ ਦੀ ਬਜਾਏ ਜਾਬਰ ਰਾਜਕੀ ਮਸ਼ੀਨਰੀ ਨੂੰ ਵੱਧ ਤੋਂ ਵੱਧ ਦਮਨਕਾਰੀ ਅਧਿਕਾਰਾਂ ਨਾਲ ਲੈਸ ਕਰ ਕੇ ਲੋਕਾਂ ਦੀ ਚੰਗੀ ਜ਼ਿੰਦਗੀ ਲਈ ਜੱਦੋਜਹਿਦ ਦੇ ਜਮਾਂਦਰੂ ਹੱਕ ਨੂੰ ਕੁਚਲਣ 'ਤੇ ਤੁਲੇ ਹੋਏ ਹਨ। ਇਸੇ ਹਕੂਮਤ ਨੂੰ ਅਕਤੂਬਰ 2010 ਵਿਚ ਪਾਸ ਕੀਤੇ ਇਸੇ ਬਿਲ ਨੂੰ ਆਵਾਮ ਦੇ ਵਿਆਪਕ ਵਿਰੋਧ ਅਤੇ ਸਿਰ 'ਤੇ ਖੜ੍ਹੀਆਂ ਚੋਣਾਂ ਦੇ ਮੱਦੇਨਜ਼ਰ ਅਕਤੂਬਰ 2011 ਵਿਚ ਵਾਪਸ ਲੈਣਾ ਪਿਆ ਸੀ। ਹੁਣ ਕੇਂਦਰ ਵਿਚ ਭਗਵਾਂ ਬ੍ਰਿਗੇਡ ਦੀ ਹਕੂਮਤ ਬਣ ਜਾਣ ਨਾਲ ਇਨ੍ਹਾਂ ਦੇ ਹੌਸਲੇ ਵਧ ਗਏ ਹਨ। ਇਹ ਐਕਟ ਆਵਾਮ ਦੇ ਜਥੇਬੰਦ ਹੋ ਕੇ ਆਪਣੇ ਮੰਗਾਂ-ਮਸਲਿਆਂ ਦੇ ਹੱਲ ਲਈ ਸੰਘਰਸ਼ ਦੇ ਬੁਨਿਆਦੀ ਜਮਹੂਰੀ ਹੱਕ ਉਪਰ ਸਿੱਧਾ ਹਮਲਾ ਹੈ। ਇਸ ਦਾ ਨਾਂ ਜਿੰਨਾ ਭੁਲੇਖਾ ਪਾਊ ਹੈ, ਇਸ ਦਾ ਉਦੇਸ਼ ਉਨਾ ਹੀ ਖ਼ਤਰਨਾਕ ਹੈ। ਸੂਬੇ ਦੀਆਂ ਸਰਕਾਰੀ ਜਾਇਦਾਦਾਂ ਅਤੇ ਜਨਤਕ ਵਸੀਲਿਆਂ ਨੂੰ ਵੇਚ-ਵੱਟ ਕੇ ਹਜ਼ਮ ਕਰ ਜਾਣ ਵਾਲੀ ਸਰਕਾਰ ਸਰਕਾਰੀ ਤੇ ਨਿੱਜੀ ਜਾਇਦਾਦਾਂ ਨੂੰ ਬਚਾਉਣ ਦੀ ਦਾਅਵੇਦਾਰ ਬਣੀ ਹੋਈ ਹੈ।

ਜਿਸ ਹਕੂਮਤ ਨੂੰ ਸੂਬੇ ਦੀ ਡੂੰਘੇ ਸੰਕਟ 'ਚ ਘਿਰੀ ਆਰਥਿਕਤਾ, ਲੋਕਾਂ ਦੀ ਦਰਦਨਾਕ ਹਾਲਤ ਅਤੇ ਘੋਰ ਸਮਾਜੀ ਨਿਘਾਰ ਦੀ ਪ੍ਰਵਾਹ ਨਹੀਂ; ਜਿਸ ਨੇ ਵਿਧਾਨ ਸਭਾ ਦੇ ਹਾਲੀਆ ਸੈਸ਼ਨ ਵਿਚ (ਤੇ ਕਦੇ ਵੀ) ਕਰਜ਼ਈ ਕਿਸਾਨੀ ਨੂੰ ਸੰਕਟ ਵਿਚੋਂ ਕੱਢਣ, ਰੁਜ਼ਗਾਰ ਦਾ ਮੁੱਖ ਵਸੀਲਾ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਦੀ ਤਬਾਹੀ ਨੂੰ ਰੋਕਣ, ਬੇਰੁਜ਼ਗਾਰੀ ਦੀ ਵਿਰਾਟ ਸਮੱਸਿਆ ਦਾ ਹੱਲ ਕਰਨ, ਸੂਬੇ ਨੂੰ ਨਸ਼ਾ ਮੁਕਤ ਕਰ ਕੇ ਜਵਾਨੀ ਨੂੰ ਬਰਬਾਦ ਹੋਣ ਤੋਂ ਬਚਾਉਣ, ਔਰਤਾਂ ਉਪਰ ਜ਼ੁਲਮਾਂ ਨੂੰ ਰੋਕਣ, ਦਲਿਤਾਂ ਦਾ ਪੰਚਾਇਤੀ ਜ਼ਮੀਨਾਂ ਵਿਚ ਬਣਦਾ ਹਿੱਸਾ ਯਕੀਨੀ ਬਣਾਉਣ ਤੇ ਉਨ੍ਹਾਂ ਨਾਲ ਜਾਤਪਾਤੀ ਧੱਕਾ-ਵਿਤਕਰਾ ਬੰਦ ਕਰਨ ਅਤੇ ਸਿਖਿਆ, ਸਿਹਤ, ਸਭਿਆਚਾਰ ਤੇ ਪੌਣ-ਪਾਣੀ ਦੇ ਨਿਘਾਰ ਨੂੰ ਰੋਕਣ ਬਾਰੇ ਕੋਈ ਠੋਸ ਨੀਤੀ ਤਜਵੀਜ਼ਾਂ ਬਣਾ ਕੇ ਇਨ੍ਹਾਂ ਉਪਰ ਸੰਜੀਦਾ ਬਹਿਸ ਕਰਾਉਣ ਦੀ ਕੋਈ ਲੋੜ ਨਹੀਂ ਸਮਝੀ, ਉਹ ਜਦੋਂ ਮੌਨਸੂਨ ਸੈਸ਼ਨ ਦੇ ਐਨ ਆਖ਼ਰੀ ਪਲਾਂ ਵਿਚ ਇਸ ਦਮਨਕਾਰੀ ਬਿਲ ਸਮੇਤ 14 ਬਿਲ ਬਿਨਾਂ ਬਹਿਸ ਕਰਵਾਏ ਪਾਸ ਕਰਾਉਂਦੀ ਹੈ ਤਾਂ ਨਿਸ਼ਚੇ ਹੀ ਉਸ ਦਾ ਬਹਾਨਾ ਹੋਰ, ਪਰ ਨਿਸ਼ਾਨਾ ਹੋਰ ਹੈ। ਇਸ ਹਕੂਮਤ ਲਈ ਸਮਾਜ ਤੇ ਆਵਾਮ ਦੀ ਜ਼ਿੰਦਗੀ ਦੇ ਮਸਲੇ ਤਾਂ ਕੋਈ ਅਹਿਮੀਅਤ ਨਹੀਂ ਰੱਖਦੇ ਪਰ 'ਜਾਇਦਾਦਾਂ' (ਦਰਅਸਲ ਆਪਣੇ ਖ਼ਾਸ-ਮ-ਖ਼ਾਸ ਹਾਕਮ ਜਮਾਤੀ ਕੋੜਮੇ ਵਲੋਂ ਲੁੱਟਮਾਰ ਕਰ ਕੇ ਬਣਾਈ ਕਾਰੋਬਾਰੀ ਸਲਤਨਤ) ਨੂੰ ਬਚਾਉਣ ਦੀ ਇਸ ਨੂੰ ਕਿੰਨੀ ਚਿੰਤਾ ਹੈ!

ਹਕੂਮਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਸਰਕਾਰੀ ਜਾਂ ਨਿੱਜੀ ਜਾਇਦਾਦ ਦੀ ਭੰਨਤੋੜ ਜਾਂ ਇਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਣਾ ਲੋਕ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰਨ ਵਾਲੀਆਂ ਤਾਕਤਾਂ ਦਾ ਮਨੋਰਥ ਕਦੇ ਵੀ ਨਹੀਂ ਰਿਹਾ। ਹਕੂਮਤ ਜਾਂ ਸਥਾਨਕ ਪ੍ਰਸ਼ਾਸਨ ਦੀ ਸੰਵੇਦਨਹੀਣਤਾ ਤੋਂ ਅੱਕੇ-ਸਤੇ ਆਵਾਮ ਵਲੋਂ ਭੰਨਤੋੜ ਦੀ ਕੋਈ ਵਿਰਲੀ-ਟਾਵੀਂ ਆਪਮੁਹਾਰੀ ਕਾਰਵਾਈ ਨਾ ਤਾਂ ਜਥੇਬੰਦ ਸੰਘਰਸ਼ਾਂ ਦਾ ਹਿੱਸਾ ਹੁੰਦੀ ਹੈ, ਨਾ ਸੰਘਰਸ਼ਸ਼ੀਲ ਤਾਕਤਾਂ ਦਾ ਉਦੇਸ਼। ਇਸ ਸੱਚਾਈ ਦੇ ਬਾਵਜੂਦ ਬਾਦਲ ਹਕੂਮਤ ਵਲੋਂ ਆਵਾਮ ਦੇ ਜਥੇਬੰਦ ਸੰਘਰਸ਼ ਅਤੇ ਜਾਇਦਾਦਾਂ ਦੇ ਨੁਕਸਾਨ ਦਾ ਧੱਕੇ ਨਾਲ ਸਬੰਧ ਜੋੜਨ ਪਿੱਛੇ ਸੋਚੀ-ਸਮਝੀ ਬਦਨੀਅਤ ਕੰਮ ਕਰਦੀ ਹੈ ਤਾਂ ਜੋ ਆਵਾਮ ਦੀ ਜਥੇਬੰਦ ਹੱਕ-ਜਤਾਈ ਤੇ ਸੰਘਰਸ਼ਾਂ ਦੇ ਜਮਹੂਰੀ ਹੱਕਾਂ ਦੇ ਖ਼ਿਲਾਫ ਮਾਹੌਲ ਬਣਾਇਆ ਜਾ ਸਕੇ ਅਤੇ ਇਸ ਬਹਾਨੇ ਉਨ੍ਹਾਂ ਦੇ ਜਥੇਬੰਦ ਹੋ ਕੇ ਸੰਘਰਸ਼ ਕਰਨ ਦੇ ਬੁਨਿਆਦੀ ਹੱਕ ਖੋਹੇ ਜਾ ਸਕਣ। ਪਾਸ ਕੀਤੇ ਬਿਲ ਦੇ ਮੁੱਖ ਨੁਕਤੇ ਹਕੂਮਤ ਦੇ ਇਨ੍ਹਾਂ ਚੰਦਰੇ ਇਰਾਦਿਆਂ ਦੀ ਪੁਸ਼ਟੀ ਕਰਦੇ ਹਨ:

-ਐਕਟ ਦਾ ਮਨੋਰਥ 'ਐਜੀਟੇਸ਼ਨ, ਸਟਰਾਈਕ, ਹੜਤਾਲ, ਧਰਨਾ, ਬੰਦ ਜਾਂ ਪ੍ਰਦਰਸ਼ਨ ਜਾਂ ਮਾਰਚ ਜਾਂ ਜਲੂਸ ਕੱਢਣ ਜਾਂ ਰੇਲ ਜਾਂ ਸੜਕ ਜਾਮ ਨਾਲ ਹੁੰਦੀ ਭੰਨਤੋੜ/ਨੁਕਸਾਨ ਨੂੰ ਰੋਕਣਾ' ਦੱਸਿਆ ਗਿਆ ਹੈ ਜੋ ਸੰਵਿਧਾਨ ਵਿਚ ਦਰਜ ਨਾਗਰਿਕਾਂ ਦੇ ਇਕੱਠੇ ਹੋਣ, ਜਥੇਬੰਦ ਹੋਣ ਅਤੇ ਆਪਣੇ ਮੰਗਾਂ-ਮਸਲਿਆਂ ਦੇ ਹੱਲ ਲਈ ਸੰਘਰਸ਼ ਦਾ ਦਬਾਅ ਲਾਮਬੰਦ ਕਰਨ ਦੇ ਬੁਨਿਆਦੀ ਜਮਹੂਰੀ ਹੱਕ ਉਪਰ ਸਿੱਧਾ ਹਮਲਾ ਹੈ।

-ਧਰਨੇ, ਮੁਜ਼ਾਹਰੇ, ਜਲੂਸ, ਘਿਰਾਓ, ਹੜਤਾਲ, ਕੰਮ-ਬੰਦ, ਭਾਵ ਹਰ ਸ਼ਕਲ ਦੇ ਜਥੇਬੰਦ ਸੰਘਰਸ਼ ਨੂੰ Damage, Loss or Destruction ਕੈਟੇਗਰੀਆਂ ਤਹਿਤ ਨੁਕਸਾਨ ਦੀ ਪਰਿਭਾਸ਼ਾ 'ਚ ਸ਼ਾਮਲ ਕਰ ਲਿਆ ਹੈ।

-ਪੁਲਿਸ ਪ੍ਰਸ਼ਾਸਨ ਦੀ ਮਨਜ਼ੂਰੀ ਤੋਂ ਬਿਨਾਂ ਹੁਣ ਧਰਨਿਆਂ-ਮੁਜ਼ਾਹਰਿਆਂ ਸਮੇਤ ਹਰ ਰੋਸ ਵਿਖਾਵਾ ਗ਼ੈਰ-ਕਾਨੂੰਨੀ ਮੰਨਿਆ ਜਾਵੇਗਾ। ਦੂਜੇ ਸ਼ਬਦਾਂ ਵਿਚ ਪੁਲਿਸ ਜਾਂ ਪ੍ਰਸ਼ਾਸਨਿਕ ਦੀਆਂ ਧੱਕੇਸ਼ਾਹੀਆਂ ਦੇ ਖਿਲਾਫ ਰੋਸ ਵਿਖਾਵਾ ਵੀ ਉਨ੍ਹਾਂ ਦੀ ਮਨਜ਼ੂਰੀ ਨਾਲ ਹੀ ਹੋਵੇਗਾ।

-ਹਕੂਮਤ ਜਾਂ ਸਬੰਧਤ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਲੋਕਾਂ ਦੇ ਸਰੋਕਾਰਾਂ ਤੇ ਮੰਗਾਂ-ਮਸਲਿਆਂ ਦੀ ਪ੍ਰਵਾਹ ਨਾ ਕੀਤੇ ਜਾਣ ਦੀ ਸੂਰਤ 'ਚ ਸੜਕੀ ਜਾਂ ਰੇਲ ਆਵਾਜਾਈ ਰੋਕਣਾ ਅਤੇ ਅਧਿਕਾਰੀਆਂ ਦੇ ਘਿਰਾਓ ਜੋ ਜਨਤਕ ਦਬਾਅ ਪਾਉਣ ਦਾ ਜਾਇਜ਼ ਜਮਹੂਰੀ ਸਾਧਨ ਹੈ, ਨੂੰ ਵੀ ਜਾਇਦਾਦ ਦੇ ਨੁਕਸਾਨ ਦੇ ਖਾਨੇ ਵਿਚ ਰੱਖਿਆ ਗਿਆ ਹੈ।

-ਇਸ ਐਕਟ ਤਹਿਤ ਸੰਘਰਸ਼ਾਂ ਨੂੰ ਨੁਕਸਾਨ ਪਹੁੰਚਾਊ ਕਾਰਵਾਈਆਂ ਐਲਾਨਣ ਦੇ ਸਿੱਟੇ ਵਜੋਂ ਸੰਘਰਸ਼ਸ਼ੀਲ ਯੂਨੀਅਨਾਂ, ਜਥੇਬੰਦੀਆਂ ਤੇ ਪਾਰਟੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਵਾਹ-ਵਾਸਤਾ ਰੱਖਣ ਵਾਲਿਆਂ ਨੂੰ ਝੂਠੇ ਮੁਕੱਦਮਿਆਂ 'ਚ ਫਸਾਇਆ ਜਾ ਸਕੇਗਾ। ਗੋਲਮੋਲ ਅਤੇ ਬਹੁਤ ਵਿਆਪਕ ਪਰਿਭਾਸ਼ਾ ਮੁਤਾਬਿਕ ਜਥੇਬੰਦੀਆਂ ਜਾਂ ਪਾਰਟੀਆਂ ਦੇ ਅਹੁਦੇਦਾਰ ਜਾਂ ਇਨ੍ਹਾਂ ਕਾਰਵਾਈਆਂ ਨੂੰ ਜਥੇਬੰਦ ਕਰਨ ਵਾਲੇ, ਉਕਸਾਉਣ ਵਾਲੇ, ਸਾਜ਼ਿਸ਼ ਬਣਾਉਣ ਵਾਲੇ, ਸਲਾਹ ਦੇਣ ਵਾਲੇ ਜਾਂ ਅਜਿਹਾ ਕਰਨ ਲਈ ਮਾਰਗ-ਦਰਸ਼ਨ ਕਰਨ ਵਾਲੇ, ਇਹ ਸਾਰੇ ਭੰਨਤੋੜ ਨੂੰ ਜਥੇਬੰਦ ਕਰਨ ਵਾਲੇ ਮੰਨੇ ਜਾਣਗੇ।

> ***ਹਕੂਮਤ ਜਾਣਦੀ ਹੈ ਕਿ ਸਰਕਾਰੀ ਜਾਂ ਨਿੱਜੀ ਜਾਇਦਾਦ ਦੀ ਭੰਨਤੋੜ ਜਾਂ ਇਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ ਲੋਕ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰਨ ਵਾਲੀਆਂ ਤਾਕਤਾਂ ਦਾ ਮਨੋਰਥ ਕਦੇ ਵੀ ਨਹੀਂ ਰਿਹਾ। ਇਸ ਸਚਾਈ ਦੇ ਬਾਵਜੂਦ ਬਾਦਲ ਹਕੂਮਤ ਵਲੋਂ ਅਵਾਮ ਦੇ ਜਥੇਬੰਦ ਸੰਘਰਸ਼ ਅਤੇ ਜਾਇਦਾਦਾਂ ਦੇ ਨੁਕਸਾਨ ਦਾ ਧੱਕੇ ਨਾਲ ਸਬੰਧ ਜੋੜਨ ਪਿੱਛੇ ਸੋਚੀ-ਸਮਝੀ ਬਦਨੀਅਤ ਕੰਮ ਕਰਦੀ ਹੈ।***

-ਇਸ ਐਕਟ ਨਾਲ ਸਥਾਪਤ ਕਾਨੂੰਨੀ ਪ੍ਰਕਿਰਿਆ ਹੀ ਬਦਲ ਦਿੱਤੀ ਗਈ ਹੈ। ਗਵਾਹੀ ਦੇ ਸਥਾਪਤ ਕਾਇਦੇ ਅਨੁਸਾਰ ਫੋਟੋ ਜਾਂ ਵੀਡੀਓ ਦੀ ਗਵਾਹੀ ਗੌਣ ਦਰਜੇ ਦੀ ਅਤੇ ਗ਼ੈਰ-ਭਰੋਸੇਯੋਗ ਮੰਨੀ ਜਾਂਦੀ ਹੈ। ਇਸ ਐਕਟ ਦੀ ਧਾਰਾ {3(2) ਅਤੇ ਧਾਰਾ 10} ਤਹਿਤ ਪੁਲਿਸ ਦੀ ਬਣਾਈ ਵੀਡੀਓਗ੍ਰਾਫ਼ੀ ਜੁਰਮ ਦਾ ਇਕੋ-ਇਕ ਸਬੂਤ ਮੰਨੀ ਜਾਵੇਗੀ। ਤਕਨਾਲੋਜੀ ਅੰਦਰ ਵੀਡੀਓਗ੍ਰਾਫ਼ੀ ਨੂੰ ਬਦਲਣ ਦੀ ਵਿਆਪਕ ਗੁੰਜਾਇਸ਼ ਇਹ ਆਪਾਸ਼ਾਹ ਹਕੂਮਤ ਦੇ ਹੱਥ 'ਚ ਰਿਕਾਰਡਿੰਗ ਦੀ ਮਨਮਰਜ਼ੀ ਨਾਲ ਦੁਰਵਰਤੋਂ ਜ਼ਰੀਏ ਅੰਦੋਲਨਕਾਰੀਆਂ ਨੂੰ ਝੂਠੇ ਮੁਕੱਦਮਿਆਂ 'ਚ ਫਸਾਉਣ ਦਾ ਸੁਖਾਲਾ ਸਾਧਨ ਹੋਵੇਗੀ। ਸੋ, ਰਾਜ-ਮਸ਼ੀਨਰੀ ਕਿਸੇ ਸੰਘਰਸ਼ ਦੀ ਆਪਣੀ ਪਸੰਦ ਦੀ ਵੀਡੀਓਗ੍ਰਾਫ਼ੀ ਕਰ ਕੇ ਇਸ ਰਿਕਾਰਡਿੰਗ ਨੂੰ ਬਲੈਕਮੇਲ ਕਰੇਗੀ, ਤੇ ਇਸ ਨਾਲ ਭ੍ਰਿਸ਼ਟਾਚਾਰ ਦਾ ਨਵਾਂ ਰਾਹ ਵੀ ਖੁੱਲ੍ਹੇਗਾ।

-ਇਸ ਐਕਟ ਤਹਿਤ ਪੁਲਿਸ ਦਾ ਹਵਾਲਦਾਰ ਕਿਸੇ ਅੰਦੋਲਨਕਾਰੀ ਨੂੰ ਗ੍ਰਿਫ਼ਤਾਰ ਕਰ ਕੇ ਉਸ ਦੇ ਖਿਲਾਫ ਮੁਕੱਦਮਾ ਦਰਜ ਕਰਵਾ ਸਕੇਗਾ; ਜਦਕਿ ਸਥਾਪਤ ਕਾਇਦੇ-ਕਾਨੂੰਨ ਅਨੁਸਾਰ ਮੁਕੱਦਮੇ ਦਾ ਅਧਿਕਾਰ ਸਿਰਫ਼ ਡੀ.ਐਸ.ਪੀ. ਪੱਧਰ ਦੇ ਅਧਿਕਾਰੀ ਕੋਲ ਹੀ ਸੀ।

-ਨੁਕਸਾਨ ਪੂਰਤੀ ਲਈ ਹਰਜਾਨਾ ਤੈਅ ਕਰਨ ਵਾਲੀ ਯੋਗ ਅਥਾਰਟੀ ਬਣਾਏ ਜਾਣ ਦੀ ਗੋਲਮੋਲ ਵਿਵਸਥਾ ਤਹਿਤ ਕਿਸੇ ਨੂੰ ਮੁਜਰਮ ਤੈਅ ਕਰਨ, ਨੁਕਸਾਨ ਦਾ ਮੁਕੱਦਮਾ ਦਰਜ ਕਰਨ, ਇਸ ਦੇ ਸਬੂਤ ਪੇਸ਼ ਕਰਨ, ਨੁਕਸਾਨ ਦਾ ਅੰਦਾਜ਼ਾ ਲਗਾਉਣ ਅਤੇ ਇਸ ਦਾ ਹਰਜਾਨਾ ਤੈਅ ਕਰਨ ਦਾ ਹਰ ਅਧਿਕਾਰ ਹੁਣ ਰਾਜ-ਮਸ਼ੀਨਰੀ ਦੇ ਹੱਥ ਵਿਚ ਦੇ ਦਿੱਤਾ ਗਿਆ ਹੈ। ਇੱਥੋਂ ਤਾਈਂ ਕਿ ਅਪੀਲ ਵੀ ਕਿਸੇ ਉਚ ਅਦਾਲਤ ਵਿਚ ਨਹੀਂ, ਸਗੋਂ ਸੂਬਾ ਸਰਕਾਰ ਅੱਗੇ ਕਰਨੀ ਹੋਵੇਗੀ।

-ਐਕਟ ਦੀ ਧਾਰਾ 8 ਤਹਿਤ ਇਨ੍ਹਾਂ ਕਾਰਵਾਈਆਂ ਲਈ ਮੁਜਰਮ ਠਹਿਰਾਏ ਬੰਦੇ ਦੀ ਜ਼ਮਾਨਤ ਨਹੀਂ ਹੋ ਸਕੇਗੀ। ਹਕੂਮਤ ਤੇ ਪੁਲਿਸ ਦੀ ਸਹਿਮਤੀ ਲਾਜ਼ਮੀ ਸ਼ਰਤ ਹੋਣ ਕਾਰਨ ਇਹ ਹਕੂਮਤ ਦੀ ਮਰਜ਼ੀ 'ਤੇ ਮੁਨੱਸਰ ਕਰੇਗਾ ਕਿ ਅੰਦੋਲਨਕਾਰੀ ਨੂੰ ਕਦੋਂ ਜ਼ਮਾਨਤ ਦੇਣੀ ਹੈ। ਜ਼ਮਾਨਤ ਦੇਣੀ ਵੀ ਹੈ ਜਾਂ ਨਹੀਂ।

-ਬਾਦਲ ਨਿਆਂ ਪ੍ਰਣਾਲੀ ਨੂੰ ਆਪਣੀ ਮਨਮਰਜ਼ੀ ਅਨੁਸਾਰ ਚਲਾਉਣਾ ਚਾਹੁੰਦੇ ਹਨ। ਇਸੇ ਕਰ ਕੇ ਜੁਰਮ ਦੀ ਘੱਟੋ-ਘੱਟ ਸਜ਼ਾ (ਤਿੰਨ ਸਾਲ ਦੀ ਕੈਦ ਅਤੇ ਇਕ ਲੱਖ ਰੁਪਏ ਜੁਰਮਾਨਾ ਜਦਕਿ ਵਿਸਫੋਟਕ ਵਰਤੇ ਜਾਣ ਦੀ ਸੂਰਤ 'ਚ ਪੰਜ ਸਾਲ ਤਕ ਕੈਦ ਅਤੇ ਤਿੰਨ ਲੱਖ ਰੁਪਏ ਜੁਰਮਾਨਾ ਹੈ) ਹਕੂਮਤ ਨੇ ਆਪ ਹੀ ਤੈਅ ਕਰ ਕੇ ਅਦਾਲਤ ਨੂੰ ਸੁਣਾ ਦਿੱਤੀ ਹੈ, ਤੇ ਨਿਆਂ ਪ੍ਰਣਾਲੀ ਨੂੰ ਹਦਾਇਤ ਵੀ ਕਰ ਦਿੱਤੀ ਹੈ ਕਿ ਜੇ ਇਨ੍ਹਾਂ ਮਾਮਲਿਆਂ 'ਚ ਇਕ ਸਾਲ ਤੋਂ ਘੱਟ ਸਜ਼ਾ ਦਿਓਗੇ ਤਾਂ ਸਰਕਾਰ ਨੂੰ ਜਵਾਬਦੇਹ ਹੋਵੋਗੇ।

-ਨੁਕਸਾਨ ਪੂਰਤੀ ਦੀ ਵਸੂਲੀ ਦੇ ਨਾਂ ਹੇਠ ਅੰਦੋਲਨਕਾਰੀਆਂ ਦੀਆਂ ਜਾਇਦਾਦਾਂ ਦੀ ਕੁਰਕੀ/ਜ਼ਬਤੀ ਦੀ ਵਿਵਸਥਾ {ਧਾਰਾ 6(2)} ਅੰਗਰੇਜ਼ ਰਾਜ ਦੀ ਤਰਜ਼ 'ਤੇ ਕੀਤੀ ਗਈ ਹੈ। ਹਕੂਮਤ ਦੀ ਮਨਸ਼ਾ ਸੰਘਰਸ਼ਸ਼ੀਲ ਲੋਕਾਂ ਦੀ ਪਰਿਵਾਰਕ ਆਰਥਿਕਤਾ ਨੂੰ ਸੱਟ ਮਾਰ ਕੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਹੈ। ਦਰਅਸਲ ਇਸ ਐਕਟ ਰਾਹੀਂ ਅੰਦੋਲਨਕਾਰੀਆਂ ਨੂੰ ਸਜ਼ਾ ਦਾ ਵਿਸਤਾਰ ਉਨ੍ਹਾਂ ਦੇ ਪੂਰੇ ਪਰਿਵਾਰ ਤਕ ਕਰ ਦਿੱਤਾ ਗਿਆ ਹੈ।

ਇਨਸਾਫ਼ ਦਾ ਤਕਾਜ਼ਾ ਹੈ ਕਿ ਸਰਕਾਰ ਦੀ ਮਨਮਰਜ਼ੀ ਤੋਂ ਨਾਗਰਿਕਾਂ ਨੂੰ ਬਚਾਇਆ ਜਾ ਸਕੇ, ਪਰ ਇਸ ਕਾਨੂੰਨ ਨੇ ਇਸ ਮੂਲ ਆਧਾਰ ਨੂੰ ਖ਼ਤਮ ਕਰ ਕੇ 1919 ਦੇ ਜ਼ਾਲਮ ਕਾਨੂੰਨ ਰੋਲਟ ਐਕਟ ਦੀ ਯਾਦ ਤਾਜ਼ਾ ਕਰਾ ਦਿਤੀ ਹੈ ਜਿਥੇ ਨਾ ਵਕੀਲ ਹੋਵੇਗਾ, ਨਾ ਅਪੀਲ ਤੇ ਨਾ ਦਲੀਲ।

ਇਕ ਤਰ੍ਹਾਂ ਨਾਲ ਇਹ ਪੁਲਿਸ ਪ੍ਰਸ਼ਾਸਨ ਦੇ ਸਿਆਸੀਕਰਨ ਨੂੰ ਸਿਰੇ ਲਾ ਕੇ ਸੱਤਾਧਾਰੀ ਧਿਰ ਨੂੰ ਇਕੋ-ਇਕ ਸੁਪਰੀਮ ਤਾਕਤ ਬਣਾਉਣ ਦਾ ਸਾਧਨ ਹੈ, ਜੋ ਹਕੂਮਤ ਦੇ ਹੱਥ ਵਿਚ ਆਪਣੇ ਹੀ ਏਜੰਟਾਂ ਹੱਥੋਂ ਕੋਈ ਭੰਨਤੋੜ ਕਰਵਾ ਕੇ ਇਸ ਦੇ ਬਹਾਨੇ ਸੰਘਰਸ਼ਸ਼ੀਲ ਆਵਾਮ ਨੂੰ ਦਬਾਉਣ ਦੀ ਬੇਥਾਹ ਤਾਕਤ ਦਿੰਦਾ ਹੈ। ਇਹ ਸੰਵਿਧਾਨ ਵਿਚ ਦਰਜ ਜਮਹੂਰੀ ਭਾਵਨਾ ਵਾਲੀਆਂ ਉਨ੍ਹਾਂ ਨਾਗਰਿਕ ਆਜ਼ਾਦੀਆਂ (ਸੰਵਿਧਾਨ ਦੀ ਧਾਰਾ 19) ਦਾ ਸਿੱਧਾ ਨਿਖੇਧ ਹੈ ਜੋ ਪਹਿਲਾਂ ਹੀ ਬਹੁਤ ਸੀਮਤ ਹਨ ਜਿਨ੍ਹਾਂ ਨੂੰ ਸੰਵਿਧਾਨ ਨੂੰ ਅਪਨਾਏ ਜਾਣ ਤੋਂ ਬਾਅਦ ਸਮੇਂ-ਸਮੇਂ 'ਤੇ ਬਣਾਏ ਦਮਨਕਾਰੀ ਕਾਨੂੰਨਾਂ ਨੇ ਪਹਿਲਾਂ ਹੀ ਮਹਿਦੂਦ ਕੀਤਾ ਹੋਇਆ ਹੈ। ਹਿੰਦੁਸਤਾਨ ਵਿਚ ਜਿਥੇ ਪੂਰਾ ਸਮਾਜੀ-ਸਿਆਸੀ ਢਾਂਚਾ ਘੋਰ ਨਾਬਰਾਬਰੀ (ਸਮਾਜਕ, ਆਰਥਿਕ, ਸਭਿਆਚਾਰਕ ਨਾਬਰਾਬਰੀ ਅਤੇ ਲਿੰਗਕ ਤੇ ਜਾਤਪਾਤੀ ਵਿਤਕਰੇ), ਸਮਾਜੀ ਨਿਆਂ ਅਤੇ ਮਨੁੱਖ ਦੇ ਸੰਤੁਲਤ ਵਿਕਾਸ ਦੇ ਮੌਕਿਆਂ ਦੀ ਅਣਹੋਂਦ ਉਪਰ ਉਸਰਿਆ ਹੋਇਆ ਹੈ, ਉਥੇ ਆਰਥਿਕ ਵਸੀਲਿਆਂ ਤੋਂ ਵਾਂਝੇ, ਸਮਾਜਕ ਤੌਰ 'ਤੇ ਨਿਤਾਣੇ ਅਤੇ ਹਾਸ਼ੀਏ 'ਤੇ ਧੱਕੇ ਆਵਾਮ ਲਈ ਜਥੇਬੰਦ ਹੋ ਕੇ ਆਪਣੇ ਹਿੱਤਾਂ ਦੀ ਪ੍ਰਾਪਤੀ ਤੇ ਹੱਕ-ਜਤਾਈ ਵਿਸ਼ਾਲ ਸਮੂਹਿਕ ਹਿੱਤਾਂ ਦੀ ਜ਼ਾਮਨੀ ਦਾ ਅਸਰਦਾਰ ਸਮਾਜਕ ਸੰਦ ਹੈ। ਜਥੇਬੰਦ ਸੰਘਰਸ਼ ਸਮਾਜ ਦੇ ਜਮਹੂਰੀਕਰਨ ਦੇ ਅਮਲ ਦਾ ਅਹਿਮ ਸਾਧਨ ਹਨ। ਲਿਹਾਜ਼ਾ ਅਜਿਹੇ ਕਿਸੇ ਵੀ ਦਮਨਕਾਰੀ ਕਾਨੂੰਨ ਨੂੰ ਕਿਸੇ ਵੀ ਸੂਰਤ 'ਚ ਅਤੇ ਕਿਸੇ ਵੀ ਬਹਾਨੇ ਸਵੀਕਾਰ ਨਹੀਂ ਕੀਤਾ ਜਾ ਸਕਦਾ ਜਿਸ ਦਾ ਉਦੇਸ਼ ਹੀ ਨਿਤਾਣੇ ਤੇ ਹਾਸ਼ੀਏ 'ਤੇ ਧੱਕੇ ਭਾਰੂ ਬਹੁ-ਗਿਣਤੀ ਸਮਾਜ ਨੂੰ ਹੋਰ ਨਿਤਾਣੇ ਤੇ ਬੇਵੱਸ ਬਣਾਉਣਾ ਅਤੇ ਸਮਾਜ ਉਪਰ ਕਾਬਜ਼ ਡਾਢਿਆਂ, ਧਨਾਢਾਂ ਤੇ ਜਾਬਰਾਂ ਦੀਆਂ ਆਪਾਸ਼ਾਹ ਤਾਕਤਾਂ ਨੂੰ ਹੋਰ ਵਧਾਉਣਾ ਹੋਵੇ। ਲਿਹਾਜ਼ਾ ਇਹ ਕਾਨੂੰਨ ਹੁਕਮਰਾਨ ਜਮਾਤਾਂ ਦੇ ਸਮਾਜਕ ਤਰੱਕੀ ਦੇ ਪੂਰੀ ਤਰ੍ਹਾਂ ਵਿਰੋਧੀ, ਆਵਾਮ ਨੂੰ ਹੋਰ ਨਿਤਾਣੇ ਤੇ ਨਿਸੱਤੇ ਬਣਾਉਣ ਵਾਲੇ ਨਵ-ਉਦਾਰਵਾਦੀ ਵਿਕਾਸ ਮਾਡਲ ਦਾ ਹਿੱਸਾ ਹੈ ਅਤੇ ਇਸ ਨੂੰ ਰੱਦ ਕਰਾਉਣ ਲਈ ਵਿਆਪਕ ਫ਼ੈਸਲਾਕੁਨ ਸੰਘਰਸ਼ ਆਵਾਮ ਦੀ ਅਣਸਰਦੀ ਲੋੜ ਹੈ।

*ਇਸਰਾਈਲ ਵਲੋਂ ਗਾਜ਼ਾ ਪੱਟੀ ਉਪਰ 6 ਜੁਲਾਈ ਤੋਂ ਵਿੱਢਿਆ ਨਹੱਕਾ ਹਮਲਾ 'ਓਪਰੇਸ਼ਨ ਪ੍ਰੋਟੈਕਟਿਵ ਐੱਜ' ਜਾਰੀ ਹੈ। ਹੁਣ ਤਾਈਂ ਇਹ 1100 ਬੇਕਸੂਰ ਫਲਸਤੀਨੀਆਂ ਦੀਆਂ ਜਾਨਾਂ ਲੈ ਚੁੱਕਾ ਹੈ। ਕੁਲ ਆਲਮ ਦੇ ਇਨਸਾਫ਼ਪਸੰਦ ਲੋਕ ਇਸਰਾਈਲ ਵਲੋਂ ਵਿੱਢੀ ਕਤਲੋਗਾਰਤ ਦਾ ਡੱਟ ਕੇ ਵਿਰੋਧ ਕਰ ਰਹੇ ਹਨ। ਆਲਮੀ ਮਕਬੂਲੀਅਤ ਵਾਲੇ ਬੁੱਧੀਜੀਵੀ ਨੌਮ ਚੌਮਸਕੀ ਅਤੇ ਡਿਸਮੌਂਡ ਟੂਟੂ, ਮਾਇਰਿਡ ਮੈਗੁਇਰ, ਅਮਰੀਕੀ ਰੈਪਰ ਬੂਟਸ ਰਿਲੇ ਸਮੇਤ ਬਹੁਤ ਸਾਰੀਆਂ ਰੌਸ਼ਨ-ਖਿਆਲ ਸ਼ਖਸੀਅਤਾਂ ਨੇ ਇਸਰਾਈਲ ਦੇ ਖ਼ੂਨੀ ਹੱਥ ਰੋਕਣ ਲਈ ਇਸ ਦੇ ਖਿਲਾਫ ਚੌਤਰਫ਼ਾ ਪਾਬੰਦੀਆਂ ਲਗਾਉਣ ਦੀ ਪੁਰਜ਼ੋਰ ਮੰਗ ਕਰਦਿਆਂ ਕਿਹਾ ਹੈ, "ਇਸਰਾਈਲ ਨਾਲ ਫ਼ੌਜੀ ਵਪਾਰ ਤੇ ਫ਼ੌਜੀ ਖੇਤਰ ਨਾਲ ਸਬੰਧਤ ਸਾਂਝੀ ਖੋਜ ਕਰਨ ਦੇ ਰਿਸ਼ਤੇ ਕੌਮਾਂਤਰੀ ਕਾਇਦੇ-ਕਾਨੂੰਨਾਂ ਦੀਆਂ ਘੋਰ ਉਲੰਘਣਾ ਕਰਨ ਅਤੇ ਉਥੇ ਕਬਜ਼ਾ ਬਣਾਈ ਰੱਖਣ, ਬਸਤੀਕਰਨ ਅਤੇ ਫਲਸਤੀਨੀ ਲੋਕਾਂ ਨੂੰ ਹੱਕ ਦੇਣ ਤੋਂ ਇਨਕਾਰੀ ਇਸਰਾਇਲੀ ਨਿਜ਼ਾਮ ਦੇ ਪੱਕੇ ਪੈਰੀਂ ਹੋਣ 'ਚ ਹੱਥ ਵਟਾਉਂਦੇ ਹਨ। ਅਸੀਂ ਸੰਯੁਕਤ ਰਾਸ਼ਟਰ ਅਤੇ ਕੁਲ ਆਲਮ ਦੀਆਂ ਹਕੂਮਤਾਂ ਨੂੰ ਇਸਰਾਈਲ ਦੀ ਉਸੇ ਤਰ੍ਹਾਂ ਦੀ ਚੌਤਰਫ਼ਾ ਅਤੇ ਕਾਨੂੰਨੀ ਤੌਰ 'ਤੇ ਪਾਬੰਦ ਬਣਾਉਣ ਵਾਲੀ ਫ਼ੌਜੀ ਨਾਕਾਬੰਦੀ ਲਾਗੂ ਕਰਨ ਲਈ ਤੁਰੰਤ ਕਦਮ ਚੁੱਕਣ ਦਾ ਸੱਦਾ ਦਿੰਦੇ ਹਾਂ ਜਿਸ ਤਰ੍ਹਾਂ ਦੀ ਨਸਲੀ ਭੇਦ-ਭਾਵ ਦੇ ਰਾਜ ਸਮੇਂ ਦੱਖਣੀ ਅਫ਼ਰੀਕਾ ਉਪਰ ਲਗਾਈ ਗਈ ਸੀ।" ਖ਼ੁਦ ਇਸਰਾਈਲ ਦੇ 50 ਫ਼ੌਜੀਆਂ ਨੇ ਗਾਜ਼ਾ ਉਪਰ ਹਮਲੇ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਕੇ ਤੇ ਖੁੱਲ੍ਹਾ ਖ਼ਤ ਲਿਖ ਕੇ ਇਸਰਾਇਲੀ ਸਟੇਟ ਦੀ ਕਾਤਲਾਨਾ ਨੀਤੀ ਦੀ ਨਿਖੇਧੀ ਕੀਤੀ ਹੈ। ਇਸ ਦੇ ਨਾਲ ਹੀ ਇਸਰਾਇਲੀ ਸਮਾਜ ਦੇ ਅੰਦਰੋਂ ਇਕ ਵਿਦਰੋਹੀ ਆਵਾਜ਼ ਇਲਾਨ ਪਾਪੇ ਦੀ ਹੈ। ਉਹ ਇਸਰਾਇਲੀ ਇਤਿਹਾਸਕਾਰ ਅਤੇ ਸਮਾਜਵਾਦੀ ਕਾਰਕੁਨ ਹੈ। ਇਸਰਾਈਲ ਦਾ ਇਹ ਜੰਮਪਲ ਇਕ ਸਮੇਂ ਹਾਇਫ਼ਾ ਯੂਨੀਵਰਸਿਟੀ ਵਿਖੇ ਰਾਜਨੀਤੀ ਵਿਗਿਆਨ ਦਾ ਸੀਨੀਅਰ ਲੈਕਚਰਾਰ ਸੀ। ਇਸਰਾਈਲ ਦੀ ਫ਼ਲਸਤੀਨ ਨੀਤੀ ਦਾ ਤਿੱਖਾ ਆਲੋਚਕ ਹੋਣ ਕਾਰਨ ਇਸਰਾਇਲੀ ਪਾਰਲੀਮੈਂਟ ਨੇ ਉਸ ਦੀ ਨਿਖੇਧੀ ਕੀਤੀ ਅਤੇ ਸਿੱਖਿਆ ਮੰਤਰੀ ਨੇ ਉਸ ਨੂੰ ਕੱਢ ਦੇਣ ਦਾ ਸੱਦਾ ਦਿੱਤਾ। ਉਸ ਦੀ ਜਾਨ ਲੈਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਇਸ ਵਕਤ ਉਹ ਦੱਖਣ-ਪੱਛਮੀ ਇੰਗਲੈਂਡ ਦੀ ਐਕਸਟਰ ਯੂਨੀਵਰਸਿਟੀ ਵਿਖੇ ਪ੍ਰੋਫੈਸਰ ਤੇ ਫਲਸਤੀਨੀ ਅਧਿਐਨ ਦਾ ਨਿਰਦੇਸ਼ਕ ਹੈ। 'ਦਿ ਐਥਨਿਕ ਕਲੀਨਜ਼ਿੰਗ ਆਫ ਫਲਸਤੀਨ' (2006), 'ਦਿ ਮਾਡਰਨ ਮਿਡਲ ਈਸਟ' (2005), 'ਏ ਹਿਸਟਰੀ ਆਫ ਮਾਡਰਨ ਫਲਸਤੀਨ: ਵਨ ਲੈਂਡ, ਟੂ ਪੀਪਲਜ਼' (2003) ਅਤੇ 'ਬ੍ਰਿਟੇਨ ਐਂਡ ਦਿ ਅਰਬ-ਇਸਰਾਈਲ ਕੰਫਲਿਕਟ' (1988) ਵਰਗੀਆਂ ਅਹਿਮ ਕਿਤਾਬਾਂ ਦਾ ਰਚੇਤਾ ਇਲਾਨ ਪਾਪੇ ਇਸਰਾਈਲ ਦੇ ਉਨ੍ਹਾਂ ਨਵੇਂ ਇਤਿਹਾਸਕਾਰਾਂ ਵਿਚੋਂ ਇਕ ਹੈ ਜੋ 1980ਵਿਆਂ ਦੇ ਸ਼ੁਰੂ ਵਿਚ ਬਰਤਾਨੀਆ ਤੇ ਇਸਰਾਇਲੀ ਸਰਕਾਰ ਦੇ ਅੰਦਰੂਨੀ ਦਸਤਾਵੇਜ਼ਾਂ ਨੂੰ ਨਸ਼ਰ ਕੀਤੇ ਜਾਣ ਦੇ ਸਮੇਂ ਤੋਂ ਹੀ 1948 ਵਿਚ ਇਸਰਾਈਲ ਬਣਾਏ ਜਾਣ ਅਤੇ ਉਸੇ ਵਰ੍ਹੇ 7 ਲੱਖ ਫਲਸਤੀਨੀਆਂ ਦੀ ਹਿਜਰਤ ਦਾ ਇਤਿਹਾਸ ਨਵੇਂ ਸਿਰਿਓਂ ਲਿਖ ਰਹੇ ਹਨ। ਉਸ ਦਾ ਮੰਨਣਾ ਹੈ ਕਿ ਫਲਸਤੀਨੀਆਂ ਨੂੰ ਉਨ੍ਹਾਂ ਦੀ ਸਰਜ਼ਮੀਨ ਤੋਂ ਉਜਾੜਨਾ ਅਣਵਿਉਂਤੀ ਕਾਰਵਾਈ ਨਹੀਂ ਸੀ; ਸਗੋਂ ਇਹ ਇਸਰਾਈਲ ਦੇ ਆਗੂਆਂ ਵਲੋਂ ਫਲਸਤੀਨੀਆਂ ਦਾ ਵਿਉਂਤਬਧ ਨਸਲੀ-ਸਭਿਆਚਾਰਕ ਕੁਲ-ਨਾਸ਼ ਸੀ। ਉਸ ਦਾ ਖਿਆਲ ਹੈ ਕਿ ਯਹੂਦੀਵਾਦ ਇਸਲਾਮਿਕ ਖਾੜਕੂਵਾਦ ਨਾਲੋਂ ਵੱਧ ਖ਼ਤਰਨਾਕ ਹੈ। ਪੇਸ਼ ਹੈ 'ਟਰੁੱਥ ਆਊਟ' ਦੇ ਹੈਰੀਸਨ ਸੈਂਫਿਰ ਵਲੋਂ 19 ਜੁਲਾਈ 2014 ਨੂੰ ਉਸ ਨਾਲ ਕੀਤੀ ਗੱਲਬਾਤ ਦਾ ਸਾਰ-ਅੰਸ਼। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਇਸਰਾਇਲੀ ਇਤਿਹਾਸਕਾਰ ਦੀ ਨਜ਼ਰ 'ਚ ਫਲਸਤੀਨ ਦਾ ਸਵਾਲ

ਵਿਸ਼ੇਸ਼ ਮੁਲਾਕਾਤ



*ਇਲਾਨ ਪਾਪੇ*

**ਸਵਾਲ: 2008 ਤੋਂ ਲੈ ਕੇ ਇਸਰਾਈਲ ਦੇ ਅੰਦਰ ਅਤੇ ਇਸ ਦੇ ਬਾਹਰ ਦੇ ਹਾਲਾਤ ਕਿਵੇਂ ਬਦਲੇ? ਇਸ ਵਕਤ ਇਸਰਾਈਲ ਦੇ ਸਿਆਸੀ ਨਿਸ਼ਾਨੇ ਕੀ ਹਨ?**

**ਇਲਾਨ ਪਾਪੇ:** 2008 ਤੋਂ ਲੈ ਕੇ ਆਮ ਤਸਵੀਰ 'ਚ ਕੋਈ ਬਦਲਾਅ ਨਹੀਂ ਹੈ। ਜਦੋਂ ਤੋਂ ਫਲਸਤੀਨੀਆਂ ਵਲੋਂ ਗਾਜ਼ਾ ਪੱਟੀ ਵਿਚ ਜਮਹੂਰੀ ਤੌਰ 'ਤੇ ਆਪਣੀ ਹਕੂਮਤ ਦੀ ਚੋਣ ਕੀਤੀ ਗਈ, ਉਦੋਂ ਤੋਂ ਹੀ ਉਨ੍ਹਾਂ ਦੀ ਘੇਰਾਬੰਦੀ, ਉਨ੍ਹਾਂ ਦਾ ਗਲਾ ਘੁੱਟਣ ਅਤੇ ਉਨ੍ਹਾਂ ਦੇ ਇਲਾਕੇ ਦੀ ਬਰਬਾਦੀ ਦੀ ਨੀਤੀ ਚੱਲ ਰਹੀ ਹੈ। ਇਹ ਉਨ੍ਹਾਂ ਨੂੰ ਇਸਰਾਈਲ ਦੀ ਪਸੰਦ ਦੀ ਹਕੂਮਤ ਨਾ ਚੁਣਨ ਦੀ ਸਜ਼ਾ ਸੀ। 1967 ਤੋਂ ਹੀ ਇਸਰਾਇਲੀ ਆਪਣੇ ਕਬਜ਼ੇ 'ਚ ਲਏ ਫਲਸਤੀਨੀ ਇਲਾਕਿਆਂ ਦੀ ਹੋਣੀ ਦਾ ਫ਼ੈਸਲਾ ਕਰਨ 'ਚ ਫਲਸਤੀਨੀਆਂ ਦੇ ਅਹਿਮ ਯਤਨਾਂ ਨੂੰ ਦਬਾਉਣ ਲਈ ਵਹਿਸ਼ੀ ਢੰਗ ਨਾਲ ਪੇਸ਼ ਆ ਰਹੇ ਹਨ। ਸੱਚੀ ਆਜ਼ਾਦੀ ਦੀ ਮੰਗ ਕਰਨ ਜਾਂ ਜਾਬਰ ਰਾਜ ਦਾ ਭੋਗ ਪਾਉਣ ਦੀ ਮੰਗ ਨੂੰ ਫ਼ੌਜ ਦੀ ਵਹਿਸ਼ੀ ਤਾਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਨਿਸ਼ਚੇ ਹੀ, ਜਦੋਂ ਇਹ ਟਾਕਰਾ ਹਥਿਆਰਬੰਦ ਸੰਘਰਸ਼ 'ਤੇ ਆਧਾਰਤ ਹੈ ਤਾਂ ਬਦਲਾਲਊ ਕਾਰਵਾਈ ਹੋਰ ਵੀ ਭੈੜੀ ਸ਼ਕਲ 'ਚ ਸਾਹਮਣੇ ਆਉਂਦੀ ਹੈ, ਜਿਵੇਂ ਅਸੀਂ ਅੱਜ ਗਾਜ਼ਾ ਵਿਚ ਦੇਖ ਸਕਦੇ ਹਾਂ।

ਇਸਰਾਈਲ ਨੂੰ ਹੁਣ ਸੁੱਝ ਨਹੀਂ ਰਿਹਾ, ਗਾਜ਼ਾ ਦਾ ਕੀ ਕਰੇ। ਇਸ ਦਾ ਮੰਨਣਾ ਹੈ ਕਿ ਇਸ ਨੇ ਪੱਛਮੀ ਕੰਢੇ ਦੇ ਇਕ ਹਿੱਸੇ ਨੂੰ ਇਸਰਾਈਲ ਦਾ ਹਿੱਸਾ ਬਣਾ ਕੇ ਅਤੇ ਫਲਸਤੀਨੀਆਂ ਨੂੰ ਉਨ੍ਹਾਂ ਦੀਆਂ ਦੱਖਣੀ ਅਫ਼ਰੀਕੀ ਤਰਜ਼ ਦੀਆਂ ਛੋਟੀਆਂ-ਛੋਟੀਆਂ ਬੰਦ ਬਸਤੀਆਂ 'ਚ ਤਾੜਨ ਦਾ ਜੋ ਢੰਗ ਈਜਾਦ ਕਰ ਲਿਆ ਹੋਇਆ ਹੈ, ਇਸ ਨੂੰ ਉਮੀਦ ਹੈ ਕਿ ਕੌਮਾਂਤਰੀ ਭਾਈਚਾਰਾ ਇਸ ਨੂੰ ਬਤੌਰ 'ਸ਼ਾਂਤਮਈ ਹੱਲ' ਮਾਨਤਾ ਦੇ ਦੇਵੇਗਾ। ਇਹ ਕੰਮ ਨਹੀਂ ਆਇਆ ਅਤੇ ਪੱਛਮੀ ਕੰਢੇ ਦੀ ਨਾਕਾਮੀ ਨੇ ਇਸ ਦੀ ਗਾਜ਼ਾ ਪੱਟੀ ਦੇ ਭਵਿੱਖ ਨਾਲ ਉਲਝੇ ਰਹਿਣ ਦੀ ਦੂਰਗਾਮੀ ਨਾਕਾਬਲੀਅਤ ਹੋਰ ਵੀ ਉਘਾੜ ਦਿੱਤੀ। ਇਸਰਾਈਲ ਦੀ ਇਸ ਇਕਪਾਸੜ ਨੀਤੀ ਦੀ ਨਾਕਾਮੀ ਦਾ ਪਹਿਲਾ ਸੰਕੇਤ ਉਦੋਂ ਸਾਹਮਣੇ ਆਇਆ ਜਦੋਂ ਇਸ ਨੇ ਕਹਿ ਦਿੱਤਾ ਕਿ ਕੈਰੀ (ਅਮਰੀਕੀ ਵਿਦੇਸ਼ ਮੰਤਰੀ) ਵਾਲੀ ਪਹਿਲਕਦਮੀ ਮਰ-ਮੁੱਕ ਚੁੱਕੀ ਸਮਝਣੀ ਚਾਹੀਦੀ ਹੈ ਅਤੇ ਕੋਈ ਵੀ ਇਸ ਨੂੰ ਮੁੜ-ਸੁਰਜੀਤ ਕਰਨ ਲਈ ਤਿਆਰ ਨਹੀਂ। ਇਸ ਦਾ ਦੂਜਾ ਸੰਕੇਤ ਹਮਾਸ-ਫਤਿਹ ਏਕਤਾ ਹਕੂਮਤ ਪ੍ਰਤੀ ਇਸ ਦੀਆਂ ਪਹਿਲੀਆਂ ਮੁਹਿੰਮਾਂ ਨਾਲ ਸਾਹਮਣਾ ਆਇਆ। ਲਿਹਾਜ਼ਾ ਮੁਹਿੰਮ ਦਾ ਪਹਿਲਾ ਨਿਸ਼ਾਨਾ ਇਸਰਾਇਲੀ ਦਾਬੇ ਦਾ ਵਿਰੋਧ ਕਰਨ ਦੀ ਫਲਸਤੀਨੀਆਂ ਦੀ ਕਿਸੇ ਵੀ ਉਮੰਗ ਨੂੰ ਕੁਚਲ ਦੇਣ ਦੀ ਪੂਰੀ-ਸੂਰੀ ਮੁਹਿੰਮ ਦਾ ਹਿੱਸਾ ਸੀ ਜਿਸ ਦਾ ਆਗਾਜ਼ ਹਮਾਸ ਵਾਲਿਆਂ ਦੀ ਵਿਆਪਕ ਫੜੋ-ਫੜੀ ਅਤੇ ਉਸ ਸਾਲ ਜੂਨ ਵਿਚ ਕੈਦੀਆਂ ਦੇ ਵਟਾਂਦਰੇ ਦੌਰਾਨ ਰਿਹਾ ਕੀਤੇ ਫਲਸਤੀਨੀਆਂ ਦੀਆਂ ਦੁਬਾਰਾ ਗ੍ਰਿਫ਼ਤਾਰੀਆਂ ਨਾਲ ਹੋਇਆ।

**ਸਵਾਲ: ਕੀ ਹਮਾਸ ਸੱਚਮੁੱਚ ਇਸਰਾਈਲ ਦੀ ਪੈਦਾ ਕੀਤੀ ਹੋਈ ਹੈ, ਤੇ ਐਨੇ ਦਹਾਕਿਆਂ ਤੋਂ ਫਲਸਤੀਨੀ ਇਲਾਕੇ ਉਪਰ ਚਲੇ ਆ ਰਹੇ ਕਬਜ਼ੇ ਦਾ ਵਿਸਤਾਰ ਹੈ?**

**ਇਲਾਨ ਪਾਪੇ:** ਹਮਾਸ ਇਸਰਾਈਲ ਨੇ ਨਹੀਂ ਸੀ ਬਣਾਈ, ਪਰ 1970ਵਿਆਂ ਵਿਚ ਫਤਿਹ ਦੇ ਵਿਰੋਧ 'ਚ ਖੜ੍ਹਨ ਵਾਲੀ ਤਾਕਤ ਵਜੋਂ ਇਸ ਨੂੰ ਇਸਰਾਈਲ ਨੇ ਤਕੜਾਈ ਬਖਸ਼ੀ ਤੇ ਪ੍ਰਫੁਲਿਤ ਕੀਤਾ। ਇਸ ਨੂੰ ਇਸ ਉਮੀਦ ਨਾਲ ਗੁੰਜਾਇਸ਼ ਮੁਹੱਈਆ ਕੀਤੀ ਗਈ ਅਤੇ ਵਸੀਲੇ ਪੈਦਾ ਕਰਨ ਦੀ ਖੁੱਲ੍ਹ ਦਿੱਤੀ ਗਈ ਕਿ ਇਸ ਨਾਲ ਉਸ ਧਰਮਨਿਰਪੱਖ ਕੌਮੀ ਲਹਿਰ ਦੀ ਤਾਕਤ ਨੂੰ ਸੱਟ ਵੱਜੇਗੀ ਜੋ ਇਸਰਾਇਲੀ ਕਬਜ਼ੇ ਹੇਠਲੇ ਇਲਾਕਿਆਂ ਵਿਚ ਪ੍ਰਚੰਡ ਹੋਣੀ ਸ਼ੁਰੂ ਹੋ ਗਈ ਸੀ।

ਬਹੁਤ ਸਾਰੀਆਂ ਮੀਡੀਆ ਦੁਕਾਨਾਂ ਨੇ ਇਹੀ ਰੱਟ ਲਾਈ ਹੋਈ ਹੈ ਕਿ ਮਿਸਰ ਜੰਗਬੰਦੀ ਦੀ ਯੋਜਨਾ ਹਮਾਸ ਨੇ 'ਰੱਦ ਕੀਤੀ' ਜਦਕਿ ਇਸਰਾਈਲ ਨੇ ਤਾਂ ਇਸ ਨੂੰ ਕਬੂਲ ਕਰ ਲਿਆ ਸੀ। ਐਪਰ, ਜਿਵੇਂ ਜੋਨਾਥਨ ਕੁਕ ਨੇ ਦਰਸਾਇਆ ਹੈ, ਦਰਅਸਲ ਜੰਗਬੰਦੀ ਦੀ ਤਜਵੀਜ਼ ਵਾਸ਼ਿੰਗਟਨ ਵਿਚ ਬਣੀ ਸੀ, ਇਹ ਟੋਨੀ ਬਲੇਅਰ ਨੇ ਅੱਗੇ ਪਹੁੰਚਾਈ। ਇਸ ਦਾ ਮਨੋਰਥ ਇਹ ਸੀ ਕਿ ਜਾਂ ਤਾਂ ਹਮਾਸ ਐਸੀ ਹਾਲਤ 'ਚ ਘਿਰ ਜਾਵੇ ਕਿ ਹਥਿਆਰ ਸੁੱਟ ਦੇਵੇ- ਤੇ ਇਸ ਜ਼ਰੀਏ ਇਥੇ ਘੇਰਾਬੰਦੀ ਬਰਕਰਾਰ ਰਹੇ- ਜਾਂ ਉਹ ਇਸ ਨੂੰ ਮੰਨਣ ਤੋਂ ਨਾਂਹ ਕਰ ਦੇਵੇ ਤੇ ਇਸ ਨਾਲ ਉਸ ਦੇ ਦਹਿਸ਼ਤਗਰਦ ਜਥੇਬੰਦੀ ਵਾਲੇ ਦਰਜੇ 'ਤੇ ਮੋਹਰ ਲੱਗ ਜਾਵੇ। ਲਗਦਾ ਹੈ ਕਿ ਐਸੀ ਚਾਲ ਦਾ ਇਰਾਦਾ ਇਸ ਖੇਤਰ ਵਿਚ ਅਮਰੀਕੀ ਪੁਸ਼ਤ-ਪਨਾਹੀ ਵਾਲੀ ਦਵੰਦਮਈ ਹਾਲਤ ਬਣਾਈ ਰੱਖਣਾ ਸੀ: ਨੇਕੀ ਬਨਾਮ ਬਦੀ ਦਾ ਬਿਰਤਾਂਤ ਜੋ ਯਹੂਦੀ ਹੋਮਲੈਂਡ ਦਾ ਇਖ਼ਲਾਕੀ ਰਖਵਾਲਾ ਹੋਣ ਦੇ ਇਸਰਾਈਲ ਦੇ ਦਾਅਵੇ ਨੂੰ ਰਾਸ ਆਉਂਦਾ ਹੈ।

**ਸਵਾਲ : ਮੀਡੀਆ ਅੰਦਰਲੀ ਇਸ ਸੋਚ ਨੂੰ ਤੁਸੀਂ ਕਿਵੇਂ ਦੇਖਦੇ ਹੋ?**

**ਇਲਾਨ ਪਾਪੇ:** ਜੰਗਬੰਦੀ ਹਮਾਸ ਨੂੰ ਯਥਾਸਥਿਤੀ ਨੂੰ ਕਬੂਲ ਕਰ ਲੈਣ ਦਾ ਇਸਰਾਇਲੀ-ਮਿਸਰੀ ਫਰਮਾਨ ਸੀ ਜੋ ਹਮਾਸ ਤੇ ਗਾਜ਼ਾ ਦੇ ਲੋਕਾਂ ਲਈ ਅਸਹਿ ਸੀ। ਇਸ ਵਿਚ ਗਾਜ਼ਾ ਦੀ ਧੜਵੈਲ ਜੇਲ੍ਹ ਦੀ ਵਾਰਡਨ ਕਮਿਊਨਿਟੀ ਦਾ ਵਿਸਤਾਰ ਕਰਨ ਅਤੇ ਫਲਸਤੀਨੀ ਰਾਜ ਦੀ ਪੁਲਿਸ ਨੂੰ ਇਸ ਵਿਚ ਸ਼ੁਮਾਰ ਕਰਨ ਦਾ ਸੁਝਾਅ ਸ਼ਾਮਲ ਸੀ। ਹਮਾਸ ਦੇ ਸੰਸਦ ਮੈਂਬਰਾਂ ਦੀਆਂ ਗ੍ਰਿਫ਼ਤਾਰੀਆਂ, ਰਿਹਾ ਕੀਤੇ ਕੈਦੀਆਂ ਦੀਆਂ ਮੁੜ ਗ੍ਰਿਫ਼ਤਾਰੀਆਂ ਤੇ ਘੇਰਾਬੰਦੀ ਖ਼ਤਮ ਕਰਨ ਦੇ ਮੁੱਦੇ ਉੱਕਾ ਹੀ ਦਰਕਿਨਾਰ ਕਰ ਦਿੱਤੇ ਗਏ ਜਿਨ੍ਹਾਂ ਦੀ ਹਿੰਸਾ ਦੀ ਤਾਜ਼ਾ ਲਹਿਰ ਲਈ ਕੋਈ ਨਾ ਕੋਈ ਪ੍ਰਸੰਗਿਕਤਾ ਬਣਦੀ ਸੀ। ਇਹ ਜੰਗਬੰਦੀ ਦੀ ਪੇਸ਼ਕਸ਼ ਨਹੀਂ ਸੀ, ਇਹ ਐਸਾ ਫਰਮਾਨ ਸੀ ਜਿਸ ਬਾਰੇ ਘੱਟੋ-ਘੱਟ ਇਸਰਾਈਲ ਨੂੰ ਪਤਾ ਸੀ ਕਿ ਹਮਾਸ ਇਸ ਨੂੰ ਰੱਦ ਲਾਜ਼ਮੀ ਕਰੇਗਾ। ਇਸ ਨਾਲ ਬੀਤੇ ਦੀਆਂ ਉਹ 'ਅਮਨ' ਪੇਸ਼ਕਸ਼ਾਂ ਚੇਤੇ ਆ ਜਾਂਦੀਆਂ ਹਨ ਜੋ ਫਲਸਤੀਨੀਆਂ ਵਲੋਂ ਰੱਦ ਕਰ ਦਿੱਤੀਆਂ ਗਈਆਂ ਕਿਉਂਕਿ ਉਨ੍ਹਾਂ ਤੋਂ ਫਲਸਤੀਨੀਆਂ ਨੂੰ ਕੋਈ ਆਸ ਨਹੀਂ ਸੀ ਬੱਝਦੀ; ਜਿਵੇਂ 1947 ਦੀ ਤਕਸੀਮ ਯੋਜਨਾ ਅਤੇ ਸੰਨ 2000 ਵਿਚ ਇਸਰਾਈਲ ਦੀ 'ਫ਼ਰਾਖ਼ਦਿਲ' ਪੇਸ਼ਕਸ਼।

**ਸਵਾਲ: ਕੀ ਇਸਰਾਇਲੀ ਰਾਜ ਦੀ ਨੁਕਤਾਚੀਨੀ ਕਰਦੇ ਵਿਚਾਰ ਰੱਖਣਾ ਹੁਣ ਮਹਿਫੂਜ਼ ਹੋ ਗਿਆ ਹੈ?**

**ਇਲਾਨ ਪਾਪੇ:** ਹਾਂ, ਇਹ ਹੁਣ ਵਧੇਰੇ ਮਹਿਫੂਜ਼ ਹੈ ਤੇ ਪੂਰੀ ਤਰ੍ਹਾਂ ਆਮ ਗੱਲ ਹੈ।



*ਗਾਜ਼ਾ ਦੀ ਤਬਾਹੀ ਦਾ ਮੰਜ਼ਰ।*

ਹਾਲਾਂਕਿ ਸੱਤਾ ਦੇ ਗਲਿਆਰੇ ਅਜੇ ਵੀ ਇਸ ਤਰ੍ਹਾਂ ਦੀ ਨੁਕਤਾਚੀਨੀ ਨੂੰ ਰੋਕਦੇ ਹਨ, ਪਰ ਇਧਰ-ਉਧਰ ਐਸੇ ਸੰਕੇਤ ਆਉਂਦੇ ਰਹਿੰਦੇ ਹਨ ਕਿ ਇਹ ਖਿਆਲ ਹੁਣ ਮੁੱਖਧਾਰਾ ਮੀਡੀਆ ਦੇ ਅੰਦਰ ਚਲੇ ਗਏ ਹਨ।

**ਸਵਾਲ: ਇਸਰਾਈਲ ਤੇ ਗਾਜ਼ਾ ਅੰਦਰਲੀ ਹਾਲੀਆ ਹਿੰਸਾ ਤਾਕਤਾਂ ਦੇ ਖੇਤਰੀ ਤੋਲ 'ਤੇ ਕੀ ਅਸਰ ਪਾ ਰਹੀ ਹੈ?**

**ਇਲਾਨ ਪਾਪੇ:** ਥੋੜ੍ਹਚਿਰੇ ਲਿਹਾਜ਼ ਨਾਲ ਦੇਖੀਏ, ਤਾਂ ਇਸ ਦਾ ਤਾਕਤਾਂ ਦੇ ਖੇਤਰੀ ਤੋਲ ਉਪਰ ਨਾਂ-ਮਾਤਰ ਅਸਰ ਹੈ। ਤਾਕਤਾਂ ਦੇ ਇਸ ਤੋਲ ਉਪਰ ਫ਼ਲਸਤੀਨ ਦੀਆਂ ਘਟਨਾਵਾਂ ਨਾਲੋਂ ਸੀਰੀਆ ਤੇ ਇਰਾਕ ਦੇ ਘਟਨਾ-ਵਿਕਾਸਾਂ ਦਾ ਵੱਧ ਅਸਰ ਪੈ ਰਿਹਾ ਹੈ। ਦੂਰਗਾਮੀ ਨਜ਼ਰੀਏ ਤੋਂ, ਹਮਾਸ ਦੇ ਖਿਲਾਫ ਮਿਸਰ ਦਾ ਫ਼ਲਸਤੀਨ ਨਾਲ ਗੱਠਜੋੜ ਅਰਬ ਜਗਤ ਵਿਚ ਮਿਸਰ ਦੀ ਵੁੱਕਤ ਨੂੰ ਸੱਟ ਮਾਰੇਗਾ ਅਤੇ ਇਹ ਇਸ ਖਿੱਤੇ ਦੇ ਉਤਰੀ ਹਿੱਸੇ ਵਿਚ ਲੜ ਰਹੇ ਧੜਿਆਂ ਨੂੰ ਇਕ ਆਮ-ਸਹਿਮਤੀ ਵਾਲਾ ਕਾਜ ਮੁਹੱਈਆ ਕਰ ਕੇ ਉਨ੍ਹਾਂ ਦਾ ਆਪਸੀ ਲੜਾਈ ਤੋਂ ਖਹਿੜਾ ਛੁਡਾ ਸਕਦਾ ਹੈ। ਇਹ ਕਾਜ ਇਰਾਕ ਤੇ ਸੀਰੀਆ ਅੰਦਰਲੀਆਂ ਮੌਜੂਦਾ ਖ਼ੂਨੀ ਟੱਕਰਾਂ ਨੂੰ ਰੋਕਣ ਲਈ ਮਜਬੂਰ ਕਰ ਸਕਦਾ ਹੈ। ਬਹੁਤਾ ਕੁਝ ਆਈ. ਐਸ. ਆਈ. ਐਸ. ਦੀ ਇਕ ਰਿਆਸਤ ਬਣਾ ਲੈਣ ਦੀ ਯੋਗਤਾ-ਸਮਰੱਥਾ 'ਤੇ ਮੁਨੱਸਰ ਕਰਦਾ ਹੈ, ਇਹ ਐਸਾ ਮੰਜ਼ਰ ਨਹੀਂ ਹੈ ਜੋ ਸੰਭਵ ਨਾ ਹੋ ਸਕੇ। ਇਕ ਐਸੀ ਰਿਆਸਤ ਜਿਸ ਦਾ ਖਾੜੀ ਰਾਜਾਂ ਅਤੇ ਸਾਊਦੀ ਅਰਬ ਨਾਲ ਗੂੜ੍ਹਾ ਗੱਠਜੋੜ ਹੋਵੇਗਾ ਪਰ ਇਹ ਐਸੀ ਰਿਆਸਤ ਵੀ ਹੋਵੇਗੀ ਜੋ ਇਨ੍ਹਾਂ ਮੁਲਕਾਂ ਉਪਰ ਇਸ ਤਰ੍ਹਾਂ ਦਾ ਪ੍ਰਭਾਵ ਪਾ ਸਕੇਗੀ ਹੈ ਕਿ ਇਹ ਫਲਸਤੀਨੀ ਮੁੱਦੇ ਤੇ ਕਾਜ ਪ੍ਰਤੀ ਵੱਖਰਾ ਵਤੀਰਾ ਅਖ਼ਤਿਆਰ ਕਰਨ। ਸੰਖੇਪ 'ਚ, ਥੋੜ੍ਹਚਿਰੇ ਲਿਹਾਜ਼ ਨਾਲ ਦੇਖਿਆਂ ਤਾਕਤਾਂ ਦੇ ਖੇਤਰੀ ਤੋਲ ਦਾ ਫ਼ਾਇਦਾ ਇਸਰਾਈਲ ਨੂੰ ਹੈ, ਪਰ ਇਹ ਐਨਾ ਅਸਥਿਰ ਸੁਭਾਅ ਦਾ ਹੈ ਕਿ ਇਹ ਤਾਕਤਾਂ ਦੇ ਤੋਲ ਨੂੰ ਅੱਖੋਂ ਪਰੋਖੇ ਕਰਨ ਅਤੇ ਅਮਰੀਕੀ ਤੇ ਪੱਛਮੀ ਹਮਾਇਤ ਉਪਰ ਕੇਂਦਰਤ ਕਰਨ ਦੀ ਹਾਲਤ 'ਚ ਡਿਗ ਸਕਦਾ ਹੈ।

**ਸਵਾਲ: ਕੀ ਇਸਰਾਇਲੀ ਕੰਪਨੀਆਂ, ਸਮਾਨ ਤੇ ਸੇਵਾਵਾਂ ਦਾ ਬਾਈਕਾਟ ਫਲਸਤੀਨੀ ਇਲਾਕਿਆਂ ਉਪਰ ਇਸ ਦੇ ਨਾਜਾਇਜ਼ ਕਬਜ਼ੇ ਅਤੇ ਇਸਰਾਈਲ ਦੇ ਅਖੌਤੀ ਨਸਲੀ ਵਿਤਰਕੇ ਵਾਲੇ ਰਾਜ ਵਿਰੁਧ ਲੜਨ ਦਾ ਕਾਰਗਰ ਤਰੀਕਾ ਹੈ?**

**ਇਲਾਨ ਪਾਪੇ:** ਬੀ.ਡੀ.ਐਸ. (ਬਾਈਕਾਟ, ਲਗਾਇਆ ਸਰਮਾਇਆ ਵਾਪਸ ਲੈਣ ਤੇ ਆਰਥਿਕ ਪਾਬੰਦੀਆਂ) ਦੀ ਲਹਿਰ ਫ਼ਲਸਤੀਨ ਵਿਚ ਮਨੁੱਖੀ ਤੇ ਸ਼ਹਿਰੀ ਹੱਕਾਂ ਦੀ ਉਲੰਘਣਾ ਨਾਲ ਲੜਨ ਦਾ ਇਕ ਕਾਰਗਰ ਤੇ ਨੈਤਿਕ ਢੰਗ ਹੈ। ਇਹ ਇਸ ਵਾਜਬ ਮਨੌਤ 'ਤੇ ਆਧਾਰਤ ਹੈ ਕਿ ਇਸਰਾਈਲ ਦੇ ਅੰਦਰ ਅਤੇ ਹਥਿਆਰਬੰਦ ਲੜਾਈ ਦੀ ਨਿਰਾਰਥਿਕਤਾ ਬਾਰੇ ਸੋਚ 'ਚ ਬਦਲਾਅ ਆਉਣ ਦੀ ਕੋਈ ਉਮੀਦ ਨਹੀਂ ਹੈ। ਇਤਿਹਾਸ ਵਿਚ ਦੱਖਣੀ ਅਫ਼ਰੀਕਾ ਵਿਚ ਨਸਲੀ-ਵਿਤਕਰੇ ਵਿਰੁਧ ਐਸੀ ਮੁਹਿੰਮ ਦੇ ਕਾਮਯਾਬ ਹੋਣ ਦੀ ਪਹਿਲਾਂ ਹੀ ਮਿਸਾਲ ਮੌਜੂਦ ਹੈ। ਹੋਰ ਕੋਈ ਬਦਲ ਵੀ ਨਹੀਂ।

**ਸਵਾਲ: ਯਹੂਦੀ ਹੋਮ ਪਾਰਟੀ ਦੇ ਅਯੇਲੇ ਸ਼ਾਕਿਦ ਨੇ ਪਿੱਛੇ ਜਿਹੇ ਫਲਸਤੀਨੀ ਮਾਂਵਾਂ ਦਾ ਖ਼ਾਤਮਾ ਕਰਨ ਦਾ ਸੱਦਾ ਦਿੱਤਾ ਹੈ ਜੋ 'ਸਪੋਲੀਏ' ਜੰਮਦੀਆਂ ਹਨ। ਇਸਰਾਇਲੀ ਸਮਾਜ ਦਾ ਕਿੰਨਾ ਕੁ ਹਿੱਸਾ ਅਜਿਹੇ ਖਿਆਲਾਂ ਨੂੰ ਸਵੀਕਾਰ ਕਰਦਾ ਹੈ? ਕੀ ਲੰਘੇ ਦਹਾਕੇ 'ਚ ਇਸ ਤਰ੍ਹਾਂ ਦੇ ਖਿਆਲਾਂ ਨੇ ਜ਼ੋਰ ਫੜਿਆ ਹੈ?**

**ਇਲਾਨ ਪਾਪੇ:** ਬਹੁਤ ਸਾਲਾਂ ਤੋਂ ਚਾਹੇ ਜਨਤਾ ਵਿਚ ਇਸ ਤਰ੍ਹਾਂ ਦੀ ਗੱਲਬਾਤ ਚਲਦੀ ਰਹੀ ਹੈ ਪਰ ਇਸਰਾਇਲੀ ਯਹੂਦੀ ਸਮਾਜ ਦੀ ਇਹ ਸਮਝ ਰਹੀ ਹੈ ਕਿ ਅਜਿਹੇ ਖਿਆਲਾਂ ਨੂੰ ਬਾਹਰ ਨਾ ਲਿਜਾਇਆ ਜਾਵੇ। ਸੰਨ 2000 ਤੋਂ ਲੈ ਕੇ, ਬਤੌਰ ਸਿਆਸੀ ਪ੍ਰਬੰਧ ਤੇ ਇਕ ਸਮਾਜ ਇਸਰਾਈਲ ਨੇ ਇਹ ਚੌਕਸੀ ਬੰਦ ਕਰ ਦਿੱਤੀ ਹੈ। ਹੁਣ ਇਹ ਸ਼ੱਰ੍ਹੇਆਮ ਹੈ। ਇਹ ਨਾ ਸਿਰਫ਼ ਸਮਾਜ ਦੇ ਸੱਜੇਪੱਖੀ ਹਿੱਸਿਆਂ ਵਿਚ ਹੀ ਪ੍ਰਚਲਿਤ ਹੈ, ਸਗੋਂ ਹੁਣ ਤਾਂ ਇਹ ਸਿਆਸਤ ਦਾ ਧੁਰਾ ਬਣ ਚੁੱਕੀ ਹੈ। ਯਹੂਦੀ ਹੋਮ ਪਾਪੂਲਰ ਪਾਰਟੀ ਹੈ ਜੋ ਗੱਠਜੋੜ ਹਕੂਮਤ ਦੀ ਸੀਨੀਅਰ ਮੈਂਬਰ ਹੈ। ਉਂਜ ਫਲਸਤੀਨੀਆਂ ਨੂੰ ਸੱਪ ਦੱਸਣਾ ਨਵੀਂ ਗੱਲ ਨਹੀਂ। ਜੂਨ 1967 ਦੀ ਜੰਗ ਪਿੱਛੋਂ ਹੀ ਇਸਰਾਇਲੀ ਹਕੂਮਤ ਦੇ ਅੰਦਰ ਇਹ ਬਹਿਸ ਹੋਈ ਸੀ ਕਿ ਕੀ ਗਾਜ਼ਾ ਪੱਟੀ ਨੂੰ ਆਪਣੇ 'ਚ ਮਿਲਾ ਲੈਣਾ ਚਾਹੀਦਾ ਹੈ। ਉਦੋਂ ਵਿੱਤ ਮੰਤਰੀ ਨੇ ਕਿਹਾ ਸੀ ਕਿ ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਨਾਗਾਂ ਦੀ ਬਰਮੀ ਹੈ।

**ਸਵਾਲ: ਕੀ ਦੋ-ਰਾਜਾਂ ਦਾ ਹੱਲ ਅਜੇ ਵੀ ਸੰਭਵ ਹੈ?**

**ਇਲਾਨ ਪਾਪੇ:** ਨਹੀਂ, ਮੇਰੀ ਸੋਚ ਹੈ ਇਹ ਬਹੁਤ ਪਹਿਲਾਂ ਮਰ-ਮੁੱਕ ਚੁੱਕਾ ਤੇ ਦਫ਼ਨ ਹੋ ਚੁੱਕਾ ਹੈ। ਦਰਅਸਲ ਇਸ ਦੀ ਮੌਤ ਤਾਂ ਉਦੋਂ ਹੀ ਹੋ ਗਈ ਸੀ ਜਦੋਂ 1993 'ਚ ਓਸਲੋ ਸਮਝੌਤੇ ਨਾਲ ਉਦਾਰ ਇਸਰਾਈਲ ਦੀ ਸੋਚ ਦੀ ਅਸਲ ਕਹਾਣੀ ਸਾਹਮਣੇ ਆ ਗਈ। ਇਹ ਸੀ: ਪੱਛਮੀ ਕੰਢੇ ਤੇ ਗਾਜ਼ਾ ਪੱਟੀ ਅੰਦਰ ਕਿਸੇ ਤਰ੍ਹਾਂ ਦੀ ਖ਼ੁਦਮੁਖਤਿਆਰੀ ਤੋਂ ਵਾਂਝੀਆਂ ਦੱਖਣੀ ਅਫ਼ਰੀਕਾ ਵਰਗੀਆਂ ਬੰਦ ਬਸਤੀਆਂ ਬਣਾਉਣਾ; ਟਕਰਾਅ ਦੇ ਮੁੱਖ ਮਸਲੇ, ਸ਼ਰਨਾਰਥੀਆਂ ਦੇ ਵਾਪਸ ਮੁੜਨ ਦੇ ਹੱਕ ਅਤੇ ਯੇਰੋਸ਼ਲਮ ਦਾ ਨਿਆਂਪੂਰਨ ਹੱਲ ਨਾ ਕਰਨਾ।

**ਸਵਾਲ: ਇਸ ਵਕਤ ਇਸਰਾਇਲੀ ਰਿਆਸਤ ਨਾਲ ਤੁਹਾਡਾ ਨਿੱਜੀ ਰਿਸ਼ਤਾ ਕਿਸ ਤਰ੍ਹਾਂ ਦਾ ਹੈ?**

**ਇਲਾਨ ਪਾਪੇ:** ਮੈਂ ਇਕ ਨਾਗਰਿਕ ਹਾਂ, ਪਰ ਮੈਂ ਵੱਖਰੇ ਖਿਆਲਾਂ ਵਾਲਾ ਬੰਦਾ ਵੀ ਹਾਂ। ਮੈਂ ਆਪਣੇ ਵਤਨ ਨੂੰ ਪਿਆਰ ਕਰਦਾ ਹਾਂ, ਪਰ ਮੇਰਾ ਇਤਰਾਜ਼ ਉਨ੍ਹਾਂ ਵਿਚਾਰਧਾਰਕ ਤੌਰ-ਤਰੀਕਿਆਂ ਬਾਰੇ ਹੈ ਜਿਨ੍ਹਾਂ ਰਾਹੀਂ ਇਸਰਾਇਲੀ ਰਾਜ ਨੂੰ ਚਲਾਇਆ ਜਾ ਰਿਹਾ ਹੈ। ਉਥੇ ਜਿਹੜਾ ਕੋਈ ਯਹੂਦੀ ਨਹੀਂ, ਉਸ ਨਾਲ ਨਸਲੀ ਵਿਤਕਰਾ ਸ਼ੱਰ੍ਹੇਆਮ ਹੈ। ਅੱਜ ਇਸ ਰਾਜ ਦੇ ਘੇਰੇ ਅੰਦਰਲੀ ਅੱਧੀ ਆਬਾਦੀ ਯਹੂਦੀ ਨਹੀਂ ਹੈ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਉਪਰ ਉਥੋਂ ਨਸਲੀ ਤੌਰ 'ਤੇ ਸਫ਼ਾਇਆ ਕਰ ਦਿੱਤੇ ਜਾਣ ਦਾ ਖ਼ਤਰਾ ਲਗਾਤਾਰ ਮੰਡਲਾ ਰਿਹਾ ਹੈ। ਗਾਜ਼ਾ ਦੇ ਮਾਮਲੇ ਵਿਚ ਤਾਂ ਇਹ ਖ਼ਤਰਾ ਮਾਰ ਦਿੱਤੇ ਜਾਣ ਦੇ ਰੂਪ ਹੈ।

# ਹਰਿਆਣਾ ਗੁਰਦੁਆਰਾ ਕਮੇਟੀ ਅਤੇ ਅਕਾਲੀ ਦਲ

ਇਨ੍ਹੀਂ ਦਿਨੀਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਵਿਵਾਦਜਨਕ ਟਿੱਪਣੀਆਂ, ਬਿਆਨ, ਐਲਾਨਨਾਮੇ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਉਪਰ ਨਜ਼ਰ ਆ ਰਹੇ ਹਨ। ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਿਆਣਾ ਦੇ ਸਿੱਖਾਂ ਦੀ ਮੰਗ ਪੂਰੀ ਕਰਨ ਲਈ ਵਿਧਾਨ ਸਭਾ ਵਿਚੋਂ ਬਿਲ ਪਾਸ ਕਰ ਕੇ ਐਕਟ ਬਣਾ ਦਿੱਤਾ ਹੈ। ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਵਿਰੁਧ ਸੰਘਰਸ਼ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਬਾਰੇ ਰੌਲੇ ਰੱਪੇ ਵਿਚੋਂ ਕੁਝ ਸਵਾਲ ਪੈਦਾ ਹੁੰਦੇ ਹਨ ਜਿਨ੍ਹਾਂ ਦਾ

**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਉਤਰ ਸ਼ਾਇਦ ਇਸ ਮਸਲੇ ਨੂੰ ਸਮਝਣ ਵਿਚ ਸਹਾਈ ਹੋਵੇ।

1. ਕੀ ਕਿਸੇ ਦੇਸ਼ ਜਾਂ ਪ੍ਰਾਂਤ ਨੂੰ ਸਿੱਖਾਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਸੰਵਿਧਾਨਕ ਅਧਿਕਾਰ ਨਹੀਂ?

2. ਭਾਰਤੀ ਪੰਜਾਬ ਤੋਂ ਬਾਹਰ ਜੇ ਸਿੱਖ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਕਰਦੇ ਹਨ ਤਾਂ ਕੀ ਇਸ ਮੰਗ ਪਿੱਛੇ ਪੰਜਾਬ ਦੀ ਲੀਡਰਸ਼ਿਪ ਵਲੋਂ ਦਿਖਾਈ ਕੋਈ ਗੈਰ-ਜ਼ਿੰਮੇਵਾਰੀ ਤਾਂ ਨਹੀਂ?

3. ਭਾਰਤ ਦੇ ਕੁਝ ਪ੍ਰਾਂਤਾਂ ਵਿਚ ਤੇ ਪਾਕਿਸਤਾਨ, ਅਮਰੀਕਾ ਵਿਚ ਸਿੱਖ ਗੁਰਦੁਆਰਾ ਕਮੇਟੀਆਂ ਬਣ ਚੁੱਕੀਆਂ ਹਨ ਤੇ ਕਾਰਜਸ਼ੀਲ ਹਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਹ ਕਿਵੇਂ ਬਰਦਾਸ਼ਤ ਕਰ ਲਈਆਂ?

4. ਇਨ੍ਹਾਂ ਸਿਆਸੀ ਉਲਝਣਾਂ ਵਿਚ ਪੰਜ ਸਿੰਘ ਸਾਹਿਬਾਨ ਦੀ ਕੀ ਭੂਮਿਕਾ ਹੋਵੇ?

ਹੁਣ ਇਕ-ਇਕ ਕਰ ਕੇ ਇਨ੍ਹਾਂ ਮਸਲਿਆਂ ਨੂੰ ਵਾਚੀਏ। ਜਦੋਂ ਦਾ ਹਰਿਆਣਾ ਪ੍ਰਾਂਤ ਕਾਇਮ ਹੋਇਆ, ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਦੇ ਧੀਮੀ ਗਤੀ ਨਾਲ ਕਦੀ ਤਿੱਖੇ ਸੁਰਾਂ ਵਿਚ ਉਠਦੀ ਰਹੀ ਹੈ। ਇਸ ਮੰਗ ਤੋਂ ਪੰਜਾਬ ਦਾ ਸ਼੍ਰੋਮਣੀ ਅਕਾਲੀ ਦਲ ਤੇ ਹਰਿਆਣਾ ਵਿਚ ਪ੍ਰਾਂਤ ਦੀ ਕਾਂਗਰਸ ਪਾਰਟੀ ਸਿਆਸੀ ਰੋਟੀਆਂ ਸੇਕਦੇ ਹਨ। ਧਾਰਮਿਕ ਮੁੱਦਾ ਇਸ ਕਰ ਕੇ ਵਿਵਾਦਾਂ ਦੇ ਘੇਰੇ ਵਿਚ ਆਇਆ ਹੈ, ਕਿਉਂਕਿ ਹੁਣ ਹਰਿਆਣਾ ਦੀਆਂ ਅਸੈਂਬਲੀ ਚੋਣਾਂ ਸਿਰ 'ਤੇ ਹਨ। ਸਿੱਖ ਵੋਟ ਦੀ ਪ੍ਰਤੀਸ਼ਤਤਾ ਬੇਸ਼ੱਕ ਘੱਟ ਹੈ, ਪਰ ਇਹ ਅਸਰ-ਅੰਦਾਜ਼ ਹੈ। ਮੁੱਖ ਮੰਤਰੀ ਹੁੱਡਾ ਚਾਹੁੰਦੇ ਤਾਂ ਮੰਤਰੀ ਪਦ ਦੀ ਸਹੁੰ ਚੁੱਕਦਿਆਂ ਹੀ ਐਕਟ ਬਣਾ ਸਕਦੇ ਸਨ। ਉਤਰ ਮਿਲਦਾ ਹੈ ਕਿ ਐਕਟ ਬਣਾ ਸਕਦੇ ਸਨ ਪਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਖਲ ਕਾਰਨ ਨਹੀਂ ਬਣਾਇਆ। ਕਾਂਗਰਸ ਦਾ ਪ੍ਰਧਾਨ ਮੰਤਰੀ ਅਕਾਲੀ ਦਲ ਦੇ ਕਹਿਣ 'ਤੇ ਦਖਲ ਦੇ ਸਕਦਾ ਸੀ, ਤਾਂ ਹੁਣ ਭਾਰਤੀ ਜਨਤਾ ਪਾਰਟੀ ਦਾ ਪ੍ਰਧਾਨ ਮੰਤਰੀ ਕਿਉਂ ਦਖਲ ਨਹੀਂ ਦੇ ਸਕਦਾ? ਉਤਰ ਹੈ ਕਿ ਸ੍ਰੀ ਹੁੱਡਾ ਨੂੰ ਉਦੋਂ ਸਿੱਖ ਵੋਟ ਦੀ ਲੋੜ ਨਹੀਂ ਸੀ। ਹੁਣ ਹੈ। ਸੋ, ਇਹ ਖੇਡ ਪ੍ਰਧਾਨ ਮੰਤਰੀਆਂ ਦੇ ਵਿਹੜੇ ਵਿਚ ਨਹੀਂ, ਮੁੱਖ ਮੰਤਰੀਆਂ ਦੇ ਵਿਹੜੇ ਵਿਚ ਖੇਡੀ ਜਾ ਰਹੀ ਹੈ।

ਵੱਖਰੀ ਕਮੇਟੀ ਪਿਛੇ ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਵਲੋਂ ਦਿਖਾਈ ਅਣਗਹਿਲੀ ਦੂਜਾ ਮੁੱਦਾ ਹੈ। ਹਰ ਪ੍ਰਾਂਤ ਅਤੇ ਦੇਸ਼ ਦੇ ਵਸਨੀਕਾਂ ਦੀਆਂ ਆਪਣੀਆਂ-ਆਪਣੀਆਂ ਮੁਸ਼ਕਲਾਂ ਹਨ ਜੋ ਉਹ ਆਪੋ-ਆਪਣੇ ਢੰਗ ਨਾਲ ਹੱਲ ਕਰਨਗੇ। ਹਰਿਆਣਾ ਦਾ ਬਿਲ ਪਾਸ ਹੋ ਗਿਆ ਹੈ, ਤੇ ਜਥੇਦਾਰ ਅਵਤਾਰ ਸਿੰਘ ਮੱਕੜ ਬਿਆਨ ਦੇ ਰਹੇ ਹਨ ਕਿ ਹਰਿਆਣਾ ਦੇ ਸਿੱਖਾਂ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਵੱਖਰੀ ਅਡਹਾਕ ਕਮੇਟੀ ਬਣਾਏਗੀ ਜਿਸ ਦੀ ਨੁਮਾਇੰਦਗੀ ਹਰਿਆਣਾ ਦੇ ਸਿੱਖ ਕਰਨਗੇ। ਜਿਹੜਾ ਫੁਰਨਾ ਪ੍ਰਧਾਨ ਜੀ ਨੂੰ ਹੁਣ ਫੁਰਿਆ ਹੈ, ਉਸ ਦਾ ਖਿਆਲ ਪਹਿਲਾਂ ਕਦੀ ਕਿਉਂ ਨਹੀਂ ਆਇਆ? ਜੇ ਹਰਿਆਣੇ ਦੇ ਗੁਰਦੁਆਰਿਆਂ ਵਿਚਲੀ ਗੋਲਕ ਦੀ ਮਾਇਆ ਹਰਿਆਣੇ ਵਿਚ ਖਰਚੀ ਜਾਂਦੀ ਅਤੇ ਖਰਚਣ ਵਿਚ ਵੀ ਹਰਿਆਣੇ ਦੀ ਸਿੱਖ ਲੀਡਰਸ਼ਿਪ ਆਪਣੀ ਜ਼ਿੰਮੇਵਾਰ ਭੂਮਿਕਾ ਨਿਭਾ ਸਕਦੀ, ਤਦ ਇਹ ਮੰਗ ਉਠਣੀ ਹੀ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇਸ ਪੱਖੋਂ ਦੂਰ-ਅੰਦੇਸ਼ੀ ਤੋਂ ਕੰਮ ਨਹੀਂ ਲਿਆ।

ਇਕ ਟੀ.ਵੀ. ਚੈਨਲ ਇਸ ਮਸਲੇ ਉਪਰ ਸਵਾਲ ਲੈ ਕੇ ਮੇਰੀ ਇੰਟਰਵਿਊ ਕਰਨ ਆਇਆ। ਉਸ ਨੇ ਇਕ ਪ੍ਰਸ਼ਨ ਕੀਤਾ-ਮੈਂ ਕਾਫੀ ਸਾਰੇ ਸਿੱਖ ਵਿਚਾਰਵਾਨਾਂ ਦੀ ਇੰਟਰਵਿਊ ਕੀਤੀ ਹੈ, ਸਾਰੇ ਆਖਦੇ ਹਨ ਕਿ ਐਕਟ ਤਹਿਤ ਇਹ ਸ਼੍ਰੋਮਣੀ ਕਮੇਟੀਆਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਹੋਣੀਆਂ ਹੀ ਨਹੀਂ ਚਾਹੀਦੀਆਂ। ਹਿੰਦੂਆਂ, ਮੁਸਲਮਾਨਾਂ ਜਾਂ ਈਸਾਈਆਂ ਦੀਆਂ ਕਿਹੜਾ ਇਸ ਤਰ੍ਹਾਂ ਧਰਮ ਅਸਥਾਨਾਂ ਦੇ ਪ੍ਰਬੰਧ ਕਰਨ ਲਈ ਕੇਂਦਰੀ ਕਮੇਟੀਆਂ ਹਨ? ਮੈਂ ਕਿਹਾ-ਸੌ ਸਾਲ ਪਹਿਲਾਂ ਸਿੱਖਾਂ ਨੇ ਉਹ ਕੰਮ ਕੀਤਾ ਜਿਹੜਾ ਦੂਜੇ ਧਰਮ ਨਹੀਂ ਕਰ ਸਕੇ। ਖਾਲਸਾ ਪੰਥ ਦੀ ਇਕ ਰਹਿਤ ਹੋਵੇ, ਸਾਰੇ ਗੁਰਦੁਆਰਿਆਂ ਦੀ ਇਕ ਰਹਿਤ ਮਰਿਆਦਾ ਹੋਵੇ, ਇਹ ਸ਼ਾਨਦਾਰ ਪ੍ਰਾਪਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਦਕਾ ਹੋਈ ਹੈ। ਸ਼੍ਰੋਮਣੀ ਕਮੇਟੀ ਨਾ ਹੁੰਦੀ ਤਾਂ ਹਰ ਗੁਰਦੁਆਰੇ ਦੀ ਰਹਿਤ ਵੱਖ-ਵੱਖ ਹੋਣੀ ਸੀ। ਮੈਨੂੰ ਇਸ ਦੀਆਂ ਖਾਮੀਆਂ ਦਾ ਵੀ ਪਤਾ ਹੈ। ਲੰਗਰ ਦੇ ਪ੍ਰਬੰਧ ਵਿਚ ਸੁਧਾਰ ਹੋਇਆ ਹੈ। ਸਰਾਵਾਂ ਦੀ ਗਿਣਤੀ ਵਧੀ ਹੈ ਤਾਂ ਵੀ ਸ਼ਰਧਾਲੂ ਨੂੰ ਰਾਤ ਕੱਟਣ ਲਈ ਕਮਰਾ ਨਹੀਂ ਮਿਲਦਾ, ਬੇਸ਼ੱਕ ਖਾਲੀ ਪਏ ਹਨ। ਕਾਰਨ? ਹਰ ਵਿਧਾਇਕ, ਸੰਸਦ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਲਈ ਕਮਰੇ ਰਾਖਵੇਂ ਹਨ। ਉਹ ਫੋਨ ਕਰਨਗੇ ਤਾਂ ਕਮਰਾ ਮਿਲੇਗਾ, ਨਹੀਂ ਤਾਂ ਹਾਲ ਵਿਚ ਜਾਂ ਪਰਿਕਰਮਾ ਵਿਚ ਰਾਤ ਕੱਟੋ।

ਜਦੋਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਲੱਗੀ, ਉਦੋਂ ਵੀ ਅਕਾਲੀ ਦਲ ਨੇ ਵਾਵੇਲਾ ਮਚਾਇਆ ਸੀ ਜਿਹੜਾ ਨਿਰਾਰਥਕ ਸਾਬਤ ਹੋਇਆ। ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਮੰਗ ਕਰਦਾ ਆ ਰਿਹਾ ਹੈ ਕਿ ਪ੍ਰਾਂਤਾਂ ਨੂੰ ਵਧੇਰੇ ਅਧਿਕਾਰ ਦਿਓ, ਸਟੇਟ ਦਾ ਕੇਂਦਰੀਕਰਨ ਨਾ ਕਰੋ। ਅਨੰਦਪੁਰ ਦਾ ਮਤਾ ਇਹੀ ਪ੍ਰਾਂਤਾਂ ਦੀ ਖੁਦਮੁਖਤਾਰੀ ਦਾ ਐਲਾਨਨਾਮਾ ਹੈ। ਫਿਰ ਸ਼੍ਰੋਮਣੀ ਅਕਾਲੀ ਦਲ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਪ੍ਰਾਂਤਾਂ ਦੀ ਖੁਦਮੁਖਤਾਰੀ ਦਾ ਸਤਿਕਾਰ ਕਿਉਂ ਨਹੀਂ ਕਰਦਾ? ਪੰਥ ਦੀ ਅਰਦਾਸ ਦਾ ਇਕ ਵਾਕ ਅਜਿਹਾ ਹੈ ਜਿਹੜਾ 1947 ਦੀ ਦੇਸ਼ ਵੰਡ ਪਿਛੋਂ ਸ਼ਾਮਲ ਕੀਤਾ ਗਿਆ, ਉਹ ਹੈ, 'ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦੀ ਦਾਤ ਖਾਲਸਾ ਜੀ ਨੂੰ ਬਖ਼ਸ਼ੋ।' ਇਸ ਪੰਕਤੀ ਦੀ ਅੰਸ਼ਿਕ ਪੂਰਤੀ ਉਦੋਂ ਹੋ ਗਈ ਜਦੋਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ।

ਡਾ. ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਸ. ਗੁਰਤੇਜ ਸਿੰਘ ਦੀ ਟੀਮ ਨੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕਰ ਕੇ ਅਮਰੀਕਾ ਦੇ ਸਭ ਗੁਰਦੁਆਰਿਆਂ ਨੂੰ ਇਕ ਸੰਗਲੀ ਵਾਂਗ ਇਕ-ਦੂਜੇ ਨਾਲ ਜੋੜਨਾ ਚਾਹਿਆ। ਇਸ ਵਿਚ ਗਲਤ ਕੀ ਹੋਇਆ? ਜੋ ਗਲਤ ਹੋਇਆ, ਉਹ ਇਹ ਕਿ ਡਾ. ਪ੍ਰਿਤਪਾਲ ਸਿੰਘ ਅਤੇ ਸ. ਗੁਰਤੇਜ ਸਿੰਘ ਨੂੰ ਭਾਰਤ ਵਿਚ ਆਉਣ ਦੀ ਆਗਿਆ ਨਹੀਂ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਕਾਰਕੁਨ ਭਾਰਤ ਤੋਂ ਉਧਰ ਗਏ ਵਿਦਵਾਨਾਂ, ਸਿਆਸਤਦਾਨਾਂ, ਰਾਗੀਆਂ ਅਤੇ ਕਥਾਕਾਰਾਂ ਦਾ ਸਨਮਾਨ ਕਰਦੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਰਸੂਖ ਵਰਤਦਿਆਂ ਇਨ੍ਹਾਂ ਵਿਰੁਧ ਦਰਜ ਫਰਜ਼ੀ ਕੇਸ ਵਾਪਸ ਨਹੀਂ ਕਰਵਾਏ ਜੋ ਫਰਜ਼ ਬਣਦਾ ਸੀ।

ਆਖਰੀ ਮਸਲਾ ਸਿੰਘ ਸਾਹਿਬਾਨ ਦੀ ਭੂਮਿਕਾ ਦਾ। ਸਿਆਸੀ ਦਖਲਅੰਦਾਜ਼ੀ ਕਰ ਕੇ ਨਾ ਤਾਂ ਸਿੰਘ ਸਾਹਿਬਾਨ ਦੀਆਂ ਨਿਯੁਕਤੀਆਂ ਤਰਕਸੰਗਤ ਹੁੰਦੀਆਂ ਹਨ, ਨਾ ਇਨ੍ਹਾਂ ਦੇ ਫੈਸਲੇ ਸੁਤੰਤਰ ਹੁੰਦੇ ਹਨ। ਇਹੀ ਵਜ੍ਹਾ ਹੈ ਕਿ ਅਕਾਲ ਤਖਤ ਸਾਹਿਬ ਦੀ ਵਿਆਪਕ ਸ਼ਕਤੀ ਹੋਣ ਦੇ ਬਾਵਜੂਦ ਇਹ ਆਪਣੇ ਨਿਯੁਕਤੀ ਦਾਤਿਆਂ ਦੀ ਮਰਜ਼ੀ ਤੋਂ ਬਗੈਰ ਫੈਸਲੇ ਨਹੀਂ ਕਰ ਸਕਦੇ। ਸਿੰਘ ਸਾਹਿਬਾਨ ਦੀ ਦਖਲਅੰਦਾਜ਼ੀ ਉਦੋਂ ਸਾਰਥਕ ਹੋ ਸਕਦੀ ਹੈ, ਜੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜ ਭਾਰ ਹਿੰਦੂਆਂ ਜਾਂ ਮੁਸਲਮਾਨਾਂ ਨੂੰ ਸੌਂਪਣ ਦੀ ਤਿਆਰੀ ਜਾਂ ਸਾਜ਼ਿਸ਼ ਹੋਵੇ।

ਸ਼੍ਰੋਮਣੀ ਅਕਾਲੀ ਦਲ ਨੂੰ ਤਿਖੇ ਬਿਆਨ ਜਾਰੀ ਕਰ ਕੇ ਦੋਵੇਂ ਪ੍ਰਾਂਤਾਂ ਵਿਚ ਤਣਾਉ ਦਾ ਮਾਹੌਲ ਪੈਦਾ ਕਰਨਾ ਸ਼ੋਭਦਾ ਨਹੀਂ ਜਦੋਂ ਕਿ ਇਸ ਵਕਤ ਫਿਰਕੂ ਸਦਭਾਵਨਾ ਦਾ ਦੌਰ-ਦੌਰਾ ਹੈ। ਪਾਸ ਹੋ ਚੁਕਿਆ ਹਰਿਆਣਾ ਅਸੈਂਬਲੀ ਦਾ ਬਿਲ ਵਾਪਸ ਨਹੀਂ ਹੋਵੇਗਾ।

ਹੁਣ ਸ੍ਰੀ ਅਕਾਲ ਤਖ਼ਤ ਵਲੋਂ ਹਰਿਆਣੇ ਦੇ ਲੀਡਰਾਂ ਸ. ਹਰਮੋਹਿੰਦਰ ਸਿੰਘ ਚੱਠਾ, ਸ. ਜਗਦੀਸ਼ ਸਿੰਘ ਝੀਂਡਾ ਅਤੇ ਸ. ਦੀਦਾਰ ਸਿੰਘ ਨਲਵੀ ਨੂੰ ਖਾਲਸਾ ਪੰਥ ਵਿਚੋਂ ਛੇਕ ਦਿੱਤਾ ਹੈ। ਏਡੀ ਮੰਦਭਾਗੀ ਘਟਨਾ ਇਕੀਵੀਂ ਸਦੀ ਵਿਚ ਹੋ ਗਈ ਹੈ ਜਿਸ ਦੀ ਵਿਸ਼ਵ ਭਰ ਵਿਚ ਚਰਚਾ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਖਣਾ ਕਿ ਹਰਿਆਣਾ ਦੇ ਸਿੱਖ ਲੀਡਰਾਂ ਨੇ ਪੰਥ ਵਿਚ ਫੁੱਟ ਪਾ ਦਿੱਤੀ ਹੈ ਤੇ ਭਰਾ ਮਾਰੂ ਜੰਗ ਛੇੜ ਦਿੱਤੀ ਹੈ, ਸਹੀ ਨਹੀਂ। ਇਹ ਭਰਾ ਮਾਰੂ ਜੰਗ ਹਰਿਆਣੇ ਦੇ ਸਿੱਖਾਂ ਨੇ ਨਹੀਂ ਛੇੜੀ, ਪੰਜਾਬ ਦੀ ਸਿੱਖ ਲੀਡਰਸ਼ਿਪ ਨੇ ਛੇੜੀ ਹੈ। ਹਾਲੇ ਵੀ ਪੰਜਾਬੀ ਸਿੱਖ ਸੰਭਲ ਜਾਣ ਤਾਂ ਭਲਾ ਹੋਵੇਗਾ।

ਇਕ ਸਦੀ ਪਹਿਲਾਂ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਲਹਿਰ ਦੀ ਅਗਵਾਈ ਹੇਠ ਬਣੀ, ਉਦੋਂ ਇਸ ਦਾ ਇਕੋ ਇਕ ਮਨੋਰਥ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਧਰਮ ਪ੍ਰਚਾਰ ਸੀ। ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਪਾਸੋਂ ਆਪਣੇ ਹੱਥਾਂ ਵਿਚ ਲੈ ਲਿਆ ਤਾਂ ਫੈਸਲਾ ਹੋਇਆ ਕਿ ਇਸ ਫਤਿਹ ਦੇ ਸ਼ੁਕਰਾਨੇ ਦੀ ਅਰਦਾਸ ਸੰਤ ਬਾਬਾ ਅਤਰ ਸਿੰਘ ਪਾਸੋਂ ਕਰਵਾਈ ਜਾਵੇ। ਕਾਰਵਾਂ ਮਸਤੂਆਣੇ ਸੰਤਾਂ ਪਾਸ ਪੁੱਜਾ ਤਾਂ ਸੰਤਾਂ ਨੇ ਆਉਣ ਦਾ ਕਾਰਨ ਪੁੱਛਿਆ। ਜਥੇਦਾਰਾਂ ਦੇ ਦੱਸਿਆ ਕਿ ਬਾਬਾ ਜੀ ਮਹੰਤ ਗੁਰਦੁਆਰਿਆਂ ਵਿਚੋਂ ਨਿਕਲ ਗਏ ਹਨ। ਸੰਤ ਜੀ ਨੇ ਕਿਹਾ, 'ਭਲੇ ਹੋਣਗੇ ਜਿਹੜੇ ਨਿਕਲ ਗਏ, ਤੁਹਾਨੂੰ ਗੁਰਦੁਆਰਿਆਂ ਵਿਚੋਂ ਕੱਢਣਾ ਬਹੁਤ ਔਖਾ ਹੋਵੇਗਾ।' ਜਦੋਂ ਸਿੱਖਾਂ ਨੇ ਪ੍ਰਤੀਤ ਕੀਤਾ ਕਿ ਸਰਗਰਮ ਰਾਜਨੀਤੀ ਵਿਚ ਹਿੱਸਾ ਲੈਣਾ ਹੈ ਤਾਂ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ। ਪੰਥ ਦੇ ਇਹ ਦੋਵੇਂ ਵਿੰਗ ਇਕ-ਦੂਜੇ ਤੋਂ ਸੁਤੰਤਰ ਗਤੀਵਿਧੀਆਂ ਵਿਚ ਸਰਗਰਮ ਰਹੇ।

ਸ਼ਸਤਰਧਾਰੀ ਟਾਸਕ ਫੋਰਸ ਦੇ ਬੰਦੇ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੀ ਗੋਲਕ ਦੀ ਰਾਖੀ ਬੈਠਦੇ ਹਨ। ਅਸਲ ਮੁੱਦਾ ਧਰਮ ਦਾ ਨਹੀਂ, ਗੋਲਕ ਦਾ ਹੈ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਧਾਰਮਿਕ ਨਾ ਹੋ ਕੇ ਨਿਰੋਲ ਸਿਆਸੀ ਹੋ ਗਿਆ ਹੈ। ਇਸ ਵਕਤ ਜ਼ਰੂਰਤ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਦਲ ਨਾਲੋਂ ਵੱਖ ਕਰ ਦਿੱਤਾ ਜਾਵੇ। ਇਸ ਵਿਚ ਸੰਸਾਰ ਭਰ ਦੇ ਸਿੱਖਾਂ ਦਾ ਭਲਾ ਹੋਵੇਗਾ।



*ਪ੍ਰਕਾਸ਼ ਸਿੰਘ ਬਾਦਲ, ਅਵਤਾਰ ਸਿੰਘ ਮੱਕੜ, ਜਗਦੀਸ਼ ਸਿੰਘ ਝੀਂਡਾ ਤੇ ਦੀਦਾਰ ਸਿੰਘ ਨਲਵੀ*

# ਜੇਲ੍ਹਾਂ ਦੀਆਂ ਬੇਨਿਯਮੀਆਂ ਕਾਰਨ ਕਰੋੜਾਂ ਰੁਪਏ ਦੇ ਘਪਲੇ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਬੇਅੰਤ ਬੇਨੇਮੀਆਂ ਸਾਹਮਣੇ ਆਈਆਂ ਹਨ। ਜੇਲ੍ਹ ਪ੍ਰਸ਼ਾਸਨ ਕੈਦੀਆਂ ਦੇ ਰਾਸ਼ਨ ਤੇ ਮਜ਼ਦੂਰੀ ਦੇ ਕਰੋੜਾਂ ਰੁਪਏ ਡਕਾਰ ਗਿਆ ਪਰ ਸਰਕਾਰ ਇਸ ਬਾਰੇ ਕਾਰਵਾਈ ਕਰਨ ਦੇ ਬਜਾਇ ਚੁੱਪ ਵੱਟੀ ਬੈਠੀ ਹੈ। ਪੰਜਾਬ ਦੀ ਬਠਿੰਡਾ, ਲੁਧਿਆਣਾ, ਪਟਿਆਲਾ ਤੇ ਅੰਮ੍ਰਿਤਸਰ ਜੇਲ੍ਹ ਵਿਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਨੇ ਜਿਥੇ ਜੇਲ੍ਹ ਪ੍ਰਸ਼ਾਸਨ 'ਤੇ ਉਂਗਲ ਖੜ੍ਹੀ ਕੀਤੀ ਹੈ, ਉਥੇ ਸਰਕਾਰੀ ਖ਼ਜ਼ਾਨੇ ਨੂੰ ਵੀ ਰਗੜਾ ਲਗਾਇਆ ਹੈ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਅੰਦਰੂਨੀ ਪੜਤਾਲ ਸੰਸਥਾ (ਮਾਲ) ਪੰਜਾਬ ਤੋਂ ਮਿਲੇ ਵੇਰਵਿਆਂ ਮੁਤਾਬਕ ਸੂਬਾ ਸਰਕਾਰ ਨੇ ਇਸ ਸੰਸਥਾ ਤੋਂ ਬਠਿੰਡਾ, ਪਟਿਆਲਾ, ਲੁਧਿਆਣਾ, ਫ਼ਿਰੋਜ਼ਪੁਰ, ਜਲੰਧਰ, ਗੁਰਦਾਸਪੁਰ ਤੇ ਅੰਮ੍ਰਿਤਸਰ ਜੇਲ੍ਹ ਦਾ ਸਾਲ 2012-13 ਤੋਂ 2013-14 ਤੱਕ ਦਾ ਵਿਸ਼ੇਸ਼ ਆਡਿਟ ਕਰਵਾਇਆ ਹੈ ਜਿਸ ਵਿਚ ਇਹ ਘਪਲੇ ਬੇਪਰਦ ਹੋਏ ਹਨ।



ਕੇਂਦਰੀ ਜੇਲ੍ਹ ਲੁਧਿਆਣਾ ਵਿਚ 10.12 ਲੱਖ ਰੁਪਏ ਦੀ ਖ਼ਰੀਦੀ ਗਈ ਕਣਕ ਪੁੱਜੀ ਹੀ ਨਹੀਂ ਹੈ। ਜੇਲ੍ਹ ਪ੍ਰਸ਼ਾਸਨ ਨੇ ਪਨਗਰੇਨ ਤੋਂ 650 ਕੁਇੰਟਲ ਕਣਕ ਲੈਣ ਲਈ ਰਾਸ਼ੀ ਜਮ੍ਹਾਂ ਕਰਵਾਈ ਸੀ ਪਰ ਅੱਜ ਤੱਕ ਨਾ ਕਣਕ ਆਈ ਹੈ ਤੇ ਨਾ ਹੀ ਜੇਲ੍ਹ ਨੂੰ ਰਾਸ਼ੀ ਵਾਪਸ ਮੁੜੀ ਹੈ। ਲੁਧਿਆਣਾ ਜੇਲ੍ਹ ਵਿਚ ਕੈਦੀਆਂ ਨੂੰ ਦਿੱਤੀ ਜਾਂਦੀ ਸਬਜ਼ੀ ਵਿਚ ਵਰਤੇ ਜਾਂਦੇ ਮਸਾਲਿਆਂ, ਘਿਓ ਤੇ ਨਮਕ ਵਿਚ 10.56 ਲੱਖ ਰੁਪਏ ਦਾ ਰਗੜਾ ਲਗਾ ਦਿੱਤਾ ਗਿਆ ਹੈ। ਇਸ ਜੇਲ੍ਹ ਵਿਚ ਅਪਰੈਲ 2012 ਤੋਂ ਜੂਨ 2013 ਵਿਚ ਸਬਜ਼ੀ ਦੀ ਵਰਤੋਂ ਕਾਇਦੇ ਤੋਂ ਘੱਟ ਜਾਂ ਬਿਲਕੁਲ ਹੀ ਨਹੀਂ ਕੀਤੀ ਗਈ ਪਰ ਮਸਾਲੇ, ਘਿਓ ਤੇ ਨਮਕ ਦੀ ਵਰਤੋਂ ਵਿਖਾਈ ਗਈ ਹੈ। ਅਜਿਹਾ ਕਿਉਂ ਕੀਤਾ ਗਿਆ ਤੇ ਇਸ ਪਿੱਛੇ ਕੀ ਕਾਰਨ ਸਨ, ਇਸ ਬਾਰੇ ਆਡਿਟ ਚੁੱਪ ਹੈ। ਸਾਲ 2012-13 ਵਿਚ ਲੁਧਿਆਣਾ ਜੇਲ੍ਹ ਵਿਚ ਸਟਾਕ ਵਿਚ ਪਈਆਂ ਪਈਆਂ 8.47 ਲੱਖ ਦੀਆਂ ਦਵਾਈਆਂ ਮੁੜ ਖ਼ਰੀਦ ਲਈਆਂ ਗਈਆਂ ਹਨ ਤੇ ਜੇਲ੍ਹ ਪ੍ਰਸ਼ਾਸਨ ਨੇ 5.27 ਲੱਖ ਰੁਪਏ ਦੀਆਂ ਦਵਾਈਆਂ ਦੀ ਅਣਅਧਿਕਾਰਤ ਖ਼ਰੀਦ ਕੀਤੀ ਹੈ ਜਿਨ੍ਹਾਂ ਬਾਰੇ ਪ੍ਰਵਾਨਗੀ ਵੀ ਨਹੀਂ ਲਈ ਗਈ।

ਲੁਧਿਆਣਾ ਜੇਲ੍ਹ ਦੀ ਫੈਕਟਰੀ ਵਿਚ ਕੈਦੀਆਂ ਵੱਲੋਂ ਤਿਆਰ ਕੀਤੇ ਜਾਂਦੇ ਦੇਸੀ ਸਾਬਣ ਤੇ ਫਿਨਾਇਲ ਦਾ ਮੁੱਲ ਮਾਰਕੀਟ ਨਾਲੋਂ ਦੁੱਗਣਾ ਹੈ। ਜੇਲ੍ਹ ਅੰਦਰ 12 ਹਜ਼ਾਰ ਕਿੱਲੋ ਦੇਸੀ ਸਾਬਣ ਤਿਆਰ ਕੀਤਾ ਗਿਆ ਹੈ। ਡੀ.ਜੀ.ਪੀ. (ਜੇਲ੍ਹਾਂ) ਨੇ 27 ਮਈ 2013 ਨੂੰ ਪੱਤਰ ਜਾਰੀ ਕਰ ਕੇ ਸਾਬਣ ਦੀ ਕੀਮਤ 35.40 ਰੁਪਏ ਪ੍ਰਤੀ ਕਿਲੋ ਤੇ ਫਿਨਾਇਲ ਦੀ ਕੀਮਤ 20 ਰੁਪਏ ਪ੍ਰਤੀ ਲਿਟਰ ਨਿਰਧਾਰਤ ਕਰ ਦਿੱਤੀ ਸੀ। ਵੇਖਿਆ ਜਾਵੇ ਤਾਂ ਜੇਲ੍ਹ ਪ੍ਰਸ਼ਾਸਨ ਵੱਲੋਂ ਸਾਬਣ ਤੇ ਫਿਨਾਇਲ ਤਿਆਰ ਕਰਨ 'ਤੇ 11.59 ਲੱਖ ਰੁਪਏ ਦਾ ਵਾਧੂ ਖ਼ਰਚ ਕੀਤਾ ਗਿਆ ਹੈ। ਸਾਬਣ ਤਿਆਰ ਕਰਨ ਲਈ ਸਸਤੇ ਮਟੀਰੀਅਲ (ਸੋਡੀਅਮ ਸਿਲੀਕੇਟ: ਮੁੱਲ 11 ਰੁਪਏ, ਸੋਪ ਸਟੋਨ: ਮੁੱਲ 26.50 ਰੁਪਏ) ਦੀ ਵਰਤੋਂ ਕਰਨ ਦੀ ਥਾਂ 140 ਰੁਪਏ ਤੋਂ 209 ਰੁਪਏ ਤੱਕ ਵਾਲਾ ਮਟੀਰੀਅਲ ਵਰਤਿਆ ਗਿਆ ਹੈ। ਮਹਿੰਗਾ ਮਟੀਰੀਅਲ ਕਿਉਂ ਖ਼ਰੀਦਿਆ ਗਿਆ, ਇਸ ਬਾਰੇ ਵੇਰਵੇ ਕੁਝ ਨਹੀਂ ਦੱਸਦੇ।

ਲੁਧਿਆਣਾ ਜੇਲ੍ਹ ਪ੍ਰਸ਼ਾਸਨ ਨੇ ਕੈਦੀਆਂ ਤੋਂ 4.92 ਲੱਖ ਰੁਪਏ ਜੁਰਮਾਨੇ ਵਜੋਂ ਵਸੂਲੇ ਸਨ ਪਰ ਉਹ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਹੀ ਨਹੀਂ ਹੋਏ ਹਨ। ਅੰਮ੍ਰਿਤਸਰ ਜੇਲ੍ਹ ਪ੍ਰਸ਼ਾਸਨ ਨੇ ਜੇਲ੍ਹ ਸੁਪਰਡੈਂਟ ਨੂੰ ਸਰਕਾਰੀ ਰਿਹਾਇਸ਼ ਦੇਣ ਤੋਂ ਇਲਾਵਾ 97,692 ਰੁਪਏ ਮਕਾਨ ਕਿਰਾਇਆ ਭੱਤਾ ਦਿੱਤਾ ਹੈ। ਜੇਲ੍ਹ ਮੁਲਾਜ਼ਮਾਂ ਦੇ 46 ਕੁਆਰਟਰਾਂ ਵਿਚ ਕੋਈ ਮੀਟਰ ਨਹੀਂ ਲੱਗਿਆ ਹੋਇਆ ਤੇ ਸਾਰਿਆਂ ਨੂੰ ਸਪਲਾਈ ਜੇਲ੍ਹ ਸੁਪਰਡੈਂਟ ਦੇ ਮੀਟਰ ਵਿਚੋਂ ਹੀ ਜਾਂਦੀ ਹੈ। ਜੇਲ੍ਹ ਵਾਲੇ ਹਰ ਮੁਲਾਜ਼ਮ ਤੋਂ ਪ੍ਰਤੀ ਮਹੀਨਾ 300 ਰੁਪਏ ਵਸੂਲ ਕਰ ਰਹੇ ਹਨ ਜਦਕਿ ਪੰਜਾਬ ਸਰਕਾਰ ਦੀ ਅਜਿਹੀ ਕੋਈ ਵਿਵਸਥਾ ਹੀ ਨਹੀਂ ਹੈ। ਪਟਿਆਲਾ ਜੇਲ੍ਹ ਪ੍ਰਸ਼ਾਸਨ ਨੇ ਕੈਦੀਆਂ ਦਾ ਮਿਹਨਤਾਨਾ 11.93 ਲੱਖ ਰੁਪਏ ਖ਼ਜ਼ਾਨੇ ਵਿਚੋਂ ਕਢਵਾ ਲਏ ਸਨ ਪਰ ਕੈਦੀਆਂ ਨੂੰ ਨਹੀਂ ਵੰਡੇ। ਇਸ ਦੌਰਾਨ ਕਈ ਕੈਦੀ ਜੇਲ੍ਹ ਵਿਚੋਂ ਰਿਹਾਅ ਵੀ ਹੋ ਗਏ ਹਨ। ਪਟਿਆਲਾ ਜੇਲ੍ਹ ਵੱਲੋਂ ਤਕਰੀਬਨ 96.86 ਲੱਖ ਰੁਪਏ ਦੀ ਕਣਕ ਬਿਨਾਂ ਟੈਂਡਰਾਂ ਤੋਂ ਹੀ ਖ਼ਰੀਦੀ ਗਈ ਹੈ। ਬਠਿੰਡਾ ਜੇਲ੍ਹ ਦਾ ਆਡਿਟ ਮੁਕੰਮਲ ਹੋ ਚੁੱਕਿਆ ਹੈ ਪਰ ਅਜੇ ਪ੍ਰਵਾਨਗੀ ਅਧੀਨ ਹੈ।

ਅਹਿਮ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬਠਿੰਡਾ ਜੇਲ੍ਹ ਵਿਚ ਰਾਸ਼ਨ ਦੀ ਖ਼ਰੀਦ ਵਿਚ ਵੱਡੀ ਗੜਬੜੀ ਹੋਈ ਹੈ। ਰਾਸ਼ਨ ਤੋਂ ਬਿਨਾਂ ਸਾਬਣ-ਤੇਲ ਦੀ ਜੋ ਸਥਾਨਕ ਖ਼ਰੀਦ ਕੀਤੀ ਗਈ ਹੈ, ਉਸ ਵਿਚ ਸਾਮਾਨ ਸਸਤੇ ਭਾਅ 'ਤੇ ਖ਼ਰੀਦਿਆ ਗਿਆ ਹੈ ਜਦਕਿ ਮੁੱਖ ਦਫ਼ਤਰ ਦੇ ਪੱਧਰ 'ਤੇ ਖ਼ਰੀਦ ਕੀਤੇ ਰਾਸ਼ਨ ਦੀ ਕੀਮਤ ਕਿਤੇ ਜ਼ਿਆਦਾ ਹੈ। ਇਸ ਵਿਚ ਲੱਖਾਂ ਰੁਪਏ ਦਾ ਫ਼ਰਕ ਸਾਹਮਣੇ ਆਇਆ ਹੈ। ਫ਼ਿਰੋਜ਼ਪੁਰ ਜੇਲ੍ਹ ਪ੍ਰਸ਼ਾਸਨ ਨੇ ਵੀ ਕੈਦੀਆਂ ਦਾ 3.56 ਲੱਖ ਰੁਪਏ ਦਾ ਮਿਹਨਤਾਨਾ ਨਹੀਂ ਵੰਡਿਆ ਹੈ ਜਦਕਿ ਖ਼ਜ਼ਾਨੇ ਵਿਚੋਂ ਰਾਸ਼ੀ ਕਢਵਾ ਲਈ ਗਈ ਹੈ। ਇਸ ਜੇਲ੍ਹ ਵਿਚੋਂ ਡੈਪੂਟੇਸ਼ਨ 'ਤੇ ਗਈਆਂ ਦੋ ਮਹਿਲਾ ਮੁਲਾਜ਼ਮਾਂ ਨੂੰ ਬਿਨਾਂ ਤਾਇਨਾਤੀ ਤੋਂ ਹੀ ਜੇਲ੍ਹ ਪ੍ਰਸ਼ਾਸਨ ਵੱਲੋਂ ਅੱਠ ਲੱਖ ਰੁਪਏ ਤਨਖ਼ਾਹ ਵਜੋਂ ਦਿੱਤੇ ਗਏ ਹਨ। ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਉਨ੍ਹਾਂ ਨੂੰ ਹਾਲੇ ਆਡਿਟ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ। ਆਡਿਟ ਰਿਪੋਰਟ ਵਿਚ ਜਿਹੜੀਆਂ ਊਣਤਾਈਆਂ 'ਤੇ ਉਂਗਲ ਉਠਾਈ ਗਈ ਹੋਵੇਗੀ, ਉਨ੍ਹਾਂ 'ਤੇ ਗੌਰ ਕੀਤੀ ਜਾਵੇਗੀ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਭਾਰਤ ਦੇ ਹਿੱਤ 'ਚ ਨਹੀਂ 'ਹਿੰਦੂ ਰਾਸ਼ਟਰ' ਵਾਲੀਆਂ ਸੁਰਾਂ

## ਸਿਆਸਤ ਦਾ ਪਿੜ




**ਜਤਿੰਦਰ ਪਨੂੰ**
ਫੋਨ: 91-98140-68455


ਕਾਂਗਰਸ ਪਾਰਟੀ ਦੇ ਇੱਕ ਲੀਡਰ ਨੇ ਬਿਆਨ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਿਸ ਤਰ੍ਹਾਂ ਦੇ ਲੋਕਾਂ ਦਾ ਸਾਥ ਹਾਸਲ ਹੈ, ਉਹ ਉਸ ਦੀ ਸਰਕਾਰ ਦੀ ਬੇੜੀ ਡੋਬ ਦੇਣਗੇ। ਬਿਆਨ ਦਾਗਣ ਦਾ ਉਸ ਦਾ ਹੱਕ ਆਪਣੇ ਥਾਂ ਹੈ, ਉਂਜ ਕਾਂਗਰਸ ਪਾਰਟੀ ਦੀਆਂ ਪਿਛਲੀਆਂ ਦੋ ਸਰਕਾਰਾਂ ਦੇ ਵਕਤ ਉਹ ਖੁਦ ਵੀ ਆਪਣੀ ਪਾਰਟੀ ਦੀ ਬੇੜੀ ਨੂੰ ਡੋਬਣ ਵਾਲੇ ਬਿਆਨ ਹੀ ਦਿੰਦਾ ਰਿਹਾ ਸੀ। ਇਹੋ ਜਿਹੇ ਬੰਦੇ ਹਰ ਪਾਰਟੀ ਵਿਚ ਮਿਲ ਜਾਂਦੇ ਹਨ। ਹਕੀਕੀ ਸਥਿਤੀਆਂ ਇਹ ਹਨ ਕਿ ਭਾਜਪਾ ਦੇ ਅੰਦਰੋਂ ਵੀ ਅਤੇ ਗੱਠਜੋੜ ਵਿਚੋਂ ਵੀ ਕਈ ਆਗੂ ਇਹੋ ਜਿਹੇ ਬਿਆਨ ਅੱਜਕੱਲ੍ਹ ਦੇਈ ਜਾਂਦੇ ਹਨ, ਜਿਹੜੇ ਇਸ ਦੇਸ਼ ਦਾ ਵੀ ਅਤੇ ਦੇਸ਼ ਦੀ ਸਰਕਾਰ ਦਾ ਵੀ ਭਲਾ ਮੰਗਣ ਵਾਲੇ ਨਹੀਂ ਕਹੇ ਜਾ ਸਕਦੇ।

ਅਸੀਂ ਪਿਛਲੇ ਦਿਨੀਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦੋ ਆਗੂਆਂ; ਅਸ਼ੋਕ ਸਿੰਘਲ ਅਤੇ ਪ੍ਰਵੀਨ ਤੋਗੜੀਆ ਦੇ ਉਹ ਬਿਆਨ ਪੜ੍ਹੇ ਹਨ, ਜਿਨ੍ਹਾਂ ਨਾਲ ਦੇਸ਼ ਦੀ ਸਭ ਤੋਂ ਵੱਡੀ ਘੱਟ-ਗਿਣਤੀ ਮੁਸਲਿਮ ਭਾਈਚਾਰੇ ਨੂੰ ਚਿੜਾਇਆ ਹੀ ਨਹੀਂ ਗਿਆ, ਜਵਾਬੀ ਬਿਆਨਬਾਜ਼ੀ ਨੂੰ ਵੀ ਉਕਸਾਇਆ ਗਿਆ ਸੀ। ਉਹ ਉਕਸਾਵੇ ਵਿਚ ਨਹੀਂ ਆਏ। ਇਸ ਮਾਮਲੇ ਵਿਚ ਵੱਡੀ ਹੈਰਾਨੀ ਦੀ ਗੱਲ ਇਹ ਸੀ ਕਿ ਕਿਸੇ ਭਾਜਪਾ ਆਗੂ ਨੇ ਪ੍ਰਵੀਨ ਤੋਗੜੀਆ ਜਾਂ ਅਸ਼ੋਕ ਸਿੰਘਲ ਦੇ ਬਿਆਨਾਂ ਦੀ ਨਾ ਨਿੰਦਾ ਕੀਤੀ, ਨਾ ਉਨ੍ਹਾਂ ਤੋਂ ਵਖਰੇਵਾਂ ਜ਼ਾਹਰ ਕਰਨ ਦੀ ਲੋੜ ਸਮਝੀ। ਜਦੋਂ ਕੋਈ ਪਾਰਟੀ ਏਦਾਂ ਦੇ ਬਿਆਨਾਂ ਬਾਰੇ ਚੁੱਪ ਵੱਟ ਲਵੇ ਤਾਂ ਇਸ ਦਾ ਅਰਥ ਚੁੱਪ-ਸਹਿਮਤੀ ਮੰਨਿਆ ਜਾਂਦਾ ਹੈ। ਉਹ ਦੋਵੇਂ ਆਗੂ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਬੰਧਤ ਹਨ, ਜਿਸ ਨੂੰ ਅੱਗੇ ਲਾ ਕੇ ਵਿੱਢੀ ਗਈ ਮੁਹਿੰਮ ਸਦਕਾ ਭਾਰਤੀ ਜਨਤਾ ਪਾਰਟੀ ਪਾਰਲੀਮੈਂਟ ਦੀਆਂ ਦੋ ਸੀਟਾਂ ਤੋਂ ਛਿਆਸੀ ਸੀਟਾਂ, ਫਿਰ ਇੱਕ ਸੌ ਸੋਲਾਂ ਤੇ ਏਦਾਂ ਵਧਦੀ ਹੋਈ ਹੁਣ ਆਪਣੇ ਸਿਰ ਪੌਣੇ ਤਿੰਨ ਸੌ ਸੀਟਾਂ ਜਿੱਤਣ ਜੋਗੀ ਹੋਈ ਹੈ। ਹੁਣ ਹਾਲਾਤ ਬਦਲ ਚੁੱਕੇ ਹਨ। ਭਾਜਪਾ ਆਗੂਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਰਾਜ ਭਾਵੇਂ ਵੋਟਾਂ ਨਾਲ ਮਿਲੇ, ਭਾਵੇਂ ਪਿਤਾ-ਪੁਰਖੀ ਹੋਵੇ ਤੇ ਭਾਵੇਂ ਕੋਈ ਚਾਰ ਫੌਜੀ ਜਰਨੈਲ ਧੱਕੇ ਨਾਲ ਵੀ ਖੋਹ ਲੈਣ, ਇਸ ਗੱਲ ਦਾ ਭਰੋਸਾ ਸਾਰੇ ਹਾਕਮਾਂ ਨੂੰ ਦੇਣਾ ਪੈਂਦਾ ਹੈ ਕਿ ਉਨ੍ਹਾਂ ਦੇ ਰਾਜ ਵਿਚ ਹਰ ਕਿਸੇ ਦੇ ਜਾਨ ਅਤੇ ਮਾਲ ਦੀ ਰਾਖੀ ਯਕੀਨੀ ਬਣਾਈ ਜਾਵੇਗੀ। ਮੌਜੂਦਾ ਸਰਕਾਰ ਇਹ ਗਾਰੰਟੀ ਦੇਣ ਦੀ ਥਾਂ ਕਈ ਵਾਰੀ ਚੁੱਪ ਵੱਟ ਲੈਂਦੀ ਹੈ।

ਭਾਜਪਾ ਲੀਡਰਸ਼ਿਪ ਦੀ ਚੁੱਪ ਜਾਂ ਫਿਰ ਚੁੱਪ-ਸਹਿਮਤੀ ਦੇ ਪ੍ਰਭਾਵ ਹੇਠ ਕਈ ਗੱਲਾਂ ਬੀਤੇ ਦਿਨਾਂ ਵਿਚ ਇਹੋ ਜਿਹੀਆਂ ਵਾਪਰ ਗਈਆਂ ਹਨ, ਜਿਹੜੀਆਂ ਆਮ ਹਾਲਾਤ ਵਿਚ ਵਾਪਰਨੀਆਂ ਨਹੀਂ ਸਨ ਚਾਹੀਦੀਆਂ।

ਇੱਕ ਘਟਨਾ ਨਵੀਂ ਦਿੱਲੀ ਵਿਚ ਮਹਾਰਾਸ਼ਟਰ ਸਰਕਾਰ ਦੇ ਨਿਊ ਮਹਾਰਾਸ਼ਟਰ ਸਦਨ ਵਿਚ ਖਾਣੇ ਦੀ ਸੇਵਾ ਕਰਦੇ ਮੁਲਾਜ਼ਮ ਨਾਲ ਸ਼ਿਵ ਸੈਨਾ ਵਾਲੇ ਕੁਝ ਐਮ ਪੀਜ਼ ਵੱਲੋਂ ਕੀਤੀ ਬਦਤਮੀਜ਼ੀ ਦੀ ਹੈ। ਮਨਮਰਜ਼ੀ ਦਾ ਖਾਣਾ ਨਾ ਮਿਲਣ ਤੋਂ ਚਿੜ ਕੇ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੇ ਉਸ ਮੁਲਾਜ਼ਮ ਦੀ ਹੋਰ ਬੇਇੱਜ਼ਤੀ ਦੇ ਪਿੱਛੋਂ ਉਸ ਦੇ ਮੂੰਹ ਵਿਚ ਉਦੋਂ ਰੋਟੀ ਦੀ ਬੁਰਕੀ ਧੱਕੇ ਨਾਲ ਪਾਈ, ਜਦੋਂ ਮੁਸਲਿਮ ਹੋਣ ਕਰ ਕੇ ਉਹ ਰੋਜ਼ੇ ਦਾ ਵਰਤ ਨਿਭਾਅ ਰਿਹਾ ਸੀ। ਇਸ ਤਰ੍ਹਾਂ ਉਸ ਦਾ ਰੋਜ਼ਾ ਧੱਕੇ ਨਾਲ ਭੰਗ ਕਰਨ ਦੀ ਘਟਨਾ ਵਾਪਰ ਗਈ। ਆਪਣੀ ਭਾਈਵਾਲ ਪਾਰਟੀ ਦੇ ਆਗੂਆਂ ਦੀ ਇਸ ਧੱਕੇਸ਼ਾਹੀ ਬਾਰੇ ਭਾਜਪਾ ਆਗੂ ਤਿੰਨ ਦਿਨ ਚੁੱਪ ਰਹੇ ਤੇ ਫਿਰ ਅਫਸੋਸ ਤੋਂ ਅੱਗੇ ਕਾਰਵਾਈ ਕਰਨ ਵੱਲ ਨਹੀਂ ਵਧੇ। ਉਸ ਮੁਲਾਜ਼ਮ ਦਾ ਰੋਜ਼ਾ ਟੁੱਟਣਾ ਆਪਣੀ ਥਾਂ ਹੈ, ਕਿਸੇ ਸਰਕਾਰੀ ਕਰਿੰਦੇ ਨਾਲ ਏਦਾਂ ਵਿਹਾਰ ਕਰਨਾ ਉਂਜ ਵੀ ਜੁਰਮ ਹੈ, ਪਰ ਇਸ ਜੁਰਮ ਉਤੇ ਪੋਚਾ ਮਾਰ ਦਿੱਤਾ ਗਿਆ। ਸ਼ਾਇਦ ਇਸ ਪਿੱਛੇ ਕਾਰਨ ਇਹ ਹੈ ਕਿ ਅਗਲੇ ਦਿਨਾਂ ਵਿਚ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਉਥੇ ਭਾਜਪਾ ਦੇ ਭਾਈਵਾਲ ਸ਼ਿਵ ਸੈਨਾ ਵਾਲੇ ਏਦਾਂ ਹੀ ਧੌਂਸ ਦੀ ਰਾਜਨੀਤੀ ਕਰਦੇ ਹਨ ਅਤੇ ਭਾਜਪਾ ਵੀ ਇਸ ਧੌਂਸ ਦਾ ਲਾਭ ਲੈਣਾ ਚਾਹੁੰਦੀ ਹੈ।

ਤੀਸਰਾ ਮਾਮਲਾ ਇਸ ਪੁਰਾਣੀ ਮੁਹਾਰਨੀ ਨੂੰ ਮੁੜ ਛੇੜੇ ਜਾਣ ਦਾ ਹੈ ਕਿ ਭਾਰਤ ਦੇਸ਼ ਨੂੰ ਹਿੰਦੂ ਰਾਸ਼ਟਰ ਹੋਣਾ ਚਾਹੀਦਾ ਹੈ। ਕਈ ਵਾਰੀ ਇਹ ਸੁਰ ਕੱਢੀ ਅਤੇ ਲੋਕਾਂ ਦਾ ਹੁੰਗਾਰਾ ਨਾ ਮਿਲਣ ਕਾਰਨ ਛੱਡੀ ਗਈ ਹੈ। ਹੁਣ ਇਹ ਗੱਲ



ਅਸ਼ੋਕ ਸਿੰਘਲ


ਉਸ ਗੋਆ ਤੋਂ ਚਲਾਈ ਗਈ ਹੈ, ਜਿਹੜਾ ਲੰਮਾ ਸਮਾਂ ਪੁਰਤਗਾਲ ਦੇ ਅਧੀਨ ਰਿਹਾ ਸੀ ਤੇ ਜਿਸ ਦੀ ਆਮ ਜ਼ਿੰਦਗੀ ਪੱਛਮੀ ਦੇਸ਼ਾਂ ਵਰਗੀ ਹੋਣ ਕਰ ਕੇ ਅੱਜ ਤੀਕਰ ਭਾਰਤ ਵਿਚ ਵਿਦੇਸ਼ੀ ਟੂਰਿਸਟਾਂ ਦਾ ਸਭ ਤੋਂ ਮਨ-ਭਾਉਂਦਾ ਟਿਕਾਣਾ ਕਿਹਾ ਜਾਂਦਾ ਹੈ। ਉਥੋਂ ਦੇ ਇੱਕ ਮੰਤਰੀ ਨੇ ਕਹਿ ਦਿੱਤਾ ਕਿ ਭਾਰਤ ਹਿੰਦੂ ਰਾਸ਼ਟਰ ਹੋਣਾ ਚਾਹੀਦਾ ਹੈ। ਪਾਰਲੀਮੈਂਟ ਚੱਲਦੀ ਹੋਣ ਕਾਰਨ ਇਸ ਉਤੇ ਦਿੱਲੀ ਤੱਕ ਚਰਚਾ ਹੋ ਗਈ, ਪਰ ਜਿੱਥੋਂ ਇਹ ਗੱਲ ਚਲਾਈ ਗਈ ਸੀ, ਉਥੇ ਇਸ ਤੋਂ ਵੀ ਗੱਲ ਅੱਗੇ ਵਧ ਗਈ। ਗੋਆ ਦੇ ਇੱਕ ਮੰਤਰੀ ਨੇ ਇਹ ਕਹਿ ਦਿੱਤਾ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਦਾ ਦਰਜਾ ਹੁਣ ਦੇਣ ਦੀ ਲੋੜ ਨਹੀਂ, ਕਿਉਂਕਿ ਇਸ ਦਾ ਨਾਂ ਹਿੰਦੁਸਤਾਨ ਹੈ, ਇਸ ਲਈ ਇਹ ਮੁੱਢਾਂ ਤੋਂ ਹਿੰਦੂ ਰਾਸ਼ਟਰ ਰਿਹਾ ਹੈ। ਇਹ ਗੱਲ ਕਹਿਣ ਵਾਲਾ ਮੰਤਰੀ ਆਪ ਇਸਾਈ ਹੈ ਤੇ ਕਹਿੰਦਾ ਹੈ ਕਿ ਮੈਂ ਇਸਾਈ ਨਹੀਂ, 'ਇਸਾਈ-ਹਿੰਦੂ' ਹਾਂ। ਏਨੀ ਮਜ਼ੇਦਾਰ ਵਿਆਖਿਆ ਪਹਿਲੀ ਵਾਰੀ ਸੁਣੀ ਗਈ ਹੈ। ਸ਼ਾਇਦ ਉਹ ਭਾਜਪਾ ਨੂੰ ਯਕੀਨ ਦਿਵਾਉਣਾ ਚਾਹੁੰਦਾ ਹੈ ਕਿ ਵਜ਼ੀਰ ਬਣਾਈ ਰੱਖੋ, ਮੈਂ ਇਸਾਈ ਹੋ ਕੇ ਵੀ ਹਿੰਦੂਆਂ ਤੋਂ ਵੱਡਾ




ਹਿੰਦੂ ਬਣਨ ਨੂੰ ਤਿਆਰ ਹਾਂ। ਇਸ ਮਾਮਲੇ ਵਿਚ ਆਰ ਐਸ ਐਸ ਦੇ ਮੋਢੀ ਗੁਰੂ ਗੋਲਵਾਲਕਰ ਦੀ ਗੱਲ ਯਾਦ ਆਉਂਦੀ ਹੈ ਕਿ ਪੁਰਾਣੇ ਮੁਸਲਮਾਨਾਂ ਨਾਲੋਂ ਹਿੰਦੂਆਂ ਵਿਚੋਂ ਧਰਮ ਪਰਿਵਰਤਨ ਕਰ ਕੇ ਮੁਸਲਮਾਨ ਬਣਨ ਵਾਲੇ ਜ਼ਿਆਦਾ ਕੱਟੜ ਹਿੰਦੂ-ਵਿਰੋਧੀ ਹੋ ਜਾਂਦੇ ਹਨ, ਤਾਂ ਕਿ ਨਵੇਂ ਧਾਰਨ ਕੀਤੇ ਭਾਈਚਾਰੇ ਨੂੰ ਦੱਸ ਸਕਣ ਕਿ ਉਹ ਹੁਣ ਪਹਿਲਾਂ ਵਾਲੇ ਨਹੀਂ ਰਹੇ। ਗੋਆ ਵਿਚ ਇਸ ਇਸਾਈ ਮੰਤਰੀ ਦਾ ਆਪਣੇ ਆਪ ਨੂੰ ਇਸਾਈ-ਹਿੰਦੂ ਕਹਿਣਾ ਵੀ ਏਸੇ ਤਰ੍ਹਾਂ ਜਾਪਦਾ ਹੈ। ਜਿਹੜੀ ਗੱਲ ਮੰਤਰੀ ਬਣ ਕੇ ਉਸ ਨੇ ਕਹਿ ਦਿੱਤੀ ਹੈ, ਸਰਕਾਰਾਂ ਤੋਂ ਪਰੇ ਬੈਠੇ ਉਸ ਦੇ ਭਾਈਚਾਰੇ ਦੇ ਆਮ ਲੋਕ ਕਦੀ ਨਹੀਂ ਕਹਿ ਸਕਣਗੇ।

ਹਿੰਦੂ ਸ਼ਬਦ ਤੇ ਹਿੰਦੁਸਤਾਨ ਨੂੰ ਆਪਸ ਵਿਚ ਰਲਗੱਡ ਕਰ ਕੇ ਕਈ ਲੋਕ ਕੁਰਾਹੇ ਪਾਉਂਦੇ ਸਿੱਟੇ ਕੱਢਣ ਲੱਗ ਪੈਂਦੇ ਹਨ। ਧਰਮ ਤਾਂ ਇਹ ਕ੍ਰਿਸ਼ਨ ਤੇ ਰਾਮ ਜੀ ਦੇ ਯੁੱਗ ਵਿਚ ਵੀ ਸੀ, ਪਰ ਉਦੋਂ ਇਸ ਵਿਚ ਹਿੰਦੂ ਸ਼ਬਦ ਦੀ ਵਰਤੋਂ ਨਹੀਂ ਸੀ ਹੁੰਦੀ, ਇਹ ਬਹੁਤ ਬਾਅਦ ਪਰਸ਼ੀਅਨ ਲੇਖਕਾਂ ਦੀਆਂ ਲਿਖਤਾਂ ਤੋਂ ਸ਼ੁਰੂ ਹੋਈ, ਜਿਨ੍ਹਾਂ ਵਿਚ ਸਿੰਧ ਨਦੀ ਨੂੰ 'ਹਿੰਦ' ਆਖਣ ਦਾ ਰਿਵਾਜ ਸੀ। ਸਾਡੇ ਪੰਜਾਬ ਦੇ ਇੱਕ ਦਰਿਆ ਚਨਾਬ ਨੂੰ ਚਨਾਬ ਤੇ ਝਨਾਂ-ਦੋ ਨਾਂਵਾਂ ਨਾਲ ਲਿਖਣ ਦਾ ਰਿਵਾਜ ਸੀ, ਅਤੇ ਹੁਣ ਵੀ ਹੈ। ਰਾਵੀ ਅਤੇ ਚਨਾਬ ਦੇ ਵਿਚਲੇ ਇਲਾਕੇ ਨੂੰ ਦੋਵਾਂ ਦੇ ਨਾਂ ਜੋੜਦੇ ਹੋਏ 'ਰਚਨਾ ਦੋਆਬ' ਅਤੇ ਇਸੇ ਚਨਾਬ ਦੇ ਪਾਰਲੇ ਪਾਸੇ ਝਨਾਂ ਅਤੇ ਜੇਹਲਮ ਨੂੰ ਜੋੜ ਕੇ 'ਝੱਜ ਦੋਆਬ' ਇਸੇ ਲਈ ਕਿਹਾ ਜਾਂਦਾ ਹੈ। ਜਦੋਂ ਸਿੰਧ ਨੂੰ ਹਿੰਦ ਕਹਿਣ ਵਾਲੇ ਏਧਰ ਆਏ ਤਾਂ 'ਪੰਚ-ਨਦ' ਵਜੋਂ ਜਾਣੇ ਸਾਡੇ ਇਲਾਕੇ ਦਾ ਨਾਂ ਵੀ ਬਦਲ ਕੇ ਪੰਜਾਬ ਹੋ ਗਿਆ ਤੇ ਭਾਰਤ ਨੂੰ 'ਹਿੰਦੁਸਤਾਨ' ਕਹਿਣ ਦਾ ਰਿਵਾਜ ਵੀ ਉਦੋਂ ਪਿਆ ਸੀ, ਜਿਸ ਦੇ ਪਿੱਛੋਂ ਇਥੋਂ ਦੇ ਮੁੱਖ ਧਰਮ ਲਈ 'ਹਿੰਦੂ' ਸ਼ਬਦ ਦੀ ਵਰਤੋਂ ਹੋਣੀ ਸ਼ੁਰੂ ਹੋਈ ਸੀ। ਫਿਰ ਹਿੰਦੁਸਤਾਨ, ਹਿੰਦੂ ਤੇ ਹਿੰਦੀ ਬਾਰੇ ਵੀ ਭਰਮ ਹਨ ਕਿ ਇਹ ਸਾਰੇ ਸ਼ਬਦ ਇੱਕੋ ਭਾਸ਼ਾਈ ਜਾਂ ਧਾਰਮਿਕ ਪਰਿਵਾਰ ਦਾ ਅੰਗ ਹਨ, ਜਦ ਕਿ ਹਿੰਦੀ ਦੀ ਵਰਤੋਂ ਸਿਰਫ ਭਾਸ਼ਾ ਦੇ ਤੌਰ ਉਤੇ ਨਹੀਂ, ਇਸ ਦੇਸ਼ ਦੇ ਲੋਕਾਂ ਲਈ ਵੀ ਹੁੰਦੀ ਰਹੀ ਹੈ। ਗ਼ਦਰ ਲਹਿਰ ਵਿਚ ਜਿਹੜੇ ਵੀ ਲਿਖਾਰੀ ਨੇ ਕੁਝ ਲਿਖਿਆ, ਉਸ ਨੇ 'ਹਿੰਦੀਓ' ਸ਼ਬਦ ਨਾਲ ਭਾਰਤ ਦੇ ਸਾਰੇ ਲੋਕਾਂ ਨੂੰ ਦੇਸ਼ ਲਈ ਕੁਰਬਾਨ ਹੋਣ ਦਾ ਹੋਕਾ ਦਿੱਤਾ ਸੀ। 'ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ' ਵਾਲਾ ਤਰਾਨਾ ਵੀ 'ਹਿੰਦੀ' ਦਾ ਭਾਵ ਸਾਰੇ ਹਿੰਦੁਸਤਾਨ ਦੇ ਲੋਕ ਸਾਬਤ ਕਰਦਾ ਹੈ। ਹੁਣ ਕੁਝ ਲੋਕ ਇਨ੍ਹਾਂ ਭਾਸ਼ਾਈ ਗੁੰਝਲਾਂ ਨੂੰ ਆਪਣੀ ਸੌੜੀ ਸੋਚ ਲਈ ਵਰਤਣਾ ਚਾਹੁੰਦੇ ਹਨ।

ਸੌੜੀ ਸੋਚ ਲਈ ਇਸ ਨੂੰ ਵਰਤਣ ਵਾਲਿਆਂ ਵਿਚੋਂ ਇੱਕ ਭਾਜਪਾ ਆਗੂ ਨੇ ਤਿਲੰਗਾਨਾ ਰਾਜ ਵਿਚ ਸਰਕਾਰ ਵੱਲੋਂ ਸਾਨੀਆ ਮਿਰਜ਼ਾ ਨੂੰ ਬਰਾਂਡ ਅੰਬੈਸਡਰ ਬਣਾਉਣ ਦਾ ਫੈਸਲਾ ਰੱਦ ਕਰਨ ਦੀ ਮੰਗ ਚੁੱਕ ਲਈ। ਉਸ ਦੀ ਦਲੀਲ ਬੜੀ ਅਜੀਬ ਹੈ। ਪਹਿਲੀ ਗੱਲ ਇਹ ਕਹੀ ਗਈ ਕਿ ਸਾਨੀਆ ਤਿਲੰਗਾਨਾ ਵਿਚ ਨਹੀਂ, ਮੁੰਬਈ ਵਿਚ ਪੈਦਾ ਹੋਈ ਸੀ, ਇਸ ਲਈ ਇਹ ਸਾਡੀ ਨਹੀਂ। ਸਾਨੀਆ ਦਾ ਪਰਿਵਾਰ ਪਿਛਲੀਆਂ ਚਾਰ ਪੀੜ੍ਹੀਆਂ ਤੋਂ ਹੈਦਰਾਬਾਦ ਦਾ ਵਾਸੀ ਸੀ। ਕਿਸੇ ਕਾਰਨ ਇਹ ਪੈਦਾਇਸ਼ ਮੁੰਬਈ ਵਿਚ ਹੋ ਗਈ ਤੇ ਤਿੰਨ ਹਫਤੇ ਦੀ ਬੱਚੀ ਫਿਰ ਹੈਦਰਾਬਾਦ ਪਹੁੰਚ ਗਈ ਤਾਂ ਉਥੋਂ ਦੀ ਕਿਵੇਂ ਨਾ ਹੋਈ? ਸਾਡੇ ਪੰਜਾਬ ਦੇ ਕਈ ਫੌਜੀ ਜਾਂ ਹੋਰ ਨੌਕਰੀਆਂ ਕਰਦੇ ਲੋਕ ਆਪਣੇ ਪਰਿਵਾਰ ਨਾਲ ਲੈ ਜਾਂਦੇ ਹਨ। ਉਨ੍ਹਾਂ ਦੇ ਬੱਚੇ ਭਾਰਤ ਦੇ ਕਿਸੇ ਵੀ ਰਾਜ ਵਿਚ ਪੈਦਾ ਹੋਣ, ਪੰਜਾਬੀ ਭਲਾ ਕਿਵੇਂ ਨਹੀਂ




ਪ੍ਰਵੀਨ ਤੋਗੜੀਆ

ਮੰਨੇ ਜਾਣਗੇ? ਦੂਸਰੀ ਦਲੀਲ ਇਹ ਕਿ ਸਾਨੀਆ ਇੱਕ ਪਾਕਿਸਤਾਨੀ ਮੁੰਡੇ ਨਾਲ ਵਿਆਹੀ ਹੈ। ਸਾਨੀਆ ਮਿਰਜ਼ਾ ਨੇ ਇਸ ਵਿਆਹ ਦੇ ਬਾਅਦ ਵੀ ਜਿੰਨੇ ਸੰਸਾਰ ਪੱਧਰ ਦੇ ਟੂਰਨਾਮੈਂਟ ਖੇਡੇ, ਹਰ ਵਾਰੀ ਭਾਰਤੀ ਬਣ ਕੇ ਖੇਡੀ ਅਤੇ ਜਿੱਥੇ ਕਿਤੇ ਉਹ ਜਿੱਤ ਗਈ, ਝੰਡਾ ਪਾਕਿਸਤਾਨ ਦਾ ਨਹੀਂ, ਭਾਰਤ ਦਾ ਲਹਿਰਾਇਆ ਗਿਆ। ਫਿਰ ਉਹ ਭਾਰਤੀ ਕਿਵੇਂ ਨਾ ਹੋਈ? ਹੈਰਾਨੀ ਦੀ ਗੱਲ ਇਹ ਹੈ ਕਿ ਸਾਨੀਆ ਦੇ ਪਾਕਿਸਤਾਨ ਵਿਚ ਵਿਆਹੀ ਹੋਣ ਦੀ ਦਲੀਲ ਉਸ ਪਾਰਟੀ ਦੇ ਆਗੂ ਨੇ ਦਿੱਤੀ ਹੈ, ਜਿਨ੍ਹਾਂ ਨੇ ਨਾਨੀ ਬਣ ਚੁੱਕੀ ਸੋਨੀਆ ਗਾਂਧੀ ਨੂੰ ਅਜੇ ਤੱਕ ਭਾਰਤੀ ਮੰਨਣ ਦੀ ਥਾਂ 'ਇਟਲੀ ਦੀ' ਕਹਿਣਾ ਜਾਰੀ ਰੱਖਿਆ ਹੈ। ਜਦੋਂ ਕੋਈ ਵਿਆਹ ਕੇ ਆਈ ਤਾਂ ਪੇਕਿਆਂ ਦਾ ਮਿਹਣਾ ਤੇ ਜੇ ਕੋਈ ਵਿਆਹ ਕੇ ਗਈ ਤਾਂ ਸਹੁਰਿਆਂ ਦਾ ਮਿਹਣਾ ਦੇ ਦਿੱਤਾ। ਸਾਨੂੰ ਗੁਰਦਾਸ ਮਾਨ ਦਾ ਗੀਤ ਯਾਦ ਕਰਨਾ ਚਾਹੀਦਾ ਹੈ, ਜਿਸ ਵਿਚ ਧੀ ਨੂੰ ਕਿਹਾ ਗਿਆ ਹੈ ਕਿ 'ਪੇਕੇ ਘਰ ਵਿਚ ਤੈਨੂੰ ਕਹਿਣ ਪਰਾਈ ਨੀਂ ਧੀਏ, ਸਹੁਰੇ ਘਰ ਵਿਚ ਕਹਿਣ ਬੇਗਾਨੀ ਜਾਈ ਨੀਂ ਧੀਏ।' ਏਦਾਂ ਦੇ ਮਿਹਣੇ ਉਸ ਜਨੂੰਨੀ ਸੋਚ ਵਿਚੋਂ ਨਿਕਲਦੇ ਹਨ, ਜਿਹੜੀ ਹਰ ਗੱਲ ਨੂੰ ਸਿਰਫ ਆਪਣੀ ਲੋੜ ਮੁਤਾਬਕ ਤੋੜ-ਮਰੋੜ ਕੇ ਵਰਤਦੀ ਹੈ।

ਆਪਣੀ ਲੋੜ ਮੁਤਾਬਕ ਹਕੀਕਤਾਂ ਨੂੰ ਮਰੋੜਾ ਦੇਣ ਦੀਆਂ ਕਈ ਮਿਸਾਲਾਂ ਵਿਚੋਂ ਇੱਕ ਪੁਰਾਣਾ ਕਿੱਸਾ ਵੀ ਯਾਦ ਕਰਨਾ ਚਾਹੀਦਾ ਹੈ। 'ਰਾਮਾਇਣ' ਦੇ ਬਹੁ-ਚਰਚਿਤ ਸੀਰੀਅਲ ਵਿਚ ਦੀਪਿਕਾ ਚਿਖਾਲੀਆ ਨੇ ਸੀਤਾ ਦਾ ਰੋਲ ਅਦਾ ਕੀਤਾ ਸੀ। ਕੁਝ ਚਿਰ ਪਿੱਛੋਂ ਉਸੇ ਦੀਪਿਕਾ ਨੇ ਟੀਪੂ ਸੁਲਤਾਨ ਦੇ ਸੀਰੀਅਲ ਵਿਚ ਟੀਪੂ ਦੀ ਅੰਮੀ-ਜਾਨ ਦਾ ਰੋਲ ਵੀ ਕਰ ਦਿੱਤਾ। ਅਗਲੀਆਂ ਚੋਣਾਂ ਵਿਚ ਉਸ ਕੋਲ ਭਾਜਪਾ ਤੇ ਕਾਂਗਰਸ ਵਾਲੀਆਂ ਦੋਵਾਂ ਧਿਰਾਂ ਦੇ ਲੋਕ ਪਹੁੰਚ ਕਰਨ ਤੁਰ ਪਏ, ਪਰ ਕਾਂਗਰਸ ਇੱਕ ਦਿਨ ਪਛੜ ਗਈ ਤੇ ਭਾਜਪਾ ਨੇ ਜਾ ਕੇ ਉਸ ਨੂੰ ਉਮੀਦਵਾਰ ਬਣਾ ਲਿਆ। ਜਦੋਂ ਉਹ ਚੋਣ ਲੜਨਾ ਮੰਨ ਗਈ ਤਾਂ ਉਸ ਦੇ ਸੀਤਾ ਵਾਲੇ ਰੋਲ ਨਾਲ ਉਸ ਦੀ ਮੁਹਿੰਮ ਚਲਾਈ ਗਈ। ਇੱਕ ਦਿਨ ਭਾਜਪਾ ਦੇ ਇੱਕ ਆਗੂ ਨਾਲ ਗੱਲਬਾਤ ਵਿਚ ਅਸੀਂ ਇਹ ਪੁੱਛ ਲਿਆ ਕਿ ਜੇ ਸਿਰਫ ਇੱਕ ਦਿਨ ਕਾਂਗਰਸ ਪਛੜ ਨਾ ਜਾਂਦੀ ਤੇ ਦੀਪਿਕਾ ਨੇ ਉਨ੍ਹਾਂ ਵੱਲੋਂ ਚੋਣ ਲੜੀ ਹੁੰਦੀ, ਕੀ ਤੁਸੀਂ ਫਿਰ ਵੀ ਉਸ ਨੂੰ ਸੀਤਾ-ਮਾਤਾ ਮੰਨ ਲੈਂਦੇ? ਉਸ ਨੇ ਹੱਸ ਕੇ ਇਹ ਜਵਾਬ ਦਿੱਤਾ ਸੀ ਕਿ 'ਸਾਨੂੰ ਇਸ ਦੀ ਲੋੜ ਹੀ ਨਹੀਂ ਸੀ ਪੈਣੀ, ਅਸੀਂ ਉਸ ਨੂੰ ਟੀਪੂ ਸੁਲਤਾਨ ਦੀ ਅੰਮੀ ਕਹਿਣਾ ਸੀ।'

ਮਾਮਲਾ ਸਾਨੀਆ ਮਿਰਜ਼ਾ ਦਾ ਹੋਵੇ ਜਾਂ ਕੋਈ ਹੋਰ, ਜਿਹੜੇ ਲੋਕ ਹਿੰਦੁਸਤਾਨ ਨੂੰ ਹਿੰਦੂ ਰਾਸ਼ਟਰ ਬਣਾਉਣ ਜਾਂ ਪਹਿਲਾਂ ਤੋਂ ਇਸ ਦੇ ਹਿੰਦੂ ਰਾਸ਼ਟਰ ਹੋਣ ਦੀਆਂ ਗੱਲਾਂ ਕਰਦੇ ਹਨ, ਉਹ ਭਾਰਤ ਦੀ ਮਾਨਤਾ ਪ੍ਰਾਪਤ 'ਅਨੇਕਤਾ ਵਿਚ ਏਕਤਾ' ਵਾਲੀ ਅੰਤਰ-ਆਤਮਾ ਨੂੰ ਵਲੂੰਧਰਨ ਦੇ ਯਤਨ ਹੀ ਕਰ ਰਹੇ ਹਨ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਮੁਸ਼ਕਲਾਂ ਪੈਦਾ ਕਰਨਗੇ ਜਾਂ ਨਹੀਂ, ਪਰ ਇਹ ਕਹਿਣ ਵਿਚ ਕੋਈ ਹਰਜ ਨਹੀਂ ਸਮਝਦੇ ਕਿ ਇਨ੍ਹਾਂ ਕੋਝੀਆਂ ਹੁੱਝਾਂ ਨਾਲ ਸਮੁੱਚੇ ਭਾਰਤ ਦੇਸ਼ ਦੇ ਭਵਿੱਖ ਲਈ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ, ਜਿਨ੍ਹਾਂ ਤੋਂ ਬਚਣ ਦੀ ਭਾਰਤ ਨੂੰ ਲੋੜ ਹੈ।

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਗਾਜ਼ਾ: ਕੌਮਾਂਤਰੀ ਭਾਈਚਾਰੇ ਲਈ ਵੰਗਾਰ ਬਣੀ ਜੰਗਬੰਦੀ

**ਯੇਰੋਸ਼ਲਮ:** ਕੌਮਾਂਤਰੀ ਅਮਨ ਪਸੰਦ ਭਾਈਚਾਰੇ ਵੱਲੋਂ ਜੰਗਬੰਦੀ ਦੀ ਅਪੀਲ ਦੇ ਬਾਵਜੂਦ ਇਸਰਾਈਲ ਤੇ ਫ਼ਲਸਤੀਨ ਵਿਚਕਾਰ ਜੰਗ ਤੇਜ਼ ਹੁੰਦੀ ਜਾ ਰਹੀ ਹੈ। ਇਸਰਾਈਲ ਨੇ ਗਾਜ਼ਾ ਪੱਟੀ ਉੱਤੇ ਹਵਾਈ ਹਮਲਿਆਂ ਤੋਂ ਬਾਅਦ ਜ਼ਮੀਨੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਹਮਲਿਆਂ ਤੋਂ ਡਰਦਿਆਂ ਹਜ਼ਾਰਾਂ ਫ਼ਲਸਤੀਨੀ ਲੋਕ ਬੇਘਰ ਹੋ ਕੇ ਸੰਯੁਕਤ ਰਾਸ਼ਟਰ ਸੰਘ ਦੇ ਕੈਂਪ ਵਿਚ ਪਨਾਹ ਲੈਣ ਜਾ ਰਹੇ ਹਨ। ਭਾਵੇਂ ਸੰਯੁਕਤ ਰਾਸ਼ਟਰ ਦੀਆਂ ਕੋਸ਼ਿਸ਼ਾਂ ਸਦਕਾ ਹਮਾਸ ਮਾਨਵੀ ਆਧਾਰ 'ਤੇ 24 ਘੰਟੇ ਲਈ ਗੋਲੀਬੰਦੀ ਲਈ ਰਜ਼ਾਮੰਦ ਹੋਇਆ ਸੀ ਪਰ ਇਹ ਇਸ ਮਸਲੇ ਦਾ ਸਥਾਈ ਹੱਲ ਨਹੀਂ।






ਇਸਰਾਇਲੀ ਫੌਜ ਵੱਲੋਂ ਪਿਛਲੇ 20 ਦਿਨਾਂ ਤੋਂ ਕੀਤੀ ਜਾ ਰਹੀ ਅੰਨ੍ਹੇਵਾਹ ਫਾਇਰਿੰਗ ਤੇ ਬੰਬਾਰੀ ਵਿਚ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 1060 ਹੋ ਗਈ ਹੈ ਜਦਕਿ ਇਸਰਾਈਲ ਨੇ ਵੀ ਹਮਾਸ ਦੇ ਰਾਕੇਟ ਹਮਲਿਆਂ ਵਿਚ ਇਕ ਭਾਰਤੀ ਮੂਲ ਦੇ ਫੌਜੀ ਸਣੇ 46 ਇਸਰਾਇਲੀਆਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰੀ ਜੌਨ ਕੈਰੀ ਨੇ ਕਾਹਿਰਾ (ਮਿਸਰ) ਤੇ ਫ਼ਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅਬਾਸ ਨਾਲ ਗੱਲ-ਬਾਤ ਕੀਤੀ ਹੈ ਜਿਸ ਨਾਲ ਆਲਮੀ ਅਮਨ ਕੋਸ਼ਿਸ਼ਾਂ ਨੇ ਗਤੀ ਫੜੀ ਹੈ। ਇਸਰਾਈਲ ਨੇ ਇਲਜ਼ਾਮ ਲਾਇਆ ਸੀ ਕਿ ਮੁਸਲਿਮ ਅਤਿਵਾਦੀ ਸੰਗਠਨ ਵੱਲੋਂ ਕਤਲ ਕੀਤੇ ਨੌਜਵਾਨਾਂ ਦੀਆਂ ਲਾਸ਼ਾਂ ਬਹੁਤ ਹੀ ਮਾੜੀ ਹਾਲਤ ਵਿਚ ਗਾਜ਼ਾ ਵਿਚੋਂ ਮਿਲੀਆਂ ਸਨ ਹਾਲਾਂਕਿ ਇਸ ਤੋਂ 'ਹਮਾਸ' ਨੇ ਇਨਕਾਰ ਕੀਤਾ ਸੀ ਪਰ ਇਸ ਦੇ ਜੁਆਬ ਵਿਚ ਇਸਰਾਈਲ ਨਾਗਰਿਕਾਂ ਨੇ ਇਕ ਫ਼ਲਸਤੀਨ ਨੌਜਵਾਨ ਦੀ ਹੱਤਿਆ ਕਰ ਦਿੱਤੀ ਸੀ।

ਹਮਾਸ ਨੇ ਦੋਸ਼ ਲਾਇਆ ਹੈ ਕਿ ਇਸਰਾਈਲ ਗੋਲੀਬੰਦੀ ਦੀਆਂ ਪੁਰਾਣੀਆਂ ਉਲੰਘਣਾਵਾਂ ਦਾ ਬਹਾਨਾ ਬਣਾ ਕੇ ਹੋਰ ਹਮਲੇ ਕਰਨ ਦੀ ਤਿਆਰੀ ਕਰ ਰਿਹਾ ਹੈ। ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ ਅੱਠ ਜੁਲਾਈ ਤੋਂ ਵਿੱਢੇ ਗਏ ਇਸਰਾਇਲੀ ਹਮਲਿਆਂ ਵਿਚ 1060 ਫਸਲਤੀਨੀ ਮਾਰੇ ਜਾ ਚੁੱਕੇ ਹਨ ਅਤੇ 6000 ਤੋਂ ਵੱਧ ਜ਼ਖਮੀ ਹੋ ਗਏ ਹਨ। ਉਧਰ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨ ਨਾਹੂ ਨੇ ਹਮਾਸ ਉੱਪਰ ਦੋਸ਼ ਲਾਇਆ ਹੈ ਕਿ ਉਹ ਆਪ ਹੀ ਗੋਲੀਬੰਦੀ ਪ੍ਰਵਾਨ ਕਰਕੇ ਇਸ ਦੀ ਉਲੰਘਣਾ ਕਰਦੀ ਆ ਰਹੀ ਹੈ। ਇਸ ਕਾਰਨ ਇਸਰਾਈਲ ਨੂੰ ਜਵਾਬੀ ਕਾਰਵਾਈ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜਦ ਤੱਕ ਹਮਾਸ ਜਥੇਬੰਦੀ ਆਪਣਾ ਰਵੱਈਆ ਨਹੀਂ ਬਦਲਦੀ ਉਦੋਂ ਤੱਕ ਹਮਲਿਆਂ ਨੂੰ ਟਾਲਿਆ ਨਹੀਂ ਜਾ ਸਕੇਗਾ।

ਅਖ਼ਬਾਰੀ ਰਿਪੋਟਰਾਂ ਮੁਤਾਬਕ ਇਰਾਕ ਵਿਚ ਸਰਗਰਮ ਬਾਗ਼ੀ ਸੰਗਠਨ ਆਈ.ਐਸ.ਆਈ.ਐਸ. ਤੇ ਹਮਾਸ ਵਿਚਾਲੇ ਡੂੰਘਾ ਤਾਲਮੇਲ ਹੈ। ਸੀਰੀਆ ਤੇ ਇਰਾਕ ਵਿਚ ਹਿੰਸਾ ਦੇ ਰਾਹ 'ਤੇ ਚੱਲਣ ਵਾਲੇ ਵੀ ਸੁੰਨੀ ਅਤਿਵਾਦੀ ਹਨ ਤੇ ਹਮਾਸ ਵੀ ਸੁੰਨੀ ਅਤਿਵਾਦੀ ਸੰਗਠਨ ਹੈ। ਇਸ ਨੂੰ ਤਰਾਸਦੀ ਹੀ ਕਿਹਾ ਜਾਵੇਗਾ ਕਿ ਮੁਸਲਿਮ ਦੇਸ਼ ਹਮਾਸ ਵਰਗੇ ਅਤਿਵਾਦੀ ਸਗੰਠਨਾਂ ਨੂੰ ਇਸਰਾਈਲ ਨਾਲ ਲੜਨ ਲਈ ਪੈਸਾ ਤੇ ਹਥਿਆਰ ਤਾਂ ਦਿੰਦੇ ਹਨ ਪਰ ਇਸਲਾਮਿਕ ਦੇਸ਼, ਫ਼ਲਸਤੀਨ ਅਬਾਦੀ ਨੂੰ ਸਿੱਖਿਅਤ ਬਣਾਉਣ, ਆਮ ਲੋਕਾਂ ਦੀ ਗ਼ਰੀਬੀ ਦੂਰ ਕਰਨ ਵਾਲੀਆਂ ਯੋਜਨਾਵਾਂ ਲਈ ਪੈਸਾ ਦੇਣ ਲਈ ਤਿਆਰ ਨਹੀਂ ਹਨ। ਦੂਜਾ ਦੁਖਦਾਈ ਪਹਿਲੂ ਇਹ ਹੈ ਕਿ ਫ਼ਲਸਤੀਨ ਦੀ ਆਪਣੀ ਕੋਈ ਅਰਥਵਿਵਸਥਾ ਨਹੀਂ ਹੈ ਭਾਵ ਖੇਤੀ ਲਈ ਜ਼ਮੀਨ ਨਹੀਂ ਹੈ ਤੇ ਨਾ ਹੀ ਕੋਈ ਖਣਿਜ ਪੂੰਜੀ ਹੈ। ਇਥੋਂ ਦੀ ਅਬਾਦੀ ਅਮਰੀਕਾ ਤੇ ਯੂਰਪ ਦੀ ਆਰਥਿਕ ਸਹਾਇਤਾ 'ਤੇ ਨਿਰਭਰ ਹੈ। ਹਮਾਸ ਨੂੰ ਤੁਰਕੀ, ਸਾਊਦੀ ਅਰਬ ਅਤੇ ਮਿਸਰ ਵਰਗੇ ਮੁਸਲਿਮ ਦੇਸ਼ਾਂ ਤੋਂ ਸਹਾਇਤਾ ਮਿਲਦੀ ਹੈ।

ਫ਼ਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਕਿਹਾ ਕਿ ਇਸਰਾਈਲ ਨੂੰ ਸਮਝਣਾ ਚਾਹੀਦਾ ਹੈ ਕਿ ਫ਼ਲਸਤੀਨੀਆਂ ਦਾ ਹੋਮ ਲੈਂਡ ਇਥੇ ਹੀ ਹੈ, ਜਿਥੇ ਉਹ ਟਿਕੇ ਹਨ। ਉਨ੍ਹਾਂ ਕਿਹਾ ਕਿ ਹੁਣ ਆਧੁਨਿਕ ਇਤਿਹਾਸ ਦੇ ਸਭ ਤੋਂ ਲੰਮੇ ਸਮੇਂ ਦੇ ਕਬਜ਼ੇ ਨੂੰ ਛੱਡਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਯੂ.ਐਨ.ਓ ਦੇ ਸਕੱਤਰ ਜਰਨਲ ਬਾਨ ਕੀ ਮੂਨ ਦੇ ਵਿਸ਼ੇਸ਼ ਦੂਤ ਨੂੰ ਅਧਿਕਾਰਤ ਪੱਤਰ ਸੌਂਪ ਕੇ ਮੰਗ ਕੀਤੀ ਕਿ ਗਾਜ਼ਾ ਪੱਟੀ ਵਿਚ ਹੋ ਰਹੀ ਹਿੰਸਾ ਤੇ ਮੌਤਾਂ ਦੇ ਮੱਦੇਨਜ਼ਰ ਫ਼ਲਸਤੀਨ ਰਾਜ ਨੂੰ ਯੂ.ਐਨ.ਓ. ਕੌਮਾਂਤਰੀ ਸੁਰੱਖਿਆ ਸਿਸਟਮ ਤਹਿਤ ਲਿਆ ਜਾਵੇ। ਵਿਸ਼ਵ ਭਰ ਵਿਚ ਜਮਹੂਰੀਅਤ ਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਦੇ ਤੌਰ 'ਤੇ ਪੇਸ਼ ਹੋਣ ਵਾਲਾ ਅਮਰੀਕਾ ਤੇ ਉਸ ਦੇ ਹਮਾਇਤੀ ਯੂਰਪੀ ਦੇਸ਼, ਗਾਜ਼ਾ ਪੱਟੀ ਦੇ ਹਮਲਿਆਂ ਪ੍ਰਤੀ ਖ਼ਾਮੋਸ਼ ਹਨ। ਉਸ ਨੇ ਖ਼ੁਦ ਵੀ ਗ਼ਲਤ ਤੱਥਾਂ ਨੂੰ ਦੁਨੀਆਂ ਸਾਹਮਣੇ ਪ੍ਰਚਾਰ ਕੇ ਇਰਾਕ ਉੱਤੇ ਹਮਲਾ ਕੀਤਾ ਸੀ। ਜੇਕਰ ਅਮਰੀਕਾ ਸਾਮਰਾਜ ਚਾਹੇ ਤਾਂ ਇਸਰਾਈਲ ਉਸ ਦੀ ਇਕੋ ਘੁਰਕੀ ਨਾਲ ਹਮਲੇ ਰੋਕ ਸਕਦਾ ਹੈ।

## ਬੰਬਾਂ ਤੋਂ ਬਾਅਦ ਹੁਣ ਭੁੱਖ ਤੇ ਪਿਆਸ ਨਾਲ ਜੰਗ

**ਲੰਡਨ:** ਇਸਰਾਈਲ ਤੇ ਹਮਾਸ ਵਿਚਕਾਰ ਚੱਲ ਰਹੇ ਸੰਘਰਸ਼ ਦਾ ਅਸਰ ਹਿਜਰਤ ਕਰ ਗਏ ਫਲਸਤੀਨੀਆਂ 'ਤੇ ਪੈ ਰਿਹਾ ਹੈ। ਖ਼ੈਰਾਤੀ ਸੰਸਥਾ ਓਕਸਫੈਮ ਦਾ ਕਹਿਣਾ ਹੈ ਕਿ ਘਰਾਂ ਨੂੰ ਛੱਡ ਕੇ ਕੈਂਪਾਂ ਵਿਚ ਬੈਠੇ ਲੋਕਾਂ ਨੂੰ ਭੁੱਖੇ-ਪਿਆਸੇ ਦਿਨ ਗੁਜ਼ਾਰਨੇ ਪੈ ਰਹੇ ਹਨ।

ਓਕਸਫੈਮ ਮੁਤਾਬਕ ਇਕ ਲੱਖ 20 ਹਜ਼ਾਰ ਲੋਕਾਂ ਨੇ ਘਰ-ਬਾਰ ਛੱਡ ਦਿੱਤਾ ਹੈ ਪਰ ਇਸਰਾਈਲ ਤੇ ਮਿਸਰ ਦੀਆਂ ਸਰਹੱਦਾਂ ਬੰਦ ਹੋਣ ਕਾਰਨ ਉਨ੍ਹਾਂ ਦਾ ਜੀਵਨ ਮੁਸ਼ਕਲ ਵਿਚ ਹੈ। ਓਕਸਫੈਮ ਦੇ ਫਲਸਤੀਨ ਤੇ ਇਸਰਾਈਲ ਵਿਚ ਮੁਖੀ ਨਿਸ਼ਾਂਤ ਪਾਂਡੇ ਨੇ ਕਿਹਾ ਕਿ ਹਸਪਤਾਲਾਂ ਤੇ ਪਾਣੀ ਦੀ ਸਪਲਾਈ ਦੀ ਘਾਟ ਕਾਰਨ ਲੋਕਾਂ ਦਾ ਜੀਉਣਾ ਮੁਸ਼ਕਲ ਹੋ ਗਿਆ ਹੈ। ਅਜਿਹੇ ਸੰਘਰਸ਼ਾਂ ਦੌਰਾਨ ਲੋਕ ਇਲਾਕਿਆਂ ਨੂੰ ਖਾਲੀ ਕਰ ਦਿੰਦੇ ਹਨ ਪਰ ਸਰਹੱਦਾਂ ਬੰਦ ਹੋਣ ਕਾਰਨ ਉਨ੍ਹਾਂ ਦਾ ਹਿੰਸਾ ਤੋਂ ਬਚਣਾ ਮੁਸ਼ਕਲ ਜਾਪ ਰਿਹਾ ਹੈ। ਸੰਸਥਾ ਦਾ ਕਹਿਣਾ ਹੈ ਕਿ 10 ਲੱਖ ਤੋਂ ਵੱਧ ਲੋਕਾਂ ਦੀ ਪਾਣੀ ਦੀ ਸਪਲਾਈ ਰੋਕ ਦਿੱਤੀ ਗਈ ਹੈ ਤੇ ਸੈਨੀਟੇਸ਼ਨ ਪਲਾਂਟਾਂ ਦੇ ਤਬਾਹ ਹੋਣ ਕਾਰਨ ਪਾਣੀ ਦੂਸ਼ਿਤ ਹੋ ਰਿਹਾ ਹੈ। ਲੋਕਾਂ ਨੂੰ ਬਿਜਲੀ ਵੀ ਸਿਰਫ ਚਾਰ ਘੰਟੇ ਮੁਹੱਈਆ ਹੋ ਰਹੀ ਹੈ। ਓਕਸਫੈਮ 19 ਹਜ਼ਾਰ ਲੋਕਾਂ ਨੂੰ ਮਸਜਿਦਾਂ, ਚਰਚ, ਸਕੂਲਾਂ ਤੇ ਹਸਪਤਾਲਾਂ ਵਿਚ ਪਾਣੀ ਮੁਹੱਈਆ ਕਰਵਾ ਰਹੀ ਹੈ ਪਰ ਹਵਾਈ ਹਮਲਿਆਂ ਕਾਰਨ ਉਨ੍ਹਾਂ ਕੋਲ ਸਹਾਇਤਾ ਪਹੁੰਚਾਉਣੀ ਵੀ ਮੁਸ਼ਕਲ ਹੁੰਦੀ ਜਾ ਰਹੀ ਹੈ।

# 'ਸ਼ਰਾਰਤੀ ਅਨਸਰਾਂ ਦਾ ਕਾਰਾ ਸੀ ਸਹਾਰਨਪੁਰ ਹਿੰਸਾ'

## ਸ਼੍ਰੋਮਣੀ ਕਮੇਟੀ ਦੀ ਜਾਂਚ ਟੀਮ ਵੱਲੋਂ ਦਾਅਵਾ

**ਅੰਮ੍ਰਿਤਸਰ:** ਸਹਾਰਨਪੁਰ ਵਿਚ ਗੁਰਦੁਆਰੇ ਦੀ ਜ਼ਮੀਨ ਦੇ ਮਾਮਲੇ ਨੂੰ ਲੈ ਕੇ ਦੋ ਫਿਰਕਿਆਂ ਵਿਚਾਲੇ ਹੋਏ ਦੰਗਿਆਂ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਜਾਂਚ ਟੀਮ ਨੇ ਦਾਅਵਾ ਕੀਤਾ ਹੈ ਕਿ ਇਹ ਘਟਨਾ ਕੁਝ ਸ਼ਰਾਰਤੀ ਲੋਕਾਂ ਦੀ ਸਾਜ਼ਿਸ਼ ਸੀ। ਜਾਂਚ ਟੀਮ ਨੇ ਦੱਸਿਆ ਹੈ ਕਿ ਗੁਰਦੁਆਰਾ ਸਿੰਘ ਸਭਾ ਵੱਲੋਂ ਉਥੇ 2001 ਵਿਚ ਜ਼ਮੀਨ ਮੁੱਲ ਖਰੀਦੀ ਸੀ ਪਰ ਉਥੋਂ ਦੇ ਇਕ ਵਿਅਕਤੀ ਨੇ ਸਾਜ਼ਿਸ਼ ਤਹਿਤ ਅਫ਼ਵਾਹ ਫੈਲਾ ਦਿੱਤੀ ਕਿ ਇਸ ਜ਼ਮੀਨ 'ਤੇ 1947 ਤੋਂ ਪਹਿਲਾਂ ਮਸਜਿਦ ਬਣੀ ਹੋਈ ਸੀ ਜਦੋਂਕਿ ਮਾਲ ਵਿਭਾਗ ਦੇ ਰਿਕਾਰਡ ਤੇ ਪੁਰਾਣੇ ਸਮੇਂ ਤੋਂ ਉਥੇ ਰਹਿੰਦੇ ਲੋਕਾਂ ਮੁਤਾਬਕ ਉਥੇ ਕੋਈ ਮਸਜਿਦ ਨਹੀਂ ਸੀ। ਇਸ ਵਿਅਕਤੀ ਨੇ ਗੁਰਦੁਆਰਾ ਕਮੇਟੀ 'ਤੇ ਇਸੇ ਮਾਮਲੇ ਨੂੰ ਲੈ ਕੇ ਕੇਸ ਵੀ ਕੀਤਾ ਸੀ ਪਰ ਉੱਚ ਅਦਾਲਤ ਵਿਚੋਂ ਕੇਸ ਗੁਰਦੁਆਰਾ ਸਾਹਿਬ ਦੇ ਹੱਕ ਵਿਚ ਹੋ ਗਿਆ ਸੀ। ਮਗਰੋਂ ਇਸ ਜ਼ਮੀਨ 'ਤੇ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਸੀ, ਜਿਥੇ ਪਿਛਲੇ ਸੱਤ ਅੱਠ ਮਹੀਨਿਆਂ ਤੋਂ ਉਸਾਰੀ ਦਾ ਕੰਮ ਚੱਲ ਰਿਹਾ ਸੀ। ਜ਼ਮੀਨ 'ਤੇ ਚਾਰ ਦੀਵਾਰੀ ਵੀ ਕੀਤੀ ਹੋਈ ਸੀ ਤੇ ਹੁਣ ਉਥੇ ਬੀਤੇ ਦਿਨੀਂ ਲੈਂਟਰ ਪਾਇਆ ਗਿਆ ਸੀ।

ਟੀਮ ਦਾ ਦਾਅਵਾ ਹੈ ਕਿ ਜਿਸ ਦਿਨ ਇਹ ਘਟਨਾ ਵਾਪਰੀ, ਨੇੜੇ ਦੀ ਮਸਜਿਦ ਵਿਚ ਲੋਕ ਨਮਾਜ਼ ਅਦਾ ਕਰਨ ਲਈ ਇਕੱਠੇ ਹੋਏ ਸਨ ਤੇ ਉਸ ਸ਼ਰਾਰਤੀ ਵਿਅਕਤੀ ਨੇ ਨਮਾਜ਼ ਅਦਾ ਕਰਨ ਆਏ ਲੋਕਾਂ ਨੂੰ ਇਹ ਕਹਿ ਕੇ ਭੜਕਾਇਆ ਕਿ ਮਸਜਿਦ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਗਿਆ ਹੈ। ਸਿੱਟੇ ਵਜੋਂ ਸ਼ਰਾਰਤੀ ਤੱਤਾਂ ਵੱਲੋਂ ਦੇਰ ਰਾਤ ਆ ਕੇ ਗੁਰਦੁਆਰੇ 'ਤੇ ਪਥਰਾਅ ਕੀਤਾ ਗਿਆ। ਇਸ ਤੋਂ ਬਾਅਦ ਦੋਵਾਂ ਧਿਰਾਂ ਵਿਚ ਵਿਵਾਦ ਪੈਦਾ ਹੋ ਗਿਆ ਤੇ ਫਿਰਕੂ ਦੰਗਿਆਂ ਦਾ ਰੂਪ ਲੈ ਲਿਆ। ਇਸ ਘਟਨਾ ਵਿਚ ਸਿੱਖ ਭਾਈਚਾਰੇ ਦੀਆਂ ਤਕਰੀਬਨ 150 ਦੁਕਾਨਾਂ ਤੇ ਵੱਡੀ ਗਿਣਤੀ ਵਿਚ ਵਾਹਨਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਹੈ। ਜਾਂਚ ਟੀਮ ਨੇ ਸਹਾਰਨਪੁਰ ਦੇ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨਾਲ ਵੀ ਮੀਟਿੰਗ ਕਰਕੇ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਰਾਖੀ ਯਕੀਨੀ ਬਣਾਉਣ ਲਈ ਕਿਹਾ ਹੈ। ਨਾਲ ਹੀ ਮਾਹੌਲ ਨੂੰ ਸ਼ਾਂਤ ਕਰਨ ਲਈ ਦੋਵਾਂ ਫਿਰਕਿਆਂ ਦੀਆਂ ਸਾਂਝੀਆਂ ਕਮੇਟੀਆਂ ਬਣਾਉਣ ਦਾ ਸੁਝਾਅ ਦਿੱਤਾ ਹੈ।





*ਸਹਾਰਨਪੁਰ ਹਿੰਸਾ ਵਿਚ ਸੁਰੱਖਿਆ ਕਰਮਚਾਰੀਆਂ ਦੇ ਦੋ ਰੋਲ।*

ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਇਸ ਜ਼ਿਲ੍ਹੇ ਵਿਚ ਗੁਰਦੁਆਰੇ ਨਾਲ ਸਬੰਧਤ ਜ਼ਮੀਨ ਉਤੇ ਕਬਜ਼ੇ ਨੂੰ ਲੈ ਕੇ ਦੋ ਫਿਰਕਿਆਂ ਵਿਚਕਾਰ ਹੋਈਆਂ ਝੜਪਾਂ ਵਿਚ ਤਿੰਨ ਵਿਅਕਤੀ ਮਾਰੇ ਗਏ ਸਨ ਤੇ ਘੱਟੋ-ਘੱਟ 19 ਹੋਰ ਜ਼ਖ਼ਮੀ ਹੋਏ ਸਨ। ਇਸ ਦੌਰਾਨ ਵੱਡੇ ਪੱਧਰ ਉਤੇ ਪਥਰਾਅ ਤੇ ਅੱਗਜ਼ਨੀ ਦੀਆਂ ਘਟਨਾਵਾਂ ਵਾਪਰਨ ਦੇ ਮੱਦੇਨਜ਼ਰ ਅਧਿਕਾਰੀਆਂ ਨੇ ਕਰਫਿਊ ਲਗਾ ਦਿੱਤਾ ਸੀ। ਇਨ੍ਹਾਂ ਝੜਪਾਂ ਵਿਚ ਹਰੀਸ਼ ਕੋਛੜ ਨਾਮੀ ਵਪਾਰੀ, ਆਰਿਫ ਤੇ ਇਕ ਅਣਪਛਾਤਾ ਵਿਅਕਤੀ ਮਾਰਿਆ ਗਿਆ ਸੀ। ਇਕ ਪੁਲਿਸ ਜਵਾਨ ਨੂੰ ਵੀ ਗੋਲੀ ਲੱਗ ਗਈ। ਭੜਕੀ ਭੀੜ ਵੱਲੋਂ ਦੁਕਾਨਾਂ ਦੀ ਭੰਨ-ਤੋੜ ਸ਼ੁਰੂ ਕਰ ਦਿੱਤੇ ਜਾਣ ਕਾਰਨ ਪੁਲਿਸ ਨੇ ਹਾਲਾਤ ਨੂੰ ਕਾਬੂ ਕਰਨ ਲਈ ਤਾਕਤ ਦੀ ਵਰਤੋਂ ਕੀਤੀ ਤੇ ਰਬੜ ਦੀਆਂ ਗੋਲੀਆਂ ਚਲਾਈਆਂ।

ਪੁਲਿਸ ਨੇ ਇਸ ਸਬੰਧੀ 38 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ ਜਦੋਂਕਿ ਹਿੰਸਾ ਬਾਰੇ ਨੌਂ ਐਫ.ਆਈ.ਆਰ'ਜ਼ ਦਾਖਲ ਕੀਤੀਆਂ ਗਈਆਂ ਹਨ। ਸਿਆਸੀ ਪਾਰਟੀਆਂ ਵੱਲੋਂ ਇਕ-ਦੂਜੇ 'ਤੇ ਦੂਸ਼ਣਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ ਹੈ। ਸਹਾਰਨਪੁਰ ਦੀ ਜ਼ਿਲ੍ਹਾ ਮੈਜਿਸਟਰੇਟ ਸੰਧਿਆ ਤਿਵਾੜੀ ਨੇ ਦੱਸਿਆ ਕਿ ਹਿੰਸਾ ਦੀਆਂ ਵਾਰਦਾਤਾਂ ਬਾਰੇ 38 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਾਲਾਤ ਆਮ ਵਾਂਗ ਹੁੰਦੇ ਜਾ ਰਹੇ ਹਨ। ਹਿੰਸਾ ਵਿਚ ਤਿੰਨ ਵਿਅਕਤੀ ਮਾਰੇ ਗਏ ਤੇ 33 ਜ਼ਖ਼ਮੀ ਹੋ ਗਏ ਸਨ। ਇਸ ਦੌਰਾਨ 22 ਦੁਕਾਨਾਂ ਸਾੜ ਦਿੱਤੀਆਂ ਗਈਆਂ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਜਦਕਿ 15 ਚਹੁੰ-ਪਹੀਆ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ। ਇਸ ਦੌਰਾਨ, ਭਾਜਪਾ ਆਗੂ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਦੀ ਸਰਕਾਰ ਸੂਬੇ ਵਿਚ ਅਮਨ ਕਾਨੂੰਨ ਕਾਇਮ ਰੱਖਣ ਵਿਚ ਬੁਰੀ ਤਰ੍ਹਾਂ ਨਾਕਾਮ ਸਿੱਧ ਹੋਈ ਹੈ ਤੇ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ। ਕਾਂਗਰਸ ਆਗੂ ਰੀਟਾ ਬਹੁਗੁਣਾ ਨੇ ਕਿਹਾ ਕਿ ਮੁਕਾਮੀ ਪ੍ਰਸ਼ਾਸਨ ਵੱਲੋਂ ਢਿਲਮੱਠ ਵਰਤੀ ਗਈ ਹੈ ਤੇ ਸਰਕਾਰ ਵੀ ਨਾਅਹਿਲ ਸਾਬਤ ਹੋਈ ਹੈ।

### ਸ੍ਰੀ ਅਕਾਲ ਤਖਤ ਵੱਲੋਂ ਪ੍ਰਸ਼ਾਸਨ ਦੀ ਆਲੋਚਨਾ

***ਸਹਾਰਨਪੁਰ:*** *ਸਹਾਰਨਪੁਰ ਦੀਆਂ ਘਟਨਾਵਾਂ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੋਸ਼ ਲਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਹਿੰਸਾ 'ਤੇ ਰੋਕਥਾਮ ਲਈ ਸਮੇਂ ਸਿਰ ਕਾਰਵਾਈ ਕਰਨ ਵਿਚ ਨਾਕਾਮ ਰਿਹਾ ਹੈ। ਜ਼ਿਲ੍ਹਾ ਮੈਜਿਸਟਰੇਟ ਤੇ ਹੋਰ ਅਫਸਰ ਆਪਣੀ ਡਿਊਟੀ ਨਿਭਾਉਣ ਵਿਚ ਅਸਫਲ ਰਹੇ ਹਨ। ਇਸੇ ਕਰਕੇ ਸਹਾਰਨਪੁਰ ਜਿਹੇ ਅਮਨਮਈ ਜ਼ਿਲ੍ਹੇ ਵਿਚ ਅਜਿਹੀਆਂ ਝੜਪਾਂ ਹੋਈਆਂ ਹਨ।" ਉਨ੍ਹਾਂ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਸੰਪਤੀ ਦੇ ਨੁਕਸਾਨ ਦਾ ਮੁਆਵਜ਼ਾ ਵਾਜਬ ਢੰਗ ਨਾਲ ਦੇਣ ਲਈ ਕਿਹਾ ਹੈ।*

# ਕਾਠਮੰਡੂ (ਨੇਪਾਲ) 'ਚ ਗੁਰੂ ਨਾਨਕ ਮੱਠ ਦੀ ਸਾਂਭ-ਸੰਭਾਲ ਲਈ ਯਤਨਸ਼ੀਲ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਕੈਲੀਫੋਰਨੀਆ

ਭਾਈ ਮਨਜੀਤ ਸਿੰਘ ਖਾਲਸਾ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਕੈਲੀਫੋਰਨੀਆ ਦੇ ਮੁੱਖ ਸੇਵਾਦਾਰ ਹਨ। ਉਨ੍ਹਾਂ 1991 ਵਿਚ ਗੁਰੂ ਨਾਨਕ ਦੇਵ ਜੀ ਦੀ ਉਦਾਸੀਆਂ ਬਾਰੇ ਪੜ੍ਹਿਆ। ਤੀਜੀ ਉਦਾਸੀ ਬਾਰੇ ਇਤਿਹਾਸ ਵਿਚ ਲਿਖਿਆ ਹੋਇਆ ਸੀ ਕਿ ਗੁਰੂ ਸਾਹਿਬ ਕਾਠਮੰਡੂ (ਨੇਪਾਲ) ਗਏ ਸਨ। ਭਾਈ ਮਨਜੀਤ ਸਿੰਘ ਨੇ ਕਾਫੀ ਲੋਕਾਂ ਤੋਂ ਉਸ ਜਗ੍ਹਾ ਬਾਰੇ ਪੁੱਛਿਆ ਜਿਥੇ ਗੁਰੂ ਸਾਹਿਬ ਗਏ ਸਨ। ਕੁਝ ਪਤਾ ਨਾ ਲੱਗਿਆ। 1992 ਵਿਚ ਉਹ ਖੁਦ ਕਾਠਮੰਡੂ ਗਏ। ਉਥੇ ਉਨ੍ਹਾਂ ਨੂੰ ਮੁਨੀ ਨਾਮ ਦਾ ਇਕ ਆਦਮੀ ਮਿਲਿਆ। ਇਸ ਆਦਮੀ ਦਾ ਦਾਅਵਾ ਸੀ ਕਿ ਗੁਰੂ ਨਾਨਕ ਸਾਹਿਬ ਉਨ੍ਹਾਂ ਦੇ ਵਡੇਰਿਆਂ ਦੇ ਵੇਲੇ ਉਨ੍ਹਾਂ ਦੇ ਘਰ ਆਏ ਸਨ। ਕਹਿਣ 'ਤੇ ਉਹ ਭਾਈ ਮਨਜੀਤ ਸਿੰਘ ਨੂੰ ਉਹ ਥਾਂ ਦਿਖਾਉਣ ਤੁਰ ਪਿਆ। ਮੁਨੀ ਨੇ ਭਾਈ ਮਨਜੀਤ ਸਿੰਘ ਨੂੰ ਦੱਸਿਆ ਕਿ ਗੁਰੂ ਜੀ ਜਿਥੇ ਇਕ ਸਾਲ ਚੌਦਾਂ ਦਿਨ ਰਹੇ, ਉਸ ਦਾ ਨਾਂ ਅੱਜ ਗੁਰੂ ਨਾਨਕ ਮੱਠ ਹੈ ਅਤੇ ਸ਼ਹਿਰ ਦਾ ਨਾਂ ਬਾਲਾ ਜੀ ਦੇ ਨਾਂ 'ਤੇ ਹੈ ਬਾਲਾਜੂ।

ਫਿਰ ਮੁਨੀ ਨੇ ਇਕ ਹੋਰ ਜਗ੍ਹਾ ਕਾਲਮੋਚਨ ਬਾਰੇ ਦੱਸਿਆ। ਮੁਨੀ ਨੇ ਕਿਹਾ ਕਿ ਉਸ ਦੇ ਬਜ਼ੁਰਗ ਕਹਿੰਦੇ ਸਨ ਕਿ ਇਥੇ ਦੋ ਸਾਧੂ ਰਹਿੰਦੇ ਸਨ, ਇਨ੍ਹਾਂ ਦਾ ਵੀ ਗੁਰੂ ਜੀ ਨੇ ਉਧਾਰ ਕੀਤਾ। ਅੱਜ ਵੀ ਉਥੇ ਦੇ ਰਹਿਣ ਵਾਲੇ ਨੇਪਾਲੀ ਇਹ ਸਮਝਦੇ ਹਨ ਕਿ ਜੇ ਕੋਈ ਇਥੇ ਬੈਠ ਕੇ ਸਿਮਰਨ ਕਰੇਗਾ ਤਾਂ ਉਸ ਦੀ ਮੁਕਤੀ ਹੋ ਜਾਵੇਗੀ। ਤੀਜਾ ਸਥਾਨ ਗਿਆਨਧਾਰਾ ਹੈ। ਉਥੇ ਗੁਰੂ ਜੀ ਨੇ ਪਾਣੀ ਦੀ ਮਿਹਰ ਕੀਤੀ ਸੀ। ਦੇਸ਼ ਦੇ ਰਾਜੇ ਨੇ ਖੁਸ਼ ਹੋ ਕੇ ਕਾਫੀ ਜ਼ਮੀਨ ਗੁਰੂ ਜੀ ਦੇ ਨਾਮ ਕਰ ਦਿੱਤੀ। 200 ਏਕੜ ਦੇ ਕਰੀਬ ਜ਼ਮੀਨ ਅੱਜ ਵੀ ਗੁਰੂ ਜੀ ਦੇ ਨਾਮ 'ਤੇ ਹੈ।

ਇਸ ਬਾਰੇ ਭਾਈ ਮਨਜੀਤ ਸਿੰਘ 1992 ਤੋਂ ਕੋਸ਼ਿਸ਼ਾਂ ਕਰਦੇ ਰਹੇ, ਲੋਕਾਂ ਨੂੰ ਦੱਸਦੇ ਰਹੇ, ਸੰਤ ਸਮਾਜ ਤੇ ਹੋਰ ਵੱਡੇ-ਵੱਡੇ ਲੋਕਾਂ ਕੋਲ ਗਏ ਪਰ ਕਿਸੇ ਨੇ ਵੀ ਕੋਈ ਉਪਰਾਲਾ ਨਾ ਕੀਤਾ। ਭਾਈ ਸਾਹਿਬ ਜਿੰਨਾ ਕੁ ਹੁੰਦੀ, ਸੇਵਾ ਕਰਦੇ ਰਹੇ। 2006 ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਇਸ ਬਾਰੇ ਜਾਣੂ ਕਰਵਾਇਆ, ਤਾਂ ਉਨ੍ਹਾਂ ਲਿਖਤੀ ਤੌਰ 'ਤੇ ਸੇਵਾ ਸੰਭਾਲ ਇਨ੍ਹਾਂ ਨੂੰ ਸੌਂਪ ਦਿੱਤੀ। ਇਨ੍ਹਾਂ ਸਥਾਨਾਂ ਤੋਂ ਸੱਤ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ 26 ਛੋਟੀਆਂ ਪੋਥੀਆਂ ਮਿਲੇ। ਹੋਰ ਅਨੇਕ ਧਾਰਮਿਕ ਪੁਸਤਕਾਂ ਵੀ ਮਿਲੀਆਂ। ਇਸੇ ਸਾਲ ਵੇਦਾਂਤੀ ਜੀ ਅਤੇ ਪੰਜਾਬੀ ਯੂਨੀਵਰਸਿਟੀ-ਪਟਿਆਲਾ ਦੇ ਮੈਂਬਰ ਆਏ ਸਨ ਜਿਨ੍ਹਾਂ ਨੇ ਖੋਜ ਕੀਤੀ ਹੈ ਕਿ ਇਹ ਕਦੋਂ ਦੇ ਹਨ ਤੇ ਕਿਸ ਦੀਆਂ ਲਿਖਤਾਂ ਹਨ। ਉਨ੍ਹਾਂ ਦੇ ਦੱਸਣ 'ਤੇ ਅਸੀਂ ਸੰਗਤਾਂ ਨੂੰ ਜਾਣੂ ਕਰਵਾ ਰਹੇ ਹਾਂ ਕਿ ਇਕ ਗੁਰੂ ਗ੍ਰੰਥ ਸਾਹਿਬ 'ਤੇ ਸ੍ਰੀ ਗੁਰੂ ਗੋਬਿੰਦ ਜੀ ਦੇ ਦਸਤਖਤ ਹਨ।

ਫਿਰ ਸੇਵਾ ਸੁਸਾਇਟੀ ਨੇ ਹੋਰ ਖੋਜ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਮਹਾਰਾਣੀ ਜਿੰਦਾਂ ਵੀ ਇਥੇ ਆਈ ਸੀ। ਜਦ ਉਥੇ ਰਹਿੰਦੇ ਭਾਗ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਕਾਠਮੰਡੂ ਸ਼ਹਿਰ ਤੋਂ 400-500 ਕਿਲੋਮੀਟਰ ਦੂਰ ਸਿੱਖਾਂ ਦੇ ਪਿੰਡ ਹਨ। ਇਸ ਸਾਲ 2014 ਵਿਚ ਕਾਠਮੰਡੂ ਦੇ ਨਾਨਕ ਮੱਠ 'ਤੇ ਵਿਸਾਖੀ ਮਨਾਈ ਗਈ। ਉਸ ਸਮੇਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਵੀ ਆਏ ਸਨ ਅਤੇ ਭਾਈ ਮਨਜੀਤ ਸਿੰਘ ਨੂੰ 'ਐਵਾਰਡ ਆਫ ਆਨਰ' ਨਾਲ ਸਨਮਾਨਤ ਕੀਤਾ।

ਇਸ ਮੌਕੇ ਸੇਵਾ ਸੁਸਾਇਟੀ ਨੇ ਸਿੱਖਾਂ ਦੇ ਪਿੰਡ ਤੋਂ ਉਨ੍ਹਾਂ ਦੇ ਮੋਢੀ ਉਤਮ ਸਿੰਘ ਸੋਢੀ ਨੂੰ ਬੁਲਾਇਆ। ਉਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਸੁਸਾਇਟੀ ਇੰਟਰਨੈਸ਼ਨਲ ਦੇ ਸੈਕਟਰੀ ਦਰਸ਼ਨ ਸਿੰਘ ਮਾਨ, ਮੈਨੇਜਰ ਰਣਵੀਰ ਸਿੰਘ ਤੇ ਭਾਗ ਸਿੰਘ ਮੈਂਬਰ ਮੌਜੂਦ ਸਨ। ਉਪਰੰਤ ਜੂਨ ਦੇ ਮਹੀਨੇ ਵਿਚ ਸ੍ਰੀ ਗੁਰੂ ਨਾਨਕ ਦੇਵ ਸੁਸਾਇਟੀ ਦਾ ਵਫਦ ਮੈਨੇਜਰ ਰਣਵੀਰ ਸਿੰਘ ਦੀ ਅਗਵਾਈ ਹੇਠ ਨੇਪਾਲਗੰਜ ਸਿੱਖਣਪੁਰੇ ਗਿਆ ਅਤੇ ਉਤਮ ਸਿੰਘ ਸੋਢੀ ਨੂੰ ਮਿਲਿਆ ਤੇ ਉਥੋਂ ਦੇ ਹਾਲਾਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪਤਾ ਲੱਗਾ ਕਿ ਇਹ ਸਿੱਖ ਮਹਾਰਾਣੀ ਜਿੰਦਾਂ ਨਾਲ ਆਏ ਸਨ। ਮਹਾਰਾਣੀ ਜਿੰਦਾਂ ਇਸ ਰਸਤੇ ਤੋਂ ਨੇਪਾਲ ਆਈ ਸੀ। ਜਦੋਂ ਮਹਾਰਾਣੀ ਜਿੰਦਾਂ ਨੇ ਨੇਪਾਲ ਸ਼ਰਨ ਲਈ ਤਾਂ ਇਨ੍ਹਾਂ ਫੌਜੀਆਂ ਨੂੰ ਰਾਜੇ ਨੇ ਕਿਹਾ- ਜਿੰਨਾ ਜੰਗਲ ਵੱਢ ਸਕਦੇ ਹੋ, ਆਬਾਦ ਕਰ ਲਵੋ। ਇਸ ਤਰ੍ਹਾਂ ਇਹ ਉਦੋਂ ਦੇ ਹੀ ਇਥੇ ਰਹਿ ਰਹੇ ਹਨ ਪਰ ਇਨ੍ਹਾਂ ਦੀ ਹੁਣ ਹਾਲਤ ਬਹੁਤ ਖ਼ਰਾਬ ਹੈ, ਬਹੁਤ ਗਰੀਬ ਹਨ। ਮੁਸ਼ਕਿਲ ਨਾਲ ਗੁਜ਼ਰ-ਬਸਰ ਹੋ ਰਹੀ ਹੈ। ਇਨ੍ਹਾਂ ਦਾ ਗੁਰਦੁਆਰਾ ਵੀ ਢਹਿ ਗਿਆ ਸੀ, ਹੁਣ ਸੇਵਾ ਸੁਸਾਇਟੀ ਨੇ ਸੇਵਾ ਸ਼ੁਰੂ ਕੀਤੀ ਹੈ। ਉਨ੍ਹਾਂ ਦੀ ਰੋਟੀ ਤੇ ਕੱਪੜੇ ਦਾ ਇੰਤਜ਼ਾਮ ਸੇਵਾ ਸੁਸਾਇਟੀ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਮੈਡੀਕਲ ਸਹੂਲਤਾਂ ਦੀ ਵੀ ਬਹੁਤ ਲੋੜ ਹੈ। ਉਹ ਪੜ੍ਹਾਈ ਤੋਂ ਵੀ ਵਾਂਝੇ ਹਨ, ਪੰਜਾਬੀ ਪੜ੍ਹਨਾ ਤੇ ਬੋਲਣਾ ਚਾਹੁੰਦੇ ਹਨ। ਉਂਜ ਇਹ ਸਿੱਖੀ ਵੱਲੋਂ ਬਹੁਤ ਅਮੀਰ ਹਨ। ਇਸ ਲਈ ਆਪ ਸਭ ਸੰਗਤਾਂ ਨੂੰ ਅਪੀਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਦਾ ਤਨ, ਮਨ, ਧਨ ਨਾਲ ਸਾਥ ਦੇਵੋ ਜੀ, ਤਾਂ ਹੀ ਇਹ ਸੇਵਾ ਮੁਕੰਮਲ ਹੋ ਸਕਦੀ ਹੈ ਤੇ ਇਨ੍ਹਾਂ ਪਰਿਵਾਰਾਂ ਨੂੰ ਵੀ ਸਹਾਇਤਾ ਪਹੁੰਚਾਈ ਜਾ ਸਕਦੀ ਹੈ। ਸੁਸਾਇਟੀ ਕਰੀਬ 70 ਬੇਸਹਾਰਾ ਬੱਚਿਆਂ ਨੂੰ ਭੋਜਨ, ਰਹਿਣ ਲਈ ਥਾਂ, ਕੱਪੜੇ, ਸਿੱਖਿਆ, ਮੈਡੀਕਲ ਸਹੂਲਤਾਂ ਅਤੇ ਗੁਰਮੁਖੀ ਪੜ੍ਹਨ ਦੀ ਸਿੱਖਿਆ ਦੇਣ ਦੀ ਸੇਵਾ ਵੀ ਨਿਭਾ ਰਹੀ ਹੈ।


ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ ਦੌਰਾਨ 1515 ਵਿਚ ਕਾਠਮੰਡੂ (ਨੇਪਾਲ) ਵਿਚ ਜਾਣ ਦੀ 500 ਸਾਲਾ ਸ਼ਤਾਬਦੀ ਸਾਲ 2015 ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮਨਾਏਗੀ। ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹੁਮ-ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ। ਸੇਵਾਦਾਰਾਂ ਅਤੇ ਮਾਲੀ ਮਦਦ ਕਰਨ ਵਾਲੇ ਵੀਰਾਂ-ਭੈਣਾਂ ਦੇ ਵੀ ਸਹਿਯੋਗ ਦੀ ਅਤਿਅੰਤ ਲੋੜ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਣ ਦੇ ਨਾਤੇ ਸਾਡਾ ਸਭ ਦਾ ਇਹ ਫਰਜ਼ ਬਣਦਾ ਹੈ ਕਿ ਆਪਾਂ ਸਾਰੇ ਮਿਲ ਕੇ ਆਪਣੇ ਆਰਥਿਕ ਤੌਰ 'ਤੇ ਪਿਛੜੇ ਹੋਏ ਸਿੱਖ ਭਰਾਵਾਂ ਦੀ ਸਾਂਭ-ਸੰਭਾਲ ਕਰੀਏ।
























ਭਾਈ ਮਨਜੀਤ ਸਿੰਘ ਖਾਲਸਾ

ਪੰਥ ਦਾ ਦਾਸ: ਮਨਜੀਤ ਸਿੰਘ ਖਾਲਸਾ, ਫੋਨ: 408-887-7361 email: sewa_society@yahoo.com

## ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਕੈਲੀਫੋਰਨੀਆ

www.sgndssi.com

Sponsored Page


JAI Masta Di Entertainment
&
Master Deepak Ji
in association with
Miss Duniya Corporation
presents
Desi 1170AM
Exclusive Radio Partner
Grand Sponsor : Nuts & Spice (Sanjay Birla, Union City)
Platinum Sponsor : Ashwini Bhakhri (Attorney at Law)
Gold Sponsor : Paul (Rangoli Sweets)
The JOGIYA Tour
Hosted By Asha Sharma
GURDAS MAAN
AUGUST 9th, 2014
TIME : 8:00 PM
SAN JOSE CENTER FOR PERFORMING ARTS
Tickets : $39, $49, $59, $79, $99, VIP, VVIP, ELITE
Special Discounts Available
Online Tickets : jmdentertainment.com
Sulekha.com

# 'ਜੋਗੀਆ' ਗੁਰਦਾਸ ਮਾਨ

# 9 ਅਗਸਤ 2014

## ਸਥਾਨ: ਆਰਟ ਪਰਫਾਰਮਿੰਗ ਸੈਂਟਰ, ਸੈਨ ਹੋਜ਼ੇ

## Free Dinner Served Between 6pm to 8pm

**Sponsored by : Dr. Randeep Dhillon (CEO, Miss Duniya Corporation) & Master Deepak Ji**

**CKET AVAILABLE AT STORE:**
INDIA CASH AND CARRY (FREMONT) (510) 792-7383
KASH FABRIC (HAYWARD) (510) 538-1138
PUNJAB BAZAR CASH AND CARRY (SAN JOSE) (408)-223-9978
NUTS AND SPICE (UNION CITY) (510) 489-5836
BHARAT BAZAR (FREMONT) (510) 687-0100
SHALIMAR GROCERY (510) 487-7752

NUTS AND SPICE (UNION CITY) INDIA CASH & CARRY (FREMONT)

**ONSERS AND SUPPOTERS**

AJ BHANOT(PRESIDENT OF
NYVEL HINDU TEMPLE)
AYARAM KOMATI
(SWAGAT INDIA CUISINE)
DERJIT(BOB) SINGH
ADDI JHUTY MBA,CFP (R)
LSJ FINANCIAL
R. MANDEEP GHUMAN & HEALTHY
INC.
R. PAUL GHUMAN
(MOUNTAIN VIEW)
AY AND JACK
(ATTORNEY AT LAW)
MILE DHIR
AHESH BAJORIA
(ATTORNEY AT LAW)
NIL SIKKA
R. NAVDEEP BHAKHRI
R. HARDEEP BHAKHRI
R. BHARTI BHAKHRI
IJAY VIJ
CHAMKAURGIRI (PRESIDENT &
NDER OF VALLEJO HINDU TEMPLE)
SKOK VIJ
IUKAND LOOMBA (TREASURE OF
LEJO HINDU TEMPLE)
UNITA VARMA

18) SOHAN LAL GOSWAMI
19) DR. SATWINDER SAHI
20) DR.ALOK ARORA & ATTORNEY VINU BHAKHRI ARORA
21) BODH RAJ SAINI
22) J. CHABRA,CPA
23) MANI BAKSHI
24)\ BITTU DHILLON
25) DEEDAR SINGH BAINS ( YUBA CITY)
26) DR. DALVIR PANNU, D.D.S
27) ASHIWANI K. TANNI
28) DARAN KUNDRA, D.D.S
29) KAMAL MAAN(CHATT HOUSE)
30) MANISH PATEL
31) DR. BEILA DELYAIE
32) DR. KULMOHAN SINGH SANGHA FREMONT
33) DR. DAVINDER SANDHU (MODESTO)
34) VINAYAK GUPTA
35) BILLA SANGHERA
36) DBR ENTERTAINMENT (DEV RANA BITTU)
37) RAJ PABLA
38) RATINDER GILL
39) MAIN SABAZ OF PAKISTAN TIMES
40) PARAMPAL SINGH (UNION CITY)
41) MAHINDER GILL OF TURLOCK
42) MANISHA JEWELLER (SANTA CLARA)
43) KULDIP DHALIWAL PUPPY
44) KULWINDER POET
45) HARJINDER JOHL
46) H.S BHAJAN
47) DR.RAJIV AHUJA FREMONT
48) RAY WALIA
49) DR. PANNU
50) DR. SANDHU
51) HAPPY HEER
52) DR. JANAK MEHTANI MD
53) RAJ MAHAL (INDTV USA)
54) RANGOLI SWEETS
55) PREM (RUNAWAY LIMOZINE)
56) NARENDER H UNDAL
57) NARINDEERPAL SINGH HUNDAL SACRAMENTO
58) KARNAIL SINGH SAINI, REALTOR
59) PARGAN SINGH BAINS SACROMENTO
60) JIT SINGH, GREAT INDIA RESTAURANT SANFRANCISCO
61) DR. RANDEEP DHILLON
62) JESSI BANGA
63) GP SINGH
64) JEEVAN ZUTSHI
65) ROMESH JAPRA
66) DALJIT SAINAI
67) DEEPAK BHATNAGAR
68) AVTAAR LAKHA
69) DR. HARMESH KUMAR
70) ASHOK VIJ
71) RITENDER AHUJA
72) KISHEN (ALTU FALTU BAK BAK)
73) KAVITA (ALTU FALTA BAK BAK)
74) BALKAR SINGH (BOMBAY GARDEN & SAKOON)
75) KASHMIR DUGGA (KASH FABRICS)
76) AUDIGYSYSTEMS.COM
77) MIKE SANWAL (PRODUCER, DIRECTOR & ACTOR)
78) CHATT CAFÉ
79) PARVINDER THAPER
80) AJAYPAL SINGH WALIA (KHALSA TAXY BERKELY )
81) DALJEET SINGH SAINI, HOUSTON, TX
82) Dr. SATWINDER SAHI
83) Dr. RAVINDER ATWAL
84) Dr. JASWINDER GORAYA
85) Dr. JASPAL HARIKA
86) Dr. RAMINDER DADWAL
87) Dr. DALJIT SAINI
88) Dr. GAGANDEEP SINGH SANDHU, DDS

**Catering Partner: Balkar Singh Bombay Garden & Sakoon**

**IA PATNER:** GLOBAL PUNJAB, JAS PUNJABI, INDIA POST, AAJ TAK, PUNJAB NEWS, PUNJABI AMERICAN NEWS, SADELOK, PTC PUNJABI, DESI 1170AM, INDIA WEST, INDTV

**or More Info., Contact: Avtar Lakha 209-200-0818 or 510-962-1911**
**Asha Sharma 831-406-7940, Vijay 707-392-9625**

**SUNNYVALE OFFICE: 460 Persian Dr. Unit 4, Sunnyvale, CA 94089, Ph: 408-734-1600**

ਕਲਾ ਪਰਿਕਰਮਾ

## ਹਮ ਦੇਖੇਂਗੇ...

# ਇਕਬਾਲ ਬਾਨੋ



**ਗੁਰਬਖਸ਼ ਸਿੰਘ ਸੋਢੀ**

ਗਾਇਨ ਦੇ ਖੇਤਰ ਦੀ ਹਸਤੀ ਇਕਬਾਲ ਬਾਨੋ ਦਾ ਨਾਂ ਜ਼ੁਬਾਨ 'ਤੇ ਆਉਂਦਿਆਂ ਹੀ ਫੈਜ਼ ਅਹਿਮਦ ਫੈਜ਼ ਦੀ ਮਸ਼ਹੂਰ ਰਚਨਾ 'ਹਮ ਦੇਖੇਂਗੇ' ਦੇ ਨਕਸ਼ ਉਭਰਨੇ ਸ਼ੁਰੂ ਹੋ ਜਾਂਦੇ ਹਨ। ਅਸਲ ਵਿਚ ਇਹ ਰਚਨਾ ਇਕਬਾਲ ਬਾਨੋ ਨੇ ਇੰਨੀ ਬੁਲੰਦ ਤੇ ਪੁਰਸੋਜ਼ ਆਵਾਜ਼ ਵਿਚ ਅਤੇ ਇੰਨੀ ਸ਼ਿੱਦਤ ਨਾਲ ਗਾਈ ਹੈ ਕਿ ਸ਼ਬਦ, ਸਾਜ਼ ਅਤੇ ਆਵਾਜ਼ ਇਕਮਿਕ ਹੋ ਗਏ ਜਾਪਦੇ ਹਨ। ਇਸ ਰਚਨਾ ਵਿਚ ਇਨ੍ਹਾਂ ਤਿੰਨਾਂ ਨੂੰ ਇਕ-ਦੂਜੇ ਤੋਂ ਵੱਖ ਕਰਨਾ ਹੁਣ ਮੁਸ਼ਕਿਲ ਹੀ ਲਗਦਾ ਹੈ। 'ਹਮ ਦੇਖੇਂਗੇ' ਦੇ ਨਾਲ ਹੀ ਉਹੀ ਆਵਾਜ਼ ਅਤੇ ਤਰਜ਼ ਜ਼ਿਹਨ ਵਿਚ ਧਮੱਚੜ ਮਚਾਉਣ ਲਗਦੇ ਹਨ। ਨਾਲੇ ਜਿਸ ਦੌਰ ਵਿਚ ਇਹ ਰਚਨਾ ਇਕਬਾਲ ਬਾਨੋ ਨੇ ਗਾਈ ਸੀ, ਉਹ ਵਾਹਵਾ ਉਥਲ-ਪੁਥਲ ਵਾਲਾ ਦੌਰ ਸੀ। ਇਸ ਲਈ ਉਸ ਦੌਰ ਦੇ ਹਾਲਾਤ ਅਤੇ ਮਾਹੌਲ ਨੇ ਵੀ ਇਕ ਤਰ੍ਹਾਂ ਨਾਲ ਸੋਨੇ ਉਤੇ ਸੁਹਾਗੇ ਦਾ ਕੰਮ ਕੀਤਾ ਸੀ।

ਇਕਬਾਲ ਬਾਨੋ ਨੇ ਸ਼ੁੱਧ ਕਲਾਸੀਕਲ ਵੰਨਗੀ ਵਿਚ ਸੰਗੀਤ ਨੂੰ ਬੜਾ ਅਮੀਰ ਕੀਤਾ ਹੈ। ਇਸ ਤੋਂ ਇਲਾਵਾ ਗਜ਼ਲ ਗਾਇਨ ਦੇ ਖੇਤਰ ਵਿਚ ਵੀ ਉਸ ਦਾ ਕੋਈ ਸਾਨੀ ਨਹੀਂ ਹੈ। ਇਕਬਾਲ ਬਾਨੋ ਦਾ ਜਨਮ ਦਿੱਲੀ ਵਿਚ 1935 ਵਿਚ ਹੋਇਆ ਸੀ ਅਤੇ ਉਹਨੇ ਉਥੇ ਹੀ ਸੰਗੀਤ ਦੀ ਮੁਢਲੀ ਸਿੱਖਿਆ ਹਾਸਲ ਕੀਤੀ। ਦਿੱਲੀ ਵਿਚ ਉਸ ਦੇ ਉਸਤਾਦ ਦਿੱਲੀ ਘਰਾਣੇ ਨਾਲ ਸਬੰਧਤ ਉਸਤਾਦ ਚਾਂਦ ਖਾਨ ਸਨ। ਉਸਤਾਦ ਚਾਂਦ ਖਾਨ ਸ਼ੁੱਧ ਕਲਾਸੀਕਲ ਅਤੇ ਲਾਈਟ ਕਲਾਸੀਕਲ ਗਾਇਨ ਦੀਆਂ ਸਭ ਵੰਨਗੀਆਂ ਦੇ ਬੜੇ ਮਾਹਿਰ ਮੰਨੇ ਜਾਂਦੇ ਸਨ। ਉਨ੍ਹਾਂ ਨੇ ਇਕਬਾਲ ਨੂੰ ਇਹੀ ਸਲਾਹ ਦਿੱਤੀ ਕਿ ਉਹ ਠੁਮਰੀ ਅਤੇ ਦਾਦਰਾ ਵਿਚ ਹੀ ਪਰਪੱਕ ਹੋਵੇ। ਪੂਰੀ ਸਿਖਲਾਈ ਤੋਂ ਬਾਅਦ ਉਸਤਾਦ ਚਾਂਦ ਖਾਨ ਨੇ ਇਕਬਾਲ ਬਾਨੋ ਨੂੰ ਆਲ ਇੰਡੀਆ ਰੇਡੀਓ 'ਤੇ ਗਾਉਣ ਲਈ ਭੇਜਿਆ। ਉਸ ਦਾ ਗਾਇਨ ਨਸ਼ਰ ਹੋਣ ਤੋਂ ਬਾਅਦ ਦਿਨਾਂ ਵਿਚ ਹੀ ਉਸ ਦੀ ਵਾਹਵਾ ਭੱਲ ਬਣ ਗਈ। ਫਿਰ 1952 ਵਿਚ ਉਸ ਦਾ ਵਿਆਹ ਹੋ ਗਿਆ। ਉਸ ਵੇਲੇ ਉਹ ਸਿਰਫ਼ 17 ਵਰ੍ਹਿਆਂ ਦੀ ਸੀ ਅਤੇ ਉਹ ਆਪਣੇ ਪਤੀ ਨਾਲ ਮੁਲਤਾਨ ਜਾ ਵਸੀ। ਉਸ ਨੂੰ ਡਰ ਸੀ ਕਿ ਵਿਆਹ ਤੋਂ ਬਾਅਦ ਉਹ ਸ਼ਾਇਦ ਗਾਇਨ ਜਾਰੀ ਨਹੀਂ ਰੱਖ ਸਕੇਗੀ, ਪਰ ਉਸ ਦੇ ਪਤੀ ਨੇ ਉਸ ਨੂੰ ਗਾਇਨ ਦੇ ਖੇਤਰ ਵਿਚ ਆਪਣਾ ਮੁਕਾਮ ਹਾਸਿਲ ਕਰਨ ਵਿਚ ਬੜੀ ਮਦਦ ਕੀਤੀ। ਉਸ ਨੇ ਕੁਝ ਉਰਦੂ ਫਿਲਮਾਂ ਲਈ ਗੀਤ ਵੀ ਗਏ। ਇਨ੍ਹਾਂ ਵਿਚ ਗੁੰਮਨਾਮ (1954), ਕਾਤਿਲ (1955), ਇੰਤਕਾਮ (1955), ਸਰਫਰੋਸ਼ (1956), ਇਸ਼ਕ-ਏ-ਲੈਲਾ (1957) ਅਤੇ ਨਾਗਿਨ (1959) ਆਦਿ ਸ਼ਾਮਿਲ ਹਨ।

1970ਵਿਆਂ ਵਿਚ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਹ ਮੁਲਤਾਨ ਤੋਂ ਲਾਹੌਰ ਜਾ ਵਸੀ। ਉਥੇ ਵੀ ਉਸ ਨੇ ਠੁਮਰੀ, ਦਾਦਰਾ ਅਤੇ ਗ਼ਜ਼ਲਾਂ ਦਾ ਗਾਇਨ ਜਾਰੀ ਰੱਖਿਆ। ਇਕਬਾਲ ਬਾਨੋ ਨੇ ਫੈਜ਼ ਅਹਿਮਦ ਫੈਜ਼ ਦੀਆਂ ਕਈ ਗ਼ਜ਼ਲਾਂ ਗਾਈਆਂ। 1985 ਵਿਚ ਜਦੋਂ ਉਸ ਨੇ ਲਾਹੌਰ ਵਿਖੇ ਫੈਜ਼ ਦੀ ਪ੍ਰਸਿੱਧ ਰਚਨਾ 'ਹਮ ਦੇਖੇਂਗੇ' ਗਾਈ ਤਾਂ ਇਸ ਰਚਨਾ ਨਾਲ ਉਸ ਦਾ ਨਾਂ ਸਦਾ-ਸਦਾ ਲਈ ਜੁੜ ਗਿਆ। ਇਸ ਇਕੱਠ ਵਿਚ 50 ਹਜ਼ਾਰ ਤੋਂ ਵੱਧ ਲੋਕ ਪੁੱਜੇ ਹੋਏ ਸਨ। ਇਹ ਗ਼ਜ਼ਲ ਫੈਜ਼ ਅਹਿਮਦ ਫੈਜ਼ ਨੇ 1979 ਵਿਚ ਲਿਖੀ ਸੀ ਅਤੇ ਇਸ ਵਿਚ ਜਨਰਲ ਜ਼ਿਆ ਉਲ ਹੱਕ ਦੀ ਤਾਨਾਸ਼ਾਹੀ ਅਤੇ ਕੱਟੜਪੰਥੀ ਸੋਚ ਨੂੰ ਚੈਲਿੰਜ ਕੀਤਾ ਗਿਆ ਸੀ। ਅਸਲ ਵਿਚ ਜ਼ਿਆ ਉਲ ਹੱਕ ਨੇ 5 ਜੁਲਾਈ 1977 ਨੂੰ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੂੰ ਗੱਦੀਓਂ ਲਾਹ ਕੇ ਖੁਦ ਗੱਦੀ ਸੰਭਾਲ ਲਈ ਸੀ। ਫਿਰ 1977 ਵਿਚ ਉਸ ਨੇ ਮਾਰਸ਼ਲ ਲਾਅ ਲਾਗੂ ਕਰ ਦਿੱਤਾ ਅਤੇ ਮਗਰੋਂ ਸਤੰਬਰ 1978 ਵਿਚ ਖੁਦ ਰਾਸ਼ਟਰਪਤੀ ਬਣ ਬੈਠੇ। ਜ਼ਿਆ ਉਲ ਹੱਕ ਦੀ ਤਾਨਾਸ਼ਾਹੀ ਦੌਰਾਨ ਧਾਰਮਿਕ ਕੱਟੜਵਾਦ ਨੂੰ ਬਹੁਤ ਜ਼ਿਆਦਾ ਹਵਾ ਦਿੱਤੀ ਗਈ। ਫੈਜ਼ ਅਹਿਮਦ ਫੈਜ਼ ਨੇ ਆਪਣੀ ਕਲਮ ਨਾਲ ਇਸ ਕੱਟੜ ਸੋਚ ਦਾ ਜਵਾਬ 'ਹਮ ਦੇਖੇਂਗੇ' ਲਿਖ ਕੇ ਦਿੱਤਾ ਸੀ। 'ਹਮ ਦੇਖੇਂਗੇ' ਉਸ ਵੇਲੇ ਬੱਚੇ-ਬੱਚੇ ਦੀ ਜ਼ੁਬਾਨ ਉਤੇ ਚੜ੍ਹ ਗਈ ਸੀ ਅਤੇ ਇਹ ਰਚਨਾ ਅੱਜ ਵੀ ਉਤਨੀ ਹੀ ਮਸ਼ਹੂਰ ਤੇ ਅਸਰ ਰੱਖਣ ਵਾਲੀ ਹੈ।



ਇਕਬਾਲ ਬਾਨੋ ਨੇ ਨਾਸਿਰ ਕਾਜ਼ਮੀ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਨੂੰ ਵੀ ਆਪਣੀ ਆਵਾਜ਼ ਦਿੱਤੀ। 1974 ਵਿਚ ਪਾਕਿਸਤਾਨੀ ਸਰਕਾਰ ਨੇ ਉਸ ਨੂੰ 'ਪ੍ਰਾਈਡ ਆਫ ਪ੍ਰਫਾਰਮੈਂਸ' ਪੁਰਸਕਾਰ ਨਾਲ ਸਨਮਾਨਿਤ ਕੀਤਾ। 74 ਵਰ੍ਹਿਆਂ ਦੀ ਉਮਰ ਵਿਚ ਉਸ ਦਾ ਲਾਹੌਰ ਵਿਖੇ 21 ਅਪਰੈਲ 2009 ਨੂੰ ਦੇਹਾਂਤ ਹੋ ਗਿਆ। ਇਕਬਾਲ ਬਾਨੋ ਅੱਜ ਭਾਵੇਂ ਸਾਡੇ ਵਿਚਕਾਰ ਨਹੀਂ, ਪਰ ਉਸ ਦੀ ਆਵਾਜ਼ ਅੱਜ ਵੀ ਉਸੇ ਰੰਗ ਵਿਚ ਤਰਾਨੇ ਛੇੜਦੀ ਹੈ। ਕਲਾਕਾਰ ਇਸੇ ਤਰ੍ਹਾਂ ਹੀ ਤਾਂ ਅਮਰ ਹੁੰਦੇ ਹਨ!



**ਹਮ ਦੇਖੇਂਗੇ-ਫੈਜ਼ ਅਹਿਮਦ ਫੈਜ਼**

*ਹਮ ਦੇਖੇਂਗੇ
ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ
ਹਮ ਦੇਖੇਂਗੇ।*


*ਵੋ ਦਿਨ ਕਿ ਜਿਸ ਕਾ ਵਾਅਦਾ ਹੈ
ਜੋ ਲੋਹ-ਏ-ਅਜ਼ਲ ਪੇ ਲਿਖਾ ਹੈ
ਹਮ ਦੇਖੇਂਗੇ।*

*ਜਬ ਜ਼ੁਲਮ-ਓ-ਸਿਤਮ ਕੇ ਕੋਹ-ਏ-ਗਿਰਾਂ
ਰੂਈ ਕੀ ਤਰ੍ਹਾਂ ਉੜ ਜਾਏਂਗੇ
ਹਮ ਮਹਿਕੂਮੋਂ ਕੇ ਪਾਓਂ ਤਲੇ
ਯੇ ਧਰਤੀ ਧੜ-ਧੜ ਧੜਕੇਗੀ
ਔਰ ਅਹਿਲ-ਏ-ਹਾਕਮ ਕੇ ਸਿਰ ਉਪਰ
ਜਬ ਬਿਜਲੀ ਕੜ-ਕੜ ਕੜਕੇਗੀ
ਹਮ ਦੇਖੇਂਗੇ।*

*ਜਬ ਅਰਜ਼-ਏ-ਖ਼ੁਦ ਕੇ ਕਾਬੇ ਸੇ
ਸਬ ਬੁਤ ਉਠਵਾਏ ਜਾਏਂਗੇ
ਹਮ ਅਹਿਲ-ਏ-ਸਫਾ ਮਰਦੂਦ-ਏ-ਹਰਮ
ਮਸਨਦ ਪੇ ਬਿਠਾਏ ਜਾਏਂਗੇ
ਸਭ ਤਾਜ ਉਛਾਲੇ ਜਾਏਂਗੇ
ਸਭ ਤਖ਼ਤ ਗਿਰਾਏ ਜਾਏਂਗੇ
ਹਮ ਦੇਖੇਂਗੇ।*

*ਬਸ ਨਾਮ ਰਹੇਗਾ ਅੱਲਾ ਕਾ
ਜੋ ਗਾਇਬ ਭੀ ਹੈ ਹਾਜ਼ਿਰ ਭੀ
ਜੋ ਮੰਜ਼ਰ ਭੀ ਹੈ ਨਾਜ਼ਿਰ ਭੀ
ਉਠੇਗਾ ਅਨਲ-ਹੱਕ ਕਾ ਨਾਅਰਾ
ਜੋ ਮੈਂ ਭੀ ਹੂ, ਔਰ ਤੂੰ ਭੀ ਹੋ
ਔਰ ਰਾਜ ਕਰੇਗੀ ਖਲਕ-ਏ-ਖ਼ੁਦਾ
ਜੋ ਮੈਂ ਭੀ ਹੂ ਔਰ ਤੂੰ ਭੀ ਹੋ
ਹਮ ਦੇਖੇਂਗੇ*

*ਲਾਜ਼ਿਮ ਹੈ ਕਿ ਹਮ ਭੀ ਦੇਖੇਗੇਂ।
ਹਮ ਦੇਖੇਂਗੇ।*



## ਇਕਬਾਲ ਬਾਨੋ ਦਾ ਅਸਲ ਰੰਗ

*ਇਕਬਾਲ ਬਾਨੋ ਨੇ ਪਿਆਰ ਦੇ ਰੰਗ ਵਿਚ ਗੜੁੱਚ ਗ਼ਜ਼ਲ ਨੂੰ ਸਿਆਸੀ ਰੰਗ ਵਿਚ ਰੰਗ ਦਿੱਤਾ। ਉਸ ਤੋਂ ਬਾਅਦ ਗਾਇਨ ਉਤੇ ਸਿਆਸਤ ਦਾ ਇਹ ਰੰਗ ਬਹੁਤ ਗੂੜ੍ਹਾ ਚੜ੍ਹਿਆ। ਉਸ ਵੱਲੋਂ ਗਾਈ ਫੈਜ਼ ਅਹਿਮਦ ਫੈਜ਼ ਦੀ ਰਚਨਾ 'ਹਮ ਦੇਖੇਂਗੇ' ਇਕ ਲਿਹਾਜ਼ ਨਾਲ ਸਿਰੇ ਦਾ ਸਿਆਸੀ ਬਿਆਨ ਹੀ ਹੋ ਨਿਬੜੀ ਜਿਸ ਦਾ ਅਸਰ ਅੱਜ ਵੀ ਦਿਖਾਈ ਦਿੰਦਾ ਹੈ। ਇਕਬਾਲ ਨੇ ਇਸ ਰਚਨਾ ਨੂੰ ਉਸ ਮੁਕਾਮ ਉਤੇ ਪਹੁੰਚਾ ਦਿੱਤਾ ਜਿਥੇ ਪੁੱਜਣ ਤੋਂ ਬਾਅਦ ਹਾਕਮਾਂ ਅਤੇ ਹਕੂਮਤਾਂ ਦੀ ਵੀ ਕੋਈ ਪੇਸ਼ ਨਹੀਂ ਜਾਂਦੀ। ਇਸ ਤਰ੍ਹਾਂ ਦਾ ਕ੍ਰਿਸ਼ਮਾ ਬਹੁਤ ਘੱਟ ਕਲਾਕਾਰਾਂ ਦੇ ਹਿੱਸੇ ਆਇਆ ਅਤੇ ਇਕਬਾਲ ਬਾਨੋ ਇਨ੍ਹਾਂ ਵਿਚੋਂ ਇਕ ਹੋ ਨਿਬੜੀ ਹੈ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਅਗਸਤ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-128



*ਪਹਿਲਾਂ ਸਿਰ 'ਤੇ ਢੋਈ ਟੋਕਰੀ, ਹੁਣ ਬਣਾਉਂਦਾ ਰਹਿੰਦਾ ਹਾਂ।
ਤੂਤ ਦੀਆਂ ਛਟੀਆਂ ਦੇ ਨਾਲ, ਬੁਣਤੀ ਪਾਉਂਦਾ ਰਹਿੰਦਾ ਹਾਂ।
ਬੁੱਢਾ ਜਿਸਮ ਤੇ ਚਿੱਟੀ ਦਾੜ੍ਹੀ, ਖਿੱਚੀ ਜਾਣ ਮੁਕੱਦਰਾਂ ਨੂੰ।
ਵਿਚ ਟੋਕਰੀ ਬੈਠ ਹਾਣੀਓ, ਫੂਕ ਰਿਹਾ ਹਾਂ ਸੱਧਰਾਂ ਨੂੰ।*

## ਕੈਪਸ਼ਨ ਮੁਕਾਬਲਾ-126



ਪੈਟਰੋਲ ਦੇ ਭਾਅ ਅਸਮਾਨੀ ਚੜ੍ਹ ਗਏ
ਕਾਰ-ਸਕੂਟਰ ਨਾ ਰਹੇ ਗੱਲ ਵੱਸ ਜੀ।
ਤਾਂਹੀਓਂ ਰਿਕਸ਼ਾ ਲੈ ਲਈ ਆਪਣੀ
ਦੋਵੇਂ ਕਰੀਏ ਸਵਾਰੀ ਹੱਸ ਜੀ।
ਸਮੇਂ ਸਿਰ ਹੈ ਕੰਮ 'ਤੇ ਜਾਣਾ
ਇਕੱਠੇ ਰਿਕਸ਼ੇ 'ਤੇ ਜਾਵਾਂਗੇ।
ਆਥਣ ਨੂੰ ਖਰੀਦ ਸ਼ਹਿਰ ਤੋਂ
ਰੱਖ ਫਿਰ ਸਮਾਨ ਲਿਆਵਾਂਗੇ।
***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਕੁਝ ਪਲਾਂ ਲਈ ਮਨ ਪ੍ਰਚਾਉਣ ਲਈ
ਤਸਵੀਰ ਖਿਚਾਉਣੀ ਬੜੀ ਹੈ ਸੌਖੀ।
ਅਸੂਲ ਨਿਭਾਉਣੇ ਕੋਈ ਖੇਡ ਨਹੀਂ ਹੈ
ਕਿਰਤ ਕਮਾਉਣੀ ਬੜੀ ਹੈ ਔਖੀ।
***-ਜਗਮੀਤ ਸਿੰਘ ਪੰਧੇਰ, ਕੈਨੇਡਾ***
***ਫੋਨ: 204-505-0751***

ਜਿਉਂ ਜਿਉਂ ਵਧੇ ਮਹਿੰਗਾਈ
ਜੁਗਾੜ ਨਵੇਂ ਫਿਰ ਕਰਨੇ ਪੈਣੇ।
ਸੋਚ ਸਮਝ ਕੇ ਜੇ ਨਾ ਚੱਲੇ
ਜਿੰਦ ਨੂੰ ਮਾਮਲੇ ਭਾਰੇ ਪੈਣੇ।
ਕੀਮਤਾਂ ਨੇ ਅਸਮਾਨੀਂ ਚੜ੍ਹੀਆਂ
ਸਰਕਾਰਾਂ ਤੋਂ ਆਸ ਨਾ ਕਰੀਏ।
ਛੱਡ ਬੀਬਾ ਗੱਡੀ ਦੀ ਜ਼ਿੱਦ
ਸਵਾਰੀ ਰਿਕਸ਼ੇ ਦੀ ਹੀ ਕਰੀਏ।
***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਸ਼ੌਂਕ ਸ਼ੌਂਕ ਵਿਚ ਲੱਗਦਾ ਜੋੜੀ
ਕਰੇ ਰਿਕਸ਼ੇ ਦੀ ਸਵਾਰੀ।
ਟੁੱਟੀਆਂ ਸੜਕਾਂ ਉਤੇ ਰਿਕਸ਼ਾ
ਚਲਾ ਨਹੀਂ ਸਕਦਾ ਹਾਰੀ-ਸਾਰੀ।
***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਪੈਟਰੋਲ-ਡੀਜ਼ਲ ਹੋਏ ਮਹਿੰਗੇ,
ਵਕਤ ਔਖਾ, ਅਮੀਰ-ਗਰੀਬ ਆਖੇ।
ਤੇਲ ਦਾ ਫਿਕਰ ਨਹੀਂ ਰਿਕਸ਼ੇ ਨੂੰ
ਸਿੰਘ ਸਾਹਿਬ ਨੇ ਬਣਾਈ ਸਕੀਮ ਜਾਪੇ।
ਬੈਠੀ ਸਿੰਘਣੀ ਖੁਸ਼ੀ ਖੁਸ਼ੀ ਨਾਲ
ਸਿੰਘ ਰਿਕਸ਼ਾ ਰੇਲ ਬਣਾਉ ਆਪੇ।
ਬਖਸ਼ੀ ਤਾਕਤ ਕਲਗੀਆਂ ਵਾਲੇ ਨੇ
ਦੋਵਾਂ ਨੂੰ ਔਖਾ ਵੀ ਕੰਮ ਸੌਖਾ ਜਾਪੇ।
***-ਗੌਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਸਿੰਘ ਅਤੇ ਸਿੰਘਣੀ
ਦੋਵੇਂ ਚੱਲੇ ਨੇ ਸ਼ਹਿਰ ਨੂੰ।
ਜਾਣ ਰਿਕਸ਼ੇ 'ਤੇ
ਨਾ ਧਰਤੀ 'ਤੇ ਲਾਉਣ ਪੈਰ ਨੂੰ।
***-ਮਨਬੀਰ ਫਰੀਮਾਂਟ***

# ਅਕਾਲ ਤਖਤ ਨੇ ਹਰਿਆਣਾ ਕਮੇਟੀ ਨੂੰ ਕੰਮ ਕਾਜ ਤੋਂ ਰੋਕਿਆ

**ਅੰਮ੍ਰਿਤਸਰ:** ਅਕਾਲ ਤਖ਼ਤ ਨੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਕੰਮ ਕਾਜ ਕਰਨ ਤੋਂ ਰੋਕ ਦਿੱਤਾ ਹੈ। ਪੰਥਕ ਕਾਨਫਰੰਸਾਂ ਰੱਦ ਕਰਨ ਦੇ ਹੁਕਮ ਜਾਰੀ ਕਰਨ ਪਿੱਛੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਿਰਦੇਸ਼ ਦਿੱਤੇ ਹਨ ਕਿ ਜਦੋਂ ਤੱਕ ਹਰਿਆਣਾ ਗੁਰਦੁਆਰਾ ਕਮੇਟੀ ਦਾ ਮਸਲਾ ਹੱਲ ਨਹੀਂ ਹੋ ਜਾਂਦਾ ਹੈ, ਉਸ ਵੇਲੇ ਤੱਕ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਪਹਿਲਾਂ ਵਾਂਗ ਚੱਲਣ ਦਿੱਤਾ ਜਾਏ ਤੇ ਇਸ ਮਸਲੇ ਬਾਰੇ ਕੋਈ ਵੀ ਤਕਰਾਰਬਾਜ਼ੀ ਦੀ ਗੱਲ ਨਾ ਕਰੇ।

ਜਥੇਦਾਰ ਨੇ ਹੁਕਮ ਦਿੱਤੇ ਕਿ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਦੇ 25 ਵੱਡੇ ਗੁਰਦੁਆਰਿਆਂ, ਜਿਨ੍ਹਾਂ ਦੀ ਔਸਤਨ ਸਾਲਾਨਾ ਆਮਦਨ 30 ਕਰੋੜ ਰੁਪਏ ਹੈ, ਦੇ ਕੰਮ ਕਾਜ ਨੂੰ ਦੇਖਦੀ ਰਹੇਗੀ।" ਉਨ੍ਹਾਂ ਹਦਾਇਤ ਕੀਤੀ ਕਿ ਅਕਾਲ ਤਖ਼ਤ ਵੱਲੋਂ ਇਸ ਮਸਲੇ ਦੇ ਹੱਲ ਲਈ ਕੀਤੇ ਗਏ ਯਤਨਾਂ ਨੂੰ ਬੂਰ ਪੈਣ ਤੱਕ ਕੋਈ ਵੀ ਧਿਰ ਇਸ ਮਸਲੇ ਬਾਰੇ ਮੀਡੀਆ ਕੋਲ ਕੋਈ



ਬਿਆਨ ਨਾ ਜਾਰੀ ਕਰੇ। ਇਸ ਆਦੇਸ਼ ਨਾਲ ਅਕਾਲ ਤਖ਼ਤ ਦੇ ਮੁਖੀ ਨੇ ਜਗਦੀਸ਼ ਸਿੰਘ ਝੀਂਡਾ ਦੀ ਅਗਵਾਈ ਹੇਠ ਹਰਿਆਣਾ ਗੁਰਦੁਆਰਾ ਕਮੇਟੀ ਦੀ ਬਣੀ ਨਵੀਂ 11 ਮੈਂਬਰੀ ਕਮੇਟੀ ਨੂੰ ਕੰਮ ਕਾਜ ਤੋਂ ਰੋਕ ਦਿੱਤਾ ਹੈ। ਉਨ੍ਹਾਂ ਇਸ ਗੱਲ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ ਹੈ ਕਿ ਦੋਵਾਂ ਧਿਰਾਂ ਨੇ ਅਕਾਲ ਤਖ਼ਤ ਦੇ ਆਦੇਸ਼ ਮੰਨਦੇ ਹੋਏ ਆਪੋ ਆਪਣੀਆਂ ਕਾਨਫਰੰਸਾਂ ਰੱਦ ਕਰ ਦਿੱਤੀਆਂ ਹਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਆਦੇਸ਼ ਜਾਰੀ ਕੀਤੇ ਗਏ ਸਨ ਕਿ ਇਸ ਮਸਲੇ ਨੂੰ ਹੱਲ ਕਰਨ ਲਈ ਛੇਤੀ ਹੀ ਅਕਾਲ ਤਖ਼ਤ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਬਾਕੀ ਧਿਰਾਂ ਤੇ ਹੋਰ ਸਿੱਖ ਨੁਮਾਇੰਦਿਆਂ ਨੂੰ ਸੱਦ ਕੇ ਇਹ ਮਸਲਾ ਮਿਲ ਬੈਠ ਕੇ ਹੱਲ ਕਰਨ ਦਾ ਯਤਨ ਵੀ ਕੀਤਾ ਜਾਏਗਾ। ਇਸ ਨੂੰ ਆਧਾਰ ਮੰਨਦਿਆਂ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਇਸ ਬਾਰੇ ਸੰਘਰਸ਼ ਦੀ ਕੋਈ ਅਗਲੀ ਰਣਨੀਤੀ ਦਾ ਐਲਾਨ ਨਹੀਂ ਕੀਤਾ ਗਿਆ ਸੀ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਦਾ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਦੇ ਸਰਪ੍ਰਸਤ ਜਥੇਦਾਰ ਜੋਗਿੰਦਰ ਸਿੰਘ ਅਹਿਰਵਾਂ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣੇ ਦੇ ਸਿੱਖਾਂ ਨੂੰ ਆਪਸ ਵਿਚ ਏਕਤਾ ਬਣਾਈ ਰੱਖਣੀ ਚਾਹੀਦੀ ਹੈ ਤੇ ਕਾਂਗਰਸ ਪਾਰਟੀ ਦੇ ਪਿੱਛੇ ਲੱਗ ਕੇ ਕਮਜ਼ੋਰ ਨਹੀਂ ਹੋਣਾ ਚਾਹੀਦਾ।

# ਹਾਈਕੋਰਟ ਵੱਲੋਂ ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਮਲੇ ਦੀ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ ਕੇਂਦਰ, ਪੰਜਾਬ, ਹਰਿਆਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਿਮਾਚਲ ਪ੍ਰਦੇਸ਼ ਤੇ ਕੇਂਦਰ ਪ੍ਰਦੇਸ਼ ਚੰਡੀਗੜ੍ਹ ਨੂੰ ਪੰਜ ਸਤੰਬਰ ਤੱਕ ਜੁਆਬ ਦੇਣ ਲਈ ਨੋਟਿਸ ਭੇਜਿਆ ਹੈ। ਇਸ ਨਾਲ ਹੁਣ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਜ਼ਿਆਦਾ ਜ਼ੋਰ ਅਜ਼ਮਾਈ ਅਦਾਲਤ ਵਿਚ ਹੋਣ ਦੀ ਸੰਭਾਵਨਾ ਵਧ ਗਈ ਹੈ।

ਕਾਨੂੰਨੀ ਮਾਹਿਰਾਂ ਮੁਤਾਬਕ ਸਾਰੀਆਂ ਸਬੰਧਤ ਧਿਰਾਂ ਵੱਲੋਂ ਅਦਾਲਤ ਦੇ ਫੈਸਲੇ ਦੀ ਉਡੀਕ ਕਰਨ ਨੂੰ ਤਰਜੀਹ ਦੇਣ ਦੀ ਸੰਭਾਵਨਾ ਹੈ। ਨੋਟਿਸ ਜਾਰੀ ਹੋਣ ਤੋਂ ਬਾਅਦ ਵੀ ਕੇਂਦਰ ਸਰਕਾਰ ਨੂੰ ਦਖਲ ਦੇਣ ਦਾ ਅਧਿਕਾਰ ਹੈ ਕਿਉਂਕਿ ਅਦਾਲਤ ਨੇ ਵੱਖਰੀ ਕਮੇਟੀ ਬਣਾਉਣ ਦੇ ਮਾਮਲੇ ਬਾਰੇ ਸਟੇਅ ਨਹੀਂ ਦਿੱਤਾ ਪਰ ਮਾਮਲਾ ਅਦਾਲਤ ਵਿਚ ਜਾਣ ਕਰਕੇ ਕਿਸੇ ਧਿਰ ਨੂੰ ਇਸ ਮੁੱਦੇ ਉਤੇ ਨਾ ਅੰਦੋਲਨ ਛੇੜਨ ਤੇ ਨਾ ਹੀ ਅਸਤੀਫ਼ਾ ਦੇਣ ਦੀ ਲੋੜ ਰਹਿ ਗਈ ਹੈ। ਜ਼ਿਕਰਯੋਗ ਹੈ ਕਿ ਫਤਹਿਗੜ੍ਹ



ਸਾਹਿਬ ਦੇ ਐਡਵੋਕੇਟ ਨੇ ਆਪਣੇ ਵਕੀਲ ਹਰਚੰਦ ਸਿੰਘ ਬਾਠ ਰਾਹੀਂ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਬਣਾਉਣ ਨੂੰ ਚੁਣੌਤੀ ਦਿੰਦਿਆਂ ਅਦਾਲਤ ਕੋਲੋਂ ਮੰਗ ਕੀਤੀ ਸੀ ਕਿ ਵੱਖਰੀ ਕਮੇਟੀ ਉਤੇ ਰੋਕ ਲਾਉਣ ਲਈ ਸਟੇਅ ਦਿੱਤੀ ਜਾਵੇ ਪਰ ਆਦਲਤ ਨੇ ਸਟੇਅ ਨਹੀਂ ਦਿੱਤੀ ਤੇ ਸੁਣਵਾਈ ਤੋਂ ਬਾਅਦ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਪੰਜ ਸਤੰਬਰ ਨੂੰ ਜੁਆਬ ਦੇਣ ਲਈ ਕਿਹਾ ਹੈ।

## ਮੁੱਖ ਮੰਤਰੀ ਬਾਦਲ ਹੁਣ ਸੰਘਵਾਦ ਬਾਰੇ ਪੱਖ ਸਪਸ਼ਟ ਕਰਨ: ਕੈਪਟਨ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਧਿਰ ਦੇ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੰਘਵਾਦ 'ਤੇ ਆਪਣਾ ਪੱਖ ਸਪਸ਼ਟ ਕਰਨ ਲਈ ਕਿਹਾ ਹੈ। ਕੈਪਟਨ ਨੇ ਕਿਹਾ ਕਿ ਕੇਂਦਰ 'ਤੇ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸੂਬੇ ਵੱਲੋਂ ਪਾਸ ਕੀਤੇ ਗਏ ਹਰਿਆਣਾ ਐਸ.ਜੀ.ਪੀ.ਸੀ. ਐਕਟ ਨੂੰ ਹਟਾਉਣ ਲਈ ਦਬਾਅ ਬਣਾਉਣ ਵਾਲੇ ਸ੍ਰੀ ਬਾਦਲ ਹੁਣ ਤੱਕ ਮਜ਼ਬੂਤ ਰਾਜਾਂ ਵਾਲੀ ਸੰਘ ਪ੍ਰਣਾਲੀ ਦਾ ਸਮਰਥਨ ਕਰਦੇ ਰਹੇ ਹਨ ਤੇ ਹੁਣ ਉਨ੍ਹਾਂ ਸਿਧਾਂਤਾਂ ਨੂੰ ਖੁਦ ਹੀ ਤੋੜਨ ਦਾ ਯਤਨ ਕਰ ਰਹੇ ਹਨ।



ਭਾਰਤੀ ਸੰਵਿਧਾਨ ਦੇ ਸ਼ਡਿਊਲ ਸੱਤ ਦੀ ਕਨਕਰੰਟ ਸੂਚੀ ਦੀ ਲੜੀ 28 ਮੁਤਾਬਕ ਕੋਈ ਵੀ ਸੂਬਾ ਚੈਰੀਟੀਜ਼ ਤੇ ਚੈਰੀਟੇਬਲ ਸੰਸਥਾਵਾਂ, ਚੈਰੀਟੇਬਲ ਤੇ ਧਾਰਮਿਕ ਸਥਾਨਾਂ ਤੇ ਧਾਰਮਿਕ ਸੰਸਥਾਵਾਂ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦਾ ਹੈ। ਇਸ ਲੜੀ ਹੇਠ ਗੁਰਦੁਆਰਿਆਂ ਦੀ ਸੰਭਾਲ ਲਈ ਹਰਿਆਣਾ ਐਸ.ਜੀ.ਪੀ.ਸੀ. ਧਾਰਮਿਕ ਸੰਸਥਾਵਾਂ ਦੀ ਪਰਿਭਾਸ਼ਾ ਹੇਠ ਆਉਂਦੀ ਹੈ।

# ਝੀਂਡਾ ਬਣੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ

**ਕੁਰੂਕਸ਼ੇਤਰ:** ਹਰਿਆਣਾ ਗੁਰਦੁਆਰਾ ਕਮੇਟੀ ਦੇ ਪਹਿਲੇ ਪ੍ਰਧਾਨ ਵਜੋਂ ਜਗਦੀਸ਼ ਸਿੰਘ ਝੀਂਡਾ ਨੂੰ ਚੁਣਿਆ ਗਿਆ ਹੈ ਜਦਕਿ ਦੀਦਾਰ ਸਿੰਘ ਨਲਵੀ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਜੋਗਾ ਸਿੰਘ



ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ। ਇਥੇ ਡੇਰਾ ਕਾਰ ਸੇਵਾ ਵਿਖੇ ਡਿਪਟੀ ਕਮਿਸ਼ਨਰ ਦੇ ਨੁਮਾਇੰਦੇ ਵਜੋਂ ਸਿਟੀ ਮੈਜਿਸਟਰੇਟ ਦੀ ਦੇਖ ਰੇਖ ਹੇਠ ਹੋਈ ਚੋਣ ਮੌਕੇ 41 ਨਾਮਜ਼ਦ ਮੈਂਬਰਾਂ ਵਿਚੋਂ 39 ਹਾਜ਼ਰ ਸਨ। ਸੰਤ ਗੁਰਮੀਤ ਸਿੰਘ ਨੂੰ ਮੀਟਿੰਗ ਦੀ ਕਾਰਵਾਈ ਚਲਾਉਣ ਲਈ ਮੁਖੀ ਚੁਣਿਆ ਗਿਆ।

ਸਭ ਤੋਂ ਪਹਿਲਾਂ ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਨੇ ਪ੍ਰਧਾਨ ਦੇ ਅਹੁਦੇ ਲਈ ਜਗਦੀਸ਼ ਸਿੰਘ ਝੀਂਡਾ ਦਾ ਨਾਂ ਪੇਸ਼ ਕੀਤਾ ਜਿਸ ਦੀ ਤਾਈਦ ਕਮੇਟੀ ਮੈਂਬਰ ਭੁਪਿੰਦਰ ਸਿੰਘ ਅਸੰਧ ਨੇ ਕੀਤੀ। ਸੀਨੀਅਰ ਮੀਤ ਪ੍ਰਧਾਨ ਲਈ ਭੁਪਿੰਦਰ ਸਿੰਘ ਅਸੰਧ ਨੇ ਦੀਦਾਰ ਸਿੰਘ ਨਲਵੀ ਦਾ ਨਾਂ ਪੇਸ਼ ਕੀਤਾ ਜਿਸ ਦੀ ਤਾਈਦ ਅਜੀਤ ਸਿੰਘ ਐਲਨਾਬਾਦ ਨੇ ਕੀਤੀ। ਜਨਰਲ ਸਕੱਤਰ ਲਈ ਜੋਗਾ ਸਿੰਘ ਦਾ ਨਾਂ ਭੁਪਿੰਦਰ ਸਿੰਘ ਅਸੰਧ ਨੇ ਪੇਸ਼ ਕੀਤਾ ਜਿਸ ਦੀ ਤਾਈਦ ਦੀਦਾਰ ਸਿੰਘ ਨਲਵੀ ਨੇ ਕੀਤੀ। ਇਸੇ ਤਰ੍ਹਾਂ ਉਪ ਪ੍ਰਧਾਨ ਦੇ ਅਹੁਦੇ ਲਈ ਅਵਤਾਰ ਸਿੰਘ ਚੱਕੂ ਨੇ ਹਰਪਾਲ ਸਿੰਘ ਪਾਲੀ ਦਾ ਨਾਂ ਪੇਸ਼ ਕੀਤਾ ਜਿਸ ਦੀ ਤਾਈਦ ਜੋਗਾ ਸਿੰਘ ਨੇ ਕੀਤੀ। ਉਪ ਪ੍ਰਧਾਨ ਨੂੰ ਗੈਰ ਹਾਜ਼ਰ ਹੋਣ ਦੇ ਬਾਵਜੂਦ ਚੁਣ ਲਿਆ ਗਿਆ। ਇਸ ਤੋਂ ਬਾਅਦ ਭੁਪਿੰਦਰ ਸਿੰਘ ਅਸੰਧ ਸੰਯੁਕਤ ਸਕੱਤਰ ਚੁਣੇ ਗਏ।

ਇਸ ਤੋਂ ਬਾਅਦ ਕਾਰਜਕਾਰਨੀ ਦੇ ਛੇ ਮੈਂਬਰਾਂ ਅਵਤਾਰ ਸਿੰਘ ਚੱਕੂ, ਸੰਤ ਬਲਜੀਤ ਸਿੰਘ ਦਾਦੂਵਾਲ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਜਗਦੇਵ ਸਿੰਘ ਮੱਟਦਾਦੂ, ਮੋਹਨਜੀਤ ਸਿੰਘ ਪਾਣੀਪਤ ਤੇ ਸਵਰਨ ਸਿੰਘ ਰਤੀਆ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ। ਵੱਖਰੀ ਕਮੇਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਦੇ ਮੈਂਬਰਾਂ ਦੇ ਨਾਵਾਂ ਉਤੇ ਇਕ ਦਿਨ ਪਹਿਲਾਂ ਕੈਥਲ ਵਿਚ ਕੀਤੀ ਗਈ ਮੀਟਿੰਗ ਵਿਚ ਸਹਿਮਤੀ ਬਣ ਗਈ ਸੀ।

## ਸਿੱਖ ਪੰਥ ਹੁਣ ਏਕਤਾ ਦਾ ਸਬੂਤ ਦੇਵੇ: ਸਿੰਘ ਸਾਹਿਬ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਦੇਸ਼ ਦੇ ਹੁਕਮਰਾਨਾਂ 'ਤੇ ਦੋਸ਼ ਲਾਇਆ ਕਿ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਨਾਲ ਸਿੱਖ ਪੰਥ 'ਤੇ ਅਸਿੱਧੇ ਰੂਪ ਵਿਚ ਹਮਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਅੰਗਰੇਜ ਹਕੂਮਤ ਵੱਲੋਂ ਗੁਰਦੁਆਰਾ ਪ੍ਰਬੰਧ ਵਿਚ ਦਖ਼ਲਅੰਦਾਜੀ ਕਰਨ ਤੋਂ ਤੌਬਾ ਕੀਤੀ ਸੀ ਤੇ ਨਹਿਰੂ-ਤਾਰਾ ਸਿੰਘ ਪੈਕਟ ਦੇ ਰੂਪ ਵਿਚ ਮੰਨਿਆ ਗਿਆ ਸੀ ਕਿ ਭਾਰਤ ਸਰਕਾਰ ਭਵਿੱਖ ਵਿਚ ਗੁਰਦੁਆਰਿਆਂ ਵਿਚ ਦਖ਼ਲ ਨਹੀਂ ਦੇਵੇਗੀ। ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਸਕੱਤਰੇਤ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਬਾਕੀ ਸਿੰਘ ਸਾਹਿਬਾਨ ਨਾਲ ਵਿਚਾਰ ਕਰਕੇ ਪੰਥ ਵਿਚ ਪੈ ਰਹੀ ਦੋਫ਼ਾੜ ਨੂੰ ਰੋਕਣ ਲਈ ਹਰ ਸੰਭਵ ਯਤਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਸ਼੍ਰੋਮਣੀ ਕਮੇਟੀ ਨੂੰ ਸ਼ਕਤੀਸ਼ਾਲੀ ਬਣਾਈ ਰੱਖਣ ਲਈ ਏਕਤਾ ਦਾ ਸਬੂਤ ਦੇਵੇ। ਸਿੱਖਾਂ ਦੀ ਸ਼ਕਤੀ ਵੰਡੀ ਨਹੀਂ ਜਾਣੀ ਚਾਹੀਦੀ ਅਤੇ ਇਸ ਕਾਰਜ ਲਈ ਹਰ ਹੀਲਾ ਕਰਨਾ ਚਾਹੀਦਾ ਹੈ।

## ਕਮੇਟੀ ਬਾਰੇ ਵਿਵਾਦ ਪਿੱਛੇ ਸਿਆਸੀ ਖਹਿਬਾਜ਼ੀ: ਗਿਆਨੀ ਕੇਵਲ ਸਿੰਘ

**ਆਨੰਦਪੁਰ ਸਾਹਿਬ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਹੈ ਕਿ ਹਰਿਆਣਾ ਕਮੇਟੀ ਬਾਰੇ ਵਿਵਾਦ ਪਿੱਛੇ ਰਾਜਨੀਤਿਕ ਖਹਿਬਾਜ਼ੀ ਹੈ। ਇਸ ਦਾ ਸਿੱਧੇ ਤੌਰ 'ਤੇ ਨੁਕਸਾਨ ਸਿੱਖਾਂ ਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਵਿਚ ਖਾਨਾਜੰਗੀ ਵਾਲੇ ਹਾਲਾਤ ਪੈਦਾ ਕਰ ਦਿੱਤੇ ਗਏ ਹਨ, ਜਿਸ ਦੇ ਹੱਲ ਲਈ ਤਖ਼ਤਾਂ ਦੇ ਜਥੇਦਾਰਾਂ ਨੂੰ ਅੱਗੇ ਆਉਣਾ ਚਾਹੀਦਾ ਸੀ ਪਰ ਅਫਸੋਸ ਜਥੇਦਾਰਾਂ ਵੱਲੋਂ ਰਾਜਸੀ ਪ੍ਰਭਾਵ ਕਬੂਲ ਕੇ ਇਕਤਰਫ਼ਾ ਫੈਸਲੇ ਕੀਤੇ ਜਾ ਰਹੇ ਹਨ, ਜੋ ਗਹਿਰੀ ਚਿੰਤਾ ਦਾ ਵਿਸ਼ਾ ਹੈ। ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਹਰਿਆਣੇ ਦੇ ਸਿੱਖਾਂ ਨੂੰ ਪੰਥ ਵਿਚੋਂ ਛੇਕਣਾ ਗ਼ਲਤ ਫੈਸਲਾ ਹੈ, ਜੋ ਕਾਹਲੀ ਵਿਚ ਲਿਆ ਗਿਆ ਹੈ।

## ਵੱਖਰੀ ਕਮੇਟੀ ਸਿੱਖ ਸ਼ਕਤੀ ਨੂੰ ਵੰਡਣ ਦਾ ਯਤਨ: ਬਾਦਲ

**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਸਿੱਖ ਵਿਰੋਧੀ ਸ਼ਕਤੀਆਂ ਨੂੰ ਸਿੱਖਾਂ ਦੀ ਇਕੋ ਇਕ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਤੇ ਸਿੱਖ ਸ਼ਕਤੀ ਵੰਡਣ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾਵੇਗੀ।


ਸ. ਬਾਦਲ ਨੇ ਦੁਹਰਾਇਆ ਕਿ ਹਰਿਆਣਾ ਵਿਚ ਵੱਖਰੀ ਕਮੇਟੀ ਕਦੇ ਵੀ ਹਕੀਕੀ ਰੂਪ ਵਿਚ ਅਮਲ ਵਿਚ ਨਹੀਂ ਆਵੇਗੀ ਕਿਉਂਕਿ ਇਸ ਦੇ ਪਿੱਛੇ ਹਰਿਆਣਾ ਦੀ ਕਾਂਗਰਸ ਸਰਕਾਰ ਦੀ ਨੀਅਤ ਤੇ ਨੀਤੀ ਠੀਕ ਨਹੀਂ ਹੈ। ਹੁੱਡਾ ਸਰਕਾਰ ਨੇ ਇਹ ਕਦਮ ਸਿਰਫ ਸਿੱਖ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ ਲਈ ਚੁੱਕਿਆ ਹੈ। ਉਨ੍ਹਾਂ ਦੀ ਭਾਜਪਾ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਾਂਤਾ ਕੁਮਾਰ ਨਾਲ ਗੱਲਬਾਤ ਹੋਈ ਹੈ ਤੇ ਉਹ ਵੀ ਲਗਾਤਾਰ ਕੇਂਦਰ ਸਰਕਾਰ ਦੇ ਸੰਪਰਕ ਵਿਚ ਹਨ। ਸ਼ਾਂਤਾ ਕੁਮਾਰ ਨੇ ਉਨ੍ਹਾਂ ਨੂੰ ਇਸ ਪੰਥਕ ਮੁੱਦੇ ਦਾ ਛੇਤੀ ਢੁੱਕਵਾਂ ਹੱਲ ਕੱਢਣ ਦਾ ਭਰੋਸਾ ਦਿੱਤਾ ਹੈ।

# ਸ਼੍ਰੋਮਣੀ ਕਮੇਟੀ ਨੇ ਕੀਤਾ ਸੀ ਨਹਿਰੂ-ਤਾਰਾ ਸਿੰਘ ਸਮਝੌਤੇ ਦਾ ਵਿਰੋਧ

**ਚੰਡੀਗੜ੍ਹ:** ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਸਮੁੱਚੀ ਲੀਡਰਸ਼ਿਪ ਤੇ ਆਮ ਸਿੱਖ ਬੁੱਧਜੀਵੀ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਨੂੰ ਇਤਿਹਾਸਕ ਮੰਨ ਕੇ ਉਸ ਦੀ ਪ੍ਰਸੰਸਾ ਕਰਦੇ ਨਹੀਂ ਥੱਕਦੇ ਤੇ ਵਾਰ-ਵਾਰ ਕਾਂਗਰਸ ਉਪਰ ਇਹ ਦੋਸ਼ ਲਗਾਉਂਦੇ ਹਨ ਕਿ ਕਾਂਗਰਸ ਲੀਡਰਸ਼ਿਪ ਤੇ ਸਰਕਾਰਾਂ ਉਕਤ ਸਮਝੌਤੇ ਦੀ ਉਲੰਘਣਾ ਕਰ ਰਹੀਆਂ ਹਨ। ਪਿਛਲੇ ਦਿਨੀਂ ਹਰਿਆਣਾ ਵੱਖਰੀ ਕਮੇਟੀ ਦੇ ਮੁੱਦੇ ਉਪਰ ਚੱਲੇ ਵਿਵਾਦ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜਾਰੀ ਅਪੀਲ 'ਤੇ ਸ਼੍ਰੋਮਣੀ ਕਮੇਟੀ ਦੇ ਇਸ਼ਤਿਹਾਰਾਂ ਵਿਚ ਵੀ ਉਕਤ ਸਮਝੌਤੇ ਦਾ ਜ਼ਿਕਰ ਕੀਤਾ ਗਿਆ ਹੈ, ਪਰ ਇਤਿਹਾਸਕ ਤੱਥ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਨੇ ਇਸ ਸਮਝੌਤੇ ਨੂੰ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸੁਤੰਤਰਤਾ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਸੀ ਤੇ ਸਮਝੌਤੇ ਦੀ ਸਖ਼ਤ ਨਿਖੇਧੀ ਕੀਤੀ ਸੀ।

22 ਅਪ੍ਰੈਲ 1959 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮੀਟਿੰਗ ਪ੍ਰੇਮ ਸਿੰਘ ਲਾਲਪੁਰਾ ਦੀ ਪ੍ਰਧਾਨਗੀ ਹੇਠ ਹੋਈ ਸੀ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਅੱਛਰ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ ਸੀ। ਜਨਰਲ ਹਾਊਸ ਦੇ 154 ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕੀਤੇ





ਮਤੇ ਵਿਚ ਕਿਹਾ ਹੈ ਕਿ ਜਨਰਲ ਸਮਾਗਮ ਮਾਸਟਰ ਤਾਰਾ ਸਿੰਘ-ਨਹਿਰੂ ਸਮਝੌਤੇ ਨੂੰ ਗੁਰਦੁਆਰਿਆਂ ਵਿਚ ਸਿੱਧਾ ਦਖ਼ਲ ਤਸੱਵਰ ਕਰਦਾ ਹੈ। ਭਾਈ ਸਮਸ਼ੇਰ ਸਿੰਘ ਅਸ਼ੋਕ ਵੱਲੋਂ 1982 ਵਿਚ ਪ੍ਰਕਾਸ਼ਿਤ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 50 ਸਾਲਾ ਇਤਿਹਾਸ' ਵਿਚ ਉਕਤ ਮਤਾ ਅੰਕਿਤ ਹੈ ਤੇ ਅੱਜ ਤੱਕ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਜਨਰਲ ਇਜਲਾਸ ਨੇ ਇਸ ਮਤੇ ਵਿਚ ਸੋਧ ਜਾਂ ਤਬਦੀਲੀ ਨਹੀਂ ਕੀਤੀ। ਉਕਤ ਮਤੇ ਵਿਚ ਕੀਤੇ ਵਰਨਣ ਤੇ ਹੋਰ ਥਾਵਾਂ ਤੋਂ ਹਾਸਲ ਜਾਣਕਾਰੀ ਅਨੁਸਾਰ ਮਾਸਟਰ ਤਾਰਾ ਸਿੰਘ ਨੇ ਗੁਰਦੁਆਰਿਆਂ ਦੇ ਮਾਮਲੇ ਨੂੰ ਲੈ ਕੇ ਦਿੱਲੀ ਵਿਚ ਧਰਨਾ ਦਿੱਤਾ ਸੀ ਤੇ ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਪਹਿਲਕਦਮੀ ਉਪਰ ਮਾਸਟਰ ਤਾਰਾ ਸਿੰਘ ਤੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਹੋਈ ਸੀ।

ਇਸ ਅਣਲਿਖਤ ਗੱਲਬਾਤ ਵਿਚ ਇਹ ਸਮਝੌਤਾ ਹੋਇਆ ਕਿ ਗੁਰਦੁਆਰਿਆਂ ਬਾਰੇ ਖੜ੍ਹੇ ਹੋਣ ਵਾਲੇ ਕਿਸੇ ਵੀ ਮਸਲੇ ਦਾ ਹੱਲ ਕਰਨ ਲਈ ਚਾਰ ਮੈਂਬਰੀ ਕਮੇਟੀ ਬਣਾਈ ਜਾਵੇ ਜਿਸ ਵਿਚ ਦੋ ਮੈਂਬਰ ਸਿੱਖ ਪ੍ਰਤੀਨਿਧ ਤੇ ਦੋ ਮੈਂਬਰ ਸਰਕਾਰੀ ਹੋਣਗੇ। ਪੰਜਾਬ ਦਾ ਰਾਜਪਾਲ ਸਾਲਸੀ ਦਾ ਰੋਲ ਅਦਾ ਕਰੇਗਾ। ਦੱਸਿਆ ਜਾਂਦਾ ਹੈ ਕਿ ਮਾਸਟਰ ਤਾਰਾ ਸਿੰਘ ਨੇ ਆਪਣੇ ਵੱਲੋਂ ਜੈ ਪ੍ਰਕਾਸ਼ ਨਰਾਇਣ ਤੇ ਮਲਿਕ ਮੁਖਬੈਨ ਸਿੰਘ ਦਾ ਨਾਂ ਸਿੱਖ ਨੁਮਾਇੰਦਿਆਂ ਵਜੋਂ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਸਮਝੌਤੇ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਅਕਾਲੀ ਦਾ ਮੋਰਚਾ ਲੱਗ ਗਿਆ ਤੇ ਮੁੜ ਇਸ ਸਮਝੌਤੇ ਬਾਰੇ ਕਿਸੇ ਨੇ ਬਹੁਤੀ ਗੱਲ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਪਾਸ ਮਤੇ ਵਿਚ ਸਿਰਫ਼ ਸਮਝੌਤੇ ਨੂੰ ਹੀ ਰੱਦ ਨਹੀਂ ਕੀਤਾ ਸਗੋਂ ਮਾਸਟਰ ਤਾਰਾ ਸਿੰਘ ਦੀ ਵੀ ਅਜਿਹਾ ਸਮਝੌਤਾ ਕਰਨ ਲਈ ਕਰੜੀ ਆਲੋਚਨਾ ਕੀਤੀ ਹੈ। ਮਤੇ ਅਨੁਸਾਰ ਮਾਸਟਰ ਜੀ ਨੇ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਤੋਂ ਬਗ਼ੈਰ ਹੀ ਪ੍ਰਤਾਪ ਸਿੰਘ ਕੈਰੋਂ ਦੀ ਮੌਜੂਦਗੀ ਵਿਚ ਆਪਣੇ ਵੱਲੋਂ ਇਸ ਗੱਲ ਦੀ ਹਾਮੀ ਭਰ ਕੇ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਸਰਕਾਰੀ ਦਖ਼ਲ ਹੋਣਾ ਚਾਹੀਏ, ਸਮਝੌਤੇ ਕਰ ਆਏ ਸਨ। ਕਿਸੇ ਵਿਅਕਤੀ ਜਾਂ ਸਭਾ ਸੁਸਾਇਟੀ ਨੂੰ ਸ਼੍ਰੋਮਣੀ ਕਮੇਟੀ ਬਾਰੇ ਅਜਿਹਾ ਕਰਨ ਦਾ ਕੋਈ ਅਧਿਕਾਰ ਨਹੀਂ, ਇਸ ਲਈ ਇਹ ਸਮਾਗਮ ਇਸ ਸਮਝੌਤੇ ਦੀ ਸਖ਼ਤ ਨਿੰਦਾ ਕਰਦਾ ਹੈ।

# ਪੰਜਾਬ ਦੇ ਜਨਤਕ ਅਦਾਰਿਆਂ ਦਾ ਹੁਣ ਰੱਬ ਹੀ ਰਾਖਾ

**ਚੰਡੀਗੜ੍ਹ:** ਪੰਜਾਬ ਦੇ ਜਨਤਕ ਅਦਾਰਿਆਂ ਵਿਚ ਮਾਲੀ ਜਵਾਬਦੇਹੀ ਦੀ ਭਾਰੀ ਘਾਟ ਕਾਰਨ ਇਹ ਅਦਾਰੇ ਕਰੋੜਾਂ ਰੁਪਏ ਦਾ ਘਾਟਾ ਝੱਲਦੇ ਹਨ। ਬਿਜਲੀ ਨਿਗਮ, ਪੰਜਾਬ ਰਾਜ ਗੋਦਾਮ ਨਿਗਮ, ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਤੇ ਪੰਜਾਬ ਐਗਰੋ ਫੂਡਗਰੇਨ ਨਿਗਮ ਅਜਿਹੇ ਅਦਾਰੇ ਹਨ ਜਿਨ੍ਹਾਂ ਨੂੰ ਅਧਿਕਾਰੀਆਂ ਨੇ ਕਰੋੜਾਂ ਰੁਪਏ ਦਾ ਨੁਕਸਾਨ ਪਹੁੰਚਾਇਆ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ), ਜੋ ਕਿ ਅਕਸਰ ਵਿਵਾਦਾਂ ਵਿਚ ਰਹਿੰਦੀ ਹੈ, ਨੇ ਸਾਲ 2008 ਤੋਂ 2013 ਦੌਰਾਨ ਘਾਟੇ ਝੱਲਣ ਦੇ ਵੱਡੇ ਕੀਰਤੀਮਾਨ ਸਥਾਪਤ ਕੀਤੇ ਹਨ।

ਭਾਰਤ ਦੇ ਲੇਖਾ ਨਿਰੀਖਕ ਦੇ ਮਹਾਂ ਪ੍ਰੀਖਿਅਕ (ਕੈਗ) ਦੀਆਂ ਰਿਪੋਰਟਾਂ ਮੁਤਾਬਕ ਘਟੀਆ ਲਿੰਕੇਜ ਕਾਰਨ ਪਾਵਰਕੌਮ ਨੂੰ ਦੂਸਰੇ ਸਰੋਤਾਂ ਤੋਂ ਏ.ਸੀ. ਕਿਊ. ਤੋਂ ਜ਼ਿਆਦਾ ਕੋਇਲੇ ਦੀ ਸਪਲਾਈ ਲੈਣ ਕਾਰਨ 9.14 ਕਰੋੜ ਰੁਪਏ ਦੇ ਕਾਰਜਕੁਸ਼ਲਤਾ ਇੰਸੈਂਟਿਵ ਦੇ ਅਦਾਇਗੀ ਕਰਨੀ ਪਈ। ਇਸ ਦੇ ਉਲਟ ਨਿਗਮ ਨੇ ਕੋਇਲੇ ਦੀ ਘੱਟ ਪੂਰਤੀ ਲਈ 115.44 ਕਰੋੜ ਰੁਪਏ ਦਾ ਜੋ ਮੁਆਵਜ਼ਾ ਵਸੂਲਣਾ ਸੀ, ਉਸ ਬਾਰੇ ਪੂਰੀ ਤਰ੍ਹਾਂ ਚੁੱਪ ਧਾਰ ਲਈ। 'ਕੈਗ' ਮੁਤਾਬਕ ਤਿੰਨ ਥਰਮਲ ਪਲਾਂਟ- ਰੋਪੜ, ਬਠਿੰਡਾ ਤੇ ਲਹਿਰਾ ਮੁਹੱਬਤ ਦੇ ਤਾਣੇ-ਬਾਣੇ ਵਿਚ ਕਮੀਆਂ ਹੋਣ ਕਾਰਨ ਸਾਲ 2008 ਤੋਂ 2013 ਦੌਰਾਨ 56.75 ਕਰੋੜ ਰੁਪਏ ਦਾ ਡੈਮਰੇਜ ਤਾਰਨਾ ਪਿਆ ਜਦੋਂ ਕਿ 68.98 ਕਰੋੜ ਰੁਪਏ ਵਸੂਲਣ ਲਈ ਕਾਰਪੋਰੇਸ਼ਨ ਨੇ ਕੋਈ ਪ੍ਰਭਾਵਕਾਰੀ ਕਾਰਵਾਈ ਨਹੀਂ ਕੀਤੀ। ਰਿਪੋਰਟ ਮੁਤਾਬਕ ਕੋਇਲਾ ਸਪਲਾਈ ਦੇ ਇਕਰਾਰਨਾਮਿਆਂ ਵਿਚ ਗੁਣਵੱਤਾ ਭਰੋਸੇ ਬਾਰੇ ਕਮੀਆਂ ਸਨ। ਉਤਾਰਨ ਵਾਲੇ ਪਾਸੇ ਕੋਇਲੇ ਦਾ ਗਰੇਡ ਦੇ ਘਟਣ ਤੇ ਮਿਆਰ ਵੱਲ ਧਿਆਨ ਦੇਣ ਲਈ ਕੋਈ ਵਿਵਸਥਾ ਨਹੀਂ ਕੀਤੀ ਗਈ।

ਕੋਇਲੇ ਦੀ ਅਸਲ ਖਪਤ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਤੈਅਸ਼ੁਦਾ ਮਾਪਦੰਡਾਂ ਨਾਲੋਂ ਜ਼ਿਆਦਾ ਸੀ। ਵਾਧੂ ਖਪਤ ਦੀ ਕੁੱਲ ਲਾਗਤ 426.60 ਕਰੋੜ ਰੁਪਏ ਸੀ। ਕੈਗ ਨੇ ਕਾਰਪੋਰੇਸ਼ਨ ਦੀ ਕਾਰਜਪ੍ਰਣਾਲੀ ਵਿਚ ਨੁਕਸ ਕੱਢਦਿਆਂ ਕਿਹਾ ਹੈ ਕਿ ਆਜ਼ਾਦ ਫੀਡਰਾਂ 'ਤੇ ਲਾਈਨ ਨੁਕਸਾਨ ਰੋਕਣ ਲਈ ਮੰਡਲ ਅਧਿਕਾਰੀਆਂ ਉਤੇ ਜ਼ੋਰ ਪਾਉਣ ਵਿਚ ਅਸਫਲ ਰਹਿਣ ਦੇ ਸਿੱਟੇ ਵਜੋਂ 6.18 ਕਰੋੜ ਰੁਪਏ ਦੀ ਆਮਦਨ ਦਾ ਨੁਕਸਾਨ ਹੋਇਆ ਹੈ। ਉਚਿਤ ਯੋਜਨਾਬੰਦੀ ਤੇ ਤਾਲਮੇਲ ਦੇ ਬਿਨਾਂ ਆਰ.ਈ.ਸੀ. ਤੋਂ ਕਰਜ਼ੇ 'ਤੇ ਲਏ ਫੰਡਾਂ ਨਾਲ ਰੇਲਵੇ ਲਾਈਨਾਂ ਦੀ ਖਰੀਦ ਦੇ ਕਾਰਨ 7.13 ਕਰੋੜ ਦੇ ਫੰਡ ਜਾਮ ਹੋਣ ਕਰਕੇ 1.30 ਕਰੋੜ ਰੁਪਏ ਦੇ ਵਿਆਜ ਦਾ ਨੁਕਸਾਨ ਹੋਇਆ। ਪੰਜਾਬ ਰਾਜ ਗੋਦਾਮ ਨਿਗਮ, ਪਨਸਪ ਤੇ ਪੰਜਾਬ ਐਗਰੋ ਫੂਡਗਰੇਨਜ਼ ਨਿਗਮ ਬਾਰੇ ਤੱਥ ਪੇਸ਼ ਕਰਦਿਆਂ 'ਕੈਗ' ਨੇ ਕਿਹਾ ਹੈ ਕਿ ਇਨ੍ਹਾਂ ਅਦਾਰਿਆਂ ਨੇ ਕਸਟਮ ਮਿਲਿੰਗ ਨੀਤੀ ਦੀ ਉਲੰਘਣਾ ਕਰਦਿਆਂ ਮਿੱਲਰ ਨੂੰ ਝੋਨਾ ਅਲਾਟ ਕਰਨ ਤੇ ਉਥੋਂ ਹੀ ਇਸ ਭੰਡਾਰ ਕਰਨ ਕਰਕੇ 59.10 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਕਰਵਾਇਆ ਹੈ। ਪੰਜਾਬ ਐਗਰੋ ਫੂਡਗਰੇਨਜ਼ ਨੇ ਕਣਕ ਦੇ ਸਟਾਕ ਦੀ ਗੁਣਵੱਤਾ ਬਣਾਏ ਰੱਖਣ ਤੇ ਐਫ.ਸੀ.ਆਈ. ਨੂੰ ਕਣਕ ਦੀ ਡਿਲਿਵਰੀ ਦੇਣ ਵਿਚ ਅਸਫਲ ਰਹਿਣ ਕਾਰਨ 10.59 ਕਰੋੜ ਦਾ ਘਾਟਾ ਝੱਲਿਆ।

ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ (ਪੀ.ਐਸ.ਆਈ.ਡੀ.ਸੀ.) ਵੱਲੋਂ ਖਰਚਿਆਂ ਤੇ ਵਿਆਜ ਦੀ ਨਾ ਵਸੂਲੀ ਤੇ ਲਾਭ ਕਮਾਉਣ ਵਾਲੇ ਯੂਨਿਟਾਂ ਨੂੰ ਓਟੀਐਸ ਪ੍ਰਦਾਨ ਕਰਨ ਤੇ ਓਟੀਐਸ ਦੀ ਅੰਤਿਮ ਮਿਤੀ ਤੋਂ ਬਾਅਦ ਅਰਜ਼ੀਆਂ ਮਨਜ਼ੂਰ ਕਰਨ ਕਾਰਨ 147.80 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ। ਪੰਜਾਬ ਰਾਜ ਗੋਦਾਮ ਨਿਗਮ, ਪੰਜਾਬ ਐਗਰੋ ਫੂਡਗਰੇਨਜ਼ ਨਿਗਮ, ਪੰਜਾਬ ਰਾਜ ਗਰੇਨਜ਼ ਪ੍ਰੋਕਿਉਰਮੈਂਟ ਨਿਗਮ ਤੇ ਪਨਸਪ ਦੇ 159.20 ਕਰੋੜ ਦੇ ਇਤਫਾਕੀਆ ਖਰਚਿਆਂ ਦੀ ਵਸੂਲੀ ਵਿਚ ਦੇਰੀ ਤੇ 18.73 ਕਰੋੜ ਦੇ ਬੋਨਸ ਤੇ ਇੰਸੀਡੈਂਟਲ ਖਰਚਿਆਂ ਦੀ ਵਸੂਲੀ ਨਾ ਹੋਣ ਦੇ ਸਿੱਟੇ ਵਜੋਂ 6.30 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ ਹੈ।



## ਸਰਕਾਰ ਵੱਲੋਂ ਪਨਸਪ ਨੂੰ 1593 ਕਰੋੜ ਦਾ ਰਗੜਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਆਟਾ-ਦਾਲ ਸਕੀਮ ਅਧੀਨ ਸਬਸਿਡੀ ਵਾਲੇ ਅਨਾਜ ਤੇ ਦਾਲਾਂ ਨਾਲ ਸਬੰਧਤ 1,593.40 ਕਰੋੜ ਰੁਪਏ ਦੇ ਬਿੱਲਾਂ ਦਾ ਸੂਬੇ ਦੀ ਕੰਪਨੀ ਪਨਸਪ ਨੂੰ ਹਾਲੇ ਤੱਕ ਭੁਗਤਾਨ ਨਹੀਂ ਕੀਤਾ। ਸੂਬੇ ਦੀ ਵਿੱਤ ਵਿਵਸਥਾ ਨਾਲ ਸਬੰਧਤ ਆਪਣੀ ਰਿਪੋਰਟ ਵਿਚ ਭਾਰਤ ਦੇ ਲੇਖਾ ਅਫਸਰ ਤੇ ਆਡੀਟਰ ਜਨਰਲ (ਕੈਗ) ਨੇ ਇਹ ਪਤਾ ਲਾਇਆ ਹੈ ਕਿ ਸੂਬੇ ਦੀ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਵੱਲੋਂ ਜਮ੍ਹਾਂ ਕਰਵਾਏ ਬਿੱਲਾਂ ਦਾ ਸੂਬਾ ਸਰਕਾਰ ਵੱਲੋਂ ਭੁਗਤਾਨ ਨਹੀਂ ਕੀਤਾ ਗਿਆ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਨਸਪ ਨੇ ਸੂਬਾ ਸਰਕਾਰ ਤੋਂ ਅਗਸਤ 2007 ਤੋਂ ਲੈ ਕੇ 31 ਮਾਰਚ 2013 ਤੱਕ ਆਟਾ-ਦਾਲ ਸਕੀਮ ਲਈ 1,593.40 ਕਰੋੜ ਰੁਪਏ ਪ੍ਰਾਪਤ ਕਰਨੇ ਸਨ। ਇਹ ਰਕਮ ਸਕੀਮ ਅਧੀਨ ਅਨਾਜ ਜਾਂ ਦਾਲਾਂ ਦੇ ਖਰੀਦ ਮੁੱਲ ਤੇ ਲਾਭਪਾਤਰੀਆਂ ਨੂੰ ਵੇਚ ਮੁੱਲ ਵਿਚਕਾਰਲਾ ਅੰਤਰ ਹੈ। ਵਰਣਨਯੋਗ ਹੈ ਕਿ ਸੂਬੇ ਵਿਚ ਅਕਾਲੀ-ਭਾਜਪਾ ਸਰਕਾਰ ਵੱਲੋਂ ਸਾਲ 2007 ਦੌਰਾਨ ਆਟਾ-ਦਾਲ ਸਕੀਮ ਸ਼ੁਰੂ ਕੀਤੀ ਗਈ ਸੀ ਜਿਸ ਅਧੀਨ ਗਰੀਬ ਪਰਿਵਾਰਾਂ ਨੂੰ ਹਰ ਮਹੀਨੇ ਸਬਸਿਡੀ ਮੁੱਲ 'ਤੇ ਕਣਕ ਤੇ ਦਾਲਾਂ ਮੁਹੱਈਆ ਕਰਵਾਈਆਂ ਜਾਣੀਆਂ ਸਨ। ਇਸ ਸਕੀਮ ਲਈ ਕਣਕ ਤੇ ਦਾਲਾਂ ਦੀ ਵੰਡ ਦਾ ਕੰਮ ਪਨਸਪ ਨੂੰ ਸੌਂਪਿਆ ਗਿਆ ਸੀ।

## ਕਰਜ਼ੇ ਵਿਚ ਡੁੱਬਿਆ ਸਨਅਤੀ ਵਿਕਾਸ ਕਾਰਪੋਰੇਸ਼ਨ

**ਚੰਡੀਗੜ੍ਹ:** ਪੰਜਾਬ ਦੀ ਪ੍ਰਮੁੱਖ ਜਨਤਕ ਇਕਾਈ ਪੰਜਾਬ ਰਾਜ ਸਨਅਤੀ ਵਿਕਾਸ ਕਾਰਪੋਰੇਸ਼ਨ (ਪੀ.ਐਸ.ਆਈ.ਡੀ.ਸੀ.) ਨੇ ਹਾਲ ਹੀ ਵਿਚ ਸਰਕਾਰ ਨੂੰ ਭੇਜੇ ਇਕ ਨੋਟ ਵਿਚ ਆਪਣੀ ਕਿਰਦੀ ਜਾ ਰਹੀ ਵਿੱਤੀ ਸਥਿਤੀ ਦਾ ਖੁਲਾਸਾ ਕਰਦਿਆਂ ਕਿਹਾ ਹੈ ਕਿ ਇਸ ਨੂੰ ਜ਼ਮੀਨ ਤੇ ਇਮਾਰਤ ਗਹਿਣੇ ਰੱਖਣੀ ਪਏਗੀ। ਉਦਯੋਗ ਭਵਨ ਗਹਿਣੇ ਰੱਖਣ ਨਾਲ 200 ਕਰੋੜ ਰੁਪਏ ਦੀ ਰਾਸ਼ੀ ਇਕੱਠੀ ਹੋਏਗੀ। ਭਾਵੇਂ ਪੰਜਾਬ ਸਰਕਾਰ ਸੂਬੇ ਵਿਚਲੀਆਂ ਆਪਣੀਆਂ ਵੱਖ-ਵੱਖ ਜਾਇਦਾਦਾਂ ਵੇਚ ਜਾਂ ਗਹਿਣੇ ਪਾ ਰਹੀ ਹੈ, ਪਰ ਇਸ ਦਾ ਆਪਣੀ ਅਹਿਮ ਸੰਪਤੀ ਪੀ.ਐਸ.ਆਈ.ਡੀ.ਸੀ ਦੇ ਦਫਤਰ ਦੀ ਇਮਾਰਤ ਨੂੰ ਗਹਿਣੇ ਰੱਖਣ ਦੇ ਰਾਹ ਤੁਰ ਪੈਣਾ ਕਾਰਪੋਰੇਸ਼ਨ ਵਿਚ ਵੀ ਸਦਮੇ ਵਾਂਗ ਲਿਆ ਜਾ ਰਿਹਾ ਹੈ।

ਅਧਿਕਾਰੀਆਂ ਨੇ ਆਪਣੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਕਾਰਪੋਰੇਸ਼ਨ ਦੇ ਮੰਦੇ ਹਾਲੀਂ ਹੋਣ ਦੇ ਬਾਵਜੂਦ ਸਾਲਾਂ ਤੋਂ ਵੱਖ-ਵੱਖ ਚੋਣਵੇਂ ਤੇ ਪ੍ਰਭਾਵਸ਼ਾਲੀ ਸਨਅਤਕਾਰਾਂ ਨੂੰ ਦਿੱਤੀ ਕੋਈ 2091 ਕਰੋੜ ਰੁਪਏ ਦੀ ਹਿੱਸਾਪੱਤੀ ਦੀ ਉਗਰਾਹੀ ਨਹੀਂ ਕੀਤੀ ਜਾ ਰਹੀ। ਪੰਜਾਬ ਦੇ ਸਨਅਤਾਂ ਮੰਤਰੀ ਮਦਨ ਮੋਹਨ ਮਿੱਤਲ ਨੇ ਮੰਨਿਆ ਕਿ ਕਾਰਪੋਰੇਸ਼ਨ ਦਾ ਵਰਤਮਾਨ ਵਿੱਤੀ ਸੰਕਟ ਹਿੱਸੇਪੱਤੀਆਂ ਤੇ ਕਰਜ਼ਿਆਂ ਦੀ ਵਸੂਲੀ ਨਾ ਹੋਣ ਕਰਕੇ ਹੈ। ਹਿੱਸਾਪੱਤੀ ਦੇ ਡਿਫਾਲਟਰਾਂ ਵਿਚ ਅਭਿਸ਼ੇਕ ਇੰਡਸਟਰੀਜ਼ ਵੀ ਸ਼ਾਮਲ ਹੈ, ਜਿਸ ਦਾ ਪ੍ਰਮੋਟਰ ਰਾਜਿੰਦਰ ਗੁਪਤਾ ਪੰਜਾਬ ਰਾਜ ਯੋਜਨਾ ਬੋਰਡ ਦਾ ਵਾਈਸ ਚੇਅਰਮੈਨ ਹੈ ਤੇ ਕੈਬਨਿਟ ਮੰਤਰੀ ਦਾ ਰੁਤਬਾ ਮਾਣ ਰਿਹਾ ਹੈ। ਉਸ ਦਾ ਪੁੱਤਰ ਅਭਿਸ਼ੇਕ ਗੁਪਤਾ, ਕੰਪਨੀ ਦੇ ਤਿੰਨ ਡਾਇਰੈਕਟਰਾਂ ਵਿਚੋਂ ਇਕ ਹੈ ਤੇ ਇਹ ਕੰਪਨੀ 109 ਕਰੋੜ ਰੁਪਏ ਦੀ ਡਿਫਾਲਟਰ ਹੈ।

ਦਸਤਾਵੇਜ਼ਾਂ ਤੋਂ ਇਹ ਵੀ ਸਾਹਮਣੇ ਆਉਂਦਾ ਹੈ ਕਿ ਕਾਰਪੋਰੇਸ਼ਨ ਨੇ ਉਗਰਾਹੀ ਲਈ ਇਕੋ ਵਾਰ ਸੈਟਲਮੈਂਟ (ਓ.ਟੀ.ਸੀ.) ਨੀਤੀ ਅਪਨਾਉਣ ਦਾ ਯਤਨ ਕੀਤਾ ਸੀ, ਪਰ ਸਨਅਤਕਾਰਾਂ ਦੀ ਸਰਕਾਰ ਨਾਲ ਸਾਂਝ ਨੇ ਇਹ ਸਿਰੇ ਨਹੀਂ ਚੜ੍ਹਨ ਦਿੱਤੀ। ਸਰਕਾਰੀ ਫਾਈਲਾਂ ਦੀਆਂ ਨੋਟਿੰਗਜ਼ ਸਪਸ਼ਟ ਕਰਦੀਆਂ ਹਨ ਕਿ ਕਾਰਪੋਰੇਸ਼ਨ ਨੂੰ ਬਾਂਡਾਂ ਦੀਆਂ ਰਕਮਾਂ ਮੋੜਨ, ਇਨ੍ਹਾਂ ਦਾ ਵਿਆਜ ਦੇਣ ਤੇ ਹੋਰ ਤਾਂ ਹੋਰ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਹੋਰ ਖਰਚੇ ਦੇਣੇ ਔਖੇ ਹੋਏ ਪਏ ਹਨ। ਵੱਖ-ਵੱਖ ਬਾਂਡ ਧਾਰਕ ਗਵਰਨਰ ਤੇ ਮੁੱਖ ਮੰਤਰੀ ਤੋਂ ਲੈ ਕੇ ਸੇਬੀ ਤੇ ਭਾਰਤੀ ਰਿਜ਼ਰਵ ਬੈਂਕ ਨੂੰ ਵੀ ਸ਼ਿਕਾਇਤਾਂ ਕਰ ਚੁੱਕੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਪੀ.ਐਸ.ਆਈ.ਡੀ.ਸੀ. ਅਧਿਕਾਰੀ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਮਿਲ ਕੇ ਦਖ਼ਲਅੰਦਾਜ਼ੀ ਕੀਤੇ ਜਾਣ ਲਈ ਕਹਿ ਚੁੱਕੇ ਹਨ। ਸਾਰੇ ਹੀਲੇ ਨਾਕਾਮ ਰਹਿਣ ਮਗਰੋਂ ਹੀ ਇਸ ਨੂੰ ਗਹਿਣੇ ਧਰਨ ਦਾ ਰਾਹ ਅਪਨਾਇਆ ਜਾ ਰਿਹਾ ਹੈ।

# ਸਿੱਖ ਖਿਡਾਰੀਆਂ ਨਾਲ ਵਧੀਕੀ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਪੰਜਵੇਂ ਬਾਸਕਟਬਾਲ ਏਸ਼ੀਆ ਕੱਪ ਵਿਚ ਭਾਰਤ ਦੇ ਦੋ ਸਿੱਖ ਖਿਡਾਰੀਆਂ ਨੂੰ ਪਟਕਾ ਬੰਨ੍ਹ ਕੇ ਮੈਚ ਖੇਡਣ ਤੋਂ ਰੋਕਣ ਦਾ ਮਾਮਲਾ ਸੰਸਦ ਵਿਚ ਵੀ ਗੂੰਜਿਆ। ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸਿੱਖੀ ਦੀ ਸ਼ਾਨ ਸਮਝੀ ਜਾਂਦੀ ਪੱਗ, ਸਿੱਖਾਂ ਲਈ ਕੋਈ ਸਜਾਵਟੀ ਵਸਤੂ ਨਹੀਂ ਸਗੋਂ ਇਕ ਧਾਰਮਿਕ ਚਿੰਨ ਹੈ। ਉਨ੍ਹਾਂ ਨੇ ਇਸ ਮੁੱਦੇ 'ਤੇ ਸਰਕਾਰ ਨੂੰ ਤੁਰੰਤ ਨੋਟਿਸ ਲੈਣ ਨੂੰ ਕਿਹਾ। ਉਨ੍ਹਾਂ ਕਿਹਾ ਕਿ ਅਜਿਹੇ ਅਪਮਾਨ ਦੇ ਬਾਵਜੂਦ ਖਿਡਾਰੀਆਂ ਨੇ ਖੇਡ ਭਾਵਨਾ ਨੂੰ ਅੱਗੇ ਰੱਖਦਿਆਂ, ਆਪਣੇ ਦੇਸ਼ ਦੇ ਗੌਰਵ ਲਈ ਸਾਰੇ ਮੈਚ ਖੇਡੇ। ਭਾਜਪਾ ਨੇਤਾ ਜਗਦੰਬਿਕਾ ਪਾਲ ਨੇ ਵੀ ਅਕਾਲੀ ਦਲ ਸੰਸਦ ਮੈਂਬਰ ਦੀ ਹਮਾਇਤ ਕਰਦਿਆਂ ਸਰਕਾਰ ਨੂੰ ਫੌਰੀ ਕਦਮ ਚੁੱਕਣ ਨੂੰ ਕਿਹਾ। ਵਰਨਣਯੋਗ ਹੈ ਹਾਲ ਵਿਚ ਚੀਨ ਵਿਚ ਖਤਮ ਹੋਏ ਫੀਬਾ ਏਸ਼ੀਆ ਕੱਪ ਦੌਰਾਨ ਦੋ ਸਿੱਖ ਖਿਡਾਰੀਆਂ ਅੰਮ੍ਰਿਤਪਾਲ ਸਿੰਘ ਤੇ ਅਮੀਜੋਤ ਸਿੰਘ ਨੂੰ ਖੇਡ ਦੇ ਮੈਦਾਨ ਵਿਚ ਦਾਖਲ ਹੋਣ ਤੋਂ ਪਹਿਲਾਂ ਆਪਣਾ ਪਟਕਾ ਲਾਹੁਣ ਲਈ ਕਿਹਾ ਸੀ। ਹਾਲੇ ਤੱਕ ਸਿਰਫ ਬਾਕਸਿੰਗ ਵਿਚ ਅਜਿਹੀ ਪਾਬੰਦੀ ਲਾਈ ਜਾਂਦੀ ਸੀ ਤੇ ਬਾਸਕਟਬਾਲ ਵਿਚ ਅਜਿਹੀ ਕਦੇ ਵੀ ਪਾਬੰਦੀ ਨਹੀਂ ਲਾਈ ਗਈ। ਇਸ ਮਾਮਲੇ 'ਤੇ ਦੁੱਖ ਪ੍ਰਗਟਾਉਂਦਿਆਂ ਖੇਡ ਮੰਤਰਾਲੇ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਇਸ ਮੁੱਦੇ 'ਤੇ ਬੀ.ਐਫ.ਆਈ. ਤੋਂ ਰਿਪੋਰਟ ਮੰਗੀ ਹੈ। ਖੇਡ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨੇ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਨੂੰ ਵੀ ਖੇਡ ਫੈਡਰੇਸ਼ਨ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਨੂੰ ਕਿਹਾ ਤਾਂ ਜੋ ਅਜਿਹੀ ਘਟਨਾ ਦੁਬਾਰਾ ਨਾ ਵਾਪਰੇ। ਕਈ ਕੌਮੀ ਤੇ ਕੌਮਾਂਤਰੀ ਮੁਕਾਬਲੇ ਜਿੱਤ ਚੁੱਕੇ ਅੰਮ੍ਰਿਤਪਾਲ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਆਪਣੀ ਕੇਸਕੀ ਉਤਾਰਨ ਦੀ ਥਾਂ ਮੈਦਾਨ ਵਿਚੋਂ ਬਾਹਰ ਹੋਣ ਦਾ ਫ਼ੈਸਲਾ ਲਿਆ। ਔਖੇ ਸਮੇਂ ਤੱਕ ਜਦੋਂ ਭਾਰਤ ਦੀ ਸਥਿਤੀ ਉਕਤ ਦੋਵਾਂ ਪ੍ਰਮੁੱਖ ਖਿਡਾਰੀਆਂ ਦੀ ਗੈਰ-ਮੌਜੂਦਗੀ ਕਾਰਨ ਵਿਗੜਨ ਲੱਗੀ, ਤਾਂ ਉਨ੍ਹਾਂ ਬਿਨ੍ਹਾਂ ਪਟਕੇ ਤੋਂ ਖੁੱਲ੍ਹੇ ਵਾਲਾਂ ਨਾਲ ਖੇਡਣ ਦਾ ਫ਼ੈਸਲਾ ਕੀਤਾ। ਭਾਵੇਂ ਰਹਿੰਦੇ 20 ਮਿੰਟ ਉਸ ਨੇ 15 ਅੰਕ ਇਕੱਲੇ ਹਾਸਲ ਕਰਕੇ ਮੈਚ ਵਿਚ ਵਾਪਸੀ ਦੀ ਕੋਸ਼ਿਸ਼ ਕੀਤੀ ਪਰ ਉਹ ਜਾਪਾਨ ਤੋਂ ਉਕਤ ਮੈਚ ਨੂੰ ਬਚਾਉਣ ਵਿਚ ਕਾਮਯਾਬ ਨਾ ਹੋਏ। ਅੰਮ੍ਰਿਤਪਾਲ ਸਿੰਘ ਨੇ ਗਿਲ੍ਹਾ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਤੇ ਸਿੱਖ ਸੰਸਥਾਵਾਂ ਨੂੰ ਸਿੱਖ ਵਿਰੋਧੀ ਅਜਿਹੇ ਨਿਯਮਾਂ ਖਿਲਾਫ਼ ਕੌਮਾਂਤਰੀ ਪੱਧਰ 'ਤੇ ਆਵਾਜ਼ ਉਠਾਉਣੀ ਚਾਹੀਦੀ ਹੈ।



## ਜ਼ਮੀਨੀ ਵਿਵਾਦ ਕਾਰਨ ਪਿਉ-ਪੁੱਤ ਦਾ ਕਤਲ

**ਪਟਿਆਲਾ:** ਜ਼ਿਲ੍ਹੇ ਦੇ ਪਿੰਡ ਮਹਿਮਦਪੁਰ ਵਿਖੇ ਜ਼ਮੀਨੀ ਵਿਵਾਦ ਦੇ ਚੱਲਦਿਆਂ ਪਿਉ-ਪੁੱਤਰ ਦਾ ਕਤਲ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਪਿੰਡ ਮਹਿਮਦਪੁਰ ਵਾਸੀ ਕਰਨੈਲ ਸਿੰਘ ਦਾ ਆਪਣੇ ਲੜਕੇ ਮਨਜੀਤ ਸਿੰਘ ਨਾਲ ਜ਼ਮੀਨੀ ਵਿਵਾਦ ਚੱਲ ਰਿਹਾ ਸੀ। ਘਟਨਾ ਵਾਲੇ ਦਿਨ ਕਰਨੈਲ ਸਿੰਘ ਆਪਣੇ ਪੋਤਰੇ ਰਮਨ ਪੁੱਤਰ ਸਵਰਨ ਸਿੰਘ ਨਾਲ ਪਿੰਡ ਢੱਕੜੱਬਾ ਨੇੜੇ ਮੋਟਰਸਾਈਕਲ 'ਤੇ ਜਾ ਰਿਹਾ ਸੀ। ਇਸੇ ਦੌਰਾਨ ਕਰਨੈਲ ਸਿੰਘ ਦਾ ਲੜਕਾ ਮਨਜੀਤ ਸਿੰਘ ਟਰੈਕਟਰ 'ਤੇ ਪਿੰਡ ਜਾ ਰਿਹਾ ਸੀ ਕਿ ਉਸ ਆਪਣੇ ਪਿਤਾ ਨੂੰ ਦੇਖਦਿਆਂ ਉਸ 'ਤੇ ਟਰੈਕਟਰ ਚੜ੍ਹਾ ਦਿੱਤਾ ਜਿਸ ਕਾਰਨ ਕਰਨੈਲ ਸਿੰਘ ਤੇ ਉਸ ਦਾ ਪੋਤਰਾ ਮੋਟਰਸਾਈਕਲ ਤੋਂ ਹੇਠਾਂ ਡਿੱਗ ਪਏ ਤੇ ਮਨਜੀਤ ਸਿੰਘ ਨੇ ਆਪਣੇ ਪਿਤਾ ਕਰਨੈਲ ਸਿੰਘ ਦਾ ਗੰਡਾਸਾ ਮਾਰ ਕੇ ਕਤਲ ਕਰ ਦਿੱਤਾ। ਰੌਲਾ ਪੈਣ 'ਤੇ ਜਦੋਂ ਰਮਨ ਦੇ ਪਿਤਾ ਸਵਰਨ ਸਿੰਘ ਨੂੰ ਘਟਨਾ ਦਾ ਪਤਾ ਲੱਗਾ ਤਾਂ ਜਦੋਂ ਉਹ ਮੌਕੇ 'ਤੇ ਅੱਪੜਿਆ ਤਾਂ ਮਨਜੀਤ ਸਿੰਘ ਨੇ ਆਪਣੇ ਭਰਾ ਸਵਰਨ ਸਿੰਘ 'ਤੇ ਵੀ ਹਮਲਾ ਕਰ ਦਿੱਤਾ ਪਰ ਸਵਰਨ ਸਿੰਘ ਨੇ ਜ਼ਖ਼ਮੀ ਹਾਲਤ ਵਿਚ ਆਪਣੇ ਭਰਾ ਮਨਜੀਤ ਸਿੰਘ ਦੇ ਹੱਥੋਂ ਗੰਡਾਸਾ ਖੋਹ ਕੇ ਮਨਜੀਤ ਸਿੰਘ ਦਾ ਕਤਲ ਕਰ ਦਿੱਤਾ। ਹਮਲੇ ਵਿਚ ਸਵਰਨ ਸਿੰਘ ਤੇ ਉਸ ਦਾ ਲੜਕਾ ਰਮਨ ਵੀ ਜ਼ਖ਼ਮੀ ਹੋ ਗਿਆ।

# ਇੰਗਲੈਂਡ ਨੇ ਸਾਂਭੀਆਂ ਹੋਈਆਂ ਨੇ ਊਧਮ ਸਿੰਘ ਦੀਆਂ ਵਸਤਾਂ

**ਚੰਡੀਗੜ੍ਹ:** ਇੰਗਲੈਂਡ ਵਿਚ ਸ਼ਹੀਦ ਊਧਮ ਸਿੰਘ ਦੀਆਂ ਹਾਲੇ ਵੀ ਕਈ ਵਸਤਾਂ ਪਈਆਂ ਹਨ ਪਰ ਇਨ੍ਹਾਂ ਨੂੰ ਵਤਨ ਲੈ ਕੇ ਆਉਣ ਦੀ ਕੋਸ਼ਿਸ਼ ਕਿਸੇ ਵੀ ਸਰਕਾਰ ਨੇ ਨਹੀਂ ਕੀਤੀ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਮੌਕੇ ਵੀ ਊਧਮ ਸਿੰਘ ਦੀਆਂ ਬਰਤਾਨੀਆ ਵਿਚ ਪਈਆਂ ਵਸਤਾਂ ਨੂੰ ਵਤਨ ਲਿਆਉਣ ਦੀ ਗੱਲ ਚੱਲੀ ਸੀ। ਇਸ ਕਾਰਜ ਲਈ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ ਸੀ। ਉਸ ਮੌਕੇ ਦੇ ਵਿੱਤ ਮੰਤਰੀ ਲਾਲ ਸਿੰਘ ਨੂੰ ਕਮੇਟੀ ਦਾ ਮੁਖੀ ਬਣਾਇਆ ਸੀ ਪਰ ਕਮੇਟੀ ਦੀਆਂ ਗਤੀਵਿਧੀਆਂ ਬਾਰੇ ਕੋਈ ਰਿਕਾਰਡ ਮੌਜੂਦ ਨਹੀਂ ਹੈ। ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਵੀ ਇਸ ਪਾਸੇ ਚੁੱਪ ਧਾਰ ਲਈ ਹੈ। 'ਭਾਰਤ ਦੀ ਆਜ਼ਾਦੀ ਦੀ ਸ਼ਮ੍ਹਾ ਦਾ ਪਰਵਾਨਾ ਮਹਾਨ ਗਦਰੀ ਇਨਕਲਾਬੀ ਸ਼ਹੀਦ ਊਧਮ ਸਿੰਘ' ਨਾਮੀ ਪੁਸਤਕ ਲਿਖਣ ਵਾਲੇ ਰਾਕੇਸ਼ ਕੁਮਾਰ ਦਾ ਕਹਿਣਾ ਹੈ ਕਿ ਸ਼ਹੀਦ ਊਧਮ ਸਿੰਘ ਨਾਲ ਜੁੜੀਆਂ ਕਿੰਨੀਆਂ ਹੀ ਵਸਤਾਂ ਹਾਲੇ ਵੀ ਇੰਗਲੈਂਡ ਵਿਚ ਪਈਆਂ ਹਨ। ਊਧਮ ਸਿੰਘ ਨੂੰ 31 ਜੁਲਾਈ ਨੂੰ 1940 ਵਿਚ ਅੰਗਰੇਜ਼ ਸਰਕਾਰ ਨੇ ਮਾਈਕਲ ਓਡਵਾਇਰ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੇ ਦਿੱਤੀ ਸੀ। ਪੰਜ ਜੂਨ 1940 ਨੂੰ ਸ਼ਹੀਦ ਊਧਮ ਸਿੰਘ ਨੂੰ ਜੱਜ ਐਟਕਿਨਸਨ ਵੱਲੋਂ ਮੌਤ ਦੀ ਸਜ਼ਾ ਸੁਣਾਉਣ ਤੋਂ ਬਾਅਦ ਸ਼ਹੀਦ ਬਾਰੇ ਕੀਤੀ ਗਈ ਕਾਰਵਾਈ ਤੇ ਬਿਆਨ 100 ਸਾਲ ਲਈ ਮੋਹਰਬੰਦ ਕਰ ਦਿੱਤੇ ਗਏ ਸਨ ਪਰ ਬਾਅਦ ਵਿਚ ਊਧਮ ਸਿੰਘ ਦੇ ਫਲਸਫੇ ਦੀਆਂ ਗੱਲਾਂ ਜੱਗ ਜ਼ਾਹਰ ਹੋਣ ਲੱਗੀਆਂ। ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬ੍ਰਿਟਿਸ਼ ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬ੍ਰਿਟੇਨ ਨੇ ਸ਼ਹੀਦ ਨਾਲ ਸਬੰਧਤ ਪੰਜ ਫਾਈਲਾਂ ਕਾਫ਼ੀ ਮਿਹਨਤ ਮਗਰੋਂ ਜੂਨ 1997 ਵਿਚ ਜਾਰੀ ਕਰਵਾ ਲਈਆਂ ਸਨ, ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਨਾਲ ਜੁੜੇ ਕਈ ਤੱਥ ਸਾਹਮਣੇ ਆਏ ਸਨ। ਲੇਖਕ ਨੇ ਦੱਸਿਆ ਕਿ ਹਾਲੇ ਕਈ ਹੋਰ ਅਹਿਮ ਫਾਈਲਾਂ ਤੇ ਦਸਤਾਵੇਜ਼ ਬ੍ਰਿਟਿਸ਼ ਸਰਕਾਰ ਕੋਲ ਪਏ ਹਨ ਜੋ ਸਰਕਾਰ ਵੱਲੋਂ ਜਾਰੀ ਨਹੀਂ ਕੀਤੇ ਗਏ, ਜਿਨ੍ਹਾਂ ਵਿਚ ਊਧਮ ਸਿੰਘ ਦੀ ਜ਼ਿੰਦਗੀ ਬਾਰੇ ਕਈ ਤੱਥ ਛੁਪੇ ਹਨ।



ਕੋਰਟ ਕਚਹਿਰੀ ਨਾਲ ਜੁੜੇ ਦਸਤਾਵੇਜ਼ਾਂ ਤੋਂ ਬਿਨਾਂ 1939-40 ਦੀ ਸ਼ਹੀਦ ਦੀ ਜੇਬ-ਡਾਇਰੀ, ਚਾਕੂ, ਪੁਸਤਕਾਂ, ਜੇਲ੍ਹ ਵਿਚੋਂ ਲਿਖੇ ਪੱਤਰ ਤੇ ਸਭ ਤੋਂ ਵੱਧ ਅਹਿਮ ਜਿਸ ਰਿਵਾਲਵਰ ਨੂੰ ਨਾਲ ਮਾਈਕਲ ਓਡਵਾਇਰ ਨੂੰ ਮਾਰਿਆ ਸੀ, ਉਹ ਰਿਵਾਲਵਰ ਤੇ ਕੁਝ ਚੱਲੇ-ਅਣਚੱਲੇ ਕਾਰਤੂਸ ਅੱਜ ਵੀ ਨਿਊ ਸਕਾਟਲੈਂਡ ਯਾਰਡ ਦੇ ਏਸ਼ੀਅਨ ਮਿਊਜ਼ੀਅਮ ਲੰਡਨ ਵਿਚ ਪਏ ਹਨ। ਲੇਖਕ ਨੇ ਮੰਗ ਕੀਤੀ ਕਿ ਇਹ ਸਭ ਵਸਤਾਂ ਵਤਨ ਲਿਆਂਦੀਆਂ ਜਾਣ ਤੇ ਸੁਨਾਮ ਵਿਚ ਊਧਮ ਸਿੰਘ ਵਾਲਾ ਵਿਖੇ ਅਜਾਇਬਘਰ ਸਥਾਪਤ ਕਰਕੇ ਰੱਖੀਆਂ ਜਾਣ।

# ਗਵਾਂਢੀ ਰਾਜਾਂ ਦੀ ਧਾਰਮਕ ਸੋਚ ਵਿਚ ਦਖਲ ਦਾ ਮਾਮਲਾ

ਹਰਿਆਣਾ ਦੀ ਸਿੱਖ ਸੰਗਤ ਵੱਲੋਂ ਆਪਣੇ ਰਾਜ ਵਿਚ ਪੈਂਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨਾਲੋਂ ਵਖਰਾ ਕਰ ਲੈਣ ਨੂੰ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਕਾਂਗਰਸ ਕਮੇਟੀ ਦੀ ਰਾਜਨੀਤਕ ਚਾਲ ਦੱਸ ਰਿਹਾ ਹੈ। ਹਰਿਆਣਾ ਦੇ



ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ (ਹਰਿਆਣਾ) ਵਿਖੇ ਪੰਜਾਬ ਤੋਂ ਪਹੁੰਚੇ ਸਿੱਖ

ਸਿੱਖ ਨੇਤਾ ਜ਼ਿਲ੍ਹਾ ਪੱਧਰ ਉਤੇ ਸ਼ਾਂਤੀ ਮਾਰਚ ਕਰ ਕੇ ਇਸ ਨੂੰ ਸ਼ਾਂਤੀ ਨਾਲ ਹੱਲ ਕਰਨ ਦਾ ਯਤਨ ਕਰ ਰਹੇ ਹਨ ਪਰ ਪੰਜਾਬ ਦੀ ਸੱਤਾਧਾਰੀ ਪਾਰਟੀ ਵੱਲੋਂ ਹਰਿਆਣਾ ਦੇ ਗੁਰਧਾਮਾਂ ਵਿਚ ਟਾਸਕ ਫੋਰਸ ਭੇਜਣਾ ਸੰਕਟ ਮਈ ਸਥਿਤੀ ਪੈਦਾ ਕਰ ਸਕਦਾ ਹੈ।

ਕਿਸੇ ਧਾਰਮਕ ਮਾਮਲੇ ਨੂੰ ਰਾਜਨੀਤਕ ਰੰਗ ਦੇਣਾ ਠੀਕ ਨਹੀਂ। ਸਿੱਖੀ ਮਾਣ ਮਰਿਆਦਾ ਕੱਚ ਦੀ ਗਾਗਰ ਨਹੀਂ ਜੋ ਵਖਰੇ ਹੋਇਆਂ ਢਹਿ ਢੇਰੀ ਹੋ ਜਾਵੇ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦਾ ਪ੍ਰਮਾਣ ਸਾਡੇ ਸਾਹਮਣੇ ਹੈ ਜਿੱਥੇ ਕਦੇ ਕਾਂਗਰਸੀ ਸੋਚ ਦੀ ਪ੍ਰਧਾਨਗੀ ਹੁੰਦੀ ਹੈ ਤੇ ਕਦੇ ਅਕਾਲੀ ਦੀ ਜਿਵੇਂ ਅੱਜ ਕੱਲ੍ਹ ਹੈ। ਸਿੱਖੀ ਮਾਣ ਮਰਿਆਦਾ ਨੂੰ ਕੋਈ ਠੇਸ ਨਹੀਂ ਲੱਗੀ।

ਜੇ ਅਕਾਲੀ ਦਲ ਦਿੱਲੀ ਤੋਂ ਦੂਰ ਬੈਠਾ ਦਿੱਲੀ ਦੇ ਸਿੱਖ ਗੁਰਦੁਆਰਾ ਪ੍ਰਬੰਧ ਵਿਚ ਆਪਣੀ ਸੋਚ ਰਖਣ ਵਾਲੇ ਸਿੱਖ ਆਗੂਆਂ ਨੂੰ ਸਫਲਤਾ ਦਿਲਵਾ ਸਕਦਾ ਹੈ ਤਾਂ ਓਸ ਸ਼ਾਂਤਮਈ ਢੰਗ ਨਾਲ ਹਰਿਆਣਾ ਦੀਆਂ ਸਿੱਖ ਸੰਗਤਾਂ ਦਾ ਦਿਲ ਜਿੱਤ ਕੇ, ਅੱਜ ਨਹੀਂ ਤਾਂ ਕੱਲ, ਉਥੇ ਵੀ ਸਫ਼ਲ ਹੋ ਸਕਦਾ ਹੈ। ਤਣਾਓ ਵਾਲੀ ਸਥਿਤੀ ਪੈਦਾ ਕੀਤਿਆਂ ਨੁਕਸਾਨ ਸਿੱਖ ਸੰਗਤਾਂ ਦਾ ਹੀ ਹੋਣਾ ਹੈ, ਬਾਹਰੀ ਸੋਚ ਵਾਲੇ ਤਾਂ ਕੇਵਲ ਤਮਾਸ਼ਾ ਹੀ ਦੇਖਣਗੇ। ਲੋੜ ਹਰਿਆਣਾ ਦੇ ਸਿੱਖ ਆਗੂਆਂ ਦਾ ਦਿਲ ਜਿੱਤਣ ਦੀ ਹੈ, ਉਨ੍ਹਾਂ ਦੇ ਗੁਰਧਾਮਾਂ ਵਿਚ ਬਾਹਰੀ ਪ੍ਰਬੰਧਕ ਭੇਜ ਕੇ ਸ਼ਾਂਤੀ ਭੰਗ ਕਰਨ ਦੀ ਨਹੀਂ। ਇਹ ਗੱਲ ਤਦ ਹੀ ਹੋ ਸਕਦੀ ਹੈ, ਜੇ ਅਸੀਂ ਇਹ ਚੇਤੇ ਰੱਖੀਏ ਕਿ ਗੁਆਂਢੀ ਰਾਜਾਂ ਵਿਚ ਵਖਰੇਪਨ ਦੀ ਭਾਵਨਾ ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਨਾਲ ਹੀ ਪੈਦਾ ਹੋਈ ਹੈ।




ਨਾਟਕ 'ਧਰਮਰਾਜ ਡਾਟ ਕਾਮ' 'ਤੇ ਪਾਬੰਦੀ ਵਿਰੁਧ ਰੋਸ-ਮੁਜ਼ਾਹਰਾ ਕਰ ਰਹੇ ਕਲਾਕਾਰ

**ਧਰਮ ਰਾਜ ਦੇ ਅੰਗ ਰੱਖਿਅਕ:** ਅਸੀਂ ਧਰਮਰਾਜ ਨੂੰ ਅਤਿਅੰਤ ਸ਼ਕਤੀਸ਼ਾਲੀ ਮੰਨਦੇ ਆਏ ਹਾਂ। ਪ੍ਰਾਣੀ ਨੂੰ ਨਰਕ ਤੇ ਸੁਰਗ ਵਿਚ ਸੁੱਟਣ ਵਾਲਾ ਯਮੀ ਨਾਂ ਦੀ ਯਮਨੀ ਦਾ ਜੌੜਾ ਭਰਾ। ਪਰ ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਇਸ ਨਾਂ ਦੇ ਇਕ ਨਾਟਕ ਉਤੇ ਕਿਸੇ ਹਿੰਦੂ ਸੰਗਠਨ ਨੇ ਇਸ ਲਈ ਪਾਬੰਦੀ ਲਗਵਾ ਦਿੱਤੀ ਕਿ ਇਸ ਵਿਚ ਧਰਮਰਾਜ ਤੇ ਉਸ ਦੀ ਭੈਣ ਦੀ ਮਾਣਹਾਨੀ ਹੁੰਦੀ ਹੈ। ਖੂਬੀ ਇਹ ਕਿ ਪਾਬੰਦੀ ਲਾਉਣ ਵਾਲਿਆਂ ਨੇ ਨਾਟਕ ਨਹੀਂ ਦੇਖਿਆ। ਕੇਵਲ ਪੋਸਟਰ ਉਤੇ ਬਣੀ ਤਸਵੀਰ ਨੂੰ ਆਧਾਰ ਬਣਾ ਕੇ ਇਸ ਨੂੰ ਖੇਡਣ ਨਹੀਂ ਦਿੱਤਾ।

ਨਾਟਕ ਦਾ ਨਾਂ 'ਧਰਮਰਾਜ ਡਾਟ ਕਾਮ' ਹੈ। ਲਿਖਣ ਵਾਲਾ ਸੁਚੇਤ ਚਿੱਤਰਕਾਰ ਤੇ ਖੇਡਣ ਵਾਲੀ ਸੰਗੀਤਾ ਗੁਪਤਾ ਦੀ ਟੀਮ। ਸੰਗੀਤਾ ਮੇਰੇ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕੀ ਕਾਲ ਵਿਚ ਨਾਟਕ ਦੀ ਵਿਦਿਆਰਥਣ ਸੀ। ਮੈਂ ਉਸ ਦੇ ਕਈ ਨਾਟਕ ਤੱਕੇ ਹਨ। ਉਹ ਗੁਣਾਂ ਵਾਲੀ ਕਲਾਕਾਰ ਹੈ। ਪਰ ਧਰਮਰਾਜ ਦੀ ਸ਼ਕਤੀ ਦੇ ਸਾਹਮਣੇ ਉਹ ਕਿਸ ਦੀ ਪਾਣੀਹਾਰ ਹੈ? ਹੁਣ ਧਰਮਰਾਜ ਦੇ ਅੰਗ ਰੱਖਿਅਕਾਂ ਦੀ ਮਧੋਲੀ ਉਸ ਦੀ ਨਾਟਕ ਮੰਡਲੀ ਹਰ ਰੋਜ਼ ਮੂੰਹ ਉਤੇ ਚੁੱਪ ਦੀ ਚੇਪੀ ਚਿਪਕਾ ਕੇ ਸਰਕਾਰ ਵੱਲੋਂ ਬੋਲਣ ਦੀ ਆਜ਼ਾਦੀ ਉਤੇ ਪਾਬੰਦੀ ਵਿਰੁਧ ਚੰਡੀਗੜ੍ਹ ਦੇ ਚਰਚਿਤ ਅਸਥਾਨਾਂ ਉਤੇ ਵਿਰੋਧ ਵਿਚ ਬਹਿੰਦੀ ਹੈ। ਲਿਖਣ ਤੇ ਬੋਲਣ ਦੀ ਆਜ਼ਾਦੀ ਚਾਹੁਣ ਵਾਲਿਆਂ ਦਾ ਫਰਜ਼ ਬਣਦਾ ਹੈ ਕਿ ਉਸ ਦਾ ਪੱਖ ਪੂਰਨ।

**ਮੇਰੇ ਵਿਸ਼ਵ ਵਿਦਿਆਲੇ:** ਟਾਈਮਜ਼ ਹਾਇਰ ਐਜੂਕੇਸ਼ਨ ਵਾਲਿਆਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਮਿਆਰ ਵਿਸ਼ਵ ਪੱਧਰ ਉਤੇ ਚੀਨ ਦੀ ਰੈਨਮਿੰਡ ਯੂਨੀਵਰਸਿਟੀ ਸ਼੍ਰੇਣੀ ਵਿਚ ਗਰਦਾਨ ਕੇ ਇਸ ਦੇ ਰਹਿ ਚੁੱਕੇ ਵਿਦਿਆਰਥੀਆਂ ਦਾ ਸਿਰ ਉਚਾ ਕੀਤਾ ਹੈ। ਉਨ੍ਹਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਵਰਤਮਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਹੀ ਨਹੀਂ 'ਅਜੀਤ' ਵਾਲੇ ਡਾ. ਬਰਜਿੰਦਰ ਸਿੰਘ ਹਮਦਰਦ ਤੇ ਮੈਂ ਵੀ ਹਾਂ। ਮੇਰੇ ਵੇਲੇ ਡਾ. ਮਨਮੋਹਨ ਸਿੰਘ ਸਰਕਾਰੀ ਕਾਲਜ ਹੁਸ਼ਿਆਰਪੁਰ ਪੜ੍ਹਦੇ ਸਨ ਤੇ ਮੈਂ 20 ਕਿਲੋਮੀਟਰ ਥੱਲੇ ਵਲ ਖਾਲਸਾ ਕਾਲਜਾ ਮਾਹਿਲਪੁਰ ਵਿਖੇ। ਇਹ ਦੋਵੇਂ ਕਾਲਜ ਪੰਜਾਬ ਯੂਨੀਵਰਸਿਟੀ ਦੇ ਅੰਗ ਸਨ।

ਮੇਰੀ ਵਿਦਿਆ ਪ੍ਰਾਪਤੀ ਸਮੇਂ ਖਾਲਸਾ ਕਾਲਜ, ਮਾਹਿਲਪੁਰ ਦਾ ਪ੍ਰਿੰਸੀਪਲ ਖੇਡ ਖਿਡਾਰੀਆਂ ਦਾ ਸਰਪ੍ਰਸਤ ਹਰਭਜਨ ਸਿੰਘ ਸੀ। ਏਸ ਕਾਲਜ ਨੇ ਸਾਨੂੰ ਜਰਨੈਲ ਸਿੰਘ ਤੇ ਗੁਰਦੇਵ ਸਿੰਘ ਗਿੱਲ ਵਰਗੇ ਅਰਜਨ ਐਵਾਰਡੀ ਦਿੱਤੇ। ਹਾਂ, ਪਿਛਲੇ ਸਾਲਾਂ ਵਿਚ ਇਸ ਕਾਲਜ ਦੇ ਇਕ ਮੁਖੀ ਦੀ ਨਾਲਾਇਕੀ ਕਾਰਨ ਇਹ ਸੰਸਥਾ ਲੀਹੋਂ ਲੱਥੀ ਦਿਖਾਈ ਦੇ ਰਹੀ ਸੀ ਪਰ ਹੁਣ ਯੂਨੀਵਰਸਿਟੀ ਦੇ ਦਖਲ ਪਿੱਛੋਂ ਉਸ ਨੂੰ ਬਰਤਰਫ ਕਰ ਦਿੱਤਾ ਗਿਆ ਹੈ। ਅੱਜ ਸਿੱਖ ਐਜੂਕੇਸ਼ਨਲ ਕੌਂਸਲ ਮਾਹਿਲਪੁਰ ਦੇ ਇੱਕ ਮੈਂਬਰ ਸੇਵਾ ਮੁਕਤ ਵਿੰਗ ਕਮਾਂਡਰ ਹਰਦੇਵ ਸਿੰਘ ਢਿੱਲੋਂ ਦੀ ਦੇਖ-ਰੇਖ ਥੱਲੇ ਇਹ ਸੰਸਥਾ ਮੁੜ ਲੀਹੇ ਪੈ ਗਈ ਹੈ। ਢਿੱਲੋਂ ਮੇਰੇ ਸਮਿਆਂ ਦੇ ਪ੍ਰਿੰਸੀਪਲ ਹਰਭਜਨ ਸਿੰਘ ਦਾ ਦੋਹਤਰਾ ਵੀ ਹੈ। ਮੈਕਸਿਮ ਗੋਰਕੀ ਦੀ ਸ਼ਬਦਾਵਲੀ ਵਿਚ ਇਹ ਮੇਰੇ ਵਿਸ਼ਵ ਵਿਦਿਆਲੇ ਹਨ।

**ਅੰਤਿਕਾ:** (ਦਰਸ਼ਨ ਸਿੰਘ ਹੀਰ)
ਪ੍ਰੀਤ-ਖੇਲ ਵਿਚ ਖੁਸ਼ੀਆਂ ਸੁਪਨਾ,
ਪੀੜਾਂ, ਹਉਕੇ, ਹੰਝੂ, ਚੋਖੇ।
ਆਸ਼ਕ ਉਹ ਜੋ ਭੱਜਣ ਦੀ ਥਾਂ,
ਹਰ ਗਰਦਸ਼ ਅੱਗੇ ਹਿੱਕ ਠੋਕੇ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


**Philips-66 Truck Stop Convenience Store**

***For Sale or Lease***

11 Pumps, 30 Trucks Parking
Diesel & Gas With Restaurant, Liquor, Lottery
*Good Profit Margin*
Prime Location (4 States Traffic Area on State Hwy I-44/I-49 in Missouri)

Also available commercial bulding (SCF), partially rented in Mohali, India
Commercial plot in business growing area (in Walmart, Home Office area)

Serious Parties Only, Please.
**Contact: 417-825-7602**
Email: shaanmann5@gmail.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪੰਜਾਬ ਨੂੰ ਸਮੱਸਿਆਵਾਂ ਦਾ ਘੇਰਾ

ਪੰਜਾਬ ਇਸ ਸਮੇਂ ਬਦਤਰ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਦਾ ਕਾਰਨ ਸਮੇਂ-ਸਮੇਂ ਸੱਤਾ 'ਤੇ ਕਾਬਜ਼ ਰਹੀਆਂ ਕਾਂਗਰਸੀ ਅਤੇ ਅਕਾਲੀ ਸਰਕਾਰਾਂ ਹਨ। ਸੋਲ੍ਹਵੀਆਂ ਲੋਕ ਸਭਾ ਚੋਣਾਂ ਵਿਚ ਲੋਕਾਂ ਨੇ ਆਪਣਾ ਵਿਰੋਧ ਦਿਖਾ ਦਿੱਤਾ ਹੈ। 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਹ ਗੁੱਸਾ ਹੋਰ ਵੀ ਪ੍ਰਚੰਡ ਹੋ ਸਕਦਾ ਹੈ।

ਪੰਜਾਬ ਵਿਚ ਇਸ ਸਮੇਂ ਇੱਕੋ ਹੀ ਦਰਿਆ ਵਗ ਰਿਹਾ ਹੈ, ਉਹ ਹੈ ਨਸ਼ਿਆਂ ਦਾ ਦਰਿਆ; ਜਦੋਂਕਿ ਪਾਣੀਆਂ ਦੇ ਸੋਮੇ, ਦਰਿਆ ਸੁੱਕਣ ਕਿਨਾਰੇ ਹਨ। ਇਹ ਸੱਚ ਹੁਣ ਸਿਰ ਚੜ੍ਹ ਕੇ ਬੋਲ ਰਿਹਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਵਪਾਰ ਅਤੇ ਤਸਕਰੀ ਪਿੱਛੇ ਸੱਤਾਸੀਨ ਲੋਕਾਂ ਦੀ ਸਰਪ੍ਰਸਤੀ ਹੈ। ਪੰਜਾਬ ਨਸ਼ਿਆਂ ਦੇ ਬਾਰੂਦ ਉਪਰ ਬੈਠਾ ਹੈ। ਪੰਜਾਬ ਵਿਚ 15-16 ਸਾਲ ਦੀ ਉਮਰ ਦੇ ਮੁੰਡਿਆਂ ਨੂੰ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ। ਨਸ਼ਿਆਂ ਦੇ ਵਪਾਰੀ ਅਤੇ ਤਸਕਰ ਅਜਿਹਾ ਜਾਣ-ਬੁੱਝ ਕੇ ਕਰ ਰਹੇ ਹਨ। ਇਸ ਸਮੇਂ ਲਗਪਗ 25 ਤੋਂ 30 ਫ਼ੀਸਦੀ ਮੁੰਡਿਆਂ ਨੂੰ ਸਿੰਥੈਟਿਕ

**ਸੁਰਜੀਤ ਬਰਾੜ**
**ਫੋਨ: 91-98553-71313**


ਨਸ਼ਿਆਂ ਦੀ ਚਾਟ 'ਤੇ ਲਾਇਆ ਜਾ ਚੁੱਕਾ ਹੈ। ਇਸ ਸਮੇਂ ਪੰਜਾਬ ਵਿਚ ਹਰ ਪੰਜਵਾਂ ਨੌਜਵਾਨ ਨਸ਼ਿਆਂ ਦਾ ਆਦੀ ਹੋ ਚੁੱਕਾ ਹੈ। ਹੈਰੋਇਨ, ਸਮੈਕ, ਅਫ਼ੀਮ, ਪੋਸਤ, ਡੋਡੇ-ਭੁੱਕੀ, ਸੁੱਖਾ, ਨਸ਼ੇ ਦੇ ਟੀਕੇ ਅਤੇ ਗੋਲੀਆਂ ਆਦਿ ਨਸ਼ੇ ਪ੍ਰਚੱਲਿਤ ਹਨ। ਪੰਜਾਬ ਵਿਚ ਸਾਲਾਨਾ ਸ਼ਰਾਬ ਦੀਆਂ 60 ਕਰੋੜ ਬੋਤਲਾਂ ਦੀ ਖਪਤ ਹੈ। ਠੇਕਿਆਂ ਦੀ ਸ਼ਰਾਬ ਤੋਂ ਬਿਨਾਂ ਰੂੜੀ ਮਾਰਕਾ ਸ਼ਰਾਬ ਦਾ ਸੇਵਨ ਵੀ ਕੁਝ ਹਦ ਤਕ ਹੁੰਦਾ ਹੈ। ਪੂਰੇ ਦੇਸ਼ ਵਿਚ ਸ਼ਰਾਬ ਦੀ ਖਪਤ 54 ਫ਼ੀਸਦੀ ਹੈ, ਇਕੱਲੇ ਪੰਜਾਬ ਵਿਚ ਇਸ ਦੀ ਖਪਤ 46 ਫ਼ੀਸਦੀ ਹੈ। ਨਸ਼ਿਆਂ ਦੇ ਤਸਕਰਾਂ ਦਾ ਪੁਲੀਸ, ਨੇਤਾਵਾਂ ਅਤੇ ਵਜ਼ੀਰਾਂ ਨਾਲ ਗੱਠਜੋੜ ਹੈ। ਇਸ ਗੱਲ ਦਾ ਪਿਛਲੇ ਦਿਨੀਂ ਪੂਰੀ ਤਰ੍ਹਾਂ ਭਾਂਡਾ ਫੁੱਟ ਚੁੱਕਾ ਹੈ ਜਦ ਜਗਦੀਸ਼ ਭੋਲੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਯੂਨਾਈਟਿਡ ਨੇਸ਼ਨਜ਼ ਆਫਿਸ ਆਨ ਡਰੱਗਜ਼ ਐਂਡ ਕਰਾਈਮ ਦੇ ਸਰਵੇਖਣ ਦੌਰਾਨ ਖੁਲਾਸਾ ਹੋਇਆ ਹੈ ਕਿ ਪੰਜਾਬ ਦੇ 25 ਤੋਂ 30 ਫ਼ੀਸਦੀ ਨੌਜਵਾਨ ਰੋਜ਼ਾਨਾ ਸਿੰਥੈਟਿਕ ਡਰੱਗ ਦੇ ਆਦੀ ਹਨ। ਦੋ ਤੋਂ ਤਿੰਨ ਸਾਲਾਂ ਵਿਚ ਹੀ ਅਜਿਹੇ ਨਸ਼ੇ ਕਰਨ ਵਾਲਾ ਨੌਜਵਾਨ ਰੱਬ ਨੂੰ ਪਿਆਰਾ ਹੋ ਜਾਂਦਾ ਹੈ।

ਇੱਕ ਗ਼ੈਰ-ਸਰਕਾਰੀ ਸਰਵੇਖਣ ਅਨੁਸਾਰ ਪੰਜਾਬ ਵਿਚ ਇਸ ਸਮੇਂ 65 ਫ਼ੀਸਦੀ ਨੌਜਵਾਨ ਕਿਸੇ ਨਾ ਕਿਸੇ ਨਸ਼ੇ ਦੇ ਆਦੀ ਹਨ। ਪਿਛਲੇ ਦਿਨੀਂ ਇੱਕ ਸਾਬਕਾ ਪੁਲੀਸ ਅਧਿਕਾਰੀ ਨੇ ਨਸ਼ਿਆਂ ਦੇ ਤਸਕਰਾਂ/ਵਪਾਰੀਆਂ ਦੇ ਨਾਂ ਜੱਗ ਜ਼ਾਹਰ ਕੀਤੇ ਸਨ ਅਤੇ ਕਿਹਾ ਸੀ ਕਿ ਡਰੱਗ ਮਾਫ਼ੀਆ ਨੂੰ ਸਿਆਸੀ ਲੋਕਾਂ ਦੀ ਸਰਪ੍ਰਸਤੀ ਮਿਲੀ ਹੋਈ ਹੈ। ਇੱਕ ਸਾਬਕਾ ਕਾਂਗਰਸੀ ਐਮ.ਪੀ. ਅਨੁਸਾਰ ਹਰ ਸਾਲ ਇੱਕ ਹਜ਼ਾਰ ਕਿਲੋ ਹੈਰੋਇਨ ਦੀ ਤਸਕਰੀ ਹੁੰਦੀ ਹੈ ਜਿਸ ਦੀ ਬਾਜ਼ਾਰੀ ਕੀਮਤ 60 ਹਜ਼ਾਰ ਕਰੋੜ ਰੁਪਏ ਬਣਦੀ ਹੈ। ਇਸ ਤਰ੍ਹਾਂ ਪੰਜਾਬ ਨੂੰ ਡੋਬਣ ਲਈ ਸਾਜ਼ਿਸ਼ ਤਹਿਤ ਕੰਮ ਹੋ ਰਿਹਾ ਹੈ। ਕੌਮਾਂਤਰੀ ਤਸਕਰ ਭੋਲੇ ਨੇ ਤਿੰਨ ਮੰਤਰੀਆਂ ਦਾ ਨਾਂ ਸ਼ਰੇਆਮ ਲਿਆ ਹੈ ਜਿਨ੍ਹਾਂ ਦਾ ਸਬੰਧ ਡਰੱਗ ਮਾਫ਼ੀਏ ਨਾਲ ਹੈ। ਭੋਲੇ ਦਾ ਇੱਕ ਹੋਰ ਸਾਥੀ ਵੀ ਮਾਝੇ ਦਾ ਇੱਕ ਸੀਨੀਅਰ ਯੂਥ ਆਗੂ ਹੈ। ਇੱਕ ਮੰਤਰੀ ਦੇ ਪੁੱਤਰ ਦਾ ਨਾਂ ਵੀ ਜੱਗ ਜ਼ਾਹਰ ਹੋ ਚੁੱਕਾ ਹੈ ਜਿਸ ਕਰ ਕੇ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਮਾਲਵੇ ਦੇ ਹੋਰ ਕਈ ਨੇਤਾ ਪੁਲੀਸ ਨਾਲ ਮਿਲ ਕੇ ਥਾਣਿਆਂ ਵਿਚੋਂ ਹੀ ਨਸ਼ਿਆਂ ਦਾ ਵਪਾਰ ਕਰਦੇ ਰਹੇ ਹਨ।

ਨਸ਼ਿਆਂ ਤੋਂ ਇਲਾਵਾ ਸੂਬੇ ਵਿਚ ਭ੍ਰਿਸ਼ਟਾਚਾਰ ਵੀ ਹੱਦ-ਬੰਨ੍ਹੇ ਟੱਪ ਗਿਆ ਹੈ। ਸਰਕਾਰੀ ਅਫ਼ਸਰ ਅਤੇ ਮੁਲਾਜ਼ਮ ਸਿੱਧੇ ਮੂੰਹ ਗੱਲ ਹੀ ਨਹੀਂ ਕਰਦੇ। ਸਕੂਲਾਂ ਵਿਚ ਪੜ੍ਹਾਈ ਨਹੀਂ, ਹਸਪਤਾਲਾਂ ਵਿਚ ਡਾਕਟਰ ਨਹੀਂ। ਜੇ ਡਾਕਟਰ ਹਨ ਤਾਂ ਦਵਾਈਆਂ ਨਹੀਂ। ਦਫ਼ਤਰਾਂ ਵਿਚ ਕੋਈ ਕੰਮ ਨਹੀਂ ਹੁੰਦਾ। ਅਫ਼ਸਰ ਦਫ਼ਤਰਾਂ ਵਿਚ ਵੜਦੇ ਹੀ ਨਹੀਂ।

ਪੰਜਾਬ ਵਿਚ ਇਸ ਸਮੇਂ ਅਜੀਬ ਕਿਸਮ ਦੀ ਅਰਾਜਕਤਾ ਫੈਲੀ ਹੋਈ ਹੈ। ਕਿਰਤ-ਸਭਿਆਚਾਰ ਖ਼ਤਮ ਹੋ ਚੁੱਕਾ ਹੈ। ਮੁੰਡੇ ਵਿਹਲੇ ਧੱਕੇ ਖਾਂਦੇ ਫਿਰਦੇ ਹਨ ਤੇ ਵਿਹਲ ਕਾਰਨ ਹੀ ਉਹ ਨਸ਼ੇ ਕਰਦੇ ਹਨ। ਨਸ਼ਿਆਂ ਦੀ ਪੂਰਤੀ ਲਈ ਉਹ ਲੁੱਟਮਾਰ ਤੇ ਖੋਹਾਂ ਕਰਦੇ ਹਨ। ਦਿਨ ਦਿਹਾੜੇ ਡਾਕੇ ਪੈ ਰਹੇ ਹਨ। ਹੁਣ ਬੰਦਾ ਘਰੋਂ ਬਾਹਰ ਤਾਂ ਕੀ ਘਰ ਵਿਚ ਵੀ ਸੁਰੱਖਿਅਤ ਨਹੀਂ। ਕਿਸੇ ਦੀ ਕਾਰ ਦੇ ਸ਼ੀਸ਼ੇ ਭੰਨ ਕੇ ਪੈਸੇ ਚੋਰੀ ਕੀਤੇ ਜਾ ਰਹੇ ਹਨ। ਕਿਸੇ ਤੋਂ ਪਰਸ, ਮੋਬਾਈਲ, ਮੋਟਰਸਾਈਕਲ, ਕਾਰ ਖੋਹੀ ਜਾ ਰਹੀ ਹੈ। ਕਿਸੇ ਔਰਤ ਦੇ ਗਹਿਣੇ ਹੀ ਝਪਟੇ ਜਾ ਰਹੇ ਹਨ। ਲੁੱਟਾਂ-ਖੋਹਾਂ ਇੰਨੀਆਂ ਵਧ ਗਈਆਂ ਹਨ ਕਿ ਹਰ ਰੋਜ਼ ਅਖ਼ਬਾਰ ਅਜਿਹੀਆਂ ਵਾਰਦਾਤਾਂ ਨਾਲ ਭਰੇ ਪਏ ਹੁੰਦੇ ਹਨ। ਪੁਲੀਸ ਲੁੱਟਾਂ-ਖੋਹਾਂ ਦੇ ਕੇਸ ਦਰਜ ਕਰਨ ਤੋਂ ਕੰਨੀ ਕਤਰਾਉਂਦੀ ਹੈ।

ਰਾਜਸੀ ਪਾਰਟੀਆਂ, ਵਜ਼ੀਰਾਂ ਅਤੇ ਅਫ਼ਸਰਾਂ ਨੂੰ ਪੰਜਾਬ ਦੀ ਕੋਈ ਚਿੰਤਾ ਨਹੀਂ ਹੈ। ਕਿਸਾਨੀ ਸੰਕਟ ਚਰਮ ਸੀਮਾ 'ਤੇ ਹੈ। 2004 ਤੋਂ 2013 ਤਕ ਰਾਜ ਵਿਚ 5000 ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਕਿਸਾਨ ਖੇਤੀ ਕਿੱਤਾ ਤਿਆਗਣ ਲਈ ਤਿਆਰ ਹਨ ਪਰ ਇਹ ਕਿੱਤਾ ਤਿਆਗ ਕੇ ਉਹ ਜਾਣ ਕਿੱਧਰ? ਨਿਮਨ ਅਤੇ ਮੱਧ ਵਰਗੀ ਕਿਸਾਨੀ ਦੀ ਹਾਲਤ ਵੀ ਚਿੰਤਾਜਨਕ ਹੈ। ਤੱਥਾਂ ਅਨੁਸਾਰ ਇਸ ਸਮੇਂ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਕੁੱਲ ਕਿਸਾਨਾਂ ਦਾ 10ਵਾਂ ਹਿੱਸਾ ਹਨ। ਪੰਜ ਤੋਂ ਦਸ ਏਕੜ ਵਾਲੇ ਕਿਸਾਨਾਂ ਦੀ ਗਿਣਤੀ 21.5 ਫ਼ੀਸਦੀ ਹੈ ਜਦੋਂਕਿ 10 ਤੋਂ 25 ਏਕੜ ਵਾਲੇ ਕਿਸਾਨਾਂ ਦੀ ਗਿਣਤੀ 44 ਫ਼ੀਸਦੀ ਹੈ। ਛੋਟੇ ਮੱਧ ਵਰਗੀ ਕਿਸਾਨਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਢਾਈ ਏਕੜ ਤੋਂ ਘੱਟ ਜ਼ਮੀਨ ਦੇ ਮਾਲਕਾਂ ਦੀ ਗਿਣਤੀ 2006 ਵਿਚ 13.3 ਫ਼ੀਸਦੀ ਸੀ ਜੋ 2011 ਵਿਚ 15.6 ਫ਼ੀਸਦੀ ਤਕ ਪੁੱਜ ਗਈ। ਸੂਬੇ ਵਿਚ 25 ਫ਼ੀਸਦੀ ਤੋਂ ਵੱਧ




ਕਿਸਾਨਾਂ ਕੋਲ ਜ਼ਮੀਨ ਘਟ ਰਹੀ ਹੈ। ਅਗਲੇ 10 ਸਾਲਾਂ ਵਿਚ ਸੀਮਾਂਤ ਕਿਸਾਨੀ ਜੋ ਅੱਜ ਹੈ, ਉਹ ਬੇਜ਼ਮੀਨੀ ਹੋ ਜਾਵੇਗੀ ਅਤੇ ਜਿਸ ਕੋਲ ਪੰਜ ਏਕੜ ਜ਼ਮੀਨ ਹੈ, ਉਹ ਸੀਮਾਂਤ ਕਿਸਾਨੀ ਬਣ ਕੇ ਰਹਿ ਜਾਵੇਗੀ। ਕਿਸਾਨੀ ਸੰਕਟ ਬਾਰੇ ਜਾਂ ਡੁੱਬ ਰਹੀ ਕਿਸਾਨੀ ਬਾਰੇ ਕਿਸੇ ਨੂੰ ਫ਼ਿਕਰ ਨਹੀਂ ਹੈ।

ਪੰਜਾਬ ਵਿਚ ਪਿਛਲੇ 7 ਸਾਲਾਂ ਵਿਚ 10 ਲੱਖ ਹੁਨਰਮੰਦ ਕਾਮੇ ਵਿਹਲੇ ਹੋ ਗਏ ਹਨ। ਅਕਾਲੀ ਦਲ ਦੇ ਮੈਨੀਫੈਸਟੋ ਵਿਚ ਇਹ ਵਾਅਦਾ ਕੀਤਾ ਗਿਆ ਸੀ ਕਿ ਉਹ 10 ਲੱਖ ਲੋਕਾਂ ਨੂੰ ਰੁਜ਼ਗਾਰ ਦੇਣਗੇ ਪਰ ਅਜੇ ਤਕ ਇੱਕ ਵੀ ਬੰਦਾ ਰੁਜ਼ਗਾਰ ਪ੍ਰਾਪਤ ਨਹੀਂ ਕਰ ਸਕਿਆ ਹੈ; ਸਗੋਂ ਬਾਰੁਜ਼ਗਾਰ ਵੀ ਬੇਰੁਜ਼ਗਾਰ ਹੋ ਗਏ ਹਨ। ਸਰਕਾਰ ਦੀਆਂ ਨੀਤੀਆਂ ਕਾਰਨ ਹੁਣ ਤਕ 18770 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ। ਇਸ ਤੋਂ ਬਿਨਾਂ 5 ਹਜ਼ਾਰ ਹੋਰ ਸਨਅਤੀ ਇਕਾਈਆਂ ਬੰਦ ਹੋਣ ਦੀ ਕਗਾਰ 'ਤੇ ਹਨ। ਪੰਜਾਬ ਵਿਚ ਇਸ ਸਮੇਂ 80000 ਅਧਿਆਪਕ ਬੇਰੁਜ਼ਗਾਰ ਹਨ। ਇੰਜ ਹੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਚਲਾਏ ਜਾਂਦੇ ਦੁਕਾਨਨੁਮਾ ਕਾਲਜਾਂ ਵਿਚ ਲੱਖਾਂ ਮੁੰਡੇ-ਕੁੜੀਆਂ ਉੱਚ ਵਿੱਦਿਆ ਹਾਸਲ ਕਰ ਚੁੱਕੇ ਹਨ। ਹਾਲਾਂਕਿ ਇਨ੍ਹਾਂ ਕਾਲਜਾਂ ਵਿਚ ਦਿੱਤੀ ਜਾਂਦੀ ਵਿੱਦਿਆ ਕਿੱਤਾਮੁਖੀ ਹੈ ਪਰ ਮੁੰਡੇ-ਕੁੜੀਆਂ ਡਿਗਰੀਆਂ ਲੈ ਕੇ ਘਰਾਂ ਵਿਚ ਵਿਹਲੇ ਬੈਠੇ ਹਨ। ਲੁਕਵੀਂ ਬੇਰੁਜ਼ਗਾਰੀ ਦਾ ਕੋਈ ਅੰਤ ਨਹੀਂ ਹੈ।

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਵੱਡੀ ਪੱਧਰ 'ਤੇ ਘਾਣ ਹੋ ਰਿਹਾ ਹੈ। ਆਮ ਬੰਦੇ ਦੀ ਕਿਧਰੇ ਵੀ ਕੋਈ ਸੁਣਵਾਈ ਨਹੀਂ। ਪੰਜਾਬ ਪੁਲੀਸ ਵੱਲੋਂ ਆਮ ਲੋਕਾਂ ਨਾਲ ਕੀਤੀਆਂ ਜਾਂਦੀਆਂ ਵਧੀਕੀਆਂ, ਅੱਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। 1997 ਵਿਚ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਰਜ 90 ਸ਼ਿਕਾਇਤਾਂ ਵਿਚੋਂ 57 ਸ਼ਿਕਾਇਤਾਂ ਪੁਲੀਸ ਵਿਰੁੱਧ ਸਨ। ਇਸੇ ਤਰ੍ਹਾਂ 2012 ਵਿਚ 9825 ਅਤੇ ਜਨਵਰੀ-ਅਕਤੂਬਰ 2013 ਦੌਰਾਨ 5781 ਸ਼ਿਕਾਇਤਾਂ ਪੁਲੀਸ ਵਿਰੁੱਧ ਸਨ। ਇਸ ਤੋਂ ਬਿਨਾਂ ਅਨੁਸੂਚਿਤ ਜਾਤੀ ਤੇ ਪਛੜੀ ਸ਼੍ਰੇਣੀ ਦੇ ਲੋਕਾਂ ਨਾਲ ਹੋ ਰਹੇ ਧੱਕਿਆਂ ਦੀਆਂ 1459, ਸਿਹਤ ਵਿਭਾਗ ਵਿਰੁੱਧ 1945, ਜੇਲ੍ਹ ਪ੍ਰਸ਼ਾਸਨ ਵਿਰੁੱਧ 3976 ਸ਼ਿਕਾਇਤਾਂ ਆਈਆਂ ਹਨ। ਔਰਤਾਂ ਨਾਲ ਕੀਤੇ ਜਾਂਦੇ ਜਬਰ-ਜ਼ੁਲਮ ਦੀਆਂ 6544 ਸ਼ਿਕਾਇਤਾਂ ਕਮਿਸ਼ਨ ਕੋਲ ਆਈਆਂ ਸਨ। ਇਵੇਂ ਹੀ ਹੋਰ ਵੀ ਵੱਖ-ਵੱਖ ਵਿਭਾਗਾਂ ਦੇ ਅਫ਼ਸਰਾਂ ਵਿਰੁੱਧ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਹਨ। ਕਿੰਨੇ ਲੋਕ ਅਜਿਹੇ ਵੀ ਹੋਣਗੇ ਜਿਨ੍ਹਾਂ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਬਾਰੇ ਗਿਆਨ ਹੀ ਨਹੀਂ ਹੋਵੇਗਾ। ਉਹ ਕਿਤੇ ਵੀ ਸ਼ਿਕਾਇਤ ਨਹੀਂ ਕਰ ਸਕੇ ਹੋਣਗੇ।

ਪੰਜਾਬ ਵਿਚ ਹਰ ਰੋਜ਼ 13 ਵਿਅਕਤੀ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਸੜਕਾਂ ਦੀ ਹਾਲਤ ਖ਼ਸਤਾ ਹੈ ਅਤੇ ਟਰੈਫਿਕ ਦਾ ਕੋਈ ਅਸੂਲ ਨਹੀਂ। ਪੰਜਾਬ ਵਿਚ ਰੇਤ, ਬਜਰੀ ਮਾਫ਼ੀਆ ਵੀ ਅੰਨ੍ਹੀ ਕਮਾਈ ਕਰ ਰਿਹਾ ਹੈ। ਟਰਾਂਸਪੋਰਟ ਮਾਫ਼ੀਏ ਨੇ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਕਾਰਪੋਰੇਸ਼ਨ ਦਾ ਦੀਵਾ ਹੀ ਗੁੱਲ ਕਰ ਦਿੱਤਾ ਹੈ। ਸ਼ਾਮਲਾਟਾਂ 'ਤੇ ਨੇਤਾ ਅਤੇ ਅਫ਼ਸਰ ਕਬਜ਼ੇ ਕਰ ਰਹੇ ਹਨ। ਪੰਜਾਬ ਵਿਚ ਇਸ ਸਮੇਂ ਕੀਟਨਾਸ਼ਕਾਂ ਦੀ ਵਰਤੋਂ ਦੇਸ਼ ਤੋਂ ਹੀ ਨਹੀਂ, ਸਗੋਂ ਪੂਰੇ ਵਿਸ਼ਵ ਤੋਂ ਵੱਧ ਕੀਤੀ ਜਾ ਰਹੀ ਹੈ। ਪੂਰੇ ਦੇਸ਼ ਵਿਚ ਵਰਤੇ ਜਾਂਦੇ ਕੀਟਨਾਸ਼ਕਾਂ ਦੀ ਕੁੱਲ ਮਾਤਰਾ ਦਾ 18 ਫ਼ੀਸਦੀ ਇਕੱਲੇ ਪੰਜਾਬ ਵਿਚ ਖਪਤ ਹੁੰਦੀ ਹੈ; ਜਦ ਕਿ ਸਾਡੇ ਕੋਲ ਦੇਸ਼ ਦਾ ਸਿਰਫ਼ 2.5 ਫ਼ੀਸਦੀ ਖੇਤਰ ਹੈ। ਇਹੋ ਹਾਲ ਰਸਾਇਣਕ ਖਾਦਾਂ ਦਾ ਹੈ। ਪੰਜਾਬ ਵਿਚ ਪ੍ਰਤੀ ਏਕੜ ਖਾਦਾਂ ਦੀ ਵਰਤੋਂ ਹੱਦ ਤੋਂ ਵੱਧ ਹੁੰਦੀ ਹੈ। ਵੱਖ-ਵੱਖ ਖਾਦਾਂ ਦੀ ਵਰਤੋਂ ਸਾਲਾਨਾ ਪ੍ਰਤੀ ਏਕੜ 10 ਬੋਰੀਆਂ ਤਕ ਕੀਤੀ ਜਾਂਦੀ ਹੈ। ਸਾਡੇ ਖਾਧ ਪਦਾਰਥਾਂ ਵਿਚ ਕੀਟਨਾਸ਼ਕਾਂ ਅਤੇ ਖਾਦਾਂ ਦੇ ਤੱਤ ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਇਹ ਤੱਤ ਸਿਹਤ ਲਈ ਘਾਤਕ ਹਨ। ਪੰਜਾਬ ਦਾ ਪਾਣੀ, ਹਵਾ ਅਤੇ ਮਿੱਟੀ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕੇ ਹਨ। 2009 ਤੋਂ 2013 ਤਕ 35000 ਵਿਅਕਤੀ ਕੈਂਸਰ ਨਾਲ ਜਾਨ ਗੁਆ ਚੁੱਕੇ ਹਨ; ਜਦੋਂਕਿ 25000 ਹੋਰ ਇਸ ਬਿਮਾਰੀ ਤੋਂ ਪੀੜਤ ਹਨ ਅਤੇ 80000 ਵਿਚ ਇਸ ਬਿਮਾਰੀ ਦੇ ਲੱਛਣ ਪਾਏ ਗਏ ਹਨ। ਪੰਜਾਬ ਦਾ ਹਰ ਪੰਜਵਾਂ ਬੰਦਾ ਕਿਸੇ ਨਾ ਕਿਸੇ ਰੋਗ ਦਾ ਸ਼ਿਕਾਰ ਹੈ।

ਮੈਡੀਕਲ ਕਾਲਜਾਂ ਦੀਆਂ ਫ਼ੀਸ 33% ਵਧਾ ਕੇ ਗ਼ਰੀਬਾਂ ਅਤੇ ਮੱਧ ਵਰਗੀ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਪੜ੍ਹਾਈ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ। ਯੂਨੀਵਰਸਿਟੀਆਂ, ਕਾਲਜਾਂ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਫ਼ੀਸਾਂ ਹਰ ਚੜ੍ਹਦੇ ਦਿਨ ਵਧਾ ਦਿੱਤੀਆਂ ਜਾਂਦੀਆਂ ਹਨ। ਤਕਨੀਕੀ ਕਾਲਜ, ਵਿਦਿਆਰਥੀਆਂ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਸਾਡੇ ਸਿੱਖਿਆ ਢਾਂਚੇ ਦਾ ਭੱਠਾ ਬੈਠ ਗਿਆ ਹੈ। 30 ਹਜ਼ਾਰ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ। ਇਹ ਤੱਥ ਪ੍ਰੇਸ਼ਾਨ ਕਰਨ ਵਾਲੇ ਹਨ। ਦੇਸ਼ ਦੇ 29 ਰਾਜਾਂ ਵਿਚੋਂ ਪੰਜਾਬ ਵਿਕਾਸ ਅਤੇ ਖ਼ੁਸ਼ਹਾਲੀ ਦੇ ਖੇਤਰ ਵਿਚੋਂ ਸਭ ਤੋਂ ਪਿੱਛੇ ਰਹਿ ਗਿਆ ਹੈ। ਪੰਜਾਬ ਸਿਰ ਇੱਕ ਲੱਖ 70 ਹਜ਼ਾਰ ਕਰਜ਼ਾ ਚੜ੍ਹ ਚੁੱਕਾ ਹੈ ਜਿਸ ਦਾ ਸਾਲਾਨਾ ਵਿਆਜ ਹੀ ਦਸ ਹਜ਼ਾਰ ਕਰੋੜ ਹੈ। 46 ਲੱਖ ਪਰਿਵਾਰਾਂ ਵਿਚੋਂ 13 ਲੱਖ ਗ਼ਰੀਬੀ ਦੀ ਰੇਖਾ ਹੇਠਾਂ ਹਨ। ਖੇਤੀ ਵਿਚ ਖੜੋਤ ਆ ਚੁੱਕੀ ਹੈ, ਖੇਤੀ ਵਿਕਾਸ ਦਰ ਲਗਪਗ ਇੱਕ ਫ਼ੀਸਦੀ ਰਹਿ ਗਈ ਹੈ। ਦੂਜੇ ਰਾਜਾਂ ਤੋਂ ਬਿਜਲੀ ਦੀਆਂ ਦਰਾਂ ਕਿਤੇ ਵਧ ਹਨ। ਕਈ ਵਾਰ ਬੱਸ ਕਿਰਾਏ ਵਧਾ ਕੇ ਨਿੱਜੀ ਟਰਾਂਸਪੋਰਟਰਾਂ ਨੂੰ ਲਾਭ ਪਹੁੰਚਾਇਆ ਗਿਆ ਹੈ। ਕਈ ਰਾਜਾਂ ਨਾਲੋਂ ਬੱਸ ਕਿਰਾਏ ਵੀ ਕਾਫ਼ੀ ਵੱਧ ਹਨ। ਡੀਜ਼ਲ ਅਤੇ ਪੈਟਰੋਲ 'ਤੇ ਸਭ ਤੋਂ ਵੱਧ ਟੈਕਸ ਹੈ। ਕੇਂਦਰ ਵੱਲੋਂ ਦਿੱਤੀਆਂ ਜਾਂਦੀਆਂ ਗਰਾਂਟਾਂ ਅਕਸਰ ਲੈਪਸ ਹੋ ਜਾਂਦੀਆਂ ਹਨ। ਜਿਸ ਕਿਸਮ ਦੀ ਹਾਲਤ ਪੰਜਾਬ ਵਿਚ ਇਸ ਸਮੇਂ ਹੈ, ਜਾਪਦਾ ਹੈ ਕਿ ਪੰਜਾਬ ਦਾ ਕੋਈ ਬੇਲੀ ਨਹੀਂ।

# ਢਿੱਲੀ ਪੈ ਰਹੀ ਹੈ ਨਵਾਜ਼ ਸਰਕਾਰ ਦੀ ਪਕੜ

ਕੀ ਸਿਆਸੀ ਮੋਰਚੇ 'ਤੇ ਘਟੀਆ ਕਾਰਗੁਜ਼ਾਰੀ ਕਾਰਨ ਪੀ.ਐਮ.ਐਲ. (ਐਨ.) ਦੀ ਅਗਵਾਈ ਵਾਲੀ ਸਰਕਾਰ ਦੀ ਪਕੜ ਢਿੱਲੀ ਪੈ ਰਹੀ ਹੈ? ਕੁਝ ਹਫ਼ਤੇ ਪਹਿਲਾਂ ਤਾਂ ਲੱਗਦਾ ਸੀ ਕਿ ਨਵਾਜ਼ ਸ਼ਰੀਫ ਅਤੇ ਸ਼ਾਹਬਾਜ਼ ਸ਼ਰੀਫ ਨੇ ਸਾਰੀਆਂ ਸਮੱਸਿਆਵਾਂ ਹੱਲ ਕਰ ਲਈਆਂ ਹਨ। ਉਨ੍ਹਾਂ ਨੇ ਸ਼ਾਇਦ ਇਹ ਮੰਨ ਲਿਆ ਸੀ ਕਿ ਵਿਰੋਧੀ ਧਿਰ ਦੇ ਵੰਡੇ ਜਾਣ ਕਰਕੇ ਸਰਕਾਰ 14 ਅਗਸਤ ਨੂੰ ਸਿਆਸੀ ਸੁਨਾਮੀ ਦੇ ਰੂਪ ਵਿਚ ਪੈਦਾ ਹੋਣ ਵਾਲੀ ਇਮਰਾਨ ਖਾਨ ਦੀ ਚੁਣੌਤੀ ਨਾਲ ਪ੍ਰਭਾਵਸ਼ਾਲੀ

**ਆਰਿਫ ਨਿਜ਼ਾਮੀ**

ਢੰਗ ਨਾਲ ਨਜਿੱਠ ਲਵੇਗੀ ਪਰ ਆਸਿਫ ਅਲੀ ਜ਼ਰਦਾਰੀ ਨੇ ਲੰਡਨ ਵਿਚ ਬੈਠਿਆਂ ਹੀ ਸ਼ਰੀਫ ਭਰਾਵਾਂ ਦੀ ਖੇਡ ਵਿਗਾੜ ਦਿੱਤੀ। ਉਨ੍ਹਾਂ ਨਵਾਜ਼ ਸ਼ਰੀਫ ਨੂੰ 'ਮੁਗ਼ਲੇ-ਆਜ਼ਮ' ਦੀ ਬਜਾਏ 'ਵਜ਼ੀਰੇ-ਆਜ਼ਮ' (ਪ੍ਰਧਾਨ ਮੰਤਰੀ) ਵਰਗਾ ਵਤੀਰਾ ਕਰਨ ਲਈ ਕਹਿੰਦਿਆਂ ਇਮਰਾਨ ਖਾਨ ਦੀ ਚਾਰ ਚੋਣ ਹਲਕਿਆਂ ਵਿਚ ਵੋਟਾਂ ਦੀ ਗਿਣਤੀ ਦੁਬਾਰਾ ਕਰਵਾਉਣ ਦੀ ਮੰਗ ਦਾ ਸਮਰਥਨ ਕੀਤਾ ਹੈ।

ਪੀ.ਪੀ.ਪੀ. ਦੇ ਪ੍ਰਧਾਨ ਦੇ ਬਿਆਨ ਨੂੰ ਤਾਂ ਸਿਰਫ਼ ਖਾਨਾਪੂਰਤੀ ਕਰਾਰ ਦਿੱਤਾ ਜਾ ਸਕਦਾ ਹੈ ਪਰ ਪੀ.ਐਮ.ਐਲ.(ਐਨ.) ਲਈ ਇਸ ਦੀ ਅਣਦੇਖੀ ਕਰਨਾ ਆਪਣੇ ਪੈਰਾਂ 'ਤੇ ਕੁਹਾੜੀ ਮਾਰਨ ਵਾਂਗ ਹੋਵੇਗਾ। ਪੀ.ਪੀ.ਪੀ. ਦੇ ਮਿੱਤਰ ਭਾਵਨਾ ਵਾਲੇ ਸੰਕੇਤਾਂ ਨੂੰ ਦੇਖਦਿਆਂ ਇਹ ਮੰਨਿਆ ਜਾ ਰਿਹਾ ਸੀ ਕਿ ਦੇਸ਼ ਦੀ ਸਭ ਤੋਂ ਵੱਡੀ ਵਿਰੋਧੀ ਪਾਰਟੀ 'ਦੋਸਤਾਨਾ ਆਪੋਜ਼ੀਸ਼ਨ' ਦੀ ਭੂਮਿਕਾ ਨਿਭਾਉਣਾ ਜਾਰੀ ਰੱਖੇਗੀ।

ਜਦੋਂ ਜ਼ਰਦਾਰੀ ਰਾਸ਼ਟਰਪਤੀ ਸਨ ਤਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ ਉਨ੍ਹਾਂ ਦੇ ਪੰਜਾਬ ਆਉਣ 'ਤੇ ਉਨ੍ਹਾਂ ਦਾ ਸਵਾਗਤ ਕਰਨ ਵੀ ਨਹੀਂ ਜਾਂਦੇ ਸਨ, ਪਰ ਇਸ ਦੇ ਉਲਟ ਨਵਾਜ਼ ਸ਼ਰੀਫ ਜਦੋਂ ਵੀ ਸਿੰਧ ਜਾਂਦੇ ਹਨ ਤਾਂ ਉਨ੍ਹਾਂ ਦਾ ਪ੍ਰੋਟੋਕੋਲ ਮੁਤਾਬਿਕ ਨਿੱਘਾ ਸਵਾਗਤ ਕੀਤਾ ਜਾਂਦਾ ਹੈ, ਹਾਲਾਂਕਿ ਇਸ ਪਰਦੇ ਦੇ ਪਿੱਛੇ ਸਿਆਸੀ ਤੂਫ਼ਾਨ ਜਨਮ ਲੈ ਰਿਹਾ ਸੀ ਕਿ ਉਸ ਤੋਂ ਪਹਿਲਾਂ ਹੀ ਸਾਬਕਾ ਰਾਸ਼ਟਰਪਤੀ ਦੀ ਉਕਤ ਤਿੱਖੀ ਟਿੱਪਣੀ ਸਾਹਮਣੇ ਆ ਗਈ। ਸਿੰਧ ਵਿਚ ਪੀ.ਪੀ.ਪੀ. ਦੀਆਂ ਸ਼ਿਕਾਇਤਾਂ ਸੱਚਮੁਚ ਜਾਇਜ਼ ਹਨ। ਜਦ ਸੂਬਾ ਸਰਕਾਰ ਦੀਆਂ ਇੱਛਾਵਾਂ ਦੇ ਉਲਟ ਸ਼ਰੀਫ ਸਰਕਾਰ ਨੇ ਆਈ.ਜੀ. ਦੀ ਨਿਯੁਕਤੀ ਕਰ ਦਿੱਤੀ ਤਾਂ ਪੀ.ਪੀ.ਪੀ. ਦੇ ਸਬਰ ਦਾ ਬੰਨ੍ਹ ਟੁੱਟ ਗਿਆ।

ਬਚੀ-ਖੁਚੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਕੇਂਦਰੀ ਗ੍ਰਹਿ ਮੰਤਰੀ ਨੇ ਕਰਾਚੀ ਹਵਾਈ ਅੱਡੇ 'ਤੇ ਅਤਿਵਾਦੀ ਹਮਲੇ ਲਈ ਸਿੰਧ ਪ੍ਰਸ਼ਾਸਨ ਨੂੰ ਦੋਸ਼ੀ ਦੱਸਿਆ। ਆਪਸੀ ਖਿੱਚੋਤਾਣ ਦੀ ਇਕ ਹੋਰ ਮਿਸਾਲ ਹੈ ਸਿੰਧ ਸੂਬੇ ਲਈ ਅਹਿਮ ਮੰਨੀਆਂ ਜਾਂਦੀਆਂ ਯੋਜਨਾਵਾਂ ਵਾਸਤੇ ਸਿੰਧ ਸਰਕਾਰ ਨੂੰ ਰਕਮ ਜਾਰੀ ਕਰਨਾ। ਪੀ.ਪੀ.ਪੀ. ਵਲੋਂ ਦੋਸ਼ ਲਗਾਇਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਤਕ ਸਿੱਧੀ ਪਹੁੰਚ ਰੱਖਣ ਵਾਲਾ ਇਕ ਤਾਕਤਵਰ ਉੱਚ ਨੌਕਰਸ਼ਾਹ ਕੁਝ ਬੜਬੋਲੇ ਮੰਤਰੀਆਂ ਦੀ ਸ਼ਹਿ 'ਤੇ ਹੀ ਫੰਡ ਜਾਰੀ ਕਰਨ ਦੇ ਮਾਮਲੇ ਵਿਚ ਅੜਿੱਕੇ ਡਾਹ ਰਿਹਾ ਹੈ। ਸਿੱਧੀ ਗੱਲ ਤਾਂ ਇਹ ਹੈ ਕਿ ਪੀ.ਐਮ.ਐਲ.(ਐਨ.) ਅਤੇ ਪੀ.ਪੀ.ਪੀ. ਦੇ ਰਿਸ਼ਤਿਆਂ ਵਿਚ ਖਟਾਸ ਆ ਗਈ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਅਜਿਹਾ ਸਥਾਈ ਰੂਪ ਵਿਚ ਨਹੀਂ ਹੋਵੇਗਾ।

ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਚਾਰੇ ਪਾਸਿਓਂ ਸਮੱਸਿਆਵਾਂ ਵਿਚ ਘਿਰੀ ਨਵਾਜ਼ ਸਰਕਾਰ 'ਤੇ ਹੱਥਕੰਡੇ ਦੇ ਰੂਪ ਵਿਚ ਦਬਾਅ ਬਣਾ ਕੇ ਪੀ.ਪੀ.ਪੀ. ਕੁਝ ਰਿਆਇਤਾਂ ਹਾਸਿਲ ਕਰਨਾ ਚਾਹੁੰਦੀ ਹੈ। ਰਾਹਤ ਵਾਲੀ ਗੱਲ ਤਾਂ ਇਹ ਹੈ ਕਿ ਪੀ.ਪੀ.ਪੀ. ਅੰਦੋਲਨ ਲਈ ਸੜਕਾਂ 'ਤੇ ਉਤਰ ਕੇ ਸਰਕਾਰ ਨੂੰ ਸੱਤਾ ਤੋਂ ਉਖਾੜਨ ਦੀ ਹਮਾਇਤ ਕਰਨ ਦੀ ਬਜਾਏ ਸੰਸਦ ਅੰਦਰ ਹੀ ਚੋਣ ਸੁਧਾਰਾਂ 'ਤੇ ਜ਼ੁਬਾਨੀ ਜਮ੍ਹਾ ਖਰਚ ਕਰ ਰਹੀ ਹੈ। ਫਿਰ ਵੀ ਨਵਾਜ਼ ਸ਼ਰੀਫ ਦੀ ਸਰਕਾਰ ਨੂੰ ਇਹ ਸੰਭਾਵਨਾ ਰੱਦ ਨਹੀਂ ਕਰਨੀ ਚਾਹੀਦੀ ਕਿ ਸਿਰਫ਼ ਉਸ ਨੂੰ ਸੱਤਾ ਤੋਂ ਹਟਾਉਣ ਦੇ ਉਦੇਸ਼ ਨਾਲ ਹੀ ਸਰਬ ਪਾਰਟੀ ਗੱਠਜੋੜ ਬਣ ਸਕਦਾ ਹੈ।

ਪਾਕਿਸਤਾਨ ਅਵਾਮੀ ਤਹਿਰੀਕ (ਪੀ.ਏ.ਟੀ.) ਦੇ ਤਾਹਿਰ ਉਲ ਕਾਦਰੀ ਅਤੇ ਪਾਕਿਸਤਾਨ ਤਹਿਰੀਕੇ-ਇਨਸਾਫ (ਪੀ.ਟੀ.ਆਈ.) ਦੇ ਵੱਖ-ਵੱਖ ਦ੍ਰਿਸ਼ਟੀਕੋਣਾਂ ਕਾਰਨ ਪੈਦਾ ਹੋਏ ਤਣਾਅ ਅਤੇ ਮਤਭੇਦਾਂ ਦੇ ਬਾਵਜੂਦ ਕੁਝ ਸਿਆਸਤਦਾਨ ਅਤੇ ਹੋਰ ਅਹਿਮ ਖਿਡਾਰੀ ਘੱਟੋ-ਘੱਟ ਪ੍ਰੋਗਰਾਮ (ਭਾਵ ਸ਼ਰੀਫ ਨੂੰ ਸੱਤਾ ਤੋਂ ਲਾਂਭੇ ਕਰਨ) ਦੇ ਆਧਾਰ 'ਤੇ ਗੱਠਜੋੜ ਬਣਾਉਣ ਲਈ ਪਰਦੇ ਦੇ ਪਿੱਛੇ ਦਿਨ-ਰਾਤ ਇਕ ਕਰ ਰਹੇ ਹਨ। ਰੰਗ-ਬਰੰਗੀਆਂ ਸਿਆਸੀ ਪਾਰਟੀਆਂ ਲਈ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕੇਂਦਰ ਵਿਚ ਬੈਠੀ ਸਰਕਾਰ ਉਨ੍ਹਾਂ ਨੂੰ ਅੰਦੋਲਨ ਸ਼ੁਰੂ ਕਰਨ ਦਾ ਕੋਈ ਮੁੱਢਲਾ ਬਹਾਨਾ ਮੁਹੱਈਆ ਨਹੀਂ ਕਰਵਾ ਰਹੀ। ਫਿਰ ਵੀ ਬਚਗਾਨਾ ਤੌਰ 'ਤੇ ਉਹ ਇਸ ਕਲਪਨਾ ਦਾ ਸ਼ਿਕਾਰ ਹਨ ਕਿ ਆਈ.ਐਸ.ਆਈ. ਦੇ ਮੌਜੂਦਾ ਸੂਤਰਧਾਰ ਨਵਾਜ਼ ਸ਼ਰੀਫ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ।

ਫਿਰ ਵੀ ਸਿਵਲ ਅਤੇ ਫੌਜੀ ਲੀਡਰਸ਼ਿਪ ਵਿਚਾਲੇ ਅਸਲੀ ਅਤੇ ਕਾਲਪਨਿਕ ਤਣਾਵਾਂ ਦੇ ਬਾਵਜੂਦ ਬਾਹਰੋਂ ਦੇਖਣ ਨੂੰ ਇਨ੍ਹਾਂ ਦੇ ਰਿਸ਼ਤਿਆਂ ਵਿਚ ਸੁਧਾਰ ਆ ਰਿਹਾ ਹੈ। ਹੁਣੇ-ਹੁਣੇ ਨਵਾਜ਼ ਸ਼ਰੀਫ ਵਲੋਂ ਫੌਜੀ ਹੈਡਕੁਆਰਟਰ ਦਾ ਕੀਤਾ ਗਿਆ ਦੌਰਾ ਇਸ ਤੱਥ ਦਾ ਸਬੂਤ ਹੈ ਕਿ ਫੌਜ ਅਤੇ ਖੁਫੀਆ ਤੰਤਰ ਦੀ ਇਸ ਸਮੇਂ ਸਭ ਤੋਂ ਵੱਡੀ ਚਿੰਤਾ ਅਤਿਵਾਦ ਵਿਰੁੱਧ ਚੱਲ ਰਹੀ ਕਾਰਵਾਈ (ਜ਼ਰਬ-ਏ-ਅਜ਼ਬ) ਅਤੇ ਇਸ ਦਾ ਨਿਕਲਣ ਵਾਲਾ ਨਤੀਜਾ ਕੀ ਹੈ? ਵਿਰੋਧੀ ਸਿਆਸੀ ਪਾਰਟੀਆਂ ਸੜਕਾਂ 'ਤੇ ਉਤਰ ਕੇ ਅੰਦੋਲਨ ਕਰਨ ਲਈ ਬੇਚੈਨ ਹਨ ਪਰ ਉਨ੍ਹਾਂ ਨੂੰ ਅੰਦੋਲਨ ਸ਼ੁਰੂ ਕਰਨ ਲਈ ਕੋਈ ਠੋਸ ਮੁੱਦਾ ਨਹੀਂ ਮਿਲ ਰਿਹਾ।

ਫਿਰ ਵੀ ਇਮਰਾਨ ਖਾਨ ਸਰਕਾਰ ਲਈ ਚੁਣੌਤੀ ਬਣੇ ਰਹਿਣਗੇ। ਉਹ ਚੋਣਾਂ ਦਾ ਮੁਕੰਮਲ ਤੌਰ 'ਤੇ ਲੇਖਾ-ਜੋਖਾ ਕਰਵਾਉਣਾ ਚਾਹੁੰਦੇ ਹਨ। ਵਾਲ ਦੀ ਖੱਲ ਉਧੇੜਨ ਵਾਲੇ ਤਾਂ ਇਹ ਵੀ ਦਲੀਲ ਦੇ ਸਕਦੇ ਹਨ ਕਿ ਜੇ ਅਫ਼ਗਾਨਿਸਤਾਨ ਵਿਚ ਸਾਰੀਆਂ ਵੋਟਾਂ ਦੀ ਗਿਣਤੀ ਦੁਬਾਰਾ ਹੋ ਸਕਦੀ ਹੈ ਤਾਂ ਪਾਕਿਸਤਾਨ ਵਿਚ ਕਿਉਂ ਨਹੀਂ?

ਦੂਜੇ ਪਾਸੇ ਬਲੋਚਿਸਤਾਨ ਵਿਚ ਬਲੋਚ ਰਾਸ਼ਟਰਵਾਦੀਆਂ ਦੀ ਸਰਕਾਰ ਹੈ। ਇਹ ਦ੍ਰਿਸ਼ ਸਥਾਈ ਲੋਕਰਾਜੀ ਢਾਂਚੇ ਲਈ ਕੋਈ ਬੁਰਾ ਨੁਸਖ਼ਾ ਨਹੀਂ, ਬਸ਼ਰਤੇ ਕਿ ਸਾਰੀਆਂ ਧਿਰਾਂ ਇਕ-ਦੂਜੀ ਨੂੰ ਬਰਦਾਸ਼ਤ ਕਰਨ ਲਈ ਰਾਜ਼ੀ ਹੋਣ ਪਰ ਸਮੱਸਿਆ ਤਾਂ ਇਸੇ ਗੱਲ ਨੂੰ ਲੈ ਕੇ ਹੈ। ਇਮਰਾਨ ਖਾਨ ਅਤੇ ਉਨ੍ਹਾਂ ਦੇ ਕੁਝ ਬੇਰੋਜ਼ਗਾਰ ਘਾਗ ਸਾਥੀਆਂ ਵਲੋਂ ਇਸਲਾਮਾਬਾਦ ਦੀ ਕੇਂਦਰ ਸਰਕਾਰ ਦੀਆਂ ਕੁਰਸੀਆਂ 'ਤੇ ਅੰਦੋਲਨ ਦੇ ਬਲਬੂਤੇ 'ਤੇ ਬਿਰਾਜਮਾਨ ਹੋਣ ਲਈ ਦਿਖਾਈ ਜਾ ਰਹੀ ਕਾਹਲ ਦੇ ਬਾਵਜੂਦ ਸ਼ਰੀਫ ਭਰਾਵਾਂ ਦਾ ਸਮਰਾਟਾਂ ਵਰਗਾ ਧਾਕੜ ਰਵੱਈਆ ਜਾਰੀ ਹੈ।

ਬਦਕਿਸਮਤੀ ਨਾਲ ਸਰਕਾਰ ਦੀ ਕਾਰਗੁਜ਼ਾਰੀ (ਜੋ ਨਾ ਹੋਣ ਵਰਗੀ ਹੈ) ਕਾਰਨ ਵਿਰੋਧੀ ਧਿਰ ਦੀ ਮੁਹਿੰਮ ਲਈ ਲੋੜੀਂਦਾ ਆਧਾਰ ਤਿਆਰ ਹੋ ਰਿਹਾ ਹੈ। ਪਿਛਲੇ ਮਹੀਨੇ ਲਾਹੌਰ ਵਿਚ ਨਾਗਰਿਕਾਂ ਵਿਰੁੱਧ ਸਰਕਾਰੀ ਹਿੰਸਾ ਦਾ ਇਕ ਨਵਾਂ ਅਧਿਆਏ ਇਤਿਹਾਸ ਵਿਚ ਦਰਜ ਹੋਇਆ ਸੀ। ਉਥੇ ਪੰਜਾਬ ਪੁਲਸ ਵਲੋਂ ਪੀ.ਏ.ਟੀ. ਹੈਡਕੁਆਰਟਰ ਦੇ ਬਾਹਰ ਕੀਤੀ ਗਈ ਅੰਨ੍ਹੇਵਾਹ ਫਾਇਰਿੰਗ ਨਾਲ ਘੱਟੋ-ਘੱਟ 14 ਵਿਅਕਤੀ ਮਾਰੇ ਗਏ ਅਤੇ ਦਰਜਨਾਂ ਜ਼ਖ਼ਮੀ ਹੋ ਗਏ ਪਰ ਮੁੱਖ ਮੰਤਰੀ ਵਲੋਂ ਇਹ ਦਾਅਵਾ ਕਰਨਾ ਕਿ ਉਨ੍ਹਾਂ ਨੇ ਤਾਂ ਇਸ ਫਾਇਰਿੰਗ ਦਾ ਆਦੇਸ਼ ਨਹੀਂ ਦਿੱਤਾ ਸੀ, ਦੇ ਮੱਦੇਨਜ਼ਰ ਅਜੇ ਵੀ ਇਹ ਰਹੱਸ ਕਾਇਮ ਹੈ ਕਿ ਫਾਇਰਿੰਗ ਕਿਸ ਦੇ ਕਹਿਣ 'ਤੇ ਹੋਈ ਸੀ?

ਤਰਾਸਦੀ ਦੇਖੋ ਕਿ ਜੋ ਲੋਕ ਵਿਰੋਧੀ ਧਿਰ ਵਿਚ ਹੁੰਦਿਆਂ ਪੀ.ਪੀ.ਪੀ. ਸਰਕਾਰ ਨੂੰ ਨਾਲਾਇਕ ਹੋਣ ਦਾ ਉਲਾਂਭਾ ਦਿੰਦੇ ਰਹੇ ਹਨ, ਉਹੀ ਲਗਾਤਾਰ ਵਧਦੇ ਕਰਜ਼ੇ ਨੂੰ ਘੱਟ ਕਰਨ ਅਤੇ ਲੋਡ ਸ਼ੈਡਿੰਗ ਨਾਲ ਨਜਿੱਠਣ ਲਈ ਜ਼ਿਆਦਾ ਸਮਾਂ ਮੰਗ ਰਹੇ ਹਨ। ਨਵਾਜ਼ ਸਰਕਾਰ ਵੀ ਉਹੀ ਸਿਆਸੀ ਗੇਮ ਖੇਡ ਰਹੀ ਹੈ ਜਿਹੜੀ ਪੀ.ਪੀ.ਪੀ. ਸਰਕਾਰ ਵਲੋਂ ਜਾਰੀ ਸੀ, ਸਿਰਫ਼ ਇਸ ਨਾਟਕ ਦੇ ਪਾਤਰ ਹੀ ਬਦਲੇ ਹਨ।

*ਸਿਰਕੱਢ ਪੰਜਾਬੀ ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲਿਖਤ ਵਿਚ ਵੀ ਉਹ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਆਪਣੇ ਕਾਲਮ 'ਜਗਤ ਤਮਾਸ਼ਾ' ਵਾਂਗ ਨਿਵੇਕਲੇ ਰੰਗ ਨਾਲ ਹਾਜ਼ਰ ਹੈ। ਆਪਣੀ ਧੀ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਹਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਇਕੱਲੇ ਨੰਗਲ ਸ਼ਾਮਾ ਪਿੰਡ ਬਾਰੇ ਨਹੀਂ, ਸਗੋਂ ਇਹ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਨ੍ਹਾਂ ਪਿੰਡਾਂ ਦੀ ਤਾਸੀਰ ਬਦਲ ਗਈ ਹੈ ਅਤੇ ਤੱਤ ਵੀ ਬਦਲ ਰਿਹਾ ਹੈ। ਦਲਬੀਰ ਨੇ ਇਹ ਰਚਨਾ ਧੜਕਦੇ ਦਿਲ ਨਾਲ ਕੀਤੀ ਹੋਈ ਹੈ, ਇਸੇ ਲਈ ਇਸ ਨੂੰ ਪੜ੍ਹਨ-ਸੁਣਨ ਵਾਲੇ ਦਾ ਦਿਲ ਵੀ ਉਸ ਰੌਂਅ ਵਿਚ ਧੜਕਣ ਲਗਦਾ ਹੈ। ਐਤਕੀਂ ਵਾਲੀ ਕਿਸ਼ਤ 'ਠੇਕੇਦਾਰ ਦਾ ਟਿਊਬਵੈਲ' ਵਿਚ ਉਹ ਪਿੰਡ ਦੇ ਬਸੀਵੇਂ 'ਤੇ ਆਪਣੀ ਧੀ ਨਾਲ ਖੜ੍ਹਾ ਪਿੰਡ ਨੂੰ ਨਿਹਾਰ ਰਿਹਾ ਹੈ। ਇਸ ਤੱਕਣੀ ਵਿਚ ਹੇਰਵਾ ਅਤੇ ਝੋਰਾ ਤਾਂ ਹੈ ਹੀ, ਇਕ ਤਾਂਘ ਵੀ ਹੈ ਕਿ ਉਸ ਦੀ ਧੀ ਨੂੰ ਉਸ ਦਾ ਪਿੰਡ ਭਾ ਜਾਵੇ। ਉਹ ਆਪਣੀ ਅਗਲੀ ਪੀੜ੍ਹੀ ਨਾਲ ਆਪਣੇ ਪਿੰਡ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। -ਸੰਪਾਦਕ*

**ਤੇਰੀਆਂ ਗਲੀਆਂ-2**



***ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੋਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***

# ਠੇਕੇਦਾਰ ਦਾ ਟਿਊਬਵੈਲ

ਮੇਰੀ ਬੇਟੀ ਮੇਰੇ ਪਿੰਡ ਨੰਗਲ ਸ਼ਾਮਾ ਵੱਲ ਦੇਖ ਕੇ ਪੁੱਛਦੀ ਹੈ ਕਿ ਪਿੰਡ ਇਸ ਤਰ੍ਹਾਂ ਦੇ ਹੁੰਦੇ ਹਨ? ਉਸ ਨੇ ਰਾਜਸਥਾਨ ਦਾ ਇਕ ਪਿੰਡ ਦੇਖਣ ਤੋਂ ਬਿਨਾਂ ਟੈਲੀਵਿਜ਼ਨ ਤੋਂ ਵੀ ਦੇਖਿਆ ਜਾਂ ਕਿਤਾਬਾਂ ਵਿਚ ਪੜ੍ਹਿਆ ਸੀ ਕਿ ਪਿੰਡਾਂ ਵਿਚ ਕੱਚੇ ਘਰ ਹੁੰਦੇ ਹਨ, ਸੜਕਾਂ ਦੀ ਥਾਂ ਕੱਚੇ ਰਸਤੇ ਹੁੰਦੇ ਹਨ। ਦੂਰ-ਦੂਰ ਤਕ ਖੇਤ ਹੁੰਦੇ ਹਨ। ਖੇਤਾਂ ਵਿਚ ਕਣਕ ਦੇ 'ਦਰਖਤ' ਲਗਦੇ ਹਨ। ਦਰਖ਼ਤ ਨਹੀਂ, ਸਗੋਂ 'ਪੇੜ' ਲਗਦੇ ਹਨ। ਪਿੰਡਾਂ ਦੇ ਲੋਕ ਗਰੀਬ ਹੁੰਦੇ ਹਨ। ਇਸ ਲਈ ਉਹ ਝੌਂਪੜੀਆਂ ਵਿਚ ਰਹਿੰਦੇ ਹਨ। ਗਰੀਬ ਹੋਣ ਕਾਰਨ ਉਨ੍ਹਾਂ ਦੇ ਕੱਪੜੇ ਵੀ ਚੰਗੇ ਨਹੀਂ ਹੁੰਦੇ। ਉਥੇ ਸਕੂਲ ਹੁੰਦੇ ਹੀ ਨਹੀਂ; ਹੁੰਦੇ ਹਨ ਤਾਂ ਬੱਚੇ ਪੜ੍ਹਾਈ ਨਹੀਂ ਕਰਦੇ। ਜੇ ਕਰਦੇ ਹਨ ਤਾਂ ਸਿਰਫ ਮੁੰਡੇ ਹੀ ਕਰਦੇ ਹਨ। ਕੁੜੀਆਂ ਨੂੰ ਉਨ੍ਹਾਂ ਦੇ ਮਾਪੇ ਪੜ੍ਹਨ ਨਹੀਂ ਭੇਜਦੇ। ਪਿੰਡਾਂ ਦੀਆਂ ਗਲੀਆਂ ਕੱਚੀਆਂ ਹੁੰਦੀਆਂ ਹਨ। ਉਨ੍ਹਾਂ ਵਿਚ ਚਿੱਕੜ ਹੁੰਦਾ ਹੈ।

ਉਸ ਨੇ ਜਿਹੜਾ ਪਿੰਡ ਦੇਖਿਆ ਸੀ, ਉਹ ਰਾਜਸਥਾਨ ਦੇ ਭਰਤਗੜ੍ਹ ਦਾ ਕੋਈ ਪਿੰਡ ਸੀ। ਉਥੇ ਅਸੀਂ ਇਕ ਸ਼ਾਦੀ ਦੇ ਸਬੰਧ ਵਿਚ ਗਏ ਸਾਂ। ਉਸ ਪਿੰਡ ਵਿਚ ਕੱਚੇ ਘਰਾਂ ਦੀ ਬਹੁਤਾਤ ਸੀ। ਸਕੂਲ ਤਾਂ ਭਾਵੇਂ ਤਿੰਨ ਸਨ ਪਰ ਉਨ੍ਹਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਬਹੁਤੀ ਨਹੀਂ ਸੀ। ਉਨ੍ਹਾਂ ਵਿਚੋਂ ਕੁੜੀਆਂ ਦੀ ਗਿਣਤੀ ਹੋਰ ਵੀ ਘੱਟ ਸੀ। ਸ਼ਾਇਦ ਸੌ ਪਿੱਛੇ ਦਸ ਅਤੇ ਉਹ ਸਿਰਫ ਪ੍ਰਾਇਮਰੀ ਸਕੂਲ ਵਿਚ। ਇਨ੍ਹਾਂ ਦਸ ਕੁੜੀਆਂ ਵਿਚੋਂ ਵੀ ਮੁਸਲਮਾਨ ਕੁੜੀਆਂ ਦੀ ਗਿਣਤੀ ਇਕ ਜਾਂ ਦੋ ਤਕ ਹੀ ਸੀਮਤ ਸੀ।

ਮੈਂ ਅਤੇ ਮੇਰੀ ਧੀ ਨੇ ਇਕ ਗੋਰੀ ਕੁੜੀ ਨਾਲ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਉਹ ਸ਼ਰਮਾਈ ਜਾਵੇ। ਉਸ ਦੇ ਬਾਈ ਵਰ੍ਹਿਆਂ ਦੇ ਭਰਾ ਨੂੰ ਇਹ ਇਤਰਾਜ਼ ਸੀ ਕਿ ਮੈਂ ਹੰਸੀਰਾ ਨਾਂ ਦੀ ਇਸ ਸ਼ਰਮਾਕਲ ਕੁੜੀ ਨਾਲ ਗੱਲਾਂ ਕਿਉਂ ਕਰ ਰਿਹਾ ਸਾਂ? 'ਇਥੇ ਕੁੜੀਆਂ ਪਰਾਏ ਮਰਦਾਂ ਨਾਲ ਗੱਲਾਂ ਨਹੀਂ ਕਰਦੀਆਂ।' ਬਾਰਾਂ ਵਰ੍ਹਿਆਂ ਦੀ ਉਸ ਕੁੜੀ ਲਈ ਮੇਰੇ ਵਰਗੇ ਉਸ ਬੰਦੇ ਨਾਲ ਗੱਲ ਕਰਨ ਦੀ ਮਨਾਹੀ ਸੀ ਜਿਸ ਦੀ ਬਾਰਾਂ ਵਰ੍ਹਿਆਂ ਦੀ ਧੀ ਉਸ ਕੁੜੀ ਨਾਲ ਸਹੇਲਪੁਣਾ ਪਾਉਣ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਮੇਰੀ ਧੀ ਲਈ ਇਹ ਹੈਰਾਨੀ ਵਾਲੀ ਗੱਲ ਸੀ ਕਿ ਹੰਸੀਰਾ ਅਤੇ ਉਸ ਦੀ ਉਮਰ ਦੀਆਂ ਹੋਰ ਕੁੜੀਆਂ ਸਿਰਫ ਮਸੀਤ ਵਿਚ ਕੁਰਾਨ ਸ਼ਰੀਫ ਹੀ ਪੜ੍ਹਦੀਆਂ ਹਨ। ਉਸ ਲਈ ਹੈਰਾਨੀ ਵਾਲੀ ਗੱਲ ਹੋਰ ਵੀ ਸੀ ਕਿ ਅਗਲੇ ਸਾਲ ਹੰਸੀਰਾ ਦਾ ਨਿਕਾਹ ਹੋਣ ਵਾਲਾ ਹੈ।

ਇਸ ਪਿੰਡ ਤਕ ਪਹੁੰਚਣ ਲਈ ਸੜਕ ਬਹੁਤ ਮਾੜੀ ਹੈ। ਇੰਨੀ ਮਾੜੀ ਕਿ ਦੋ ਬੱਸਾਂ ਆਹਮੋ-ਸਾਹਮਣੇ ਤੋਂ ਆ ਜਾਣ ਤਾਂ ਇਕ ਨੂੰ ਖੇਤਾਂ ਵਿਚ ਉਤਰਨਾ ਪਵੇਗਾ। ਪਿੰਡ ਵਿਚ ਗੋਹੇ ਦੀ, ਗੋਹੇ ਰਲਵੇਂ ਗੰਧਲੇ ਪਾਣੀ ਦੀ, ਖੇਤਾਂ ਵਿਚ ਤਾਰੇਮੀਰੇ ਦੀ, ਸਰ੍ਹੋਂ ਦੀ ਅਤੇ ਹੋਰ ਫਸਲਾਂ ਦੀ ਗੰਧ ਜਾਂ ਬੂ ਆਉਂਦੀ ਸੀ। ਸ਼ਹਿਰਾਂ ਵਾਲੇ ਜਿਸ ਨੂੰ ਗੰਧ ਕਹਿੰਦੇ ਹਨ, ਉਸੇ ਨੂੰ ਪਿੰਡਾਂ ਵਾਲੇ ਸੁਗੰਧ ਕਹਿੰਦੇ ਹਨ। ਇਸ ਲਈ ਮੇਰੀ ਧੀ ਦੇ ਤਸੱਵਰ ਵਿਚਲੇ ਪਿੰਡ ਇਸੇ ਤਰ੍ਹਾਂ ਦੇ ਹੁੰਦੇ ਹਨ। ਰਾਜਸਥਾਨ ਦਾ ਇਹੋ ਇਕ ਪਿੰਡ ਸੀ ਜਿਸ ਨੂੰ ਉਸ ਨੇ ਅੱਖੀਂ ਦੇਖਿਆ ਸੀ।

ਲਾਲੇ ਲੱਧੇਵਾਲੀ ਵਾਲੇ ਪਾਸਿਉਂ ਆ ਕੇ, ਜਦੋਂ ਹੁਸ਼ਿਆਰਪੁਰ ਨੂੰ ਜਾਂਦੀ ਸੜਕ ਦੇ ਕਿਨਾਰੇ ਖੜ੍ਹੇ ਹੋਈਏ ਤਾਂ ਸੱਜੇ ਪਾਸੇ ਸ਼ਾਮ ਸਿੰਘ ਦਾ ਟਿਊਬਵੈਲ ਸੀ। ਉਸ ਕੋਲ ਖੜ੍ਹ ਕੇ ਜਦੋਂ ਮੈਂ ਕਿਹਾ ਕਿ ਅਹੁ ਸਾਹਮਣੇ ਉਹ ਪਿੰਡ ਹੈ ਜਿਥੇ ਮੇਰਾ ਬਚਪਨ ਬੀਤਿਆ ਸੀ, ਤਾਂ ਬੇਟੀ ਦੇ ਚਿਹਰੇ ਉਤੇ ਕੋਈ ਖੁਸ਼ੀ ਨਹੀਂ ਸੀ ਆਈ। ਉਹ ਪਿੰਡ ਬਾਰੇ ਕੁਝ ਹੋਰ ਹੀ ਤਸੱਵਰ ਬਣਾਈ ਬੈਠੀ ਸੀ।

ਸੜਕ ਦੇ ਇਸ ਚੌਕ ਉਤੇ ਕਿਸੇ ਸਮੇਂ ਸਿਰਫ ਸ਼ਾਮ ਸਿੰਘ ਦਾ ਟਿਊਬਵੈਲ ਵਾਲਾ ਕੋਠਾ ਹੀ ਹੁੰਦਾ ਸੀ। ਵੈਸੇ ਕਿਸੇ ਵੇਲੇ ਸ਼ਾਮ ਸਿੰਘ ਦਾ ਦੋ ਮੰਜ਼ਿਲਾ ਘਰ ਪਿੰਡ ਦਾ ਸਭ ਤੋਂ ਵੱਡਾ ਘਰ ਵੀ ਹੋਇਆ ਕਰਦਾ ਸੀ। ਖਬਰੇ ਲੰਬਾ ਸਮਾਂ ਪਿੰਡ ਦਾ ਸਰਪੰਚ ਰਹੇ ਮੇਜਰ ਮਿਹਰ ਸਿੰਘ ਦੇ ਘਰ ਨਾਲੋਂ ਵੀ ਵੱਡਾ ਪਰ ਹੌਲੀ-ਹੌਲੀ ਇਹ ਘਰ ਛੋਟਾ ਪੈਂਦਾ ਗਿਆ, ਕਿਉਂਕਿ ਪਿੰਡ ਵਿਚ ਹੋਰ ਵੱਡੇ ਘਰ ਬਣਦੇ ਗਏ। ਅੱਜ ਤਾਂ ਪਿੰਡ 'ਚ ਬਹੁਤ ਵੱਡੀਆਂ-ਵੱਡੀਆਂ ਕੋਠੀਆਂ ਉਸਰ ਰਹੀਆਂ ਹਨ, ਖਾਸ ਕਰ ਕੇ ਬਿੱਕਰ ਸਿੰਘ ਅਤੇ ਗੁਰਦੇਵ ਸਿੰਘ ਦੇ ਪਰਿਵਾਰਾਂ ਦੀਆਂ। ਮਗਰੋਂ ਸ਼ਾਮ ਸਿੰਘ ਨੇ ਇਹ ਘਰ ਸਾਡੇ ਪਿੰਡ ਨੌਕਰੀ ਉਤੇ ਲੱਗੀ ਇਕ ਮਾਸਟਰਨੀ ਦੇ ਪਰਿਵਾਰ ਨੂੰ ਦੇ ਦਿੱਤਾ ਸੀ ਜਿਸ ਦਾ ਛੋਟਾ ਭਰਾ ਮੇਰਾ ਜਮਾਤੀ ਬਣਿਆ ਅਤੇ ਅੱਠਵੀਂ ਤੋਂ ਲੈ ਕੇ ਗਿਆਰਵੀਂ ਤਕ ਜਮਾਤੀ ਰਿਹਾ। ਉਸ ਨਾਲ ਇਸ ਘਰ ਵਿਚ ਬਹੁਤ ਸਮਾਂ ਬਿਤਾਇਆ ਅਤੇ ਇਸ ਘਰ ਨਾਲ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ।

ਸ਼ਾਮ ਸਿੰਘ ਠੇਕੇਦਾਰ ਨੇ ਜਦੋਂ ਰਾਮਾ ਮੰਡੀ-ਹੁਸ਼ਿਆਰਪੁਰ ਸੜਕ 'ਤੇ ਪਿੰਡ ਵੱਲ ਮੁੜਦੇ ਰਸਤੇ ਦੇ ਐਨ ਉਤੇ ਦੋ ਕਮਰੇ ਛੱਤ ਕੇ ਟਿਊਬਵੈਲ ਲਾਇਆ ਤਾਂ ਇਹ ਸਾਡੇ ਪਿੰਡ ਦਾ ਪਹਿਲਾ ਟਿਊਬਵੈਲ ਸੀ। ਉਸ ਨੇ ਬਹੁਤ ਵੱਡਾ ਚੁਬੱਚਾ ਬਣਾਇਆ ਜਿਹੜਾ ਕਰੀਬ ਦਸ ਫੁਟ ਲੰਬਾ ਅਤੇ ਪੰਜ ਫੁੱਟ ਡੂੰਘਾ ਸੀ। ਉਸ ਵਿਚੋਂ ਨਿਕਲ ਕੇ ਪਾਣੀ ਹੇਠਲੇ ਚਲ੍ਹੇ ਵਿਚ ਪੈਂਦਾ ਸੀ ਜਿਹੜਾ ਸਾਧਾਰਨ ਚਲ੍ਹਿਆ ਵਰਗਾ ਪੰਜ ਫੁੱਟ ਲੰਬਾ ਅਤੇ ਦੋ ਫੁੱਟ ਡੂੰਘਾ ਸੀ। ਜਿਸ ਦਿਨ ਟਿਊਬਵੈਲ ਚਾਲੂ ਕਰਨਾ ਸੀ, ਪਿੰਡ ਦੇ ਸਾਰੇ ਲੋਕ ਉਥੇ ਇਕੱਠੇ ਹੋਏ ਸਨ। ਮੇਲੇ ਵਰਗਾ ਮਾਹੌਲ ਸੀ।

ਪਰ ਇਸ ਮੇਲੇ ਵਿਚ ਉਦੋਂ ਭੰਗ ਪੈ ਗਈ ਜਦੋਂ ਵੱਡੇ ਚੁਬੱਚੇ ਦੀ ਖੇਤਾਂ ਵੱਲ ਦੀ ਕੰਧ ਪਾਣੀ ਦੀ ਮਾਰ ਨਾ ਸੰਭਾਲਦੀ ਹੋਈ ਸਗਵੀਂ ਦੀ ਸਗਵੀਂ ਨੀਂਹਾਂ ਵਿਚੋਂ ਉਖੜ ਕੇ ਡਿੱਗ ਪਈ ਅਤੇ ਸ਼ਾਮ ਸਿੰਘ ਦਾ ਸੱਤਾਂ-ਅੱਠਾਂ ਸਾਲਾਂ ਦਾ ਪੁੱਤਰ ਉਸ ਦੇ ਹੇਠਾਂ ਆ ਗਿਆ। ਟਰੱਕ ਵਿਚ ਪਾ ਕੇ ਉਸ ਨੂੰ ਜਲੰਧਰ ਦੇ ਵੱਡੇ ਹਸਪਤਾਲ ਲੈ ਕੇ ਗਏ ਸਨ ਪਰ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਹ ਦਮ ਤੋੜ ਚੁੱਕਾ ਸੀ। ਲਾਸ਼ ਹੀ ਵਾਪਸ ਆਈ ਸੀ। ਸਾਰੇ ਪਿੰਡ ਵਿਚ ਸੋਗ ਫੈਲ ਗਿਆ ਸੀ।



**ਦਲਬੀਰ ਸਿੰਘ ਦੀ ਪਤਨੀ ਜਸਬੀਰ ਕੌਰ। ਪਿੱਛੇ ਦਲਬੀਰ ਸਿੰਘ ਦੀ ਤਸਵੀਰ ਵੀ ਦਿਖਾਈ ਦੇ ਰਹੀ ਹੈ।**

ਇਸੇ ਗੱਲ ਤੋਂ ਚੇਤੇ ਆਇਆ ਸੀ... ਇਸੇ ਸ਼ਾਮ ਸਿੰਘ ਠੇਕੇਦਾਰ ਦੀ ਇਕ ਧੀ ਸਾਡੀ ਹਾਣੀ ਹੁੰਦੀ ਸੀ ਅਤੇ ਉਨ੍ਹਾਂ ਦਿਨਾਂ ਦੇ ਰਿਵਾਜ ਮੁਤਾਬਕ ਸੱਤ-ਅੱਠ ਸਾਲ ਤਕ ਦੇ ਮੁੰਡੇ-ਕੁੜੀਆਂ ਇਕੱਠੇ ਹੀ ਖੇਡਦੇ ਹੁੰਦੇ ਸਨ। ਬਹੁਤੀ ਵਾਰੀ ਤੇੜ ਤਾਂ ਕੁਝ ਨਾ ਕੁਝ ਹੁੰਦਾ ਸੀ ਪਰ ਲੱਕੋਂ ਉਪਰ ਨੰਗੇ ਹੀ ਹੁੰਦੇ ਸਾਂ। ਉਸ ਕੁੜੀ ਦੀ ਪਿੱਠ 'ਤੇ ਕਾਲਾ ਧੱਬਾ ਅਤੇ ਬਹੁਤ ਸੰਘਣੇ ਵਾਲ ਹੋਇਆ ਕਰਦੇ ਸਨ। ਇਸੇ ਲਈ ਉਸ ਨੂੰ ਅਸੀਂ ਸ਼ੇਰਨੀ ਕਹਿੰਦੇ ਹੁੰਦੇ ਸਾਂ। ਅਜਿਹਾ ਕਹਿਣ 'ਤੇ ਉਹ ਸਾਨੂੰ ਮਾਰਨ ਪਿਆ ਕਰਦੀ ਸੀ, ਪਰ ਅਸੀਂ ਛੇੜਨੋਂ ਨਹੀਂ ਸੀ ਹਟਦੇ। ਉਂਜ ਸਾਡੇ ਮਨਾਂ ਵਿਚ ਇਹ ਵਹਿਮ ਪਤਾ ਨਹੀਂ ਕਿਸ ਨੇ ਪਾ ਦਿੱਤਾ ਸੀ ਕਿ ਇਸ ਸ਼ੇਰਨੀ ਨਾਲ ਜਿਹੜਾ ਬੰਦਾ ਵਿਆਹ ਕਰਵਾਏਗਾ, ਉਸ ਨੂੰ ਇਹ ਖਾ ਜਾਵੇਗੀ। ਕਈ ਵਾਰੀ ਅਸੀਂ ਉਸ ਨੂੰ ਇਹੀ ਗੱਲ ਕਹਿ ਕੇ ਛੇੜਿਆ ਕਰਦੇ ਸਾਂ ਅਤੇ ਉਹ ਇਸ ਗੱਲ ਦਾ ਗੁੱਸਾ ਕਰਿਆ ਕਰਦੀ ਸੀ। ਸਾਡੀ ਚੰਗੀ ਖੇਡ ਬਣੀ ਰਹਿੰਦੀ ਸੀ।

ਭਲੇ ਸਮੇਂ ਸਨ। ਪਤਾ ਨਹੀਂ ਇਸ ਸ਼ੇਰਨੀ ਦਾ ਵਿਆਹ ਕਿਥੇ ਹੋਇਆ ਅਤੇ ਅੱਜ ਕਿਹੜੇ ਭਾਗੀਂ ਹੈ?

ਠੇਕੇਦਾਰ ਸ਼ਾਮ ਸਿੰਘ ਨੇ ਆਪਣੇ ਪੁੱਤਰ ਦੀ ਮੌਤ ਤੋਂ ਬਾਅਦ ਕਈ ਮਹੀਨੇ ਤਕ ਟਿਊਬਵੈਲ ਦੇ ਚੁਬੱਚੇ ਦੀ ਮੁਰੰਮਤ ਨਹੀਂ ਸੀ ਕਰਵਾਈ। ਕਾਫ਼ੀ ਲੰਬੇ ਸਮੇਂ ਬਾਅਦ ਜਦੋਂ ਦੁਬਾਰਾ ਬਣਵਾਇਆ ਤਾਂ ਅਖੰਡ ਪਾਠ ਕਰਵਾ ਕੇ ਬਹੁਤ ਤਕੜਾ ਭੰਡਾਰਾ ਕਰਵਾਇਆ। ਇਸ ਤਰ੍ਹਾਂ ਦਾ ਭੰਡਾਰਾ ਪਿੰਡ ਵਿਚ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਹੋਇਆ। ਉਦੋਂ ਲੰਗਰ ਨਹੀਂ ਸਨ ਲਗਦੇ ਹੁੰਦੇ। ਭੰਡਾਰਿਆਂ ਨੂੰ ਲੰਗਰ ਬਾਅਦ ਵਿਚ ਕਹਿਣਾ ਸ਼ੁਰੂ ਕੀਤਾ ਗਿਆ ਸੀ। ਵੈਸੇ ਤਾਂ ਐਤਕੀਂ ਮਿਸਤਰੀਆਂ ਨੇ ਚੁਬੱਚੇ ਦੀ ਉਸਾਰੀ ਵਿਚ ਵਧੇਰੇ ਇਹਤਿਆਤ ਵਰਤੀ ਹੋਵੇਗੀ ਪਰ ਉਸ ਦਿਨ ਤੋਂ ਬਾਅਦ ਉਸ ਚੁਬੱਚੇ ਵਿਚ ਕਿਸੇ ਕਿਸਮ ਦੀ ਤਰੇੜ ਤਕ ਨਹੀਂ ਸੀ ਪਈ ਅਤੇ ਇਸ ਨੂੰ ਖਵਾਜਾ ਖਿਜਰ ਦੀ ਮਿਹਰ ਮੰਨਿਆ ਜਾਂਦਾ ਸੀ। ਅਸੀਂ ਅਕਸਰ ਹੀ ਸਕੂਲੋਂ ਆਉਂਦੇ-ਜਾਂਦੇ ਕੱਪੜੇ ਲਾਹ ਕੇ ਉਸ ਚੁਬੱਚੇ ਵਿਚ ਨਹਾਉਂਦੇ ਹੁੰਦੇ ਸਾਂ।

ਟਿਊਬਵੈਲ ਵਾਲੇ ਕੋਠੇ ਦੇ ਪਿਛਲੇ ਪਾਸੇ ਸ਼ਾਮ ਸਿੰਘ ਨੇ ਦੋ-ਤਿੰਨ ਕਮਰੇ ਛੱਤ ਕੇ ਰਿਹਾਇਸ਼ ਰੱਖ ਲਈ ਸੀ। ਇਕ ਪਾਸੇ ਸੜਕ ਵੱਲ ਖੁੱਲ੍ਹਦਾ ਵਰਾਂਡਾ ਬਣਾ ਦਿਤਾ ਸੀ। ਵਰਾਂਡੇ ਦੇ ਬਾਹਰਵਾਰ ਨਲਕਾ ਵੀ ਲੁਆ ਦਿੱਤਾ ਸੀ। ਪਿੰਡ ਦੀਆਂ ਹੀ ਨਹੀਂ, ਸਗੋਂ ਹੋਰ ਥਾਂਵਾਂ ਦੀਆਂ ਸਵਾਰੀਆਂ ਵੀ ਵਰਾਂਡੇ ਦੇ ਬਾਹਰ ਨਿੰਮ ਦੇ ਦਰੱਖ਼ਤ ਹੇਠਾਂ ਖੜ੍ਹ ਕੇ ਬੱਸਾਂ ਦੀ ਉਡੀਕ ਕਰਦੀਆਂ ਹੁੰਦੀਆਂ ਸਨ। ਉਨ੍ਹਾਂ ਦੇ ਪੀਣ ਲਈ ਪਾਣੀ ਦਾ ਇੰਤਜ਼ਾਮ ਕਰਨਾ ਜ਼ਰੂਰੀ ਸੀ। ਇਸ ਲਈ ਨਲਕਾ ਲੁਆਇਆ ਗਿਆ ਸੀ। ਜਦੋਂ ਮੈਂ ਉਥੇ ਗਿਆ ਸਾਂ, ਉਦੋਂ ਇਹ ਨਲਕਾ ਹਾਲੇ ਤਕ ਉਥੇ ਖੜ੍ਹਾ ਸੀ। ਉਸ ਦੀ ਹੱਥੀ ਕਈ ਵਾਰੀ ਚੋਰੀ ਹੋਈ ਸੀ ਪਰ ਹਰ ਵਾਰੀ ਹੀ ਕੋਈ ਨਾ ਕੋਈ ਸੱਜਣ ਨਵੀਂ ਹੱਥੀ ਚੜ੍ਹਾ ਜਾਂਦਾ ਸੀ।

ਜਿਵੇਂ ਕਿਹਾ ਹੀ ਹੈ, ਇਸ ਨਲਕੇ ਦੇ ਕੋਲ ਕਰ ਕੇ ਭਿਊਰਾਂ ਦੇ ਦਾਰੇ ਅਤੇ ਉਸ ਦੇ ਭਰਾ ਤੋਖੇ ਦਾ ਖੋਖਾ ਹੁੰਦਾ ਸੀ, ਅੱਜ ਵੀ ਹੈ। ਤੋਖੇ ਨੇ ਸਾਈਕਲ ਦੀ ਚੇਨ ਨਾਲ ਆਪਣੇ ਸੰਦਾਂ ਦਾ ਬਕਸਾ ਦਰੱਖ਼ਤ ਨਾਲ ਬੰਨ੍ਹਿਆ ਹੋਇਆ ਸੀ। ਦਾਰਾ ਅਤੇ ਤੋਖਾ ਸਾਈਕਲਾਂ ਨੂੰ ਪੈਂਚਰ ਲਾਉਣ ਦਾ ਕੰਮ ਕਰਦੇ ਸਨ। ਆਮ ਤੌਰ 'ਤੇ ਉਹ ਉਥੇ ਜ਼ਮੀਨ ਵਿਚ ਮੇਖਾਂ ਅਤੇ ਰਕਾਟਾਂ (ਰਿਕਾਰਡਾਂ) ਲਈ ਵਰਤਣ ਵਾਲੀਆਂ ਸੂਈਆਂ ਖਿਲਾਰ ਛੱਡਦੇ ਸਨ। ਕਿਸੇ ਨਾ ਕਿਸੇ ਦਾ ਸਾਈਕਲ ਪੈਂਚਰ ਹੋ ਹੀ ਜਾਂਦਾ ਸੀ। ਉਨ੍ਹਾਂ ਦਾ ਧੰਦਾ ਚਲਦਾ ਰਹਿੰਦਾ ਸੀ।

ਮਗਰੋਂ ਦਾਰਾ ਤਾਂ ਬਦਮਾਸ਼ੀ ਵਿਚ ਪੈਰ ਰੱਖਣ ਲੱਗ ਪਿਆ ਸੀ ਅਤੇ ਉਸ ਦਾ ਨਾਮ ਥਾਣਾ ਸਦਰ ਵਿਚ ਬਸਤਾ ਬੇ ਵਿਚ ਸ਼ਾਮਲ ਹੋ ਗਿਆ ਸੀ। ਇਸ ਲਈ ਪੈਂਚਰ ਲਾਉਣ ਦਾ ਕੰਮ ਤੋਖੇ ਨੇ ਸੰਭਾਲ ਲਿਆ। ਅੱਜ ਵੀ ਉਹ ਉਥੇ ਹੀ ਸ਼ਾਮ ਸਿੰਘ ਦੇ ਟਿਊਬਵੈਲ ਦੇ ਮਗਰਲੇ ਪਾਸੇ ਪੈਂਚਰ ਲਾਉਣ ਦਾ ਕੰਮ ਕਰਦਾ ਹੈ। ਮੈਂ ਸੋਚਦਾ ਹਾਂ ਕਿ ਦੁਨੀਆਂ ਕਿੰਨੀ ਬਦਲ ਗਈ ਹੈ ਪਰ ਤੋਖਾ ਨਹੀਂ ਬਦਲਿਆ। ਉਹ ਚਾਲੀ ਸਾਲ ਪਹਿਲਾਂ ਵੀ ਪੈਂਚਰ ਲਾਉਂਦਾ ਸੀ, ਅੱਜ ਵੀ ਪੈਂਚਰ ਲਾਉਂਦਾ ਹੈ ਅਤੇ ਸ਼ਾਇਦ ਬਾਕੀ ਰਹਿੰਦੇ ਸਾਲ ਵੀ ਪੈਂਚਰ ਲਾਉਂਦਾ ਰਹੇਗਾ।

ਮੈਂ ਆਪਣੀ ਧੀ ਨੂੰ ਦੱਸਦਾ ਹਾਂ ਕਿ ਤੋਖੇ ਦੇ ਵੱਡੇ ਭਾਈ ਦਾਰੇ ਨੇ ਇਕ ਵਾਰੀ ਮੈਨੂੰ ਅਤੇ ਮੇਰੀ ਧੀ ਦੇ ਚਾਚੇ, ਅਰਥਾਤ ਮੇਰੇ ਭਰਾ ਬਾਵੇ ਨੂੰ ਸਾਡੇ ਪਿਤਾ ਜੀ ਕੋਲੋਂ ਬਿਨਾਂ ਕਸੂਰ ਮਾਰ ਪੁਆਈ ਸੀ। ਅਸੀਂ ਦੋਵੇਂ ਕੈਂਟ ਬੋਰਡ ਸਕੂਲ ਜਲੰਧਰ ਛਾਉਣੀ ਪੜ੍ਹਨ ਜਾਂਦੇ ਸਾਂ ਇਥੋਂ ਸਾਈਕਲ 'ਤੇ। ਪਿਤਾ ਜੀ ਦੀ ਨੌਕਰੀ ਜਲੰਧਰ ਰੇਲਵੇ ਸਟੇਸ਼ਨ 'ਤੇ ਸੀ। ਇਕ ਦਿਨ ਅਸੀਂ ਸਕੂਲੋਂ ਵਾਪਸ ਆ ਰਹੇ ਸਾਂ ਕਿ ਰਾਮਾ ਮੰਡੀ ਦੇ ਰੇਲਵੇ ਫ਼ਾਟਕ 'ਤੇ ਪਿਤਾ ਜੀ ਟੱਕਰ ਪਏ। ਉਹ ਕਹਿਣ ਕਿ ਅਸੀਂ ਸਕੂਲ ਨਹੀਂ, ਸਗੋਂ ਜਲੰਧਰੋਂ ਆਏ ਹਾਂ ਜਿਥੇ ਦਾਰੇ ਨੇ ਸਾਨੂੰ ਮਟਰ-ਗਸ਼ਤੀ ਕਰਦੇ ਦੇਖਿਆ ਹੈ। ਅਸੀਂ ਸੌਂਹ ਕਹੀਏ ਕਿ ਸਕੂਲੋਂ ਆਏ ਹਾਂ। ਪਿਤਾ ਜੀ ਕਹਿਣ ਕਿ ਦਾਰੇ ਨੂੰ ਝੂਠ ਬੋਲਣ ਦੀ ਕੀ ਲੋੜ ਸੀ? ਬੱਸ, ਸ਼ਰੇ ਬਾਜ਼ਾਰ ਮਾਰ ਪਈ।

ਉਸ ਵੇਲੇ ਇਕ ਮੁੰਡਾ ਬਸਤਾ ਚੁੱਕੀ ਰਾਮਾ ਮੰਡੀ ਦੇ ਫ਼ਾਟਕ ਤੋਂ ਦੀ ਲੰਘ ਰਿਹਾ ਸੀ। ਉਹ ਉਸ ਦਿਨ ਹੀ ਸਾਡੇ ਸਕੂਲ ਵਿਚ ਸਾਡੀ ਹੀ ਅੱਠਵੀਂ ਜਮਾਤ ਵਿਚ ਦਾਖ਼ਲ ਹੋਇਆ ਸੀ। ਤੁਰੰਤ ਹੀ ਉਸ ਦੀ 'ਗਵਾਹੀ' ਪੁਆਈ ਗਈ ਜਿਹੜੀ ਕੰਮ ਆ ਗਈ। ਮਗਰੋਂ ਪਤਾ ਲੱਗਾ ਕਿ ਮੁੰਡਾ ਸਾਡੇ ਪਿੰਡ ਨਵੀਂ ਆਈ ਮਾਸਟਰਨੀ ਦਾ ਭਰਾ ਹੈ ਅਤੇ ਸਾਡੇ ਹੀ ਪਿੰਡ ਵਿਚ ਠੇਕੇਦਾਰ ਸ਼ਾਮ ਸਿੰਘ ਦੇ ਪਿੰਡ ਵਿਚਲੇ ਮਕਾਨ ਵਿਚ ਕਿਰਾਏ 'ਤੇ ਰਹਿਣ ਆਇਆ ਹੈ। ਮਗਰੋਂ ਉਸ ਨਾਲ ਗਹਿਰੀ ਦੋਸਤੀ ਹੋ ਗਈ ਜਿਹੜੀ ਕਈ ਸਾਲਾਂ ਤਕ ਕਾਇਮ ਰਹੀ ਅਤੇ ਅੱਜ ਤਕ ਵੀ ਕਾਇਮ ਹੈ। ਅੱਜ ਕੱਲ੍ਹ ਉਹ ਬਿਜਲੀ ਬੋਰਡ ਵਿਚ ਐਕਸੀਅਨ ਹੈ। ਅੱਜ ਤਕ ਇਹ ਪਤਾ ਨਹੀਂ ਲੱਗਾ ਕਿ ਦਾਰੇ ਨੇ ਸ਼ਿਕਾਇਤ ਕਿਉਂ ਲਾਈ ਸੀ।

ਇਥੇ ਖੜ੍ਹਿਆਂ ਕਾਫ਼ੀ ਦੇਰ ਹੋ ਗਈ ਹੈ। ਸਾਹਮਣੇ ਪਿੰਡ ਦੇ ਮਕਾਨ ਦਿਖਾਈ ਦੇ ਰਹੇ ਹਨ। ਆਪਣੀ ਧੀ ਨੂੰ ਸ਼ਾਮ ਸਿੰਘ ਦੇ ਟਿਊਬਵੈਲ ਤੋਂ ਅੱਗੇ ਲੈ ਕੇ ਜਾਣਾ ਹੈ। ਉਸ ਨੇ ਬਾਪ ਦੀ ਜੰਮਣ ਭੋਇੰ ਜੋ ਦੇਖਣੀ ਹੈ।

(ਚੱਲਦਾ)

***ਲਾਲੇ ਲੱਧੇਵਾਲੀ ਵਾਲੇ ਪਾਸਿਉਂ ਆ ਕੇ, ਜਦੋਂ ਹੁਸ਼ਿਆਰਪੁਰ ਨੂੰ ਜਾਂਦੀ ਸੜਕ ਦੇ ਕਿਨਾਰੇ ਖੜ੍ਹੇ ਹੋਈਏ ਤਾਂ ਸੱਜੇ ਪਾਸੇ ਸ਼ਾਮ ਸਿੰਘ ਦਾ ਟਿਊਬਵੈਲ ਸੀ। ਉਸ ਕੋਲ ਖੜ੍ਹ ਕੇ ਜਦੋਂ ਮੈਂ ਕਿਹਾ ਕਿ ਅਹੁ ਸਾਹਮਣੇ ਉਹ ਪਿੰਡ ਹੈ ਜਿਥੇ ਮੇਰਾ ਬਚਪਨ ਬੀਤਿਆ ਸੀ, ਤਾਂ ਬੇਟੀ ਦੇ ਚਿਹਰੇ ਉਤੇ ਕੋਈ ਖੁਸ਼ੀ ਨਹੀਂ ਸੀ ਆਈ। ਉਹ ਪਿੰਡ ਬਾਰੇ ਕੁਝ ਹੋਰ ਹੀ ਤਸੱਵਰ ਬਣਾਈ ਬੈਠੀ ਸੀ।... ਸੜਕ ਦੇ ਇਸ ਚੌਕ ਉਤੇ ਕਿਸੇ ਸਮੇਂ ਸਿਰਫ਼ ਸ਼ਾਮ ਸਿੰਘ ਦਾ ਟਿਊਬਵੈਲ ਵਾਲਾ ਕੋਠਾ ਹੀ ਹੁੰਦਾ ਸੀ। ਵੈਸੇ ਕਿਸੇ ਵੇਲੇ ਸ਼ਾਮ ਸਿੰਘ ਦਾ ਦੋ ਮੰਜ਼ਿਲਾ ਘਰ ਪਿੰਡ ਦਾ ਸਭ ਤੋਂ ਵੱਡਾ ਘਰ ਵੀ ਹੋਇਆ ਕਰਦਾ ਸੀ। ਖਬਰੇ ਲੰਬਾ ਸਮਾਂ ਪਿੰਡ ਦਾ ਸਰਪੰਚ ਰਹੇ ਮੇਜਰ ਮਿਹਰ ਸਿੰਘ ਦੇ ਘਰ ਨਾਲੋਂ ਵੀ ਵੱਡਾ ਪਰ ਹੌਲੀ-ਹੌਲੀ ਇਹ ਘਰ ਛੋਟਾ ਪੈਂਦਾ ਗਿਆ, ਕਿਉਂਕਿ ਪਿੰਡ ਵਿਚ ਹੋਰ ਵੱਡੇ ਘਰ ਬਣਦੇ ਗਏ।***

ਗੁਰਮਤਿ ਵਿਚਾਰ

# ਜਿਨਾ ਅੰਦਰਿ ਨਾਮੁ ਨਿਧਾਨ ਹਰਿ ਤਿਨ ਕੇ ਕਾਜ ਦਯਿ ਆਦੈ ਰਾਸਿ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਰਾਮਦਾਸ ਗਉੜੀ ਦੀ ਵਾਰ ਵਿਚ ਸਤਿਗੁਰ, ਸਤਿਗੁਰੂ ਦੀ ਬਾਣੀ ਅਰਥਾਤ ਸ਼ਬਦ, ਅਕਾਲ ਪੁਰਖ ਅਤੇ ਸਤਿਗੁਰੂ ਦੀ ਰਾਹਨੁਮਾਈ ਵਿਚ ਮਨੁੱਖ ਵੱਲੋਂ ਅਕਾਲ ਪੁਰਖ ਦਾ ਨਾਮ ਸਵਾਸ ਸਵਾਸ ਜਪਣ ਦੀ ਗੱਲ ਕਰ ਰਹੇ ਹਨ।

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ
ਤਿਨ ਕੇ ਕਾਜ ਦਯਿ ਆਦੇ ਰਾਸਿ॥
ਤਿਨ ਚੂਕੀ ਮੁਹਤਾਜੀ ਲੋਕਨ ਕੀ
ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ॥
ਜਾਂ ਕਰਤਾ ਵਲਿ ਤਾ ਸਭੁ ਕੋ ਵਲਿ
ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥
ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ॥

ਗੁਰੂ ਸਾਹਿਬ ਉਕਤ ਸਲੋਕ ਵਿਚ ਵੀ ਇਸੇ ਤੱਥ ਦੀ ਪ੍ਰੋੜਤਾ ਕਰ ਰਹੇ ਹਨ ਕਿ ਅਕਾਲ ਪੁਰਖ ਦੇ ਨਾਮ ਦਾ ਅਮੋਲਕ ਖਜ਼ਾਨਾ ਜਿਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ, ਅਕਾਲ ਪੁਰਖ ਉਨ੍ਹਾਂ ਦੇ ਸਾਰੇ ਕਾਰਜ ਆਪ ਸੰਵਾਰਦਾ ਹੈ। ਗੁਰੂ ਰਾਮਦਾਸ ਮਨੁੱਖ ਨੂੰ ਇਹ ਦ੍ਰਿੜ ਕਰਵਾਉਂਦੇ ਹਨ ਕਿ ਅਕਾਲ ਪੁਰਖ ਦਾ ਨਾਮ ਇੱਕ ਖ਼ਜ਼ਾਨਾ ਹੈ, ਜਿਸ ਦਾ ਨਿਵਾਸ ਮਨੁੱਖ ਦੇ ਹਿਰਦੇ ਵਿਚ ਹੈ, ਜਿਨ੍ਹਾਂ ਜੀਵਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਵਾਹਿਗੁਰੂ ਦਾ ਨਾਮ ਉਨ੍ਹਾਂ ਦੇ ਅੰਦਰ ਹੀ ਹੈ ਪਰਮਾਤਮਾ ਨੇ ਆਪ ਹੀ ਅਜਿਹੇ ਮਨੁੱਖਾਂ ਦੇ ਕਾਰਜ ਸਫਲ ਕਰ ਦਿੱਤੇ ਹਨ। ਅਕਾਲ ਪੁਰਖ ਅਜਿਹੇ ਮਨੁੱਖਾਂ ਦੇ ਸਦਾ ਅੰਗ-ਸੰਗ ਰਹਿੰਦਾ ਹੈ ਅਤੇ ਹਰ ਸਮੇਂ ਸਹਾਈ ਹੁੰਦਾ ਹੈ, ਇਸ ਲਈ ਉਨ੍ਹਾਂ ਨੂੰ ਦੂਸਰੇ ਲੋਕਾਂ ਦੇ ਮੁਥਾਜ ਨਹੀਂ ਹੋਣਾ ਪੈਂਦਾ ਕਿਉਂਕਿ ਕਰਤਾ ਪੁਰਖ ਸਦਾ ਉਨ੍ਹਾਂ ਦੀ ਧਿਰ ਬਣਦਾ ਹੈ। ਜਦੋਂ ਕਰਤਾ ਪੁਰਖ ਆਪ ਉਨ੍ਹਾਂ ਦੇ ਹੱਕ ਵਿਚ ਹੁੰਦਾ ਹੈ ਤਾਂ ਸਾਰੇ ਲੋਕ ਉਨ੍ਹਾਂ ਦਾ ਦਰਸ਼ਨ ਕਰਕੇ ਨਿਹਾਲ ਹੁੰਦੇ ਹਨ ਅਤੇ ਉਨ੍ਹਾਂ ਦੀ ਸ਼ਲਾਘਾ ਕਰਦੇ ਹਨ। ਜਦੋਂ ਸਿਰਜਣਹਾਰ ਆਪ ਉਨ੍ਹਾਂ ਦਾ ਪੱਖ ਕਰਦਾ ਹੈ ਤਾਂ ਸਾਰੇ ਲੋਕ ਵੀ ਉਨ੍ਹਾ ਦਾ ਪੱਖ ਕਰਦੇ ਹਨ, ਇਥੋਂ ਤੱਕ ਕਿ ਸ਼ਾਹ, ਪਾਤਿਸ਼ਾਹ ਸਾਰੇ ਹੀ ਪਰਮਾਤਮਾ ਦੇ ਭਗਤ ਅੱਗੇ ਸਿਰ ਨਿਵਾਉਂਦੇ ਹਨ ਕਿਉਂਕਿ ਸਾਰੇ ਜੀਵ ਉਸ ਅਕਾਲ ਪੁਰਖ ਦੇ ਹੀ ਬਣਾਏ ਹੋਏ ਹਨ।

ਇਸੇ ਸਲੋਕ ਵਿਚ ਅੱਗੇ ਦੱਸਿਆ ਗਿਆ ਹੈ ਕਿ ਇਹ ਸਭ ਪੂਰੇ ਗੁਰੂ ਦੀ ਵਡਿਆਈ ਸਦਕਾ ਸੰਭਵ ਹੈ ਕਿ ਸਾਰੇ ਲੋਕ ਅਜਿਹੇ ਮਨੁੱਖ ਦਾ ਸਤਿਕਾਰ ਕਰਦੇ ਹਨ ਕਿਉਂਕਿ ਪੂਰੇ ਗੁਰੂ ਦੀ ਸਿੱਖਿਆ ਰਾਹੀਂ ਇਹ ਸੰਭਵ ਹੁੰਦਾ ਹੈ ਕਿ ਮਨੁੱਖ ਆਪਣੇ ਅੰਦਰ ਪਏ ਨਾਮ-ਖਜ਼ਾਨੇ ਨੂੰ ਲੱਭ ਲੈਂਦਾ ਹੈ ਅਤੇ ਉਸ ਅਕਾਲ ਪੁਰਖ ਦੀ ਸੇਵਾ ਸਦਕਾ ਅਤੁਲ ਸੁਖ ਪਾਉਂਦਾ ਹੈ। ਪੂਰੇ ਗੁਰੂ ਦੀ ਅਗਵਾਈ ਸਦਕਾ ਆਪਣੇ ਸੇਵਕ ਨੂੰ ਪਰਮਾਤਮਾ ਨੇ ਜੋ ਨਾਮ ਦਾ ਦਾਨ ਬਖਸ਼ਿਸ਼ ਕੀਤਾ ਹੈ, ਉਹ ਮੁੱਕਦਾ ਨਹੀਂ ਬਲਕਿ ਪਰਮਾਤਮਾ ਦੀ ਬਖਸ਼ਿਸ਼ ਸਦਕਾ ਹਰ ਰੋਜ਼ ਦੂਣ-ਸਵਾਇਆ ਵਧਦਾ ਰਹਿੰਦਾ ਹੈ। ਇਹ ਸਾਰੀ ਵਡਿਆਈ ਮਨੁੱਖ ਨੂੰ ਪੂਰੇ ਗੁਰੂ ਦੀ ਮਿਹਰ ਸਦਕਾ ਮਿਲਦੀ ਹੈ ਜਿਸ ਤੋਂ ਮਨੁੱਖ ਨਾਮ ਜਪਣ ਦਾ ਵੱਲ ਸਿੱਖਦਾ ਹੈ। ਪਰ ਜੇ ਕੋਈ ਨਿੰਦਕ ਅਕਾਲ ਪੁਰਖ ਦੇ ਸੇਵਕ ਦੀ ਇਸ ਕਿਸਮ ਦੀ ਵਡਿਆਈ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ, ਉਸ ਨੂੰ ਕਰਤਾ ਪੁਰਖ ਨੇ ਆਪ ਦੁਖੀ ਕੀਤਾ ਹੈ, ਈਰਖਾ ਦੀ ਅੱਗ 'ਚ ਸਾੜਿਆ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹ ਆਪਣੇ ਆਪ ਨੂੰ ਸਿਰਜਣਹਾਰ ਦਾ ਦਾਸ ਮੰਨਦੇ ਹਨ ਅਤੇ ਸਦਾ ਉਸ ਦੇ ਗੁਣ ਗਾਉਂਦੇ ਹਨ, ਉਹ ਪਰਵਰਦਗਾਰ ਆਪਣੇ ਭਗਤਾਂ ਦੀ ਸਦਾ ਹੀ ਰਾਖੀ ਕਰਦਾ ਆਇਆ ਹੈ,

ਗੁਰ ਪੂਰੇ ਕੀ ਵਡੀ ਵਡਿਆਈ
ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ॥
ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ
ਨਿਤ ਬਖਸੇ ਚੜੈ ਸਵਾਇਆ॥
ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ
ਸੋ ਕਰਤੈ ਆਪਿ ਪਚਾਇਆ॥
ਜਨੁ ਨਾਨਕੁ ਗੁਣ ਬੋਲੈ ਕਰਤੇ ਕੇ
ਭਗਤਾ ਨੋ ਸਦਾ ਰਖਦਾ ਆਇਆ॥੨॥
(ਪੰਨਾ ੩੦੫)

ਦਸਵੀਂ ਪਉੜੀ ਵਿਚ ਗੁਰੂ ਰਾਮਦਾਸ ਉਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਅਕਾਲ ਪੁਰਖ ਸਰਬ-ਉਚ, ਅਪਹੁੰਚ ਹੈ ਜੋ ਸਭ 'ਤੇ ਆਪਣੀ ਮਿਹਰ ਕਰਨ ਵਾਲਾ, ਸਭ ਨੂੰ ਦਾਤਾਂ ਦੇਣ ਵਾਲਾ ਅਤੇ ਸਿਆਣਾ ਹੈ। ਉਸ ਵਰਗਾ ਵੱਡਾ ਹੋਰ ਕੋਈ ਵੀ ਨਜ਼ਰ ਨਹੀਂ ਆਉਂਦਾ ਜੋ ਉਸ ਜਿੰਨਾ ਸਿਆਣਾ ਹੋਵੇ, ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਉਨ੍ਹਾਂ ਨੂੰ ਆਪਣੇ ਮਨ ਵਿਚ ਬੇਹੱਦ ਪਿਆਰਾ ਲੱਗਦਾ ਹੈ। ਇਸ ਮਾਇਆਵੀ ਸੰਸਾਰ ਵਿਚ ਪਰਿਵਾਰ ਅਤੇ ਉਸ ਦਾ ਮੋਹ ਜੋ ਵੀ ਨਜ਼ਰ ਆਉਂਦਾ ਹੈ, ਸਭ ਬਿਨਸਨਹਾਰ ਹੈ, ਕੁਝ ਵੀ ਸਥਾਈ ਨਹੀਂ ਹੈ ਅਤੇ ਜੰਮਣ-ਮਰਨ ਦਾ ਕਾਰਨ ਬਣਦਾ ਹੈ। ਜਿਹੜੇ ਮਨੁੱਖ ਉਸ ਸਦੀਵੀ ਰਹਿਣ ਵਾਲੇ ਅਕਾਲ ਪੁਰਖ ਤੋਂ ਬਿਨਾ ਹੋਰ ਸੰਸਾਰਕ ਵਸਤਾਂ ਨਾਲ ਆਪਣਾ ਮਨ ਜੋੜ ਲੈਂਦੇ ਹਨ, ਉਹ ਕੂੜ ਦੇ ਵਪਾਰੀ ਹਨ, ਉਨ੍ਹਾਂ ਦਾ ਮੋਹ ਝੂਠਾ ਹੈ ਅਤੇ ਅਜਿਹੇ ਮੋਹ ਦਾ ਮਾਣ ਵੀ ਝੂਠਾ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਉਸ ਸੱਚੇ ਪਰਵਰਦਗਾਰ ਦਾ ਸਿਮਰਨ ਕਰਨ ਦਾ ਆਦੇਸ਼ ਕਰਦੇ ਹਨ ਅਤੇ ਦੱਸਦੇ ਹਨ ਕਿ ਜਿਹੜੇ ਆਪਣਾ ਮਨ ਉਸ ਸੱਚੇ ਅਕਾਲ ਪੁਰਖ ਵੱਲ ਨਹੀਂ ਲਾਉਂਦੇ, ਉਹ ਉਸ ਦੇ ਨਾਮ ਤੋਂ ਵਿਰਵੇ ਮੂਰਖ ਹਰ ਰੋਜ਼ ਦੁਖੀ ਹੁੰਦੇ ਹਨ ਅਤੇ ਸੜ ਸੜ ਕੇ ਆਤਮਕ ਮੌਤ ਸਹੇੜਦੇ ਹਨ,

ਤੂ ਸਾਹਿਬੁ ਅਗਮੁ ਦਇਆਲੁ ਹੈ
ਵਡ ਦਾਤਾ ਦਾਣਾ॥
ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ
ਤੂ ਹੈਂ ਸੁਘੜੁ ਮੇਰੈ ਮਨਿ ਭਾਣਾ॥
ਮੋਹੁ ਕੁਟੰਬੁ ਦਿਸਿ ਆਵਦਾ
ਸਭੁ ਚਲਣਹਾਰਾ ਆਵਣਜਾਣਾ॥
ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ
ਸੇ ਕੂੜਿਆਰ ਕੂੜਾ ਤਿਨ ਮਾਣਾ॥
ਨਾਨਕ ਸਚੁ ਧਿਆਇ ਤੂ ਬਿਨੁ ਸਚੇ
ਪਚਿ ਪਚਿ ਮੁਏ ਅਜਾਣਾ॥੧੦॥
(ਪੰਨਾ ੩੦੫)

ਇਸ ਸਲੋਕ ਵਿਚ ਗੁਰੂ ਰਾਮਦਾਸ ਨੇ ਮਨਮੁਖ ਦੀ ਗੱਲ ਕੀਤੀ ਹੈ, ਜੋ ਗੁਰੂ ਦੇ ਸਨਮੁਖ ਹੋ ਕੇ ਨਹੀਂ ਚੱਲਦਾ। ਗੁਰੂ ਸਾਹਿਬ ਦੱਸਦੇ ਹਨ ਕਿ ਮਨਮੁਖ ਬੰਦਾ ਪਹਿਲਾਂ ਤਾਂ ਗੁਰੂ ਦੇ ਬਚਨਾਂ ਦਾ ਸਤਿਕਾਰ ਨਾ ਕਰਕੇ ਉਨ੍ਹਾਂ ਵੱਲ ਕੰਨ ਨਹੀਂ ਧਰਦਾ, ਪਰ ਸਮਾਂ ਲੰਘ ਜਾਣ 'ਤੇ ਜੇ ਉਹ ਕੁਝ ਕਹਿੰਦਾ ਹੈ ਤਾਂ ਇਸ ਕਹਿਣ ਦਾ ਕੋਈ ਲਾਭ ਨਹੀਂ ਹੁੰਦਾ। ਅਜਿਹਾ ਅਭਾਗਾ ਮਨੁੱਖ ਦੋ-ਚਿੱਤਾ ਹੋ ਕੇ ਅਰਥਾਤ ਆਪਣੇ ਮਨ ਨਾਲ ਕੋਈ ਫੈਸਲਾ ਨਾ ਕਰਨ ਕਰਕੇ ਦੁਚਿੱਤੀ ਵਿਚ ਭਟਕਦਾ ਰਹਿੰਦਾ ਹੈ। ਜੇ ਮਨੁੱਖ ਦੇ ਮਨ ਅੰਦਰ ਗੁਰੂ ਲਈ ਸ਼ਰਧਾ ਅਤੇ ਪ੍ਰੇਮ ਨਹੀਂ ਹੈ, ਫਿਰ ਫੋਕੀਆਂ ਗੱਲਾਂ ਕਰਨ ਨਾਲ ਕੋਈ ਸੁੱਖ ਕਿਵੇਂ ਪ੍ਰਾਪਤ ਹੋਵੇ। ਜੇ ਮਨ ਦੇ ਅੰਦਰ ਗੁਰੂ ਲਈ ਪ੍ਰੇਮ ਨਹੀਂ ਹੈ, ਫਿਰ ਗੁਰੂ ਦੇ ਦਰ 'ਤੇ ਜਾਣਾ ਨਿਰਾ ਲੋਕ-ਦਿਖਾਵਾ ਹੈ ਅਤੇ ਅਜਿਹੀ ਲੋਕਾਚਾਰੀ ਦਾ ਕੋਈ ਲਾਭ ਨਹੀਂ,

ਅਗੋ ਦੇ ਸਤ ਭਾਉ ਨ ਦਿਚੈ
ਪਿਛੋ ਦੇ ਆਖਿਆ ਕੰਮਿ ਨ ਆਵੈ॥
ਅਧ ਵਿਚਿ ਫਿਰੈ ਮਨਮੁਖੁ ਵੇਚਾਰਾ
ਗਲੀ ਕਿਉ ਸੁਖੁ ਪਾਵੈ॥
ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ
ਸੁ ਕੂੜੀ ਆਵੈ ਕੂੜੀ ਜਾਵੈ॥

ਗੁਰੂ ਸਾਹਿਬ ਅੱਗੇ ਜ਼ਿਕਰ ਕਰਦੇ ਹਨ ਕਿ ਜੇ ਮਨੁੱਖ ਉਤੇ ਉਸ ਸਿਰਜਣਹਾਰ ਅਕਾਲ ਪੁਰਖ ਦੀ ਮਿਹਰ ਹੋਵੇ, ਉਹ ਆਪਣੀ ਕ੍ਰਿਪਾ ਕਰੇ ਤਾਂ ਹੀ ਉਸ ਮਨੁੱਖ ਨੂੰ ਇਹ ਗੱਲ ਪਰਗਟ ਹੁੰਦੀ ਹੈ, ਸਮਝ ਆਉਂਦੀ ਹੈ ਕਿ ਸਤਿਗੁਰੂ ਉਸ ਪਾਰਬ੍ਰਹਮ ਦਾ ਹੀ ਸਰੂਪ ਹੈ (ਸਤਿਗੁਰੂ ਉਹ ਹੈ ਜਿਸ ਨੇ ਆਪਣੇ ਅੰਦਰ ਵਸਦੀ ਰੱਬੀ ਜੋਤਿ ਨੂੰ ਆਤਮਸਾਤ ਕਰ ਲਿਆ ਹੈ ਅਤੇ ਜਿਸ ਨੇ ਉਸ ਦਾ ਅਨੁਭਵ ਕਰ ਲਿਆ ਹੈ, ਉਹ ਉਸੇ ਦਾ ਸਰੂਪ ਹੋ ਜਾਂਦਾ ਹੈ)। ਅਕਾਲ ਪੁਰਖ ਦੀ ਮਿਹਰ ਨਾਲ ਸਤਿਗੁਰੂ ਦੀ ਪਛਾਣ ਕਰਕੇ ਫਿਰ ਉਹ ਮਨੁੱਖ ਸਤਿਗੁਰੂ ਦਾ ਸ਼ਬਦ-ਰੂਪ ਅੰਮ੍ਰਿਤ ਪੀਂਦਾ ਹੈ ਅਤੇ ਅਜਿਹੇ ਮਨੁੱਖ ਦੇ ਅੰਦਰੋਂ ਹਰ ਤਰ੍ਹਾਂ ਦੀ ਚਿੰਤਾ, ਝੋਰਾ ਅਤੇ ਦੁਬਿਧਾ ਦੂਰ ਹੋ ਜਾਂਦੇ ਹਨ। ਗੁਰੂ ਦੇ ਸ਼ਬਦ ਦਾ ਅਨੁਸਾਰੀ ਹੋ ਕੇ ਫਿਰ ਅਜਿਹਾ ਮਨੁੱਖ ਹਰ ਰੋਜ਼ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਉਸ ਦਾ ਮਨ ਦਿਨ ਰਾਤ ਅਨੰਦ ਮਾਣਦਾ ਹੈ (ਜਦੋਂ ਗੁਰੂ ਦੇ ਸ਼ਬਦ ਰਾਹੀਂ ਮਨੁੱਖ ਦਾ ਮਨ ਝੋਰੇ, ਚਿੰਤਾ, ਦੁਬਿਧਾ ਆਦਿ ਤੋਂ ਮੁਕਤ ਹੋ ਜਾਂਦਾ ਹੈ ਤਾਂ ਮਨ ਵਿਚ ਸਦੀਵੀ ਸੁੱਖ ਦਾ ਨਿਵਾਸ ਹੁੰਦਾ ਹੈ),

ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ
ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ॥
ਤਾ ਅਪਿਉ ਪੀਵੈ ਸਬਦੁ ਗੁਰ ਕੇਰਾ
ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ॥
ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ
ਅਨਦਿਨੁ ਹਰਿ ਗੁਣ ਗਾਵੈ॥੧॥
(ਪੰਨਾ ੩੦੫)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਗੁਰੂ ਦੇ ਸਿੱਖ ਦੀ ਵਿਆਖਿਆ ਕਰਦੇ ਹਨ ਕਿ ਗੁਰੂ ਦਾ ਸਿੱਖ ਕਿਹੋ ਜਿਹਾ ਹੁੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜੋ ਮਨੁੱਖ ਆਪਣੇ ਆਪ ਨੂੰ ਗੁਰੂ ਦੇ ਅਨੁਸਾਰੀ ਹੋ ਕੇ ਚੱਲਣ ਵਾਲਾ, ਗੁਰੂ ਦਾ ਸਨਮੁਖ ਸਿੱਖ ਅਖਵਾਉਂਦਾ ਹੈ, ਹਰ ਰੋਜ਼ ਸਵੇਰੇ ਉਠ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ। ਉਹ ਸਵੇਰੇ ਉਠ ਕੇ ਉਦਮ ਕਰਦਾ ਹੈ ਤੇ ਇਸ਼ਨਾਨ ਕਰਕੇ ਨਾਮ-ਰੂਪ ਅੰਮ੍ਰਿਤ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਗੁਰੂ ਦੀ ਸਿੱਖਿਆ ਨੂੰ ਸੁਣ ਕੇ ਆਪਣੇ ਮਨ 'ਚ ਵਸਾਉਂਦਾ ਹੈ ਅਤੇ ਵਾਹਿਗੁਰੂ ਦਾ ਜਾਪ ਕਰਦਾ ਹੈ। ਇਸ ਤਰ੍ਹਾਂ ਉਸ ਦੇ ਮਨ ਤੋਂ ਸਾਰੇ ਵਿਕਾਰ, ਪਾਪ ਅਤੇ ਦੁੱਖ ਲਹਿ ਜਾਂਦੇ ਹਨ,

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਅੱਗੇ ਦੱਸਿਆ ਗਿਆ ਹੈ ਕਿ ਫਿਰ ਦਿਨ ਚੜ੍ਹਨ 'ਤੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਅਤੇ ਦਿਨ ਭਰ ਦੀ ਕਿਰਤ, ਕਾਰਜ ਕਰਦਿਆਂ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਹੈ। ਸਤਿਗੁਰੁ ਨੂੰ ਉਹ ਸਿੱਖ ਚੰਗਾ ਲਗਦਾ ਹੈ ਜੋ ਅਕਾਲ ਪੁਰਖ ਨੂੰ ਹਰ ਵੇਲੇ ਯਾਦ ਕਰਦਾ ਹੈ। ਗੁਰੂ ਦੀ ਸੰਗਤ ਮਿਲਣੀ ਅਤੇ ਗੁਰੂ ਦਾ ਉਪਦੇਸ਼ ਸੁਣਨਾ ਇਹ ਅਕਾਲ ਪੁਰਖ ਦੀ ਮਿਹਰ ਸਦਕਾ ਹੁੰਦਾ ਹੈ। ਗੁਰੂ ਜੀ ਆਖਦੇ ਹਨ ਕਿ ਜਿਸ 'ਤੇ ਪਿਆਰਾ ਪਰਮਾਤਮਾ ਦਇਆਲ ਹੁੰਦਾ ਹੈ, ਉਸ ਗੁਰਸਿੱਖ ਨੂੰ ਸਤਿਗੁਰੂ ਆਪਣਾ ਉਪਦੇਸ਼ ਦਿੰਦਾ ਹੈ, ਸਿੱਖਿਆ ਦਿੰਦਾ ਹੈ। ਗੁਰੂ ਜੀ ਆਪ ਅਜਿਹੇ ਗੁਰਸਿੱਖ ਦੇ ਚਰਨਾਂ ਦੀ ਧੂੜ ਮੰਗਦੇ ਹਨ ਜਿਹੜਾ ਆਪ ਨਾਮ ਜਪਦਾ ਹੈ ਅਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ, ਹੋਰਾਂ ਨੂੰ ਨਾਮ ਸਿਮਰਨ ਵੱਲ ਲਾਉਂਦਾ ਹੈ,

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥
(ਪੰਨਾ ੩੦੫-੩੦੬)

ਅਗਲੀ ਪਉੜੀ 'ਚ ਅਕਾਲ ਪੁਰਖ ਦਾ ਨਾਮ ਸਿਮਰਨ ਵਾਲੇ ਗੁਰਮੁਖਾਂ ਦੀ ਗੱਲ ਕਰਦਿਆਂ ਗੁਰੂ ਰਾਮਦਾਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ! ਤੇਰੇ ਨਾਮ ਦਾ ਸਿਮਰਨ ਕਰਨ ਵਾਲੇ, ਤੇਰਾ ਧਿਆਨ ਧਰਨ ਵਾਲੇ ਜਿਉੜੇ ਵਿਰਲੇ ਹਨ। ਅਜਿਹੇ ਪੂਰਨ ਇਕਾਗਰਤਾ ਵਿਚ ਉਸ ਅਕਾਲ ਪੁਰਖ ਦੀ ਅਰਾਧਨਾ ਕਰਨ ਵਾਲੇ ਮਨੁੱਖਾਂ ਦੀ ਕਮਾਈ ਬੇਅੰਤ ਜੀਵ ਖਾਂਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਭਾਵੇਂ ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦਾ ਧਿਆਨ ਧਰਦੀ ਹੈ, ਉਸ ਦਾ ਸਿਮਰਨ ਕਰਦੀ ਹੈ ਪਰ ਉਸ ਦੇ ਦਰ 'ਤੇ ਪਰਵਾਨ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਪਰਮਾਤਮਾ ਪਸੰਦ ਕਰਦਾ ਹੈ, ਜੋ ਉਸ ਦੀ ਸਵੱਲੀ ਨਿਗਾਹ ਵਿਚ ਆ ਜਾਂਦੇ ਹਨ। ਜਿਹੜੇ ਮਨੁੱਖ ਸਤਿਗੁਰੂ ਦੀ ਸੇਵਾ ਤੋਂ ਵਿਰਵੇ ਰਹਿ ਕੇ ਸੰਸਾਰਕ ਸੁੱਖਾਂ ਵਿਚ ਅਰਥਾਤ ਖਾਣ-ਪੀਣ ਅਤੇ ਪਹਿਨਣ ਆਦਿ ਸੁਆਦਾਂ ਵਿਚ ਲੱਗੇ ਹੋਏ ਹਨ, ਉਨ੍ਹਾਂ ਦਾ ਸੰਸਾਰ 'ਤੇ ਆਉਣਾ ਬੇਕਾਰ ਹੈ, ਉਹ ਕੋਹੜੇ ਹਨ ਜੋ ਵਾਰ ਵਾਰ ਜੰਮਦੇ ਅਤੇ ਮਰਦੇ ਹਨ। ਉਨ੍ਹਾਂ ਦਾ ਜਨਮ-ਮਰਨ ਦਾ ਚੱਕਰ ਖਤਮ ਨਹੀਂ ਹੁੰਦਾ। ਅਜਿਹੇ ਮਨੁੱਖ ਮੂੰਹ ਦੇ ਮਿੱਠੇ ਹੁੰਦੇ ਹਨ ਪਰ ਪਿੱਠ ਪਿੱਛੇ ਨਿੰਦਾ-ਚੁਗਲੀ ਕਰਦੇ ਹਨ, ਮੂੰਹ ਵਿਚੋਂ ਜ਼ਹਿਰ ਉਗਲਦੇ ਹਨ। ਅਜਿਹੇ ਮਨੁੱਖ ਜਿਹੜੇ ਮਨ ਦੇ ਖੋਟੇ ਹਨ, ਨੂੰ ਪਰਮਾਤਮਾ ਨੇ ਆਪਣੇ ਆਪ ਨਾਲੋਂ ਵਿਛੋੜ ਦਿੱਤਾ ਹੈ,

ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥
ਜੋ ਮਨਿ ਚਿਤਿ ਇਕੁ ਅਰਾਧਦੇ
ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥
ਤੁਧੁਨੋ ਸਭ ਧਿਆਇਦੀ
ਸੇ ਥਾਇ ਪਏ ਜੋ ਸਾਹਿਬ ਲੋੜੇ॥
ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ
ਸੇ ਮੁਏ ਮਰਿ ਜੰਮੇ ਕੋੜ੍ਹੇ॥
ਓਇ ਹਾਜਰੁ ਮਿਠਾ ਬੋਲਦੇ
ਬਾਹਰਿ ਵਿਸੁ ਕਢਹਿ ਮੁਖਿ ਘੋਲੇ॥
ਮਨਿ ਖੋਟੇ ਦਯਿ ਵਿਛੋੜੇ॥ (ਪੰਨਾ ੩੦੬)

ਗੁਰਮਤਿ ਦਰਸ਼ਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪਰਵਾਨ ਕੀਤੀਆਂ ਹਨ-ਗੁਰਮੁਖਿ ਅਤੇ ਮਨਮੁਖਿ। ਪਹਿਲਾਂ ਗੁਰਮੁਖਾਂ ਦੀ ਗੱਲ ਕੀਤੀ ਸੀ ਹੁਣ ਗੁਰੂ ਤੋਂ ਬੇਮੁਖ ਹੋ ਕੇ ਚੱਲਣ ਵਾਲਿਆਂ ਦੀ ਗੱਲ ਕਰਦੇ ਹਨ। ਗੰਦਗੀ ਨਾਲ ਭਰਿਆ ਹੋਇਆ ਨੀਲਾ ਤੇ ਕਾਲਾ ਜੁਲਾ ਮਨਮੁਖ ਨੇ ਮਨਮੁਖ ਨੂੰ ਪਾ ਦਿੱਤਾ ਅਤੇ ਅਜਿਹੇ ਬੰਦੇ ਨੂੰ ਦੁਨੀਆਂ ਵਿਚ ਕੋਈ ਆਪਣੇ ਕੋਲ ਬੈਠਣ ਵੀ ਨਹੀਂ ਦਿੰਦਾ ਅਤੇ ਮਨਮੁਖ ਬਲਕਿ ਹੋਰ ਵਾਧੂ ਗੰਦਗੀ ਲਾ ਕੇ ਵਾਪਸ ਆ ਜਾਂਦਾ ਹੈ। ਜੋ ਮਨਮੁਖ ਦੂਸਰਿਆਂ ਦੀ ਨਿੰਦਾ-ਚੁਗਲੀ ਕਰਨ ਲਈ ਭੇਜਿਆ ਗਿਆ ਸੀ ਉਥੇ ਵੀ ਦੋਵਾਂ ਮਨਮੁਖਾਂ ਦਾ ਮੂੰਹ ਕਾਲਾ ਕੀਤਾ ਗਿਆ। ਸੰਸਾਰ ਵਿਚ ਸਭ ਪਾਸੇ ਤੁਰਤ ਇਹ ਸੁਣਿਆ ਗਿਆ ਕਿ ਮਨਮੁਖ ਨੂੰ ਉਸ ਦੇ ਨੌਕਰ ਸਮੇਤ ਜੁੱਤੀਆਂ ਪਈਆਂ ਅਤੇ ਠਿੱਠ ਹੋ ਕੇ ਘਰ ਵਾਪਸ ਆ ਗਿਆ,

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ
ਮਨਮੁਖੁ ਆਇਆ॥
ਪਰਾਈ ਜੋ ਨਿੰਦਾ ਚੁਗਲੀ ਨੋ
ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ
ਦੁਹਾ ਵੇਮੁਖਾ ਦਾ ਕਰਾਇਆ॥
ਤੜ ਸੁਣਿਆ ਸਭਤੁ ਜਗਤ ਵਿਚਿ
ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ
ਫਾਵਾ ਹੋਇ ਕੈ ਉਠਿ ਘਰਿ ਆਇਆ॥

ਅਜਿਹੇ ਮਨਮੁਖ ਨੂੰ ਸੰਗਤਾਂ ਤੇ ਅੰਗਾਂ-ਸਾਕਾਂ 'ਚ ਮਿਲ ਕੇ ਬੈਠਣਾ ਨਾ ਮਿਲਿਆ ਤਾਂ ਵਹੁਟੀ ਅਤੇ ਭਤੀਜੀਆਂ ਨੇ ਲਿਆ ਕੇ ਘਰ ਵਿਚ ਥਾਂ ਦਿੱਤੀ। ਉਸ ਦਾ ਇਹ ਸੰਸਾਰ ਅਤੇ ਅਗਲਾ-ਦੋਵੇਂ ਜਾਂਦੇ ਲੱਗੇ ਅਤੇ ਹੁਣ ਭੁੱਖਾ ਚੀਕਦਾ-ਕੂਕਦਾ ਹੈ। ਉਹ ਅਕਾਲ ਪੁਰਖ ਸਿਰਜਣਹਾਰ ਧੰਨ ਹੈ ਜਿਸ ਨੇ ਆਪ ਬਾਰੀਕੀ ਨਾਲ ਸੱਚਾ ਇਨਸਾਫ ਕਰਾਇਆ ਹੈ ਕਿ ਜੋ ਮਨੁੱਖ ਪੂਰੇ ਸਤਿਗੁਰੂ ਦੀ ਨਿੰਦਾ ਕਰਦਾ ਹੈ, ਪਰਮਾਤਮਾ ਉਸ ਨੂੰ ਆਪ ਆਤਮਕ ਮੌਤ ਦਿੰਦਾ ਹੈ, ਜਿਸ ਨਾਲ ਉਹ ਦੁਖੀ ਹੁੰਦਾ ਹੈ। ਇਹ ਨਿਆਂ ਦਾ ਬਚਨ ਅਕਾਲ ਪੁਰਖ ਨੇ ਆਪ ਆਖਿਆ ਹੈ,

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ
ਨ ਮਿਲੈ ਤਾ ਵਹੁਟੀ ਭਤੀਜੀ ਫਿਰਿ
ਆਣਿ ਘਰਿ ਪਾਇਆ॥
ਹਲਤੁ ਪਲਤੁ ਦੋਵੈ ਗਏ ਨਿਤ
ਭੁਖਾ ਕੂਕੇ ਤਿਹਾਇਆ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੋ ਸਾਚੈ ਮਾਰਿ ਪਚਾਇਆ॥
ਏਹੁ ਅਖਰੁ ਤਿਨਿ ਆਖਿਆ
ਜਿਨਿ ਜਗਤੁ ਸਭੁ ਉਪਾਇਆ॥੧॥
(ਪੰਨਾ ੩੦੬)

---

ਗੁਰਬਾਣੀ ਗਿਆਨ

# ਗੁਰੂ ਪੂਰਾ ਨਮਸਕਾਰੇ

**ਸੋਰਿਠ ਮਹਲ ੫**
ਗੁਰੁ ਪੂਰਾ ਨਮਸਕਾਰੇ॥
ਪ੍ਰਭਿ ਸਭੇ ਕਾਜ ਸਵਾਰੇ॥
ਹਰਿ ਅਪਣੀ ਕਿਰਪਾ ਧਾਰੀ॥
ਪ੍ਰਭ ਪੂਰਨ ਪੈਜ ਸਵਾਰੀ॥੧॥
ਅਪਨੇ ਦਾਸ ਕੋ ਭਇਓ ਸਹਾਈ॥
ਸਗਲ ਮਨੋਰਥ ਕੀਨੇ ਕਰਤੈ
ਊਣੀ ਬਾਤ ਨ ਕਾਈ॥ਰਹਾਉ॥
ਕਰਤੈ ਪੁਰਖਿ ਤਾਲੁ ਦਿਵਾਇਆ॥
ਪਿਛੈ ਲਗਿ ਚਲੀ ਮਾਇਆ॥
ਤੋਟਿ ਨ ਕਤਹੂ ਆਵੈ॥
ਮੇਰੇ ਪੂਰੇ ਸਤਗੁਰ ਭਾਵੈ॥੨॥
ਸਿਮਰਿ ਸਿਮਰਿ ਦਇਆਲਾ॥
ਸਭਿ ਜੀਅ ਭਏ ਕਿਰਪਾਲਾ॥
ਜੈ ਜੈ ਕਾਰੁ ਗੁਸਾਈ॥
ਜਿਨਿ ਪੂਰੀ ਬਣਤ ਬਣਾਈ॥੩॥
ਤੂ ਭਾਰੋ ਸੁਆਮੀ ਮੋਰਾ॥
ਇਹੁ ਪੁੰਨੁ ਪਦਾਰਥੁ ਤੇਰਾ॥
ਜਨ ਨਾਨਕ ਏਕੁ ਧਿਆਇਆ॥
ਸਰਬ ਫਲਾ ਪੁੰਨੁ ਪਾਇਆ॥੪॥

ਪੰਚਮ ਪਾਤਸ਼ਾਹ ਆਖ ਰਹੇ ਹਨ, ਗੁਰੂ ਪੂਰਾ ਨਮਸਕਾਰੇ, ਹੇ ਭਾਈ ਜਿਹੜਾ ਜੀਵ ਪੂਰੇ ਗੁਰੂ ਨੂੰ ਨਮਸ਼ਕਾਰ ਕਰਦਾ ਹੈ, ਗੁਰੂ ਦੇ ਚਰਨਾਂ 'ਤੇ ਡਿੱਗ ਪੈਂਦਾ ਹੈ, ਪ੍ਰਭਿ ਸਭੇ ਕਾਜ ਸਵਾਰੇ, ਤਾਂ ਉਹ ਮਿਹਰਵਾਨ ਪ੍ਰਭੂ ਉਸ ਜੀਵ ਦੇ ਸਾਰੇ ਹੀ ਕਾਰਜ ਸੰਵਾਰ ਦਿੰਦੇ ਹਨ; ਹਰਿ ਅਪਣੀ ਕਿਰਪਾ ਧਾਰੀ, ਹੇ ਭਾਈ ਜਿਸ ਜੀਵ ਉਤੇ ਉਸ ਹਰੀ ਪਰਮਾਤਮਾ ਨੇ ਮਿਹਰ ਦੀ ਨਜ਼ਰ ਕਰ ਦਿੱਤੀ ਹੈ, ਪ੍ਰਭ ਪੂਰਨ ਪੈਜ ਸਵਾਰੀ, ਤਾਂ ਉਸ ਪ੍ਰਭੂ ਨੇ ਆਪਣੇ ਸੇਵਕ ਦੀ ਪੂਰੀ ਤਰ੍ਹਾਂ ਪੈਜ ਰੱਖ ਲਈ ਅਤੇ ਉਸ ਦਾ ਜੀਵਨ ਹੀ ਸੰਵਾਰ ਦਿੱਤਾ।

ਅਪਨੇ ਦਾਸ ਕੋ ਭਇਓ ਸਹਾਈ॥
ਸਗਲ ਮਨੋਰਥ ਕੀਨੇ ਕਰਤੈ
ਊਣੀ ਬਾਤ ਨ ਕਾਈ॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰੂ ਆਖ ਰਹੇ ਹਨ, ਹੇ ਭਾਈ ਉਹ ਪਰਮੇਸ਼ਰ ਪ੍ਰਭੂ ਤਾਂ ਆਪਣੇ ਸੇਵਕ ਦੀ ਸਦਾ ਹੀ ਸਹਾਇਤਾ ਕਰਦਾ ਹੈ; ਉਸ ਕਰਤਾਰ ਨੇ ਤਾਂ ਸਦਾ ਤੋਂ ਹੀ ਆਪਣੇ ਦਾਸ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ ਹਨ, ਇਹ ਉਸ ਦੇ ਘਰ ਦੀ ਰੀਤ ਹੈ। ਜੋ ਜੀਵ ਪੂਰੇ ਗੁਰੂ ਦੀ ਮੱਤ ਸਦਕਾ ਪ੍ਰਭੂ ਨਾਮ ਦਾ ਸਿਮਰਨ ਕਰਦਾ ਹੈ, ਪ੍ਰਭੂ ਉਸ ਨੂੰ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੰਦਾ।

ਕਰਤੈ ਪੁਰਖਿ ਤਾਲੁ ਦਿਵਾਇਆ॥
ਪਿਛੈ ਲਗਿ ਚਲੀ ਮਾਇਆ॥
ਤੋਟਿ ਨ ਕਤਹੂ ਆਵੈ॥
ਮੇਰੇ ਪੂਰੇ ਸਤਗੁਰ ਭਾਵੈ॥੨॥

ਗੁਰਦੇਵ ਬਖਸ਼ਿਸ਼ ਕਰਦੇ ਹਨ, ਹੇ ਭਾਈ ਜਿਹੜਾ ਗੁਰੂ ਦੀ ਸ਼ਰਣ ਪੈ ਗਿਆ, ਤਾਂ ਉਸ ਸਰਬ ਵਿਆਪਕ ਪ੍ਰਭੂ ਨੇ ਗੁਰੂ ਰਾਹੀਂ ਨਾਮ ਰੂਪੀ ਖਜ਼ਾਨੇ ਦਾ ਤਾਲਾ ਖੁਲ੍ਹਵਾ ਕੇ ਉਸ ਜੀਵ ਨੂੰ ਨਾਮ ਦਾ ਖਜ਼ਾਨਾ ਦੇ ਦਿੱਤਾ, ਅਤੇ ਨਾਮ ਰੂਪੀ ਖਜ਼ਾਨੇ ਕਰਕੇ ਉਸ ਵਡਭਾਗੇ ਜੀਵ ਦੀ ਮਾਇਆ ਦੀ ਲਾਲਸਾ ਹੀ ਮੁੱਕ ਗਈ ਤੇ ਮਾਇਆ ਉਸ ਦੇ ਪਿਛੇ ਪਿਛੇ ਤੁਰੀ ਫਿਰਦੀ ਹੈ; ਉਸ ਨੂੰ ਕਿਸੇ ਚੀਜ਼ ਦੀ ਤੋਟ ਮਹਿਸੂਸ ਨਹੀਂ ਹੁੰਦੀ ਅਤੇ ਮੇਰੇ ਪੂਰੇ ਸਤਿਗੁਰੂ ਨੂੰ ਉਸ ਜੀਵ ਲਈ ਇਹ ਗੱਲ ਚੰਗੀ ਲੱਗਦੀ ਹੈ।

ਸਿਮਰਿ ਸਿਮਰਿ ਦਇਆਲਾ॥
ਸਭਿ ਜੀਅ ਭਏ ਕਿਰਪਾਲਾ॥
ਜੈ ਜੈ ਕਾਰੁ ਗੁਸਾਈ॥
ਜਿਨਿ ਪੂਰੀ ਬਣਤ ਬਣਾਈ॥੩॥

ਗੁਰਦੇਵ ਆਖਦੇ ਹਨ, ਦਇਆ ਦੇ ਸਮੁੰਦਰ ਮਿਹਰਵਾਨ ਪ੍ਰਭੂ ਦਾ ਨਾਮ ਸਿਮਰਨ ਵਾਲੇ ਸਾਰੇ ਜੀਵ ਉਸ ਕਿਰਪਾਲ ਪ੍ਰਭੂ ਦਾ ਹੀ ਸਰੂਪ ਬਣ ਜਾਂਦੇ ਹਨ; ਹੇ ਭਈ, ਉਸ ਪ੍ਰਭੂ ਦੀ ਜੈ ਜੈ ਕਾਰ, ਸਿਫਤ-ਸਾਲਾਹ ਹਰ ਵੇਲੇ ਹੀ ਕਰਦੇ ਰਹੀਏ, ਪ੍ਰਭੂ ਨੇ ਜੀਵਾਂ ਨੂੰ ਨਾਲ ਜੋੜਨ ਦੀ ਬਣਤ ਆਪ ਹੀ ਬਣਾਈ ਹੈ।

ਤੂ ਭਾਰੋ ਸੁਆਮੀ ਮੋਰਾ॥
ਇਹੁ ਪੁੰਨੁ ਪਦਾਰਥੁ ਤੇਰਾ॥
ਜਨ ਨਾਨਕ ਏਕੁ ਧਿਆਇਆ॥
ਸਰਬ ਫਲਾ ਪੁੰਨੁ ਪਾਇਆ॥੪॥

ਸ਼ਬਦ ਦੇ ਅਖੀਰ ਵਿਚ ਪੰਚਮ ਪਾਤਸ਼ਾਹ ਅਰਦਾਸ ਕਰਦੇ ਹਨ, ਹੇ ਮਿਹਰਾਂ ਦੇ ਮਾਲਕ ਪ੍ਰਭੂ ਜੀਓ, ਤੂੰ ਤਾਂ ਮੇਰਾ ਸਭ ਤੋਂ ਵੱਡਾ ਮਾਲਕ ਹੈਂ। ਤੇਰਾ ਨਾਮ ਰੂਪੀ ਵੱਡਮੁੱਲਾ ਪਦਾਰਥ ਮੈਨੂੰ ਗੁਰੂ ਦੀ ਬਖਸ਼ਿਸ਼ ਸਦਕਾ ਮਿਲਿਆ ਹੈ। ਹੇ ਪ੍ਰਭੂ, ਇਹ ਸਭ ਤੇਰੀ ਹੀ ਰਹਿਮਤ ਹੈ। ਇਹ ਦਾਸ ਨਾਨਕ ਆਖਦਾ ਹੈ, ਜਿਸ ਜੀਵ ਨੇ ਪੂਰੇ ਗੁਰੂ ਦੀ ਮੱਤ ਲੈ ਕੇ ਉਸ ਇਕ ਪਰਮਾਤਮਾ ਦਾ ਸਿਮਰਨ ਕੀਤਾ, ਪ੍ਰਭੂ ਜੀਵ ਨੇ ਸਾਰੇ ਫਲ ਦੇਣ ਵਾਲੀ ਤੇਰੀ ਬਖਸ਼ਿਸ਼ ਪਾ ਲਈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮੇਰਾ ਘਰ ਘਾਟ

*'ਪੰਜਾਬ ਟਾਈਮਜ਼' ਦੇ 19 ਜੁਲਾਈ ਵਾਲੇ ਅੰਕ ਵਿਚ ਪ੍ਰੋ. ਹਰਪਾਲ ਸਿੰਘ ਪੰਨੂ ਦਾ ਲੇਖ 'ਘਰ ਚੱਲੀਏ' ਛਪਿਆ ਸੀ। ਸਾਧਾਰਨ ਜਿਹੇ ਇਸ ਲੇਖ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਸਾਡੇ ਇਕ ਪਾਠਕ ਕੁਲਦੀਪ ਸਿੰਘ (ਯੂਨੀਅਨ ਸਿਟੀ, ਕੈਲੀਫੋਰਨੀਆ) ਨੇ ਇਸ ਲੇਖ ਵਾਲੇ ਰੰਗ ਵਾਲਾ ਇਕ ਹੋਰ ਲੇਖ ਸਾਨੂੰ ਭੇਜਿਆ ਹੈ ਜਿਹੜਾ ਡਾ. ਮੋਹਨ ਸਿੰਘ ਦੀਵਾਨਾ ਨੇ ਚਿਰ ਪਹਿਲਾਂ ਘਰ ਬਾਰੇ ਲਿਖਿਆ ਸੀ। ਇਸ ਨਿੱਕੇ ਜਿਹੇ ਲੇਖ ਵਿਚ ਘਰ ਦੀ ਆਪਣੇ ਹੀ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਪ੍ਰੋ. ਪੰਨੂ ਦਾ ਲੇਖ ਜੇ ਬੰਦੇ ਦੇ ਬਾਹਰ ਵੱਲ ਸਫਰ ਦੀ ਤਾਂਘ ਦਰਸਾਉਂਦਾ ਹੈ, ਤਾਂ ਡਾ. ਦੀਵਾਨਾ ਦਾ ਲੇਖ 'ਮੇਰਾ ਘਰ ਘਾਟ' ਅੰਦਰ ਵੱਲ ਦੀ ਯਾਤਰਾ ਨਾਲ ਜੁੜਿਆ ਹੋਇਆ ਹੈ। ਇਹ ਲੇਖ ਪ੍ਰੋ. ਪੰਨੂ ਦੇ ਲੇਖ ਨਾਲ ਮਿਲਦਾ-ਜੁਲਦਾ ਹੋਣ ਦੇ ਬਾਵਜੂਦ ਨਿਰੋਲ ਵੱਖਰਾ ਹੈ ਅਤੇ ਇਸ ਵਿਚ ਅੱਜ ਤੋਂ ਕਈ ਦਹਾਕੇ ਲਿਖੀ-ਪੜ੍ਹੀ ਜਾਂਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਵੀ ਹੁੰਦੇ ਹਨ। -ਸੰਪਾਦਕ*

**ਡਾ. ਮੋਹਨ ਸਿੰਘ ਦੀਵਾਨਾ**

ਬੜੇ ਚਿਰਾਂ ਦੀ ਗੱਲ ਹੈ, ਆਪਣੇ ਮਸੇਰ ਨੂੰ ਮੈਂ ਕਿਹਾ, ਕੋਈ ਯੋਗ ਵਰ ਲੱਭ ਦਿਓ। ਉਨ੍ਹਾਂ ਅਖਵਾ ਭੇਜਿਆ, ਨਾ ਇਹਦਾ ਘਰ ਘਾਟ, ਪੈਸਾ ਬੈਂਕ ਵਿਚ ਨਹੀਂ, ਨਿਰੀ ਨੌਕਰੀ ਈ ਨੌਕਰੀ, ਕੋਈ ਕਾਹਨੂੰ ਧੀ ਦੇਵੇਗਾ।

ਪਰਾਈ ਧੀ ਆ ਗਈ। ਘਰ ਘਾਟ ਕਿਲ੍ਹੇ, ਮਹਿਲ ਵਰਗਾ ਲਾਹੌਰ ਬਣ ਗਿਆ ਪਰ 'ਜਿਥੇ ਗਈਆਂ ਬੇੜੀਆਂ, ਉਥੇ ਗਏ ਮਲਾਹ।' ਲਾਹੌਰ ਹੀ ਸਾਡਾ ਨਾ ਰਿਹਾ। ਪ੍ਰੇਮ ਨਗਰ ਵਾਲੇ ਮਕਾਨ ਨੂੰ ਕੀ ਰੋਈਏ।

ਸਮੇਂ ਨਾਲ ਸਭ ਕੁਝ ਹੋ ਜਾਂਦਾ ਹੈ। 1971 ਵਿਚ ਮੇਰੇ ਜਿਉਣ ਜੋਗੇ ਪੁੱਤਰ ਦੀ ਮਦਦ ਨਾਲ ਮੈਂ ਇਹ ਘਰ ਇਧਰ ਪੂਰਬੀ ਪੰਜਾਬ ਵਿਚ ਖਰੀਦ ਲਿਆ। ਮੈਂ ਬੜਾ 'ਕੱਲਾ-'ਕੱਲਾ ਮਹਿਸੂਸ ਕਰਾਂ। ਮੈਂ ਕਿਹਾ, ਕਿਰਾਏਦਾਰ ਵਾੜ ਕੇ ਭੂਤ ਚਮੇੜ ਲਵਾਂਗਾ। ਉਨ੍ਹਾਂ ਸਿਆੜਾਂ (ਗਿੱਦੜਾਂ) ਗਲੋਂ ਨਹੀਂ ਲਹਿਣਾ। ਚਲੋ ਦੇਵਤਿਆਂ ਨੂੰ ਵਸਾ ਲਈਏ। ਦੇਵਤੇ ਬੱਸ, ਵਾਹਿਗੁਰੂ ਦੇ ਨਾਂ ਹੀ ਹਨ। ਹੋਰ ਕੁਝ ਨਹੀਂ ਗੁਣਵਾਚਕ। ਸੋ, ਰਸੋਈ ਮੈਂ ਨਰੈਣ ਨੂੰ ਦੇ ਦਿੱਤੀ, ਰੋਟੀ ਦਾ ਕਮਰਾ ਤੇ ਨਾਲੇ ਬੈਠਕ ਹਰੀ ਨੂੰ, ਆਹਮੋ-ਸਾਹਮਣੇ ਦੋਵੇਂ ਕਮਰੇ ਗੋਬਿੰਦ ਤੇ ਗੋਪਾਲ ਨੂੰ। ਬਾਹਰ ਪਿਛਲੇ ਵਰਾਂਡੇ ਵਿਚ ਜੋ ਰਸੋਈ ਦੇ ਸਾਹਮਣੇ ਕਮਰਾ ਹੈ, ਦਿਆਲ ਸਰੂਪ ਨੂੰ। ਅੰਦਰਲਾ ਵਿਹੜਾ ਪਾਰਬ੍ਰਹਮ ਨੂੰ। ਬਾਹਰਲਾ ਸੜਕ ਵੱਲ ਦਾ ਥਾਂ ਪਰਮੇਸ਼ਰ ਨੂੰ। ਉਤਲਾ ਕਮਰਾ ਰਾਮ ਤੇ ਹਨੂੰਮਾਨ ਨੂੰ। ਭਗਤ ਨੂੰ ਭਗਵਾਨ ਨਾਲੋਂ ਵੱਖ ਨਹੀਂ ਕਰੀਦਾ। ਹੁਣੇ ਮੈਨੂੰ ਇਕੱਲ ਇੰਨੀ ਨਹੀਂ ਵੱਢਦੀ।

ਪਰ ਸੜਕ ਦਾ ਧੂੰਆਂ-ਸ਼ੂੰਆਂ, ਰੌਲਾ-ਰੱਪਾ, ਚੀਕ-ਚਿਹਾੜਾ; ਇਹਦੇ ਤੋਂ ਮੈਂ ਨਹੀਂ ਬਚ ਸਕਦਾ, ਨਾ ਹੀ ਚੋਰਾਂ ਤੋਂ। ਤ੍ਰੈ ਵਾਰੀ ਚੋਰ ਆਏ। ਲੈ ਕੀ ਜਾਣਾ ਸੀ, ਮਕਾਨ ਸਾਜ਼-ਸਮਾਨ ਵੱਲੋਂ ਮਸੀਤ ਦੀ ਮਸੀਤ। ਹੁਣ ਤੇ ਕੁਝ ਕਿਤਾਬਾਂ ਹੈਨ, ਪਹਿਲਾਂ ਕਿਤਾਬਾਂ ਵੀ ਨਹੀਂ ਸਨ। ਕਿਤਾਬਾਂ ਚੋਰਾਂ ਨੇ ਕਾਹ ਮਾਰਨੀਆਂ ਨੇ। ਦੋ-ਚਾਰ ਪੈਨ, ਪੈਨਸਿਲਾਂ ਜੋ ਮੈਂ ਜਰਮਨੀ ਤੋਂ ਆਂਦੀਆਂ ਸਨ, ਲੈ ਗਏ। ਅਸਲ ਵਿਚ ਜਿਹੜਾ ਇਕ ਰੂਪ ਪੰਜ ਸੱਤ ਸਰੂਪਾਂ ਵਿਚ ਇਥੇ ਵੱਸਿਆ ਹੋਇਆ ਹੈ, ਉਹ ਬਚਾ ਲੈਂਦਾ ਰਿਹਾ ਹੈ ਤੇ ਅੱਗੇ ਵੀ ਬਚਾਏਗਾ।

ਪਰ ਇਹ ਕਹਾਣੀ ਮੈਂ ਜਿਨ੍ਹਾਂ ਗੱਲਾਂ ਲਈ ਛੋਹੀ ਹੈ, ਉਹ ਤੁਹਾਡੇ ਫਰਿਸ਼ਤੇ ਦੇ ਦਿਮਾਗ ਵਿਚ ਵੀ ਨਹੀਂ ਆ ਸਕਦੀਆਂ। ਮੈਂ ਬੇਅੰਤ ਖੁਸ਼ ਹੋਇਆ ਇਕ ਦਿਨ, ਜਦ ਦਿਹੁੰ ਲੱਥੇ ਪਿਛੋਂ ਆਪਣੇ ਵਿਹੜੇ ਵਿਚ ਖਲੋਤਿਆਂ ਮੈਂ ਦੂਜ ਦਾ ਚੰਨ ਵੇਖਿਆ। ਬੱਲੇ ਬੱਲੇ। ਮੈਂ ਕੇਡਾ ਭਾਗਵਾਨ ਹਾਂ, ਮੈਨੂੰ ਘਰ ਬੈਠਿਆਂ ਹੀ ਬਾਕੀ ਉਮਰ ਹਰ ਮਹੀਨੇ ਚੰਨ ਦਿਸ ਪਿਆ ਕਰੂਗਾ, ਜਿਵੇਂ ਚੰਨ ਵੀ ਹੁਣ ਮੇਰੇ ਘਰ ਆ ਗਿਆ ਹੈ। ਮੈਂ ਝੱਟ ਬਾਹਰ ਮੂਹਰਲੇ ਵਿਹੜੇ ਵਿਚ ਆ ਕੇ ਵੇਖਿਆ, ਉਥੇ ਵੀ ਦਿਸ ਪਿਆ। ਇਨਕਲਾਬ ਜ਼ਿੰਦਾਬਾਦ।

ਹੋਰ ਸੁਣੋ! ਸਾਲ ਭਰ ਬਾਅਦ ਜਦ ਮੈਂ ਗੁਲਾਬ ਤੇ ਹੋਰ ਫੁੱਲਦਾਰ ਬੂਟੇ ਲਾ ਲਏ ਅੱਗੇ ਪਿੱਛੇ ਵਿਹੜਿਆਂ ਵਿਚ, ਤਾਂ ਪੰਛੀ ਆਉਣੇ ਸ਼ੁਰੂ ਹੋ ਗਏ। ਮੈਂ ਸਹੁੰ ਖਾ ਕੇ ਕਹਿਨਾਂ ਕਿ ਮੇਰੀ ਖੁਸ਼ੀ ਦਾ ਹੱਦ ਬੰਨਾ ਟੱਪ ਗਿਆ ਤੇ ਮੈਂ ਆਕੜਨ ਲੱਗਾ ਕਿ ਲੈ ਜੇ ਹੁਣ ਤਾਂ ਖੁਰਸ੍ਹ, ਚੇਡੂਲ, ਤੋਤੇ, ਕਈ ਨਵੀਆਂ ਚਿੜੀਆਂ, ਗਟਾਰਾਂ ਇਹ ਸਭ ਮੇਰੇ ਘਰ ਆ ਕੇ ਮੇਰਾ ਮਾਣ ਵਧਾਉਂਦੇ ਨੇ। ਮੈਂ ਇਨ੍ਹਾਂ ਲਈ ਪਾਣੀ ਦਾ ਇੰਤਜ਼ਾਮ ਵੀ ਕੀਤਾ, ਟੁੱਕੜ-ਟੋੜ, ਦਾਣਾ, ਫਲ, ਨਿੱਕ-ਸੁੱਕ ਪਾ ਦਿਆਂ ਕਰਾਂ, ਤਾਂ ਜੋ ਇਹ ਮੇਰੀ ਮਹਿਮਾਨ-ਨਿਵਾਜ਼ੀ 'ਤੇ ਕੋਈ ਟਿੱਪਣੀ ਨਾ ਕਰ ਸਕਣ। ਸ਼ਕਲਾਂ ਵੀ ਸੋਹਣੀਆਂ ਤੇ ਬੋਲ-ਚਾਲ ਵੀ ਅਨਖੋਲੀ। ਬੜਾ ਦੋਸਤਾਨਾ ਵਰਤਾਰਾ, ਜਿਵੇਂ ਆਪਣੇ ਪੁਰਾਣੇ ਨਿੱਕਿਆਂ ਦੇ ਯਾਰ ਬਾਸ਼ ਹੋਣ। ਮੈਂ ਇਨ੍ਹਾਂ ਦੀ ਖਾਤਰ ਜਾਂ ਸਹਿਜ ਸੁਭਾਅ ਪਪੀਤਾ ਲਾ ਲਿਆ, ਅਮਰੂਦ ਤੇ ਦਾਖ, ਅੰਗੂਰ। ਅਸਲ ਵਿਚ ਇਕ ਸੰਤ ਜੀ ਜੋ ਮੇਰੇ ਨੇੜੇ ਹੀ ਰਹਿੰਦੇ ਨੇ, ਉਨ੍ਹਾਂ ਨੂੰ ਬੁੱਢੇ ਸਿੱਖ 'ਤੇ ਪਿਆਰ ਆਇਆ। ਉਨ੍ਹਾਂ ਆਪ ਗੁਲਾਬ ਦੀਆਂ ਟਾਹਣੀਆਂ ਲਿਆਂਦੀਆਂ, ਲਾਈਆਂ। ਅੰਗੂਰ ਵੀ ਵੇਲ ਲਾਈ ਤੇ ਅਸ਼ੀਰਵਾਦ ਦਿੱਤੀ।

ਛੇ ਵਰ੍ਹੇ ਹੋ ਗਏ ਨੇ ਬਰਾਬਰ ਸਾਡੀ ਮਿੱਤਰਤਾ ਨਿਭੀ ਜਾਂਦੀ ਹੈ, ਉਤੋਂ-ਅੰਦਰੋਂ ਇਕੋ ਜਿਹੀ। ਹਾਂ, ਕਦੀ-ਕਦੀ ਚਿੜੀ 'ਤੇ ਮੈਨੂੰ ਗੁੱਸਾ ਆਉਂਦਾ ਹੈ ਜਾਂ ਕਾਂ 'ਤੇ। ਭਲਾ ਇਹ ਕੀ ਹੋਇਆ ਕਿ ਕੁਵੇਲੇ ਚੀਂ ਚੀਂ ਤੇ ਕਾਂ ਕਾਂ ਕਰ ਕੇ ਸਿਰ ਹੀ ਖਾ ਲਓ। ਚੋਖਾ ਸਿਰ ਤਾਂ ਹੋਕਾ ਦੇ ਕੇ ਵੇਚਣ ਵਾਲਿਆਂ, ਬਲੂਨ ਵੇਚਣ ਵਾਲਿਆਂ, ਮੋਟਰਾਂ ਦੀ ਭੌਂਕ, ਸਕੂਟਰਾਂ ਦੀ ਚੰਘਿਆੜ ਨੇ, ਤੇ ਰਿਕਸ਼ੇ ਵਾਲਿਆਂ ਦੀਆਂ ਉਚੀਆਂ-ਉਚੀਆਂ ਗੱਲਾਂ-ਬਾਤਾਂ ਨੇ, ਤੇ ਗਵਾਂਢ ਤੇ ਰੇਡੀਓ ਨੇ, ਤੇ ਅੱਧੀ ਰਾਤ ਨੂੰ ਫਿਰਦੇ ਮੁੰਡਿਆਂ ਦੇ ਰੌਲਿਆਂ ਨੇ ਖਾ ਲਿਆ ਹੈ।

ਫੁੱਲਾਂ ਦਾ, ਖਾਸ ਕਰ ਕੇ ਵੱਡੇ-ਵੱਡੇ ਗਮਲਿਆਂ ਵਿਚਲਿਆਂ ਬੂਟਿਆਂ ਦੀ ਸੂਰਤ ਖੁਸ਼ਬੋ ਦੀ ਕਹਾਣੀ ਦਾ ਕਹਿਣਾ ਹੀ ਕੀ ਹੈ। ਮੈਂ ਕਹਿਨਾਂ ਅੱਖਾਂ ਮਾਰ ਮਾਰ ਕੇ ਬੁਲਾਉਂਦੇ ਨੇ, ਤੇ ਝੋਲੀ ਖੁਸ਼ਬੋ ਨਾਲ ਭਰ ਦੇਂਦੇ ਨੇ, ਤੇ ਕਈ ਅਧਿਆਤਮਿਕ ਤੇ ਸਮਾਜੀ ਤੇ ਆਰਥਿਕ ਤੇ ਸਾਹਿਤਕ ਤੇ ਭੋਗ ਵਿਲਾਸੀ ਤੇ ਵੇਦਾਂਤੀ ਭੇਤ ਮੇਰੇ ਕੰਨਾਂ ਵਿਚ ਫੂਕ ਦੇਂਦੇ, ਤੇ ਅੱਖਾਂ ਵਿਚ ਸੁਰਮੇ ਵਾਂਗ ਪਾ ਦੇਂਦੇ ਨੇ।

ਲਓ ਹੋਰ ਸੁਣੋ, ਮੈਂ ਸਾਹਮਣੇ ਵਲਗਣ ਵਿਚ ਦੋ ਸਰੂ ਲਾਏ ਨੇ। ਦੋ ਤਿੰਨ ਪਾਪਲਰ ਦੇ ਬੂਟੇ, ਦੋ ਕਨੇਰ। ਪਿਛਲੇ ਵਿਹੜੇ ਵਿਚ ਵੀ ਇਕ ਸਰੂ ਹੈ। ਪਿਛਲੇ ਵਿਹੜੇ ਦੇ ਬਾਹਰ ਦਾ ਬੂਟਾ ਅਸਮਾਨ ਨਾਲ ਕੰਨਾਂ-ਕੁਰਲ ਕਰਦਾ ਹੈ। ਉਹਦੀ ਨਹੀਂ, ਮੇਰੀ ਸਰਬੁਲੰਦੀ ਹੈ। ਕਨੇਰ ਦਾ ਫੁੱਲ ਬੱਚੇ ਚੁੱਕ ਕੇ ਲੈ ਜਾਂਦੇ ਨੇ, ਤੇ ਪੂਜਾ ਕਰਨ ਵਾਲੇ ਵੀ। ਸਰੂਆਂ ਦੀ ਥਾਂ ਇਹ ਗੱਲ ਹੈ ਕਿ ਮੈਂ ਸਾਰੀ ਉਮਰ ਕਦੀ ਸੁਫਨਾ ਵੀ ਨਹੀਂ ਵੇਖ ਸਕਦਾ ਸਾਂ ਕਿ ਉਹ ਸਰੂ ਜੋ ਸਿਰਫ ਜਹਾਂਗੀਰ ਤੇ ਸ਼ਾਹ ਜਹਾਨ ਹੀ ਲਾ ਸਕਦੇ ਸਨ, ਮੇਰੇ ਘਰ ਵੀ ਕਦੇ ਲੱਗਣਗੇ। ਮੈਨੂੰ ਬੜਾ ਘੁਮੰਡ ਹੈ ਤੇ ਉਸ ਮਾਲਕ ਦਾ ਲੱਖ ਲੱਖ ਸ਼ੁਕਰ।

ਐਸਟੇਟ ਆਫਿਸ ਵਾਲੇ ਕਈ ਵਾਰ ਮੇਰੇ ਬੂਟੇ ਕੱਟ ਗਏ ਹਨ ਪਰ ਉਨ੍ਹਾਂ ਵੀ ਤਾਂ ਭਾਈ ਆਪਣੀ ਹਕੂਮਤ ਦਾ ਕੋਈ ਸਬੂਤ ਦੇਣਾ ਹੋਇਆ। ਉਹ ਰਾਜੇ ਅਸੀਂ ਰਿਆਇਆ। ਇਹੋ ਵੱਡੀ ਖੂਬੀ ਹੈ ਹਿੰਦੁਸਤਾਨੀ ਵਿਚ, ਉਹ ਕਿਸੇ ਨਾਲ ਵੀ ਭਗੜ ਕੇ ਰਾਜ਼ੀ ਨਹੀਂ; ਤੇ ਸਰਕਾਰ ਤਾਂ ਕੋਈ ਹੋਵੇ, ਉਸ ਦਾ ਹੱਥ ਬੱਧਾ ਗੁਲਾਮ ਏ। ਅਹਿੰਸਾਵਾਦੀ ਬਣੇ ਰਹੋ, ਨੀਵੇਂ ਹੋ ਘਾਹ ਬਣ ਕੇ ਤੂਫਾਨ ਉਤੋਂ ਲੰਘਾ ਲਓ; ਦੁੱਖ ਸੁੱਖ ਤਾਂ ਲਿਖਿਆ ਹੈ, ਤੇ ਹੈ ਵੀ ਕੀ? ਚੰਦ ਦਿਨਾਂ ਦੀ ਖੇਡ! ਲਾਹੌਰ ਵੀ ਤੇ ਰਹਿੰਦੇ ਸਾਂ, ਖੁਸ਼-ਖੁਸ਼ ਜਿੱਥੇ ਘਰ ਵਿਚ ਨਾ ਚੰਨ ਆਉਂਦਾ ਸੀ ਨਾ ਸੂਰਜ, ਨਾ ਫੁੱਲ ਸਨ ਨਾ ਪੰਛੀ।

ਪਰ ਇਹ ਗੱਲ ਜ਼ਰੂਰ ਹੈ ਕਿ ਲਾਹੌਰ ਵਿਚ ਪੜ੍ਹੇ-ਲਿਖੇ ਬਹੁਤ ਸਨ ਤੇ ਉਥੇ ਬੰਦੇ ਦੀ ਕਦਰ ਹੁੰਦੀ ਸੀ ਤੇ ਬੰਦਾ ਕੁਬੰਦਾ ਪਛਾਣਦੇ ਸਨ ਤੇ ਖਾਨਦਾਨੀਪਣ ਸੀ, ਹਫੜਾ ਦਫੜੀ ਨਹੀਂ ਸੀ। ਈਰਖਾ ਨਹੀਂ ਸੀ, ਸਭ ਲਈ ਮੈਦਾਨ ਖੁੱਲ੍ਹਾ ਸੀ।

ਇਕ ਖਾਸ ਗੱਲ ਇਸ ਕਹਾਣੀ ਵਿਚ ਜ਼ਰੂਰੀ ਕਹੀ ਜਾਂਦੀ ਸੀ, ਗਲੀਆਂ ਦੇ ਕੁੱਤੇ, ਸਾਹਿਬਾਂ ਦੇ ਕੁੱਤੇ, ਸਰਕਾਰੀ ਨੌਕਰਾਂ ਦੀਆਂ ਗਾਂਵਾਂ, ਪਬਲਿਕ ਦੇ ਸੰਢੇ, ਕੱਟੇ, ਬੱਕਰੀਆਂ, ਭੇਡਾਂ ਇਥੇ ਨਹੀਂ। ਰਾਤ ਨੂੰ ਬਾਰਾਂ ਵਜੇ ਤੱਕ ਆਵਾਜਾਈ ਬਾਜ਼ਾਰ ਦੀ, ਪਿੱਛੋਂ ਕੁੱਤੇ ਤੇ ਉਸ ਤੋਂ ਪਿੱਛੋਂ ਬੁੱਢਿਆਂ, ਬੱਚਿਆਂ ਦਾ ਖੰਘ-ਤਾਪ ਤੇ ਭੁੱਖ ਬਿਮਾਰੀ ਦਾ ਰੌਲਾ। ਮੈਂ ਮਨ ਨੂੰ ਸਮਝਾ ਲਿਆ ਹੈ ਕਿ ਮਕਾਨ ਆਪਣਾ ਪਿੰਜਰਾ ਹੈ; ਕੈਦੀ ਸਹੀ, ਪਰ ਰੱਖਿਆ ਤੇ ਹੈ; ਚਾਰ ਇੰਚ ਆਪਣੀ ਥਾਂ 'ਤੇ ਹੈ, ਰਾਮ ਨਾਲ ਅੰਦਰ ਜੀ/ਮਰ ਲਈਦਾ ਹੈ; ਨਹੀਂ ਨੀਂਦਰ ਆਉਂਦੀ ਨਾ ਸਹੀ। ਆਪੇ ਬੇਵੱਸ ਹੋ ਕੇ ਕਦੇ ਤੇ ਆ ਜਾਏਗੀ। ਬਹੁਤ ਸੌਣਾ ਵਰਜਿਤ ਹੈ ਪੰਥ ਪ੍ਰਕਾਸ਼ ਵਿਚ।

ਇਥੇ ਇਕ ਨਵੀਂ ਮੁਸੀਬਤ ਉਤਰੀ ਹੈ। ਵੇਲੇ-ਕੁਵੇਲੇ ਵਿਮ ਵੇਚਣ ਵਾਲੇ, ਫਰਨੈਲ ਵੇਚਣ ਵਾਲੇ, ਬੀਮਾ ਕਰਨ ਵਾਲੇ, ਬਿਜਲੀ, ਪਾਣੀ ਦਾ ਬਿਲ ਦੇਣ ਵਾਲੇ ਜਾਂ ਮੀਟਰ ਵੇਖਣ ਵਾਲੇ 'ਤੇ ਮੈਂ ਆਖਿਆ ਜ਼ਰਾ ਭਰਾ ਜੀ', 'ਬਾਬਾ ਜੀ', 'ਦੀਵਾਨਾ ਜੀ', ਖਬਰਸਾਰ ਲੈਣ ਵਾਲੇ ਬੇਅੰਤ ਹਨ। ਐਂ ਲਗਦੈ ਕਿ ਜਿੰਨੀ ਵੱਡੀ ਦੁਨੀਆਂ ਬਾਹਰ ਹੈ, ਉਨੀ ਪਸਰੀ ਮੇਰੇ ਘਰ ਵਿਚ ਵੀ ਹੈ, ਤੇ ਮਨ ਵਿਚ ਵੀ; ਪਰ ਸੱਚ ਦੱਸਾਂ ਮੈਨੂੰ ਨਾ ਫੁੱਲਾਂ ਤੇ, ਨਾ ਪੰਛੀਆਂ ਤੇ, ਨਾ ਮੁਲਾਕਾਤੀਆਂ ਤੇ, ਨਾ ਕਿਤਾਬਾਂ ਜੋ ਮੈਂ ਇਥੇ ਬੈਠਿਆਂ ਲਿਖ ਮਾਰੀਆਂ ਨੇ, ਉਤੇ ਫਖਰ ਹੈ। ਮੈਨੂੰ ਨਾਜ਼ ਹੈ ਇਸ ਸਭ ਤੋਂ ਵਧ ਕੇ ਹਮੇਸ਼ਾ ਰਹਿਣ ਵਾਲਾ, ਕਿ ਮੇਰੀ ਬੇਟੀ ਅਮਰੀਕਾ ਤੋਂ ਆਈ ਇਸ ਘਰ ਵਿਚ, ਨਾਲ ਲਿਆਈ ਆਪਣੀ ਬੇਟੀ ਕਿਰਨ ਨੂੰ, ਤੇ ਆਪਣੇ ਭਰਾ ਦੀ ਬੇਟੀ ਸਫੀਨਾ ਨੂੰ। ਇਹ ਤਿੰਨੇ ਇਥੇ ਤਿੰਨ ਦਿਨ ਟਿਕੀਆਂ, ਤੇ ਜਾਂਦਿਆਂ ਮੇਰੀ ਰੱਬ ਰੱਖੀ, ਸਾਈਂ ਸਵਾਰੀ ਬੇਟੀ ਨੇ ਕਿਹਾ, "ਪਾਪਾ ਜੀ, ਸਾਨੂੰ ਕਦੇ ਪਹਿਲੇ ਇਹੋ ਜਿਹਾ ਘਰ ਨਹੀਂ ਸੀ ਜੁੜਿਆ! ਖੁਸ਼ ਓ ਨਾ?"

ਜਵਾਬ ਵਿਚ ਮੇਰੀਆਂ ਅੱਖਾਂ 'ਚੋਂ ਅੱਥਰੂ ਵਗਣ ਲੱਗ ਪਏ।

ਘਰ-ਘਾਟ ਇਸ ਲਈ ਹੁੰਦਾ ਹੈ ਕਿ ਵੰਸ਼ ਅੱਗੇ ਤੁਰੇ। ਨਾਂ ਚੱਲੇ। ਪੁੱਤ, ਪੋਤਰੇ, ਪੜ-ਪੋਤਰੇ ਕਹਿਣ ਕਿ ਬਾਪੂ ਹੋਰ ਕੁਝ ਨਹੀਂ ਤੇ ਕੁੱਲੀ ਤੇ ਛੱਡ ਗਿਆ ਹੈ, ਤੇ ਬਾਪੂ ਖੁਸ਼ ਕਿ ਸੜਕ 'ਤੇ ਕੁੱਤੇ ਦੀ ਮੌਤ ਤੇ ਨਹੀਂ ਮਰਿਆ। ਮੈਂ ਕਹਿਨਾਂ, ਮੌਤ ਨੂੰ ਸਦਾ ਯਾਦ ਰੱਖਣ ਨਾਲ ਜੀਵਨ ਠੀਕ ਠੁੱਕ ਨਾਲ ਲੰਘਦਾ ਹੈ, ਮਰੂੰ ਮਰੂੰ ਕਰਨ ਨਾਲ ਨਹੀਂ। ਇਹ ਚੇਤੇ ਰੱਖਣ ਨਾਲ ਕਿ ਘਰ, ਘਰ ਨਹੀਂ ਘਾਟ ਹੈ; ਲੋਕ ਆਉਂਦੇ ਨੇ, ਨਾਉ ਤੋਂ ਉਤਰਦੇ ਨੇ, ਫਿਰ ਨਾਉ 'ਤੇ ਚੜ੍ਹ ਜਾਂਦੇ ਨੇ। ਟੇਸ਼ਨ ਹੈ ਟੇਸ਼ਨ। ਗੱਡੀ ਵਿਚ ਮੁਸਾਫਰ ਕੋਈ ਇਥੇ ਲਹਿ ਗਿਆ, ਕੋਈ ਅੱਗੇ ਲਹੂ। ਗੱਡੀ ਨੂੰ ਘਰ ਨਾ ਸਮਝੋ। ਇਉਂ ਮੇਰਾ ਘਰ ਮੇਰਾ ਮੇਜ਼ਬਾਨ ਹੈ, ਤੇ ਮੈਂ ਇਹਦਾ ਮਹਿਮਾਨ। ਤੁਸੀਂ ਕੀ ਕਹਿੰਦੇ ਹੋ?

# ਧਾਰਮਿਕ ਅਨੁਭਵ ਦਾ ਰਹੱਸ ਅਤੇ ਵਿਗਿਆਨਕ ਖੋਜਾਂ

**ਨਜ਼ਰੀਆ**

*ਮਿਸੀਸਾਗਾ, ਕੈਨੇਡਾ ਵਿਚ ਰਹਿੰਦੇ ਡਾ. ਡੀ. ਪੀ. ਸਿੰਘ, ਅਧਿਆਪਕ ਤੇ ਵਿਗਿਆਨ ਲੇਖਕ ਹਨ। ਉਨ੍ਹਾਂ ਦੀਆਂ ਹੁਣ ਤਕ 18 ਕਿਤਾਬਾਂ ਅਤੇ ਹਜ਼ਾਰ ਕੁ ਰਚਨਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੀਆਂ ਅਖਬਾਰਾਂ ਤੇ ਰਸਾਲਿਆਂ ਵਿਚ ਛਪ ਚੁਕੀਆਂ ਹਨ। ਮਨੁੱਖ ਨੂੰ ਜੀਵਨ ਦੌਰਾਨ ਹੋਏ ਧਾਰਮਿਕ ਅਨੁਭਵਾਂ ਕਾਰਨ ਉਨ੍ਹਾਂ ਦੇ ਬਦਲੇ ਰਵੱਈਏ ਦੇ ਆਧਾਰ ਉਤੇ ਇਨ੍ਹਾਂ ਅਨੁਭਵਾਂ ਦੇ ਰਹੱਸ ਅਤੇ ਵਿਗਿਆਨ ਦੀਆਂ ਖੋਜਾਂ ਬਾਰੇ ਲੇਖਕ ਦੇ ਵਿਚਾਰ ਪੇਸ਼ ਹਨ।*

ਮੌਤ ਦੇ ਕਰੀਬੀ ਅਨੁਭਵ ਵਿਚੋਂ ਗੁਜ਼ਰੇ ਬਹੁਤ ਸਾਰੇ ਲੋਕਾਂ ਵਿਚ ਅਕਸਰ ਗੰਭੀਰ ਧਾਰਮਿਕ ਪ੍ਰਭਾਵ ਦੇਖਿਆ ਗਿਆ ਹੈ। ਅਜਿਹੇ ਅਨੁਭਵ 'ਚੋਂ ਗੁਜ਼ਰਨ ਪਿਛੋਂ ਲੋਕਾਂ ਦੇ ਜੀਵਨ ਚਲਨ ਵਿਚ ਵੱਡੀ ਤਬਦੀਲੀ ਨਜ਼ਰ ਪੈਂਦੀ ਹੈ। ਅਜਿਹੇ ਲੋਕ ਆਮ ਕਰਕੇ ਪਦਾਰਥਵਾਦੀ ਨਜ਼ਰੀਏ ਨੂੰ ਤਿਆਗ ਕੇ ਵਧੇਰੇ ਪਰਉਪਕਾਰੀ ਬਣ ਜਾਂਦੇ ਹਨ। ਬਹੁਤ ਸਾਰੇ ਲੋਕਾਂ ਨੇ ਤਾਂ ਮੌਤ ਦੇ ਕਰੀਬੀ ਅਨੁਭਵ ਦੀ ਤੁਲਨਾ ਧਾਰਮਿਕ ਅਨੁਭਵ ਨਾਲ ਹੀ ਕੀਤੀ ਹੈ। ਜ਼ਾਹਿਰ ਹੈ ਕਿ ਮੌਤ ਦੇ ਕਰੀਬੀ ਅਨੁਭਵ ਵਾਲੇ ਵਰਤਾਰੇ ਨੂੰ ਬਾਖੂਬੀ ਸਮਝਣ ਲਈ ਸ਼ਾਇਦ ਸਾਨੂੰ ਧਾਰਮਿਕ ਅਨੁਭਵ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ।



**ਡਾ. ਡੀ. ਪੀ. ਸਿੰਘ, ਕੈਨੇਡਾ**
ਫੋਨ: 416-859-1856
e-mail: drdpsn@gmail.com

ਬੇਸ਼ਕ ਧਾਰਮਿਕ ਅਨੁਭਵ ਬਾਰੇ ਵਿਗਿਆਨਕ ਖੋਜ ਅਜੇ ਮੁੱਢਲੇ ਪੜਾਅ ਉਤੇ ਹੀ ਹੈ। ਪਰ ਪਿਛਲੇ 30 ਸਾਲਾਂ ਦੌਰਾਨ ਇਸ ਖੇਤਰ ਵਿਚ ਯਕੀਨਨ ਕੁਝ ਨਾ ਕੁਝ ਤਰੱਕੀ ਹੋਈ ਹੈ। ਪੈਨਸਿਲਵੇਨੀਆ ਯੂਨੀਵਰਸਿਟੀ ਦੇ ਡਾ. ਐਂਡਰੀਓ ਨਿਊਬਰਗ, ਰੇਡੀਓਲੋਜੀ ਤੇ ਨਾੜੀ-ਵਿਦਿਆ ਵਿਸ਼ੇ ਦੇ ਮਾਹਿਰ ਹਨ। ਧਾਰਮਿਕ ਅਨੁਭਵ ਦੌਰਾਨ ਦਿਮਾਗੀ ਤਬਦੀਲੀਆਂ ਦੇ ਅਧਿਐਨ ਸਬੰਧਤ ਖੋਜ ਕਾਰਜਾਂ ਬਾਰੇ ਉਹ ਇਕ ਪ੍ਰਮੁੱਖ ਹਸਤੀ ਹੈ। ਉਸ ਨੇ ਉਚ-ਤਕਨੀਕੀ ਇਮੇਜ਼ਿੰਗ ਟੈਕਨਾਲੋਜੀ ਦੀ ਵਰਤੋਂ ਨਾਲ, ਧਿਆਨ (ਸਮਾਧੀ) ਦੀ ਹਾਲਤ ਵਿਚ ਬੈਠੇ ਤੇ ਗਹਿਰੀ ਪ੍ਰਾਰਥਨਾ ਕਰ ਰਹੇ ਲੋਕਾਂ ਦੇ ਦਿਮਾਗਾਂ ਵਿਚ ਵਾਪਰ ਰਹੀਆਂ ਤਬਦੀਲੀਆਂ ਦੇ ਚਿੱਤਰ ਪ੍ਰਾਪਤ ਕਰ ਲਏ। ਅਜਿਹਾ ਸੋਚਿਆ ਜਾ ਰਿਹਾ ਹੈ ਕਿ ਡਾ. ਐਂਡਰੀਓ ਨਿਊਬਰਗ ਦੇ ਖੋਜ ਕਾਰਜ ਇਹ ਸਮਝਣ ਵਿਚ ਸਾਡੀ ਮਦਦ ਕਰਨ ਵਿਚ ਸਫਲ ਰਹਿਣਗੇ ਕਿ ਸਾਡਾ ਦਿਮਾਗ ਸਵੈਪਣ ਦੇ ਪਾਰ ਦੈਵੀ ਹਾਲਾਤ ਨਾਲ ਕਿਵੇਂ ਇਕਸੁਰ ਹੁੰਦਾ ਹੈ।

ਆਪਣੇ ਅਨੇਕ ਖੋਜ ਪੱਤਰਾਂ ਵਿਚ ਤੇ ਆਪਣੀ ਕਿਤਾਬ 'ਵਾਇ ਗਾਡ ਵੌਂਟ ਗੋ ਅਵੇ?' ਵਿਚ ਡਾ. ਨਿਊਬਰਗ ਨੇ ਆਪਣੇ ਤੇ ਸਹਿ-ਖੋਜੀਆਂ ਵਲੋਂ ਕੀਤੇ ਤਜ਼ਰਬਿਆਂ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਹਨ। ਇਨ੍ਹਾਂ ਨਤੀਜਿਆਂ ਵਿਚ ਇਹ ਗੱਲ ਬਿਲਕੁਲ ਸਪਸ਼ਟ ਹੋਈ ਹੈ ਕਿ ਪ੍ਰਾਰਥਨਾ-ਯੁਕਤ ਧਿਆਨ (ਸਮਾਧੀ) ਮਾਨਸਿਕ ਪ੍ਰਤੀਕ੍ਰਿਆਵਾਂ ਨੂੰ ਸ਼ਾਂਤ ਕਰਦਾ ਹੈ ਤੇ ਦਿਮਾਗ ਦੇ ਦਰਮਿਆਨੀ ਖੇਤਰ ਵਿਖੇ ਖੂਨ ਦੇ ਵਹਾਓ ਨੂੰ ਘੱਟ ਕਰ ਦਿੰਦਾ ਹੈ। ਦਿਮਾਗ ਦਾ ਇਹ ਖੇਤਰ ਆਮ ਕਰ ਕੇ ਸਾਨੂੰ ਸਥਿਤੀ ਨਿਰਧਾਰਣ ਦੀ ਸੰਵੇਦਨਾ ਪ੍ਰਦਾਨ ਕਰਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਧਿਆਨ ਦੀ ਹਾਲਤ ਦੌਰਾਨ ਦਿਮਾਗ ਦਾ ਸਾਹਮਣਾ ਤੇ ਸਾਈਡ ਵਾਲਾ ਹਿੱਸਾ ਵਧੇਰੇ ਕਾਰਜਸ਼ੀਲ ਹੋ ਜਾਂਦੇ ਹਨ।

ਅਜਿਹੀ ਹਾਲਤ ਵਿਚ ਖੂਨ ਵਿਚ ਵੀ ਕਈ ਰਸਾਇਣੀ ਤਬਦੀਲੀਆਂ ਵਾਪਰਨ ਦੀ ਪੁਸ਼ਟੀ ਹੋਈ ਹੈ। ਸਰੀਰ ਵਿਚ ਮੈਲਾਟੋਨਿਨ ਤੇ ਸਿਰੋਟੋਨਿਨ ਰਸਾਇਣਾਂ ਦੀ ਮਾਤਰਾ ਵਧ ਜਾਂਦੀ ਹੈ ਅਤੇ ਕੋਰਟੀਸੋਲ (ਜੋ ਇਕ ਸਟਿਰੋਆਇਡ ਹਾਰਮੋਨ ਹੁੰਦਾ ਹੈ) ਅਤੇ ਏਪੀਨਫਰਿਨ ਰਸਾਇਣਾਂ ਦੀ ਮਾਤਰਾ ਘਟ ਜਾਂਦੀ ਹੈ। ਅਜਿਹਾ ਠੀਕ ਵੀ ਹੈ ਕਿਉਂਕਿ ਮੈਲਾਟੋਨਿਨ ਤੇ ਸਿਰੋਟੋਨਿਨ ਹਾਰਮੋਨ ਤਾਂ ਸਰੀਰ ਵਿਚ ਅਰਾਮ ਦੀ ਹਾਲਤ ਸਮੇਂ ਪੈਦਾ ਹੁੰਦੇ ਹਨ ਤੇ ਕੋਰਟੀਸੋਲ ਤੇ ਏਪੀਨਫਰਿਨ ਹਾਰਮੋਨ ਸਰੀਰਕ ਤਣਾਉ ਦੀ ਹਾਲਤ ਵਿਚ ਪੈਦਾ ਹੁੰਦੇ ਹਨ।ਪ੍ਰੋ. ਨਿਊਬਰਗ ਤੇ ਉਸ ਦੇ ਸਹਿ-ਖੋਜੀਆਂ ਵਲੋਂ ਕੀਤੇ ਜਾ ਰਹੇ ਇਨ੍ਹਾਂ ਤਜ਼ਰਬਿਆਂ ਤੋਂ ਅਜਿਹਾ ਪਤਾ ਲੱਗਣ ਦਾ ਅਨੁਮਾਨ ਹੈ ਕਿ ਧਿਆਨ ਲੀਨ ਵਿਅਕਤੀ ਕਿਵੇਂ ਸਵੈ-ਚੇਤੰਨਤਾ ਦੀਆਂ ਹਾਲਤਾ ਤੋਂ ਪਾਰ ਪਵਿੱਤਰ ਦੈਵੀ ਹਾਲਤ ਨਾਲ ਇਕਸੁਰਤਾ ਮਹਿਸੂਸ ਕਰਦਾ ਹੈ।

ਜਦੋਂ ਇਕ ਇੰਟਰਵਿਊ ਕਰਤਾ ਨੇ ਪ੍ਰੋ. ਨਿਊਬਰਗ ਨੂੰ ਪੁੱਛਿਆ ਕਿ ਕੀ ਧਿਆਨ (ਸਮਾਧੀ) ਵਿਚ ਲੀਨ ਲੋਕਾਂ ਦਾ ਅਨੁਭਵ ਜ਼ਾਹਿਰਾ ਤੌਰ ਉਤੇ ਅਸਲ ਹੈ ਜਾਂ ਨਹੀਂ, ਤਾਂ ਨਿਊਬਰਗ ਦਾ ਕਹਿਣਾ ਸੀ ਕਿ ਉਸ ਦੇ ਅਧਿਐਨ ਕਾਰਜਾਂ ਤੋਂ ਧਾਰਮਿਕ ਅਨੁਭਵ ਦੀ ਵਾਸਤਵਿਕਤਾ ਵਿਗਿਆਨਕ ਤੌਰ ਉਤੇ ਸਿੱਧ ਕਰ ਸਕਣਾ ਸ਼ਾਇਦ ਸੰਭਵ ਨਹੀਂ ਹੈ। ਨਿਊਬਰਗ ਦਾ ਕਹਿਣਾ ਹੈ ਕਿ ਅਸੀਂ ਧਿਆਨ (ਸਮਾਧੀ) ਤੇ ਪ੍ਰਾਰਥਨਾ ਵਿਚ ਲੀਨ ਮਨੁੱਖੀ ਦਿਮਾਗ ਦਾ ਹੁਣ ਤਕ ਦਾ ਸਭ ਤੋਂ ਵਧੇਰੇ ਵਿਆਪਕ ਮਾਡਲ ਤਿਆਰ ਕਰ ਲਿਆ ਹੈ। ਪਰ ਅਸੀਂ ਪ੍ਰਭੂ ਨਾਲ ਲੀਨਤਾ ਦੀ ਪਰਸਥਿਤੀ ਦੀ ਪੁਸ਼ਟੀ ਕਰ ਸਕਣ ਜਾਂ ਅਜਿਹੀ ਹਾਲਤ ਦੀ ਅਣਹੋਂਦ ਬਾਰੇ ਪੱਕੇ ਤੌਰ 'ਤੇ ਕੁਝ ਕਹਿ ਸਕਣ ਦੇ ਅਜੇ ਸਮਰਥ ਨਹੀਂ ਹੋ ਸਕੇ। ਮੇਰੀ ਕਿਤਾਬ ਦਾ ਪ੍ਰਕਾਸ਼ਕ ਤਾਂ ਚਾਹੁੰਦਾ ਸੀ ਕਿ ਮੈਂ ਆਪਣੇ ਅਧਿਐਨ ਕਾਰਜਾਂ ਦੀ ਰਿਪੋਰਟ ਨੂੰ ਧਾਰਮਿਕ ਅਨੁਭਵ ਦੀ ਅਸਲੀਅਤ ਬਿਆਨ ਕਰਾਂ, ਪਰ ਸਾਡੇ ਲਈ ਅਜਿਹਾ ਕਹਿ ਸਕਣ ਦਾ ਕੋਈ ਪੁਖਤਾ ਆਧਾਰ ਨਹੀਂ ਹੈ। ਇਸੇ ਲਈ ਅਸੀਂ ਆਪਣੇ ਖੋਜ ਨਤੀਜਿਆਂ ਨੂੰ ਧਿਆਨ (ਸਮਾਧੀ) ਤੇ ਪ੍ਰਾਰਥਨਾ ਵਿਚ ਲੀਨ ਮਨੁੱਖੀ ਦਿਮਾਗ ਦੀ ਅਸਲੀਅਤ ਦਾ ਨਾਂ ਦਿੱਤਾ। ਦਰਅਸਲ ਅਸੀਂ ਇਸ ਵਰਤਾਰੇ ਨੂੰ ਮਨੁੱਖੀ ਦਿਮਾਗ ਅੰਦਰ ਵਾਪਰ ਰਹੀਆਂ ਘਟਨਾਵਾਂ ਦੇ ਸੰਦਰਭ ਵਿਚ ਹੀ ਦੇਖ ਰਹੇ ਹਾਂ।

ਅੰਤ ਵਿਚ ਵਿਗਿਆਨਕ ਪੱਖੋਂ ਇਹੋ ਹੀ ਕਹਿਣਾ ਠੀਕ ਹੈ ਕਿ ਜੋ ਕੁਝ ਵੀ ਅਸੀਂ ਅਨੁਭਵ ਕਰਦੇ ਹਾਂ, ਭਾਵੇਂ ਇਹ ਧਾਰਮਿਕ ਅਨੁਭਵ ਹੋਵੇ ਜਾਂ ਮੌਤ ਦੇ ਕਰੀਬੀ ਅਨੁਭਵ ਵਿਚੋਂ ਗੁਜ਼ਰਣ ਦੀ ਘਟਨਾ, ਇਹ ਮਨੁੱਖੀ ਦਿਮਾਗ ਵਿਚ ਵਾਪਰਦੀਆਂ ਵਿਭਿੰਨ ਕ੍ਰਿਆਵਾਂ ਕਾਰਨ ਹੀ ਜਨਮ ਲੈਂਦਾ ਹੈ। ਆਸ ਹੈ ਕਿ ਭਵਿੱਖ ਵਿਚ ਧਾਰਮਿਕ ਅਨੁਭਵ ਤੇ ਮੌਤ ਦਾ ਕਰੀਬੀ ਅਨੁਭਵ ਪੈਦਾ ਕਰਨ ਵਾਲੇ ਅਣੂੰਵੀ ਕਾਰਕ ਲੱਭ ਲਏ ਜਾਣਗੇ ਅਤੇ ਦਿਮਾਗ ਦੇ ਉਸ ਖੇਤਰ, ਜਿਥੇ ਇਹ ਅਣੂੰਵੀ ਕਾਰਕ ਪੈਦਾ ਹੁੰਦੇ ਹਨ, ਦੀ ਦੱਸ ਵੀ ਪਾਈ ਜਾ ਸਕੇਗੀ। ਖੋਜ ਇਹ ਇਹ ਦੱਸ ਸਕੇਗੀ ਕਿ ਮਨੁੱਖੀ ਦਿਮਾਗ ਦੇ ਕਿਹੜੇ ਹਿੱਸੇ ਇਨ੍ਹਾਂ ਅਨੁਭਵਾਂ ਨੂੰ ਪੈਦਾ ਕਰਨ ਵਿਚ ਰੋਲ ਅਦਾ ਕਰਦੇ ਹਨ, ਪਰ ਕੀ ਅਜਿਹੇ ਅਨੁਭਵ ਅਸਲੀ ਹਨ? ਇਸ ਬਾਰੇ ਤਦ ਵੀ ਯਕੀਨ ਨਾਲ ਕੁਝ ਕਹਿ ਸਕਣਾ ਸੰਭਵ ਨਹੀਂ ਹੋਵੇਗਾ।

ਪੱਕੇ ਤੌਰ 'ਤੇ ਇਹ ਜਾਣਨਾ ਕਿ ਧਾਰਮਿਕ ਅਨੁਭਵ ਤੇ ਮੌਤ ਦੇ ਕਰੀਬੀ ਅਨੁਭਵ ਦੀ ਅਸਲੀਅਤ ਕੀ ਹੈ, ਇਸ ਸਬੰਧੀ ਸਾਡੇ ਦਿਮਾਗ ਤੇ ਸਾਡੀ ਸੰਵੇਦਨਾ ਪ੍ਰਣਾਲੀ ਦੀ ਨਿਰੀਖਣ ਯੋਗਤਾ ਸੀਮਿਤ ਹੈ। ਇਸੇ ਲਈ ਜਦ ਤਕ ਅਜਿਹੇ ਵਰਤਾਰਿਆਂ ਦੀ ਜਾਂਚ ਸਬੰਧਤ ਉਚਿਤ ਤਜ਼ਰਬੇ ਸੰਭਵ ਨਹੀਂ ਹੁੰਦੇ, ਤਦ ਤਕ ਅਜਿਹਾ ਕਹਿਣਾ ਕਿ ਧਾਰਮਿਕ ਅਨੁਭਵ ਤੇ ਮੌਤ ਦੇ ਕਰੀਬੀ ਅਨੁਭਵ ਕੀ ਵਾਸਤਵਿਕ ਹੈ ਜਾਂ ਨਹੀਂ, ਤੋਂ ਗੁਰੇਜ਼ ਕਰਨਾ ਹੀ ਭਲਾ ਹੈ। ਸਾਡੀ ਸੂਝ-ਬੂਝ ਤੋਂ ਪਾਰ, ਕੀ ਕੋਈ ਬਾਹਰੀ ਵਾਸਤਵਿਕਤਾ ਹੈ ਜਾਂ ਨਹੀਂ, ਇਸ ਬਾਰੇ ਜਾਣਨ ਲਈ ਸਾਡੇ ਕੋਲ ਉਚਿਤ ਸੰਵੇਦਨ-ਸ਼ੀਲਤਾ ਨਹੀਂ ਹੈ ਤੇ ਨਾ ਹੀ ਅਜੇ ਅਜਿਹੇ ਵਿਗਿਆਨਕ ਯੰਤਰ ਹੀ ਘੜੇ ਜਾ ਸਕੇ ਹਨ ਜੋ ਇਸ ਸਵਾਲ ਦਾ ਸਹੀ ਜਵਾਬ ਦੱਸ ਸਕਣ।

ਲੋਕ ਵਿਰਸਾ

# ਨੀ ਕੋਇਲੇ ਸਾਉਣ ਦੀਏ...

ਪੁਰਾਤਨ ਸਮੇਂ ਤੋਂ ਹੀ ਪੰਜਾਬ ਦੇ ਲੋਕ ਜੀਵਨ ਵਿਚ ਸਾਉਣ ਮਹੀਨੇ ਦੀ ਮਹੱਤਤਾ ਰਹੀ ਹੈ। ਪੰਜਾਬ ਖੇਤੀ ਪ੍ਰਧਾਨ ਖਿੱਤਾ ਹੋਣ ਦੇ ਕਾਰਨ ਇੱਥੋਂ ਦਾ ਕਿਸਾਨ ਚੰਗੇਰੀ ਫਸਲ ਦੀ ਪੈਦਾਵਾਰ ਲਈ ਮੌਸਮ 'ਤੇ ਹੀ ਨਿਰਭਰ ਕਰਦਾ ਰਿਹਾ ਹੈ। ਪਾਣੀ ਦੇ ਕੁਦਰਤੀ ਸਾਧਨ ਹੀ ਉਸ ਦੇ ਮੁੱਖ ਸਿੰਜਾਈ ਸਾਧਨ ਰਹੇ ਹਨ ਜਿਸ ਕਰ ਕੇ ਕਿਸਾਨਾਂ ਨੂੰ ਜਿੱਥੇ ਮੀਂਹ 'ਤੇ ਟੇਕ ਰੱਖਣੀ ਪੈਂਦੀ ਸੀ, ਉਥੇ ਉਨ੍ਹਾਂ ਨੂੰ ਮੌਸਮ ਦੀ ਕਰੋਪੀ ਦਾ ਵੀ ਟਾਕਰਾ ਕਰਨਾ ਪੈਂਦਾ ਸੀ। ਸਾਉਣ ਦਾ ਮਹੀਨਾ ਕਿਸਾਨਾਂ ਲਈ ਖੁਸ਼ਹਾਲੀ ਦਾ ਢੋਆ ਲੈ ਕੇ ਆਉਂਦਾ ਹੈ। ਰੱਜਵੀਂ ਬਾਰਸ਼ ਸਾਉਣੀ ਦੀ ਭਰਪੂਰ ਫਸਲ ਲਈ ਉਨ੍ਹਾਂ ਦੇ ਮਨਾਂ ਅੰਦਰ ਉਤਸ਼ਾਹ ਅਤੇ ਉਮਾਹ ਭਰਦੀ ਹੈ। ਪਿੰਡਾਂ ਵਿਚ ਆਮ ਕਰ ਕੇ ਘਰ ਕੱਚੇ ਹੁੰਦੇ ਸਨ ਜਿਸ ਕਰ ਕੇ

**ਸੁਖਦੇਵ ਮਾਦਪੁਰੀ**
ਫੋਨ: 91-94630-34472

ਪਿੰਡਾਂ ਦੇ ਲੋਕ ਸਾਉਣ ਮਹੀਨੇ ਦੀ ਆਮਦ ਤੋਂ ਪਹਿਲਾਂ-ਪਹਿਲਾਂ ਆਪਣੇ ਘਰਾਂ ਦੀਆਂ ਕੰਧਾਂ ਅਤੇ ਛੱਤਾਂ ਤੂੜੀ ਨਾਲ ਗੋਈ ਚੀਕਣੀ ਮਿੱਟੀ ਨਾਲ ਲਿਪ ਕੇ ਸਾਉਣ ਦੀ ਝੜੀ ਦਾ ਟਾਕਰਾ ਕਰਨ ਲਈ ਤਿਆਰੀ ਕਰ ਲੈਂਦੇ ਸਨ। ਲੋਕ ਅਖਾਣ ਹੈ,

ਸਾਵਣ ਦੀ ਝੜੀ, ਕੋਠਾ ਛੱਡੇ ਨਾ ਕੜੀ।

ਜੇ ਕਿਧਰੇ ਸਾਉਣ ਚੜ੍ਹਨ 'ਤੇ ਬਾਰਸ਼ ਨਾ ਹੋਣੀ ਤਾਂ ਕੁੜੀਆਂ ਨੇ ਗੁੱਡੀਆਂ ਫੂਕ-ਫੂਕ ਕੇ ਬਾਰਸ਼ ਲਈ ਅਰਦਾਸਾਂ ਕਰਨੀਆਂ ਅਤੇ ਬੱਚਿਆਂ ਨੇ ਗਲੀਆਂ 'ਚ ਨੱਚ-ਨੱਚ ਗਾਉਣਾ,

ਰੱਬਾ-ਰੱਬਾ ਮੀਂਹ ਵਸਾ
ਸਾਡੀ ਕੋਠੀ ਦਾਣੇ ਪਾ।

ਕਾਲੇ ਰੋੜ ਪੀਲੇ ਰੋੜ
ਹਾੜ੍ਹੇ ਰੱਬਾ ਵੱਟਾਂ ਤੋੜ।

ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਸਾ ਦੇ ਜ਼ੋਰੋ ਜ਼ੋਰ।

ਜੇਠ ਹਾੜ੍ਹ ਦੀ ਅਤਿ ਦੀ ਗਰਮੀ ਅਤੇ ਲੂੰਹਦੀਆਂ ਲੋਆਂ ਮਗਰੋਂ ਸਾਉਣ ਮਹੀਨੇ ਦੀਆਂ ਠੰਢੀਆਂ ਠਾਰ ਅਤੇ ਮਹਿਕਦੀਆਂ ਹਵਾਵਾਂ ਵਾਤਾਵਰਨ ਨੂੰ ਰੁਮਾਂਚਕ ਬਣਾ ਦਿੰਦੀਆਂ ਹਨ। ਨਿੱਕੀ-ਨਿੱਕੀ ਕਣੀਂ ਦਾ ਮੀਂਹ, ਸਾਉਣ ਦੇ ਛਰਾਟੇ ਅਤੇ ਸਾਉਣ ਦੀਆਂ ਝੜੀਆਂ ਪੰਜਾਬ ਦੇ ਸੰਸਕ੍ਰਿਤਕ ਜੀਵਨ ਵਿਚ ਅਨੂਠਾ ਰੰਗ ਭਰਦੇ ਹਨ। ਸਾਰਾ ਵਾਤਾਵਰਨ ਨਸ਼ਿਆ ਜਾਂਦਾ ਹੈ। ਧਰਤੀ ਮੌਲਦੀ ਹੈ, ਬਨਸਪਤੀ 'ਤੇ ਨਵਾਂ ਨਿਖਾਰ ਆਉਂਦਾ ਹੈ। ਬੱਦਲਾਂ ਨੂੰ ਵੇਖ ਕਿਧਰੇ ਮੋਰ ਪੈਲਾਂ ਪਾਉਂਦੇ ਹਨ, ਕਿਧਰੇ ਕੋਇਲਾਂ ਕੂਕਦੀਆਂ ਹਨ,

ਰਲ਼ ਆਓ ਸਈਓ ਨੀ
ਸਭੇ ਤੀਆਂ ਖੇਡਣ ਜਾਈਏ।
ਹੁਣ ਆ ਗਿਆ ਸਾਵਣ ਨੀ
ਪੀਂਘਾਂ ਪਿੱਪਲੀਂ ਜਾ ਕੇ ਪਾਈਏ।
ਪਈ ਕੂ-ਕੂ ਕਰਦੀ ਨੀ
ਸਈਓ ਕੋਇਲ ਹੰਝੂ ਡੋਲ੍ਹੇ।
ਪਪੀਹਾ ਵੇਖੋ ਨੀ ਭੈੜਾ
ਪੀਆ ਪੀਆ ਬੋਲੇ।
ਲੈ ਪੈਲਾਂ ਪਾਂਦੇ ਨੀ
ਬਾਗੀਂ ਮੋਰਾਂ ਸ਼ੋਰ ਮਚਾਇਆ।
ਨੀ ਖਿੜ-ਖਿੜ ਫੁੱਲਾਂ ਨੇ
ਸਾਨੂੰ ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀ
ਕੋਈ ਸਾਰ ਨਾ ਲੈਂਦਾ ਮੇਰੀ।

ਨਿੱਕੀ-ਨਿੱਕੀ ਕਣੀਂ ਦਾ ਮੀਂਹ ਮੁਟਿਆਰਾਂ ਅੰਦਰ ਸੁੱਤੇ ਦਰਦ ਜਗਾ ਦਿੰਦਾ ਹੈ ਤੇ ਉਹ ਗਿੱਧਾ ਪਾਉਣ ਲਈ ਤਤਪਰ ਹੋ ਉਠਦੀਆਂ ਹਨ,

ਛਮ ਛਮ ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ।
ਆਓ ਕੁੜੀਓ ਗਿੱਧਾ ਪਾਈਏ
ਸਾਨੂੰ ਸਾਉਣ ਸੈਨਤਾਂ ਮਾਰੇ।

ਸਾਉਣ ਦਾ ਸੱਦਾ ਭਲਾ ਕੁੜੀਆਂ ਕਿਉਂ ਨਾ ਪ੍ਰਵਾਨ ਕਰਨ,

ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ।
ਨੱਚਣ ਕੁੱਦਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ।
ਆਹ ਲੈ ਮਿੱਤਰਾ ਕਰ ਲੈ ਖਰੀਆਂ
ਬਾਂਕਾਂ ਮੇਚ ਨਾ ਆਈਆਂ।
ਗਿੱਧਾ ਪਾ ਰਹੀਆਂ
ਨਣਦਾਂ ਤੇ ਭਰਜਾਈਆਂ।

ਕੁੜੀਆਂ ਦੇ ਪੀਂਘਾਂ ਪਾਉਣ ਕਰ ਕੇ ਪਿੱਪਲ ਆਪਣੇ ਆਪ ਨੂੰ 'ਭਾਗਾਂ ਵਾਲਾ' ਸਮਝਦਾ ਹੈ,

ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ
ਫੁੱਲਾਂ ਬਾਝ ਫੁਲਾਹੀਆਂ।
ਹੰਸਾਂ ਨਾਲ ਹਮੇਲਾਂ ਸੋਂਹਦੀਆਂ
ਬੰਦਾਂ ਨਾਲ ਗਜਰਾਈਆਂ
ਕੁੜੀਆਂ ਨੇ ਪੀਂਘਾਂ ਪਾਈਆਂ।
ਸਾਉਣ ਵਿਚ ਕੁੜੀਆਂ ਨੇ
ਪੀਂਘਾਂ ਅਸਮਾਨ ਚੜ੍ਹਾਈਆਂ।


ਜਦੋਂ ਸਾਉਣ ਦੀਆਂ ਕਾਲੀਆਂ ਘਟਾਵਾਂ ਚੜ੍ਹ ਕੇ ਆਉਂਦੀਆਂ ਹਨ ਤਾਂ ਬ੍ਰਿਹੋਂ ਕੁਠੀ ਮੁਟਿਆਰ ਤੜਫ ਉਠਦੀ ਹੈ,

ਭਿੱਜ ਗਈ ਰੂਹ ਮਿੱਤਰਾ
ਸ਼ਾਮ ਘਟਾਂ ਚੜ੍ਹ ਆਈਆਂ।

ਉਹ ਤਾਂ ਕੋਇਲ ਨੂੰ ਵੀ ਆਪਣੇ ਹੱਥਾਂ 'ਤੇ ਚੋਗ ਚੁਗਾਉਣਾ ਲੋਚਦੀ ਹੈ,

ਪ੍ਰੀਤਾਂ ਦੀ ਮੈਨੂੰ ਕਦਰ ਬਥੇਰੀ
ਲਾ ਕੇ ਤੋੜ ਨਿਭਾਵਾਂ।
ਨੀ ਕੋਇਲੇ ਸਾਉਣ ਦੀਏ
ਤੈਨੂੰ ਹੱਥ 'ਤੇ ਚੋਗ ਚੁਗਾਵਾਂ।

ਇਸ ਰੁਮਾਂਚਕ ਵਾਤਾਵਰਨ ਵਿਚ ਪੰਜਾਬਣਾਂ ਦਾ ਹਰਮਨ ਪਿਆਰਾ 'ਤੀਆਂ ਦਾ ਤਿਉਹਾਰ' ਆਉਂਦਾ ਹੈ। ਪੰਜਾਬ ਦੀਆਂ ਮੁਟਿਆਰਾਂ ਇਸ ਨੂੰ ਬੜੇ ਚਾਵਾਂ ਨਾਲ ਉਡੀਕਦੀਆਂ ਹਨ। ਵਿਆਹੀਆਂ



ਕੁੜੀਆਂ ਆਪਣੇ ਪੇਕਿਆਂ ਦੇ ਘਰ ਆ ਕੇ ਇਹ ਤਿਉਹਾਰ ਮਨਾਉਂਦੀਆਂ ਹਨ,

ਮਹਿੰਦੀ ਤਾਂ ਪਾ ਦੇ ਮਾਏਂ ਸੁਕਣੀ
ਮਾਏਂ ਮੇਰੀਏ...
ਮਹਿੰਦੀ ਦਾ ਰੰਗ ਨੀ ਉਦਾਸ
ਸਾਵਣ ਆਇਆ।
ਨੂੰਹਾਂ ਨੂੰ ਭੇਜੀਂ ਮਾਏਂ ਪੇਕੜੇ
ਮਾਏਂ ਮੇਰੀਏ ਨੀ
ਧੀਆਂ ਨੂੰ ਲਈਂ ਨੀ ਮੰਗਾ
ਸਾਵਣ ਆਇਆ।

ਜਿਹੜੀਆਂ ਵਿਆਹੀਆਂ ਕੁੜੀਆਂ ਕਿਸੇ ਕਾਰਨ ਸਾਉਣ ਮਹੀਨੇ ਵਿਚ ਆਪਣੇ ਪੇਕੀਂ ਨਹੀਂ ਆ ਸਕਦੀਆਂ, ਉਨ੍ਹਾਂ ਲਈ ਉਨ੍ਹਾਂ ਦੇ ਮਾਪੇ ਤੀਆਂ ਦਾ ਸੰਧਾਰਾ ਭੇਜਦੇ ਹਨ। ਤੀਆਂ ਦੇ ਸੰਧਾਰੇ ਵਿਚ ਉਹਦੇ ਲਈ ਤਿਉਰ ਅਤੇ ਮਠਿਆਈ ਹੁੰਦੀ ਹੈ। ਤੀਆਂ ਦੇ ਸੰਧਾਰੇ ਦਾ ਕੁੜੀਆਂ ਨੂੰ ਕਿੰਨਾ ਚਾਅ ਹੁੰਦਾ ਹੈ, ਇਸ ਦੀ ਵਿਆਖਿਆ ਲੋਕ ਗੀਤ ਇਸ ਤਰ੍ਹਾਂ ਕਰਦਾ ਹੈ,

ਭੇਜੀਂ ਨੀ ਅੰਮਾਂ ਰਾਣੀ ਸੂਹੜੇ
ਸੂਹਿਆਂ ਦੇ ਦਿਨ ਚਾਰ
ਸਾਵਣ ਆਇਆ।
ਕਿੱਕੂੰ ਨੀ ਭੇਜਾਂ ਸੂਹੜੇ
ਪਿਊ ਤੇਰਾ ਪਰਦੇਸ
ਸਾਵਣ ਆਇਆ।
ਲਿਖ ਲਿਖ ਭੇਜਾਂ ਚੀਰੀਆਂ
ਤੂੰ ਪਰਦੇਸਾਂ ਤੋਂ ਆ
ਸਾਵਣ ਆਇਆ।
ਕਿੱਕੂੰ ਨੀ ਆਵਾਂ ਜਾਈਏ ਮੇਰੀਏ
ਨਦੀਆਂ ਨੇ ਲਿਆ ਨੀ ਉਛਾਲ
ਸਾਵਣ ਆਇਆ।
ਪਾਵੋ ਵੇ ਮਲਾਹੋ ਬੇੜੀਆਂ
ਮੇਰਾ ਬਾਬਲ ਪਾਰ ਲੰਘਾਓ
ਸਾਵਣ ਆਇਆ।
ਹੱਥਾਂ ਦੀ ਵੇ ਦੇਵਾਂ ਮੁੰਦਰੀ
ਗਲ਼ ਦਾ ਨੌ-ਲੱਖਾ ਹਾਰ
ਸਾਵਣ ਆਇਆ।

ਪੁਰਾਣੇ ਸਮਿਆਂ ਵਿਚ ਆਉਣ-ਜਾਣ ਦੇ ਸਾਧਨ ਸੀਮਤ ਸਨ। ਨਾ ਸੜਕਾਂ ਸਨ, ਨਾ ਨਦੀਆਂ-ਨਾਲਿਆਂ 'ਤੇ ਪੁਲ। ਪੰਜ-ਦਸ ਕੋਹ ਦੀ ਵਾਟ 'ਤੇ ਵਿਆਹੀ ਮੁਟਿਆਰ ਆਪਣੇ ਆਪ ਨੂੰ ਪਰਦੇਸਣ ਸਮਝਦੀ ਸੀ। ਵਰ੍ਹੇ ਛਿਮਾਹੀ ਮਗਰੋਂ ਹੀ ਕੋਈ ਮਿਲਣ ਆਉਂਦਾ। ਸਾਵਣ ਦੇ ਅਨੇਕਾਂ ਲੰਬੇ ਗੀਤ ਮਿਲਦੇ ਹਨ ਜਿਨ੍ਹਾਂ ਰਾਹੀਂ ਪਰਦੇਸਾਂ ਵਿਚ ਬੈਠੀ ਮੁਟਿਆਰ ਜਿੱਥੇ ਆਪਣੇ ਦੂਰ ਵਸੇਂਦੇ ਮਾਪਿਆਂ ਦੇ ਦਰਦ ਦਾ ਸੱਲ ਸਹਿੰਦੀ ਹੈ, ਉਥੇ ਪਰਦੇਸੀਂ ਖੱਟੀ ਕਰਨ ਗਏ ਆਪਣੇ ਮਾਹੀ ਦੇ ਵਿਯੋਗ ਨੂੰ ਵੀ ਬੜੇ ਦਰਦੀਲੇ ਬੋਲਾਂ ਵਿਚ ਬਿਆਨ ਕਰਦੀ ਹੈ।

ਸਾਉਣ ਦੇ ਦਿਨਾਂ ਵਿਚ ਸਹੁਰੇ ਗਈ ਭੈਣ ਨੂੰ ਵੀਰ ਲੈਣ ਆਉਂਦਾ ਹੈ। ਸੱਸ ਨਣਾਨ ਮੱਥੇ ਵੱਟ ਪਾ ਲੈਂਦੀਆਂ ਹਨ। ਉਹ ਵੀਰ ਪਾਸੋਂ ਆਪਣੇ ਪੇਕੇ ਪਰਿਵਾਰ ਦੀ ਸੁੱਖ-ਸਾਂਦ ਪੁੱਛਦੀ ਹੈ,

ਸਾਵਣ ਆਇਆ ਨੀ ਸਖੀਏ
ਸਾਵਣ ਆਇਆ।
ਇੱਕ ਤਾਂ ਆਇਆ
ਮੇਰੀ ਅੰਮਾਂ ਦਾ ਜਾਇਆ
ਆ ਜਾ ਵੇ ਵੀਰਾ
ਸੱਸ ਨਣਾਨ ਮੁੱਖ ਮੋੜਿਆ
ਆ ਜਾ ਵੀਰਾ ਚੜ੍ਹ ਉਚੀ ਅਟਾਰੀ
ਮੇਰੇ ਕਾਨ੍ਹ ਉਸਾਰੀ
ਦੇ ਜਾ ਵੀਰਾ ਮੇਰੀ ਮਾਂ ਦੇ ਸੁਨੇਹੜੇ ਰਾਮ
ਮਾਂ ਤਾਂ ਤੇਰੀ ਭੈਣੇ
ਪਲੰਘੋਂ ਪੀਹੜੇ ਬਠਾਈ
ਸਾਥ ਅਟੇਰਨ ਸੂਹੀ ਰੰਗਲੀ ਰਾਮ
ਆ ਵੇ ਵੀਰਾ ਚੜ੍ਹੀਏ ਉਚੀ ਅਟਾਰੀ
ਮੇਰੇ ਕਾਨ੍ਹ ਉਸਾਰੀ।

ਬ੍ਰਿਹਾ ਕੁੱਠੇ ਗੀਤਾਂ ਤੋਂ ਉਪਰੰਤ ਕੁੜੀਆਂ ਹਾਸੇ ਮਖੌਲਾਂ ਭਰੇ ਗੀਤ ਵੀ ਗਾਉਂਦੀਆਂ ਹਨ। ਪਿੰਡੋਂ ਬਾਹਰ ਬਰੋਟਿਆਂ-ਟਾਹਲੀਆਂ ਦੇ ਦਰਖਤਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਸਮਾਂ ਬੰਨ੍ਹ ਦਿੰਦੀਆਂ ਹਨ,

ਆਇਆ ਸਾਵਣ ਦਿਲ ਪਰਚਾਵਣ
ਝੜੀ ਲੱਗ ਗਈ ਭਾਰੀ।
ਝੂਟੇ ਲੈਂਦੀ ਮਰੀਆਂ ਭਿੱਜ ਗਈ
ਨਾਲੇ ਰਾਮ ਪਿਆਰੀ।
ਕੁੜਦੀ ਹਰੋ ਦੀ ਭਿੱਜੀ ਵਰੀ ਦੀ
ਕਿਸ਼ਨੋ ਦੀ ਫੁਲਕਾਰੀ।
ਪੀਂਘ ਝੂਟਦੀ ਸੱਸੀ ਡਿਗ ਪਈ
ਨਾਲੇ ਨੂਰੀ ਨਾਭੇ ਵਾਲੀ।
ਭਿੱਜ ਗਈ ਲਾਜੋ ਵੇ
ਬਹੁਤੇ ਹਿਰਖਾਂ ਵਾਲੀ।

ਕਿਧਰੇ ਤੀਆਂ ਦਾ ਗਿੱਧਾ ਆਪਣੇ ਜਲਵੇ ਵਿਖਾਉਂਦਾ ਹੈ। ਗਿੱਧਾ ਅਜਿਹਾ ਪਿੜ ਹੈ ਜਿਥੇ ਮੁਟਿਆਰਾਂ ਆਪਣੇ ਦਿਲਾਂ ਦੇ ਗੁੱਭ-ਗੁਭਾੜ ਕੱਢਦੀਆਂ ਹਨ ਤੇ ਬਿਦ-ਬਿਦ ਕੇ ਬੋਲੀਆਂ ਪਾ ਕੇ ਆਪਣੇ ਮਨ ਦਾ ਭਾਰ ਹੌਲਾ ਕਰਦੀਆਂ ਹਨ ਅਤੇ ਸਾਉਣ ਮਹੀਨੇ ਦੇ ਸਦਕੜੇ ਜਾਂਦੀਆਂ ਹਨ,

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਦੇ ਰੰਗਲੇ ਤਿਉਹਾਰ ਤੋਂ ਇਲਾਵਾ ਸਾਉਣ ਦੇ ਹੋਰ ਵੀ ਅਨੇਕਾਂ ਰੰਗ ਹਨ-ਕਈ ਕਈ ਦਿਨ ਝੜੀਆਂ ਲੱਗਣੀਆਂ, ਚਾਰੇ ਬੰਨੇ ਜਲ-ਥਲ ਹੋ ਜਾਣਾ, ਕਿਧਰੇ ਖੀਰਾਂ ਰਿਝਣੀਆਂ, ਕਿਧਰੇ ਮਾਲ੍ਹਪੂੜੇ ਪਕਣੇ। ਹੁਣ ਉਹ ਗੱਲਾਂ ਨਹੀਂ ਰਹੀਆਂ। ਵਿਕਾਸ ਦੇ ਨਾਂ 'ਤੇ ਲੱਖਾਂ ਦਰਖਤਾਂ ਦੇ ਕਤਲੇਆਮ ਨੇ ਕੁਦਰਤੀ ਵਾਤਾਵਰਨ ਦਾ ਸੰਤੁਲਨ ਹੀ ਵਿਗਾੜ ਦਿੱਤਾ ਹੈ। ਪਹਿਲਾਂ ਵਾਂਗ ਮੀਂਹ ਨਹੀ ਪੈਂਦੇ, ਕਈ ਵਾਰ ਤਾਂ ਸਾਉਣ ਸੁੱਕਾ ਹੀ ਲੰਘ ਜਾਂਦਾ ਹੈ। ਪਿੰਡਾਂ ਦਾ ਸ਼ਹਿਰੀਕਰਨ ਹੋ ਰਿਹਾ ਹੈ। ਤੀਆਂ ਦਾ ਤਿਉਹਾਰ ਵੀ ਹੁਣ ਪਹਿਲਾਂ ਵਾਲੇ ਉਤਸ਼ਾਹ ਨਾਲ ਨਹੀਂ ਮਨਾਇਆ ਜਾਂਦਾ। ਸਾਉਣ ਮਹੀਨੇ ਵਿਚ ਪੱਕਦੇ ਸੁਆਦੀ ਮਾਲ੍ਹਪੂੜੇ ਅਤੇ ਰਿਝਦੀਆਂ ਖੀਰਾਂ ਬੀਤੇ ਸਮੇਂ ਦੀਆਂ ਯਾਦਾਂ ਬਣ ਕੇ ਰਹਿ ਗਈਆਂ ਹਨ।

# ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ

ਇਹ ਪਿਆਰਾ ਸ਼ਬਦ ਰਾਗ ਵਡਹੰਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਸਾਉਣ ਮਹੀਨੇ ਵਿਚ ਚਾਰੇ ਪਾਸਿਉਂ ਉਮੜ-ਉਮੜ ਕੇ ਚੜ੍ਹ ਆਈਆਂ ਕਾਲੀਆਂ ਘਨਘੋਰ ਘਟਾਵਾਂ, ਮਸਤੀ ਵਿਚ ਝੂਮ-ਝੂਮ ਕੇ ਤੁਰਦੀਆਂ ਸ਼ੋਖ ਹਵਾਵਾਂ, ਰਿਮ-ਝਿਮ ਵੱਸਦੇ ਬੱਦਲਾਂ ਨੂੰ ਵੇਖ ਕੇ ਮੋਰਾਂ ਦਾ ਪੈਲਾਂ ਪਾਉਣਾ, ਕੋਇਲਾਂ ਦਾ ਬ੍ਰਿਹਾ ਮਿੱਠਾ-ਮਿੱਠਾ ਦਾ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
ਫੋਨ: 916-687-3536

ਰਾਗ ਅਲਾਪਣਾ, ਬੀਂਡਿਆ ਦਾ ਮਨਮੋਹਕ ਸੁਰੀਲੀਆਂ ਆਵਾਜ਼ਾਂ ਵਿਚ ਗਾਉਣਾ ਅਤੇ ਪਪੀਹੇ ਦਾ ਪੀਉਂ-ਪੀਉਂ ਪੁਕਾਰਨਾ ਸੁਣ ਕੇ ਭਲਾ ਗੁਰੂ ਨਾਨਕ ਦੇਵ ਜੀ ਚੁੱਪ ਕਿਵੇਂ ਰਹਿ ਸਕਦੇ ਸਨ? ਕੁਦਰਤ ਦੇ ਇਨ੍ਹਾਂ ਵਿਸਮਾਦ ਭਰੇ ਨਜ਼ਾਰਿਆਂ ਨੂੰ ਵੇਖ ਕੇ ਸਤਿਗੁਰੂ ਨੇ ਪ੍ਰਭੂ ਪਿਆਰ ਵਿਚ ਗੜੂੰਦ ਹੁੰਦਿਆਂ ਸਤਿਸੰਗੀ ਅਤੇ ਰੱਬ ਦੇ ਪਿਆਰਿਆਂ ਨੂੰ ਸਖੀਆਂ-ਸਹੇਲੀਆਂ ਅਤੇ ਭੈਣਾਂ ਦੇ ਨਾਮ ਨਾਲ ਆਵਾਜ਼ ਦਿੱਤੀ ਅਤੇ ਆਖਿਆ, ਆਓ ਭੈਣੋ! ਵੇਖੋ ਸਾਵਣ ਆ ਗਿਆ ਹੈ ਅਤੇ ਮੋਰਾਂ ਨੇ ਵੀ ਮਿੱਠੀਆਂ ਆਵਾਜ਼ਾਂ ਵਿਚ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ। ਆਓ, ਅਸੀਂ ਵੀ ਸਾਰੇ ਮਿਲ ਕੇ ਪ੍ਰਭੂ ਦੇ ਗੀਤ ਗਾਈਏ ਅਤੇ ਸਾਵਣ ਦੀ ਸੋਹਣੀ ਰੁੱਤ ਦਾ ਅਨੰਦ ਮਾਣੀਏ।

ਸਾਲ ਦੇ ਬਾਰਾਂ ਮਹੀਨਿਆਂ ਵਿਚੋਂ ਸਾਉਣ ਮਹੀਨੇ ਦੀ ਆਪਣੀ ਨਿਵੇਕਲੀ ਵਿਲੱਖਣਤਾ ਹੈ ਜਿਸ ਦਾ ਗੁਰਬਾਣੀ ਵਿਚ ਸਤਿਗੁਰਾਂ ਨੇ ਵਿਸ਼ੇਸ਼ ਵਰਣਨ ਕੀਤਾ ਹੈ। ਗੁਰਬਾਣੀ ਤੋਂ ਇਲਾਵਾ ਸਮਾਜਕ ਤੌਰ 'ਤੇ ਵੀ ਸਾਉਣ ਮਹੀਨਾ ਲੰਬੇ ਤਿਉਹਾਰ ਦਾ ਰੂਪ ਬਣ ਕੇ ਸਾਹਮਣੇ ਆਉਂਦਾ ਹੈ। ਕਿਸੇ ਸਮੇਂ ਸਾਉਣੀ ਦੀ ਸਾਰੀ ਫਸਲ ਹੀ ਸਾਉਣ ਮਹੀਨੇ 'ਤੇ ਨਿਰਭਰ ਹੁੰਦੀ ਸੀ ਅਤੇ ਕਿਸਾਨ ਅੱਡੀਆਂ ਚੁੱਕ-ਚੁੱਕ ਕੇ ਇਸ ਮਹੀਨੇ ਦਾ ਰਾਹ ਵੇਖਿਆ ਕਰਦੇ ਸਨ। ਜਦ ਸਾਉਣ ਮਹੀਨੇ ਦੀ ਲੰਮੀ ਝੜੀ ਲੱਗਣੀ, ਤਾਂ ਲੋਕਾਂ ਆਖਣਾ ਕਿ 'ਸਾਉਣ ਦੀ ਝੜੀ ਤੇ ਮੋਤੀਆਂ ਦੀ ਲੜੀ।' ਬਾਰਸ਼ ਪੈਣ 'ਤੇ ਹੀ ਫ਼ਸਲਾਂ ਬੀਜੀਆਂ ਜਾਣੀਆਂ। ਸਾਵਣ ਦੀ ਰਿਮ-ਝਿਮ ਨਾਲ ਸਭ ਦਰਖ਼ਤ ਤੇ ਘਾਹ, ਬੂਟੇ ਹਰੇ-ਭਰੇ ਹੋ ਉਠਦੇ। ਬਾਰਸ਼ ਨਾਲ ਇਸ਼ਨਾਨ ਕਰ ਕੇ ਸਾਰੀ ਬਨਸਪਤੀ ਨੇ ਝੂਮ ਉਠਣਾ ਤੇ ਇਵੇਂ ਲੱਗਣਾ ਜਿਵੇਂ ਕੁਦਰਤ ਰਾਣੀ ਹਰੇ ਕਚੂਰ ਰੰਗ ਦੀ ਪੁਸ਼ਾਕ ਪਾ ਕੇ ਮੁਸਕਰਾ ਰਹੀ ਹੋਵੇ। ਇਸ ਅਲੌਕਿਕ ਤੇ ਅਜਬ ਨਜ਼ਾਰੇ ਨੂੰ ਵੇਖ ਕੇ ਸਮੁੱਚੀ ਲੁਕਾਈ ਦੇ ਮੂੰਹੋਂ ਧੰਨ-ਧੰਨ ਦੀ ਆਵਾਜ਼ ਆਪ ਮੁਹਾਰੇ ਹੀ ਨਿਕਲ ਤੁਰਨੀ। ਸੱਜ ਵਿਆਹੀਆਂ ਕੁੜੀਆਂ ਲਈ ਪਹਿਲੇ ਸਾਵਣ ਨੇ ਦੁਨੀਆਂ ਭਰ ਦੀਆਂ ਖੁਸ਼ੀਆਂ ਲੈ ਕੇ ਆ ਜਾਣਾ। ਵੀਰਾਂ ਨੇ ਆਪਣੀਆਂ ਭੈਣਾਂ ਨੂੰ ਉਨ੍ਹਾਂ ਦੇ ਸਹੁਰੇ ਪਿੰਡ ਲੈਣ ਜਾਣਾ ਅਤੇ ਧੀਆਂ ਨੇ ਪੂਰਾ ਸਾਉਣ ਮਹੀਨਾ ਆਪਣੇ ਪੇਕੇ ਪਿੰਡ ਰਹਿਣਾ। ਸਾਉਣ ਮਹੀਨੇ ਦੇ ਚਾਰ ਹਫ਼ਤੇ ਸਾਵੇ ਜਾਂ ਸਾਉਣ ਦੀਆਂ ਤੀਆਂ ਦੇ ਨਾਮ ਨਾਲ ਮਨਾਏ ਜਾਣੇ। ਕੁੜੀਆਂ ਨੇ ਪਿਪਲਾਂ 'ਤੇ ਪੀਂਘਾਂ ਪਾਉਣੀਆਂ ਅਤੇ ਘੁੰਗਰੂਆਂ ਵਾਲੇ ਪੰਘੂੜੇ ਪੀਂਘ 'ਤੇ ਰੱਖਣੇ। ਵਿਆਹੀਆਂ ਅਤੇ ਕੁਆਰੀਆਂ-ਸਭ ਧੀਆਂ ਨੇ ਹੱਥਾਂ 'ਤੇ ਮਹਿੰਦੀ ਲਾਉਣੀ। ਬਾਹਾਂ ਵਿਚ ਕੱਚ ਦੀਆਂ ਚੂੜੀਆਂ ਨੇ ਆਪਣਾ ਸੰਗੀਤ ਛੇੜਨਾ। ਰੰਗ-ਬਰੰਗੇ ਸੋਹਣੇ-ਸੋਹਣੇ ਸੂਟ ਪਾਉਣੇ ਤੇ ਸਿਰਾਂ ਉਤੇ ਫੁਲਕਾਰੀਆਂ ਤੇ ਲਹਿਰੀਏ ਦੇ ਦੁਪੱਟੇ ਲਹਿਰਾਉਣੇ। ਸੋਹਣੇ ਵਾਲਾਂ ਦੀਆਂ ਪੱਟੀਆਂ ਗੁੰਦਾਉਣੀਆਂ ਤੇ ਪੈਰਾਂ ਵਿਚ ਪਏ ਸਗਲੇ ਤੇ ਪੰਜੇਬਾਂ ਨੇ ਚੂੜੀਆਂ ਨਾਲ ਮਿਲ ਕੇ ਗਿੱਧੇ ਪਾਉਣੇ ਅਤੇ ਸਾਉਣ ਮਹੀਨੇ ਦੇ ਜਸ਼ਨ ਮਨਾਏ ਜਾਣੇ।

ਜਦ ਬਾਰਸ਼ ਦੀ ਲੰਮੀ ਝੜੀ ਲੱਗਣੀ ਤਾਂ ਮਾਂਵਾਂ ਨੇ ਵੱਡੇ-ਵੱਡੇ ਪਤੀਲੇ ਖੀਰਾਂ ਦੇ ਬਣਾਉਣੇ। ਮਿੱਠੇ-ਮਿੱਠੇ ਪੂੜੇ ਪੱਕਣੇ। ਕੁੜੀਆਂ ਨੇ ਪਿੰਡ ਕੋਲ ਵਗਦੇ ਨਾਲੇ ਜਾਂ ਟੋਭਿਆਂ 'ਤੇ ਸਾਵੇ ਜਾਂ ਤੀਆਂ ਨਹਾਉਣ ਜਾਣਾ ਤੇ ਖੂਬ ਗਿੱਧੇ ਪਾਉਣੇ। ਜਿਨ੍ਹਾਂ ਮੁਟਿਆਰਾਂ ਦੇ ਕੰਤ ਸਾਉਣ ਮਹੀਨੇ ਉਨ੍ਹਾਂ ਦੇ ਕੋਲ ਆ ਜਾਣੇ, ਉਨ੍ਹਾਂ ਸੁਹਾਗਣਾਂ ਨੇ ਉਚੀਆਂ ਹੋ-ਹੋ ਕੇ ਫਿਰਨਾ, ਪਰ ਜਿਨ੍ਹਾਂ ਦੇ ਕੰਤ ਪਰਦੇਸੀਂ ਗਏ ਹੋਣੇ, ਉਨ੍ਹਾਂ ਦਾ ਸਾਉਣ ਯਾਦਾਂ ਵਿਚ ਝੂਰਦਿਆਂ ਹੀ ਬੀਤ ਜਾਣਾ। ਸਾਉਣ ਮਹੀਨੇ ਦੇ ਅਖੀਰਲੇ ਹਫ਼ਤੇ ਵੀਰਾਂ ਤੇ ਭੈਣਾਂ ਦਾ ਪਿਆਰਾ ਤਿਉਹਾਰ ਰੱਖੜੀ ਆ ਜਾਣਾ ਅਤੇ ਭੈਣਾਂ ਨੇ ਵੀਰਾਂ ਦੇ ਗੁੱਟ ਉਤੇ ਰੱਖੜੀ ਬੰਨ੍ਹ ਕੇ ਵੀਰਾਂ ਦੀਆਂ ਲੰਮੀਆਂ ਉਮਰਾਂ ਦੀਆਂ ਦੁਆਵਾਂ ਕਰਨੀਆਂ। ਵੀਰਾਂ ਨੇ ਵੀ ਬੜੇ ਪਿਆਰ ਤੇ ਸਨੇਹ ਨਾਲ ਭੈਣਾਂ ਦੇ ਸਿਰ 'ਤੇ ਹੱਥ ਰੱਖ ਕੇ ਸਾਰੀ ਉਮਰ ਭੈਣਾਂ ਦਾ ਹਰ ਦੁੱਖ-ਸੁੱਖ ਵਿਚ ਸਾਥ ਦੇਣ ਦਾ ਵਾਅਦਾ ਕਰਨਾ। ਕੁੜੀਆਂ ਨੇ ਜਦੋਂ ਚਾਈਂ-ਚਾਈਂ ਪੀਂਘ ਹੁਲਾਰੇ 'ਤੇ ਲਿਜਾਣੀ ਤਾਂ ਉਹ ਨਜ਼ਾਰਾ ਵੇਖਿਆਂ ਹੀ ਅਨੰਦ ਆਉਣਾ। ਕਈ ਕੁੜੀਆਂ ਨੇ ਪੀਂਘ ਇੰਨੀ ਉਚੀ ਚੜ੍ਹਾਉਣੀ ਕਿ ਪਿੱਪਲ ਦੀ ਟਾਹਣੀ ਨਾਲੋਂ ਪੱਤੇ ਆਪਣੇ ਮੂੰਹ ਨਾਲ ਤੋੜ ਲਿਆਉਣੇ। ਰੱਖੜ ਪੁੰਨਿਆਂ ਦੇ ਅਖੀਰਲੇ ਸਾਵੇ 'ਤੇ ਚੰਨ ਦੀ ਚਾਨਣੀ ਰਾਤ ਵਿਚ ਤਾਂ ਜਿਵੇਂ ਕੁਦਰਤੀ ਸੁੰਦਰਤਾ ਅਤੇ ਮਹਿਕਾਂ ਦਾ ਹੜ੍ਹ ਜਿਹਾ ਹੀ ਆ ਜਾਣਾ। ਇਸ ਚੰਨ ਦੀ ਚਾਨਣੀ ਰਾਤ ਦੇ ਨਜ਼ਾਰੇ ਮਾਨਣ ਲਈ ਧੀਆਂ ਤਾਂ ਕੀ, ਬਜ਼ੁਰਗ ਮਾਪਿਆਂ ਤੱਕ ਸਾਰਿਆਂ ਨੇ ਹੀ ਸਾਉਣ ਮਹੀਨੇ ਦੇ ਨਜ਼ਾਰਿਆਂ ਦੇ ਭਰਪੂਰ ਅਨੰਦ ਮਾਣਨੇ ਅਤੇ ਪੂਰਾ ਸਾਉਣ ਦਾ ਮਹੀਨਾ ਪਿੰਡਾਂ ਵਿਚ ਕੁਦਰਤ ਦਾ ਵਰਦਾਨ ਸਮਝ ਕੇ ਮਨਾਇਆ ਜਾਣਾ।

ਅੱਜ ਸਾਡੇ ਪਿੰਡ ਅਤੇ ਪਿੰਡਾਂ ਦੇ ਲੋਕ ਮਾਡਰਨ ਹੋ ਗਏ ਹਨ। ਸਾਉਣ ਦੀਆਂ ਉਡੀਕਾਂ ਨੂੰ ਬਿਜਲੀ ਦੀਆਂ ਮੋਟਰਾਂ ਅਤੇ ਇੰਜਣਾਂ ਨੇ ਮਾਰ-ਮੁਕਾ ਛੱਡਿਆ ਹੈ। ਹੁਣ ਨਾ ਹੀ ਸਾਵੇ ਜਾਂ ਤੀਆਂ ਮਨਾਏ ਜਾਂਦੇ ਹਨ, ਨਾ ਹੀ ਪਿਪਲਾਂ 'ਤੇ ਪੀਂਘਾਂ ਪੈਂਦੀਆਂ ਹਨ। ਮਾਪਿਆਂ ਤੋਂ ਜ਼ਿਆਦਾ ਧੀਆਂ ਬਦਲ ਗਈਆਂ ਹਨ। ਅੱਜ ਦੀਆਂ ਪੜ੍ਹੀਆਂ-ਲਿਖੀਆਂ ਧੀਆਂ ਨਾ ਹੀ ਆਪਣੇ ਦਾਜ ਬਣਾਉਂਦੀਆਂ ਹਨ ਤੇ ਨਾ ਹੀ ਸਾਉਣ ਵਿਚ ਸਾਉਣ ਦੇ ਗੀਤ ਗਾਉਂਦੀਆਂ ਹਨ। ਸਾਡੇ ਪਰੰਪਰਾਗਤ ਪਹਿਰਾਵੇ-ਸਲਵਾਰ ਅਤੇ ਕਮੀਜ਼ ਦੀ ਥਾਂ ਹੁਣ ਜੀਨਾਂ ਤੇ ਸ਼ਰਟਾਂ ਨੇ ਕਬਜ਼ਾ ਕਰ ਲਿਆ ਹੈ। ਲੰਮੀਆਂ ਗੁੱਤਾਂ ਅਤੇ ਜੂੜਿਆਂ ਦੀ ਥਾਂ ਧੀਆਂ ਦੇ ਮੋਢਿਆਂ 'ਤੇ ਕੱਟੇ ਹੋਏ ਕੇਸ ਲਹਿਰਾ ਰਹੇ ਹਨ। ਗਿੱਧੇ ਅਤੇ ਗੀਤ ਵੀ ਫੈਸ਼ਨ ਜਿਹਾ ਬਣ ਕੇ ਹਉਕੇ ਲੈ ਰਹੇ ਹਨ। ਇਨਸਾਨ ਬਦਲ ਗਏ ਹਨ, ਸਟਾਈਲ ਬਦਲ ਗਏ ਹਨ, ਪਰ ਕੁਦਰਤ ਰਾਣੀ ਅੱਜ ਵੀ ਪਹਿਲਾਂ ਵਾਂਗ ਹੀ ਸਾਉਣ ਮਹੀਨੇ ਦੇ ਜਸ਼ਨ ਮਨਾਉਂਦੀ ਤੁਰੀ ਆ ਰਹੀ ਹੈ। ਹੁਣ ਵੀ ਕਾਲੀਆਂ ਘਨਘੋਰ ਘਟਾਵਾਂ ਚੜ੍ਹਦੀਆਂ ਹਨ। ਸਾਵਣ ਗੜਕਦਾ ਹੈ, ਗੱਜਦਾ ਹੈ ਅਤੇ ਛਮ-ਛਮ ਵੱਸਦਾ ਹੈ। ਠੰਢੀਆਂ ਸ਼ੋਖ ਹਵਾਵਾਂ ਹੁਣ ਦੀ ਮਟਕ-ਮਟਕ ਤੁਰਦੀਆਂ ਹਨ। ਸਾਰੀ ਦੀ ਸਾਰੀ ਬਨਸਪਤੀ ਹੁਣ ਵੀ ਬਾਰਸ਼ ਵਿਚ ਨਹਾ ਕੇ ਹਰੇ ਰੰਗ ਦੇ ਕੱਪੜੇ ਪਹਿਨ ਕੇ ਮਾਲਕ ਦੇ ਸ਼ੁਕਰਾਨੇ ਵਿਚ ਜੁੜਦੀ ਹੈ, ਪਰ ਇਨਸਾਨ ਕੁਦਰਤ ਦੇ ਇਨ੍ਹਾਂ ਅਨਮੋਲ ਨਜ਼ਾਰਿਆਂ ਤੋਂ ਵਾਂਝਾ ਤੇ ਸੱਖਣਾ ਹੋ ਚੁੱਕਾ ਹੈ ਅਤੇ ਮਾਲਕ ਤੋਂ ਦੂਰ ਹੋ ਕੇ ਉਜਾੜ ਵੱਲ ਅੰਨ੍ਹੇਵਾਹ ਸਰਪੱਟ ਦੌੜ ਰਿਹਾ ਹੈ।

ਸ਼ਾਇਦ ਇਹ ਵੀ ਰੱਬ ਦੀ ਮਰਜ਼ੀ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਅੱਜ ਵੀ ਸਾਨੂੰ ਉਸੇ ਤਰ੍ਹਾਂ ਆਵਾਜ਼ ਦੇ ਰਹੇ ਹਨ, "ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ॥"

ਆਓ ਸਾਰੇ ਮਿਲ ਕੇ ਸੋਹਣੇ ਸਾਵਣ ਨੂੰ ਹੋਰ ਸੋਹਣਾ ਬਣਾਈਏ ਅਤੇ ਉਸ ਮਾਲਕ ਦੇ ਸ਼ੁਕਰਾਨੇ ਵਿਚ ਜੁੜੀਏ ਜਿਸ ਨਾਲ ਜੁੜਨ ਲਈ ਸਤਿਗੁਰੂ ਸਾਨੂੰ ਆਵਾਜ਼ ਦੇ ਰਹੇ ਹਨ।

## ਪੰਜਾਬੀ ਪਰਵਾਸੀਆਂ ਦੀ ਭਾਸ਼ਾਈ ਤਸਵੀਰ-3

# ਪਰਵਾਸੀ ਪੰਜਾਬੀਆਂ ਦੀ ਸਭਿਆਚਾਰਕ ਰੁਚੀ ਤੇ ਪੰਜਾਬੀ

***ਪਰਵਾਸੀਆਂ ਦੀ ਅੱਜ ਇਕ ਵੱਖਰੀ ਪਛਾਣ ਅਤੇ ਐਨ ਵੱਖਰਾ ਨੁਕਤਾ-ਨਿਗ੍ਹਾ ਹੈ। ਪੰਜਾਬ ਵਿਚੋਂ ਪਰਵਾਸੀ ਹੋਣ ਦੀ ਕੜੀ ਰੋਜ਼ਗਾਰ ਨਾਲ ਜੁੜੀ ਹੋਈ ਹੈ। ਆਪਣੇ ਖਾਲੀ ਪੱਲੇ ਵਿਚ ਪਰਵਾਸ ਪੁਆਉਣ ਵਾਲੇ ਇਹ ਲੋਕ ਕਿਰਤੀ-ਕਾਮੇ ਸਨ ਜਿਨ੍ਹਾਂ ਨੂੰ ਅੱਖਰਾਂ ਦਾ ਗਿਆਨ ਬੱਸ ਗੁਜ਼ਾਰੇ ਜੋਗਾ ਹੀ ਸੀ। ਪਰਾਈ ਧਰਤੀ ਉਤੇ ਅਨਜਾਣੀ ਭਾਸ਼ਾ/ਬੋਲੀ ਦੇ ਜੰਗਲ ਵਿਚ ਉਨ੍ਹਾਂ ਨੇ ਜਿਹੜੀਆਂ ਕੂਕਾਂ ਮਾਰੀਆਂ ਹੋਣਗੀਆਂ, ਉਸ ਬਾਰੇ ਸੋਚ ਕੇ ਹੀ ਕਾਲਜਾ ਮੂੰਹ ਨੂੰ ਆਉਣ ਲਗਦਾ ਹੈ। ਅੱਜ ਜੇ ਘੜੀ-ਪਲ ਲਈ ਕਿਸੇ ਨਾਲ ਫੋਨ 'ਤੇ ਸੰਪਰਕ ਨਹੀਂ ਹੁੰਦਾ ਤਾਂ ਸਾਨੂੰ ਹੇਠਲੀ, ਉਤੇ ਹੋ ਗਈ ਜਾਪਦੀ ਹੈ; ਪਰ ਮੁਢਲੇ ਪੰਜਾਬੀਆਂ ਨੇ ਇਸ ਪੱਖੋਂ ਜਿਹੜੀਆਂ ਔਕੜਾਂ ਝਾਗੀਆਂ ਹੋਣਗੀਆਂ, ਉਨ੍ਹਾਂ ਬਾਰੇ ਸੂਹਜ ਭਰੀ ਸੂਖਮ ਚਰਚਾ ਸ. ਗੁਰਬਚਨ ਸਿੰਘ ਭੁੱਲਰ ਨੇ ਆਪਣੇ ਲੜੀਵਾਰ ਲੇਖ 'ਪੰਜਾਬੀ ਪਰਵਾਸੀਆਂ ਦੀ ਭਾਸ਼ਾਈ ਤਸਵੀਰ' ਵਿਚ ਕੀਤੀ ਹੈ। ਇਸ ਲੇਖ ਦੀ ਤੀਜੀ ਤੇ ਆਖਰੀ ਕੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਨ। -ਸੰਪਾਦਕ***

ਪਹਿਲੇ ਪਰਾਗਿਆਂ ਦੇ ਪੰਜਾਬੀਆਂ ਦੀ ਭਾਸ਼ਾਈ ਸਮੱਸਿਆ ਦੀ ਗੱਲ ਜਦੋਂ ਮੈਂ ਪੰਜਾਬੀ ਲੇਖਕ ਜਗਜੀਤ ਬਰਾੜ ਨਾਲ ਛੇੜੀ, ਉਹ ਕਹਿਣ ਲੱਗਾ, "ਹੋਰਾਂ ਦਾ ਤਾਂ ਪਤਾ ਨਹੀਂ, ਤੁਹਾਨੂੰ ਆਪਣੇ ਇਕ ਕੋਰੇ ਅਨਪੜ੍ਹ ਰਿਸ਼ਤੇਦਾਰ ਨਾਲ ਕਈ ਦਹਾਕੇ ਪਹਿਲਾਂ ਅਮਰੀਕੀ ਹਵਾਈ ਅੱਡੇ ਉਤੇ ਹੋਈ-ਬੀਤੀ ਸੁਣਾ ਦਿੰਦਾ ਹਾਂ। ਭਾਣਾ ਇਹ ਵਰਤਿਆ ਕਿ ਉਸ ਨੂੰ ਲੈਣ ਜਿਸ ਪੰਜਾਬੀ ਨੇ ਆਉਣਾ ਸੀ, ਉਹ ਕਿਸੇ ਕਾਰਨ ਪਹੁੰਚ ਨਾ ਸਕਿਆ। ਰਾਤ ਨੂੰ ਹਵਾਈ ਅੱਡਾ ਵਿਹਲਾ ਹੁੰਦਾ ਦੇਖ ਉਹਦਾ ਘਬਰਾਉਣਾ ਸੁਭਾਵਿਕ ਸੀ। ਉਸ ਨੇ ਉਥੋਂ ਲੰਘਦੇ ਇਕ ਵਰਦੀ ਵਾਲੇ ਦੀ ਜੇਬ ਉਤੇ ਹਵਾਈ ਜਹਾਜ਼



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਵਾਲਾ ਨਿਸ਼ਾਨ ਪਛਾਣ ਕੇ ਉਸ ਨੂੰ ਰੋਕ ਲਿਆ ਅਤੇ ਹੱਥ ਬਾਹਰ ਨੂੰ ਲੰਮਾ ਕੀਤਾ। ਫੇਰ ਆਪਣੀ ਹਿੱਕ ਨਾਲ ਲਾਇਆ, ਦੁਬਾਰਾ ਲੰਮਾ ਕੀਤਾ ਤੇ ਅੰਤ ਨੂੰ ਬੇਵਸੀ ਵਿਚ ਹੱਥ ਮਾਰਿਆ। ਅਧਿਕਾਰੀ ਸਮਝ ਗਿਆ। ਸਬੱਬ ਨਾਲ ਉਸ ਏਅਰਲਾਈਨਜ਼ ਦੇ ਆਪਣੇ ਹੋਟਲ ਵੀ ਸਨ। ਉਹ ਉਸ ਨੂੰ ਹੋਟਲ ਵਿਚ ਛੱਡ ਆਇਆ ਕਿ ਬਾਕੀ ਸਭ ਭਲਕੇ ਦੇਖਾਂਗੇ।

ਕਮਰੇ ਵਿਚ ਪਹੁੰਚ ਕੇ ਘਬਰਾਏ ਹੋਏ ਪੰਜਾਬੀ ਨੇ ਮੁੜ੍ਹਕਾ ਸੁਕਾਉਣ ਲਈ ਕਛਹਿਰੇ ਤੋਂ ਬਿਨਾਂ ਸਭ ਕੱਪੜੇ ਉਤਾਰੇ, ਵਾਲ ਖੋਲ੍ਹ ਕੇ ਉਨ੍ਹਾਂ ਵਿਚ ਪੰਜੇ ਉਂਗਲਾਂ ਫੇਰੀਆਂ ਤੇ ਲੰਮਾ ਸਾਹ ਲਿਆ। ਕੁਝ ਮਿੰਟਾਂ ਮਗਰੋਂ ਆਲੇ-ਦੁਆਲੇ ਦੀ ਸੂਹ ਲੈਣ ਲਈ ਉਹਨੇ ਬਰਾਂਡੇ ਵਿਚ ਝਾਤ ਮਾਰਨੀ ਚਾਹੀ ਤਾਂ ਪਿਛੇ ਦਰਵਾਜ਼ਾ ਕੜੱਕ ਬੰਦ ਹੋ ਗਿਆ। ਪ੍ਰੇਸ਼ਾਨ ਹੋ ਕੇ ਉਹ ਪੌੜੀਆਂ ਉਤਰ ਕੇ ਲਾਬੀ ਵਿਚ ਆਇਆ ਤਾਂ ਇਕੱਲਾ ਰਿਸੈਪਸ਼ਨਿਸਟ ਆਪਣੇ ਕੈਬਿਨ ਤੋਂ ਬਾਹਰ ਘੁੰਮ ਰਿਹਾ ਸੀ। ਖੁੱਲ੍ਹੇ ਕੇਸ-ਦਾੜ੍ਹੀ ਅਤੇ ਤਨ ਉਤੇ ਕੇਵਲ ਕੱਛਾ, ਉਸ ਨੇ ਡਰਦਿਆਂ ਭੱਜ ਕੇ ਅੰਦਰੋਂ ਕੈਬਿਨ ਬੰਦ ਕਰ ਲਈ। ਪੰਜਾਬੀ ਨੇ ਸ਼ੀਸ਼ੇ ਉਤੇ ਹੱਥ ਮਾਰੇ, ਉਤਾਂਹ ਵੱਲ ਇਸ਼ਾਰਾ ਕਰ ਕੇ ਹਥੇਲੀਆਂ ਖੁੱਲ੍ਹੀ ਕਿਤਾਬ ਵਾਂਗ ਇਕ ਦੂਜੇ ਦੇ ਬਰਾਬਰ ਜੋੜ ਕੇ ਬੰਦ ਕੀਤੀਆਂ ਅਤੇ ਸਿਰ ਮਾਰਿਆ। ਰਿਸ਼ੈਪਸ਼ਨਿਸਟ ਨੂੰ ਹੁਣ ਪਛਾਣ ਆਈ ਕਿ ਇਹ ਤਾਂ ਉਹ ਆਦਮੀ ਹੈ, ਜਿਸ ਨੂੰ ਉਹ ਉਪਰ ਛੱਡ ਕੇ ਆਇਆ ਸੀ। ਉਹ ਹਥੇਲੀਆਂ ਦੇ ਇਸ਼ਾਰੇ ਤੋਂ ਇਹ ਵੀ ਸਮਝ ਗਿਆ ਕਿ ਕਮਰੇ ਦਾ ਦਰਵਾਜ਼ਾ ਬੰਦ ਹੋ ਗਿਆ ਹੈ। ਉਸ ਨੇ ਕੈਬਿਨ ਖੋਲ੍ਹੀ ਅਤੇ ਦੁਬਾਰਾ ਕਮਰਾ ਦੂਹਰੀ ਚਾਬੀ ਨਾਲ ਖੋਲ੍ਹ ਕੇ ਉਸ ਨੂੰ ਛੱਡ ਆਇਆ।" ਜਗਜੀਤ ਬਰਾੜ ਨੇ ਤੋੜਾ ਝਾੜਿਆ, "ਅੰਗਰੇਜ਼ੀ ਤੋਂ ਬਿਲਕੁਲ ਕੋਰੇ ਪੰਜਾਬੀਆਂ ਨੂੰ, ਲੋੜ ਪੈਣ 'ਤੇ ਸਦਾ ਇਸ਼ਾਰਿਆਂ ਦੀ ਅੰਤਰਰਾਸ਼ਟਰੀ ਭਾਸ਼ਾ ਹੀ ਕੰਮ ਆਉਂਦੀ ਰਹੀ ਹੈ।"

ਮੈਂ ਜਦੋਂ ਪਰਵਾਸੀ ਪੰਜਾਬੀ ਲੇਖਕਾਂ ਨੂੰ ਮਿਲਦਾ, ਮੇਰੇ ਮਨ ਵਿਚ ਆਉਂਦਾ, ਮੁੱਢਲੇ ਅਨਪੜ੍ਹ-ਅਧਪੜ੍ਹ ਪੰਜਾਬੀਆਂ ਵਿਚ ਵੀ ਕੁਝ ਅਜਿਹੇ ਜ਼ਰੂਰ ਹੋਣਗੇ ਜੋ ਆਪਣੇ ਵਿਚਾਰ ਟੁੱਟੀ-ਫੁੱਟੀ ਗੁਰਮੁਖੀ-ਪੰਜਾਬੀ ਵਿਚ ਪ੍ਰਗਟ ਕਰਦੇ ਹੋਣਗੇ। ਜਦੋਂ ਮਨੁੱਖ ਆਪਣਿਆਂ ਨਾਲੋਂ ਵਿੱਛੜਿਆ, ਓਦਰਿਆ, ਮੰਦਹਾਲ ਹੋਵੇ, ਉਸ ਦੀ ਸਭ ਤੋਂ ਵੱਧ ਸਹਾਇਕ ਆਪਣੀ ਬੋਲੀ ਹੀ ਬਣਦੀ ਹੈ ਜੋ ਮਾਨਸਿਕ ਗ਼ੁਬਾਰ ਨੂੰ ਨਿਕਾਸ ਦਿੰਦੀ ਹੈ। ਨਾਜ਼ੀ ਕੈਂਪਾਂ ਵਿਚ ਤਰਸਾ-ਤਰਸਾ ਕੇ, ਤੜਫ਼ਾ ਤੜਫ਼ਾ ਕੇ ਮਾਰੇ ਜਾ ਰਹੇ ਬਦਕਿਸਮਤ ਆਪਣੇ ਮਨ ਦੀ ਗੱਲ ਨਹੁੰਆਂ ਨਾਲ ਕੰਧਾਂ ਉਤੇ ਖੁਰਚ ਦਿੰਦੇ ਸਨ। ਮਗਰੋਂ ਅਜਿਹੀਆਂ ਕੁਝ 'ਲਿਖਤਾਂ' ਪੁਸਤਕਾਂ ਦੇ ਪੰਨਿਆਂ ਤੱਕ ਪੁੱਜ ਕੇ ਮਨੁੱਖੀ ਵਹਿਸ਼ੀਪੁਣੇ ਦੇ ਇਤਿਹਾਸ ਦਾ ਅੰਗ ਵੀ ਬਣੀਆਂ।

ਮੈਨੂੰ ਕੋਈ ਅੱਧੀ ਸਦੀ ਪੁਰਾਣੀ ਇਕ ਬੜੀ ਜਜ਼ਬਾਤੀ ਗੱਲ ਚੇਤੇ ਆ ਰਹੀ ਹੈ। ਮੇਰੇ ਇਕ ਰਿਸ਼ਤੇਦਾਰ ਨੇ ਕਿਹਾ, "ਆਓ, ਤੁਹਾਨੂੰ ਇਕ ਦਿਲਚਸਪ ਕੈਸਿਟ ਸੁਣਾਵਾਂ।" ਇਹ ਕੈਸਿਟ ਪਰਦੇਸ ਗਏ ਹੋਏ ਉਨ੍ਹਾਂ ਦੇ ਇਕ ਅਨਪੜ੍ਹ ਨੌਜਵਾਨ ਰਿਸ਼ਤੇਦਾਰ ਨੇ ਉਥੋਂ ਆਉਂਦੇ ਕਿਸੇ ਹੱਥ ਆਪਣੇ ਪਰਿਵਾਰ ਨੂੰ ਚਿੱਠੀ ਵਜੋਂ ਭੇਜੀ ਸੀ। ਪਰਿਵਾਰ ਨੇ ਸੁਣ ਕੇ ਗੱਲ ਖ਼ਤਮ ਹੋਈ ਸਮਝ ਕੇ ਮੇਰੇ ਇਸ ਰਿਸ਼ਤੇਦਾਰ ਨੂੰ ਦਿਲਚਸਪ ਲੱਗੀ ਹੋਣ ਕਾਰਨ ਮੰਗੇ ਤੋਂ ਝੱਟ ਦੇ ਦਿੱਤੀ। ਕੈਸਿਟ ਪੂਰੀ ਦੀ ਪੂਰੀ ਉਸ ਓਦਰੇ, ਨਿਰਾਸੇ, ਹਰਾਸੇ ਮੁੰਡੇ ਨੇ ਆਪਣੀ ਆਵਾਜ਼ ਵਿਚ ਭਰੀ ਹੋਈ ਸੀ। ਜਿਉਂ ਜਿਉਂ ਮੈਂ ਸੁਣਦਾ ਗਿਆ, ਉਸ ਦੇ ਉਦਰੇਵੇਂ ਵਿਚ ਭਿਜਦਾ ਗਿਆ। ਅਨਪੜ੍ਹ ਹੋਣ ਦੇ ਬਾਵਜੂਦ ਉਹਦੀ ਹਾਲਤ ਨੇ ਆਪਣੇ ਦਿਲ ਦਾ ਹਾਲ ਸੁਣਾਉਣ ਦੀ ਉਹਦੀ ਭਾਸ਼ਾਈ ਸਮਰੱਥਾ ਪੂਰੀ ਤਰ੍ਹਾਂ ਜਗਾ ਦਿੱਤੀ ਸੀ। ਉਹਨੇ ਘਰ ਦੇ ਇਕ ਇਕ ਜੀਅ ਦੇ ਹਾਲ ਪਿੱਛੋਂ ਨੇੜੇ-ਦੂਰ ਦੇ ਰਿਸ਼ਤੇਦਾਰਾਂ, ਗੁਆਂਢੀਆਂ ਤੇ ਹੋਰ ਜਾਣੂਆਂ-ਪਛਾਣੂਆਂ ਵਿਚੋਂ ਹਰੇਕ ਦਾ ਵੇਰਵੇ ਨਾਲ ਹਾਲ-ਚਾਲ ਪੁੱਛਿਆ ਹੋਇਆ ਸੀ। ਫੇਰ ਇਕ ਇਕ ਖੇਤ ਦੀ ਫ਼ਸਲ-ਬਾੜੀ ਅਤੇ ਘਰ ਦੇ ਇਕੱਲੇ ਇਕੱਲੇ ਪਸ਼ੂ ਬਾਰੇ ਪੁੱਛਿਆ ਹੋਇਆ ਸੀ। ਮੈਂ ਹੈਰਾਨ ਰਹਿ ਗਿਆ, ਕਿਵੇਂ ਇਕ ਇਕ ਚੀਜ਼ ਉਹਦੇ ਦਿਲ ਵਿਚ ਵਸੀ ਹੋਈ ਸੀ ਅਤੇ ਅੱਖਾਂ ਅੱਗੇ ਫਿਰ ਰਹੀ ਸੀ! ਸੁਣਨ ਵਾਲੇ ਨੂੰ ਉਦਾਸ ਕਰਦੇ ਜਾਂਦੇ ਉਹਦੇ ਉਦਰੇਵੇਂ ਦੀ ਅਸਲ ਥਾਹ ਮੈਨੂੰ ਉਦੋਂ ਪਈ ਜਦੋਂ ਉਹਨੇ ਪੁੱਛਿਆ, "ਆਪਣੀ ਕਾਲੀ ਮੂੰਹ ਦੇ ਕੱਟੇ ਵਾਸਤੇ ਸਲੋਤਰੀ ਨੇ ਲੱਸੀ ਵਿਚ ਪਾ ਕੇ ਦੇਣ ਵਾਲੀ ਜੋ ਦਵਾਈ ਦਿੱਤੀ ਸੀ, ਉਹਦੇ ਨਾਲ ਮਲੱਪ ਹਟ ਗਏ ਕਿ ਨਹੀਂ?"

ਅਮਰੀਕਾ ਬੈਠੇ ਨੇ ਮੈਂ ਸੋਚਿਆ, ਇਹ ਕਿਵੇਂ ਹੋ ਸਕਦਾ ਹੈ ਕਿ ਇਕ ਸਦੀ ਪਹਿਲਾਂ ਪਹੁੰਚੇ ਅਨਪੜ੍ਹ-ਅਧਪੜ੍ਹ ਪੰਜਾਬੀ ਗ਼ਲਤ-ਮਲਤ, ਟੁੱਟੀ-ਭੱਜੀ ਪੰਜਾਬੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਦਿਲ ਦੀ ਗੱਲ ਨਾ ਲਿਖਦੇ ਹੋਣ! ਉਹ ਭੇਜੀਆਂ-ਅਣਭੇਜੀਆਂ ਚਿੱਠੀਆਂ ਵੀ ਹੋ ਸਕਦੀਆਂ ਸਨ ਜਾਂ ਲਿਖ-ਲਿਖ ਕੇ ਟਰੰਕੀ ਵਿਚ ਸਾਂਭ ਰੱਖੇ ਕਾਗ਼ਜ਼ ਵੀ ਹੋ ਸਕਦੇ ਸਨ। ਇਹ ਇਸ ਪ੍ਰਸੰਗ ਵਿਚ ਸੀ ਕਿ ਮੈਨੂੰ ਪਿਛਲੀ ਸਦੀ ਦੇ ਸ਼ੁਰੂ ਵਿਚ ਅਮਰੀਕਾ ਪਹੁੰਚੇ ਮੋਤਾ ਸਿੰਘ ਚੂਹੜਚੱਕ ਦਾ ਪਤਾ ਲੱਗਿਆ। ਚੰਗੀ ਗੱਲ ਇਹ ਹੈ ਕਿ ਉਸ ਬਾਰੇ ਉਸ ਦੀਆਂ ਦੋ ਧੀਆਂ ਨੇ ਕਾਫ਼ੀ ਜਾਣਕਾਰੀ ਦਿੱਤੀ ਹੋਈ ਹੈ।

ਇਕ ਧੀ ਐਮਾ ਸਿੰਘ ਦਸਦੀ ਹੈ, "ਬਾਪੂ ਸਾਰੀ ਉਮਰ ਪੁਸਤਕਾਂ ਨਾਲ ਜੁੜੇ ਰਹੇ ਅਤੇ ਕਈ ਵਾਰ ਉਹ ਆਪਣੀ ਭਾਸ਼ਾ ਵਿਚ ਕੁਝ ਲਿਖਦੇ ਰਹਿੰਦੇ ਸਨ।" ਮੈਂ ਹੈਰਾਨ ਹੋਇਆ, ਕੀ ਪਤਾ ਉਹ ਆਪਣੀ ਥਾਂ ਪੰਜਾਬੀ ਲੇਖਕ ਹੀ ਹੋਵੇ। ਕਵੀ, ਕਹਾਣੀਕਾਰ ਜਾਂ ਆਤਮ-ਕਥਾਕਾਰ। 1889 ਵਿਚ ਜਨਮਿਆ ਮੋਤਾ ਸਿੰਘ 17-18 ਸਾਲ ਦੀ ਲਵੀ ਉਮਰ ਵਿਚ ਅਮਰੀਕਾ ਜਾ ਪਹੁੰਚਿਆ। ਤੇਰਾਂ ਕੁ ਸਾਲ ਮਜ਼ਦੂਰੀ ਅਤੇ ਫੇਰ ਖੇਤੀ ਦੇ ਨਾਲ-ਨਾਲ ਉਸ ਨੇ ਜੋ ਸਾਹਿਤਕ-ਸਭਿਆਚਾਰਕ ਰੁਚੀ ਵਿਕਸਿਤ ਕੀਤੀ, ਉਹ ਹੈਰਾਨੀਜਨਕ ਹੈ। ਇਧਰੋਂ ਜਾਣ ਸਮੇਂ ਉਸ ਦਾ ਅੰਗਰੇਜ਼ੀ ਦਾ ਗਿਆਨ ਜੇ ਹੋਇਆ ਵੀ, ਉਹ ਨਿਸਚੇ ਹੀ ਮੁੱਢਲੀ ਕਿਸਮ ਦਾ ਹੋਵੇਗਾ।

ਉਸ ਦੇ ਰੁਮਾਂਟਿਕ ਸੁਭਾਅ ਦੀ ਇਕ ਮਿਸਾਲ ਉਸ ਦਾ ਵਿਆਹ ਹੈ। ਇਕ ਪੰਜਾਬੀ ਮਿੱਤਰ ਦੇ ਘਰ ਬੈਠਿਆਂ ਜਦੋਂ ਉਸ ਦੀ ਮੈਕਸੀਕਨ ਸਾਲੀ ਨੇ ਗੋਰੇ ਕੂਲੇ ਹੱਥ ਅਗੇ ਕਰ ਕੇ ਕਿਹਾ, "ਦੇਖੋ ਟੀਂਡਿਆਂ ਦੀਆਂ ਤਿੱਖੀਆਂ ਨੋਕਾਂ ਨੇ ਮੇਰੇ ਹੱਥ ਕਿੰਨੀ ਬੇਦਰਦੀ ਨਾਲ ਵਲੂੰਧਰੇ ਨੇ", ਮੋਤਾ ਸਿੰਘ ਇਸ ਪਹਿਲੀ ਮਿਲਣੀ ਵਿਚ ਹੀ ਝੱਟ ਬੋਲਿਆ, "ਛੱਡ ਖੇਤਾਂ ਵਿਚ ਜਾ ਕੇ ਟੀਂਡਿਆਂ ਨਾਲ ਹੱਥ ਪੜਵਾਉਣੇ, ਆ ਆਪਾਂ ਵਿਆਹ ਰਚਾਈਏ। (ਕਾਟਨ-ਪਿਕਿੰਗ, ਨੋ ਮੈਸ ਯੂ ਗੋ ਫ਼ੀਲਡ, ਵ੍ਹੀ ਗੌਨਾ ਗੈਟ ਮੈਰਿਡ!)" ਕੁਝ ਹੀ ਦਿਨਾਂ ਵਿਚ ਉਸ ਨੇ ਕੰਸਵੈਲੋ ਆਡੀਅਸ ਨਾਲ ਵਿਆਹ ਕਰਵਾਇਆ ਤਾਂ ਲਾਸ ਵੇਗਸ ਜਾ ਕੇ (ਜਿਥੇ ਪਹੁੰਚ ਕੇ ਅੱਜ ਵੀ ਦੁਨੀਆਂ ਭਰ ਦੇ ਪੁੱਜਤ ਵਾਲੇ ਜੋੜੇ ਵਿਆਹ ਕਰਵਾਉਂਦੇ ਹਨ) ਹਨੀਮੂਨ ਲਈ ਉਸ ਨੇ ਸੈਨ ਡੀਐਗੋ ਸ਼ਹਿਰ ਦਾ ਸੰਸਾਰ ਮੇਲਾ ਚੁਣਿਆ।



ਮੋਤਾ ਸਿੰਘ ਆਪਣੀ ਪਤਨੀ ਕੰਸਵੈਲੋ ਅਤੇ ਧੀਆਂ ਨਾਲ




ਵਿਆਹ ਤੋਂ ਕੁਝ ਚਿਰ ਬਾਅਦ ਕੰਸਵੈਲੋ ਅਤੇ ਮੋਤਾ ਸਿੰਘ

ਤਸਵੀਰਾਂ ਵਿਚ ਮੋਤਾ ਸਿੰਘ ਦੀ ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ ਦਿਸਦੀ ਹੈ। ਥ੍ਰੀ ਪੀਸ ਸੂਟ, ਟਹਿਕਦੀ ਟਾਈ, ਕੋਟ ਦੀ ਉਤਲੀ ਜੇਬ ਵਿਚ ਤਹਿਦਾਰ ਰੁਮਾਲ ਤੇ ਪੈਨ, ਕਾਲੇ ਫਰੇਮ ਵਾਲੀ ਐਨਕ, ਕਰੀਮ ਲਾ ਕੇ ਵਾਹੇ ਹੋਏ ਪਟੇ ਅਤੇ ਭਾਰਾ-ਗੌਰਾ ਸਰੀਰ। ਐਮਾ ਸਿੰਘ ਕਹਿੰਦੀ ਹੈ, "ਬਾਪੂ ਅਕਸਰ ਹੀ ਕੋਈ ਕਿਤਾਬ ਪੜ੍ਹ ਰਹੇ ਹੁੰਦੇ। ਕਈ ਵਾਰ ਮੈਂ ਉਨ੍ਹਾਂ ਦੇ ਮੋਢੇ ਉਤੋਂ ਦੀ ਦੇਖਦੀ, ਉਹ ਆਪਣੀ ਭਾਸ਼ਾ ਵਿਚ ਕੁਝ ਲਿਖ ਰਹੇ ਹੁੰਦੇ। ਮੈਂ ਪੁਛਦੀ, ਇਹ ਕੀ ਹੈ? ਉਹ ਦਸਦੇ, ਇਹ ਚਿੱਠੀ ਹੈ ਜਾਂ ਐਹ ਕੁਝ ਹੈ।...ਬਾਪੂ ਨੂੰ ਚੀਨੀ ਪਕਵਾਨ ਬਹੁਤ ਪਸੰਦ ਸਨ। ਥੀਏਟਰ ਨਾਲ ਉਨ੍ਹਾਂ ਦਾ ਮੋਹ ਸੀ। ਫ਼ਿਲਮਾਂ ਉਨ੍ਹਾਂ ਨੂੰ ਬਹੁਤ ਚੰਗੀਆਂ ਲਗਦੀਆਂ ਸਨ। ਉਹ ਹਾਲੀਵੁੱਡ ਦਾ ਸੁਨਹਿਰੀ ਕਾਲ ਸੀ ਅਤੇ ਉਹ ਹਾਸ ਫ਼ਿਲਮਾਂ ਦੇਖ ਕੇ ਬਹੁਤ ਅਨੰਦਿਤ ਹੁੰਦੇ। ਐਡਗਰ ਬਰਗਮੈਨ ਦੇ ਉਹ ਫੈਨ ਸਨ।" ਹਰ ਵਾਰ ਗਰਮੀਆਂ ਵਿਚ ਪਰਿਵਾਰ ਕਾਰ-ਸਵਾਰ ਹੋ ਕੇ ਪੰਜਾਬੀ ਪਰਿਵਾਰਾਂ ਨੂੰ ਮਿਲਣ ਲਈ ਸਟਾਕਟਨ ਜਾਂਦਾ। ਰਾਹ ਵਿਚ ਲਾਸ ਏਂਜਲਸ ਰੁਕ ਕੇ ਮੋਤਾ ਸਿੰਘ ਆਪਣੀ ਲਾਈ ਹੋਈ ਪੂੰਜੀ ਬਾਰੇ ਵੀ ਪੁੱਛ-ਪੜਤਾਲ ਕਰਦਾ ਅਤੇ ਸਥਾਨਕ ਸਭਿਆਚਾਰ ਦਾ ਰਸ ਵੀ ਮਾਣਦਾ। ਉਹ ਥੀਏਟਰ ਅਤੇ ਫ਼ਿਲਮਾਂ ਦੇਖਣ ਜਾਂਦਾ।

ਦੂਜੀ ਧੀ ਨੌਰਮਾ ਸਿੰਘ ਨੇ ਦੱਸਿਆ ਹੈ, "ਮੈਨੂੰ ਚੇਤੇ ਹੈ, ਜਦੋਂ ਮਿਲ-ਜੁਲ ਕੇ ਬੈਠੇ ਆਪਣੇ ਲੋਕਾਂ ਵਿਚ ਅਸੀਂ ਕੋਈ ਨਾਚ ਜਾਂ ਗੀਤ ਪੇਸ਼ ਕਰਦੀਆਂ, ਬਾਪੂ ਕਿੰਨੇ ਖ਼ੁਸ਼ ਹੁੰਦੇ। ਹੋਰ ਤਾਂ ਹੋਰ ਅਸੀਂ ਥਿਰਕ ਕੇ ਇਹ ਵਿਖਾਵਾ ਵੀ ਕਰਦੀਆਂ ਕਿ ਸਾਨੂੰ ਭਾਰਤੀ ਲੋਕ-ਨਾਚ ਆਉਂਦੇ ਹਨ, ਜੋ ਸਾਨੂੰ ਆਉਂਦੇ ਹੈ ਨਹੀਂ ਸੀ। ਅਸੀਂ ਬਸ ਸੰਗੀਤ ਦੇ ਸੁਰਤਾਲ ਨਾਲ ਝੂਮਣ ਲਗਦੀਆਂ। ਬਾਪੂ ਏਸ ਨੂੰ ਵੀ ਵਾਹ-ਵਾਹ ਆਖਦੇ ਅਤੇ ਸਾਨੂੰ ਸੱਚੇ ਦਿਲੋਂ ਉਤਸ਼ਾਹ ਦਿੰਦੇ।"

ਕੱਚੀ ਉਮਰੇ ਚੂਹੜਚੱਕ ਦੀ ਧਰਤੀ ਤੋਂ ਆਏ ਇਸ ਦਿਲਦਾਰ ਇਨਸਾਨ ਨੇ ਮਜ਼ਦੂਰੀ ਅਤੇ ਖੇਤੀ ਤੋਂ ਅੱਗੇ ਲੰਘਦਿਆਂ ਅਤੇ ਉਚਾ ਉਠਦਿਆਂ ਪੁਸਤਕਾਂ, ਥੀਏਟਰ, ਫ਼ਿਲਮਾਂ, ਸੈਰ-ਸਪਾਟੇ, ਸਮਾਜਕ ਮੇਲ-ਜੋਲ, ਗੀਤ-ਸੰਗੀਤ, ਨਾਚ ਆਦਿ ਨਾਲ ਡੂੰਘਾ ਨਾਤਾ ਜੋੜਿਆ। ਜੇ ਉਹ ਅੰਗਰੇਜ਼ੀ ਦੀ ਮੁੱਢਲੀ ਜਾਣਕਾਰੀ ਨੂੰ ਅੰਗਰੇਜ਼ੀ ਥੀਏਟਰ ਤੇ ਫ਼ਿਲਮਾਂ ਦੇਖਣ ਅਤੇ ਮਾਣਨ ਤੱਕ ਵਿਕਸਿਤ ਕਰ ਸਕਿਆ, ਨਿਸ਼ਚੇ ਹੀ ਆਪਣੇ ਜਜ਼ਬੇ ਤੇ ਵਿਚਾਰ ਪ੍ਰਗਟਾਉਣ ਦੀ ਆਪਣੀ ਸਮਰੱਥਾ ਵੀ ਉਸ ਨੇ ਜ਼ਰੂਰ ਏਨੀ ਵਿਕਸਿਤ ਕਰ ਲਈ ਹੋਵੇਗੀ ਕਿ ਉਨ੍ਹਾਂ ਨੂੰ ਡੇਰਿਓਂ ਜਾਂ ਗੁਰਦੁਆਰਿਓਂ ਸਿੱਖੀ ਗੁਰਮੁਖੀ ਜਾਂ ਸਕੂਲੋਂ ਸਿੱਖੀ ਸ਼ਾਹਮੁਖੀ ਵਿਚ ਲਿਖਦਾ ਰਹਿੰਦਾ ਹੋਵੇਗਾ।

ਪਰ ਪਰਦੇਸਾਂ ਵਿਚ ਪੰਜਾਬੀ ਦੀ ਅਸਲੀਅਤ ਪਤਲੇ ਭਵਿੱਖ ਉਤੇ ਆ ਕੇ ਹੀ ਮੁਕਦੀ ਹੈ। ਸਾਡੇ ਪਿੰਡ ਦੇ ਰਿਸ਼ਤੇਦਾਰ ਅਤੇ ਪੰਜਾਬੀ ਸਾਹਿਤ ਦੇ ਰਸੀਏ ਹਰਮਿੰਦਰ ਸਿੰਘ ਗਿੱਲ ਦੇ ਘਰ ਉਸ ਦੇ ਬੇਟੇ ਅਤੇ ਬੇਟੀ ਨੂੰ ਬਹੁਤ ਖ਼ੂਬਸੂਰਤ ਪੰਜਾਬੀ ਬੋਲਦੇ ਦੇਖ ਕੇ ਮੈਂ ਹੈਰਾਨੀ ਪ੍ਰਗਟਾਈ ਤਾਂ ਉਹ ਬੋਲਿਆ, "ਸਾਡੇ ਸਦਕਾ ਸਿੱਖੀ ਹੋਈ ਇਨ੍ਹਾਂ ਦੀ ਵਧੀਆ ਪੰਜਾਬੀ ਵੀ ਇਨ੍ਹਾਂ ਤੱਕ ਹੀ ਸੀਮਤ ਰਹੇਗੀ। ਇਨ੍ਹਾਂ ਦੇ ਭਵਿੱਖੀ ਜੀਵਨ-ਢੰਗ ਕਾਰਨ ਇਨ੍ਹਾਂ ਦੇ ਬੱਚਿਆਂ ਨੂੰ ਵੀ ਪੰਜਾਬੀ ਨਹੀਂ ਆਵੇਗੀ!" ਉਹਦਾ ਕਥਨ ਬਿਲਕੁਲ ਸਹੀ ਸੀ। ਘਰਾਂ ਵਿਚ ਪੰਜਾਬੀ ਬੋਲ ਸਕਣ ਵਾਲੇ ਬੱਚੇ ਵੀ ਆਪਣੇ ਹਾਣੀ ਪੰਜਾਬੀ ਬੱਚਿਆਂ ਨਾਲ ਪੰਜਾਬੀ ਵਿਚ ਗੱਲਬਾਤ ਕਰਨ ਦੀ ਥਾਂ ਅੰਗਰੇਜ਼ੀ ਬੋਲਦਿਆਂ ਵਧੇਰੇ ਸੌਖੇ ਅਤੇ ਸਹਿਜ ਮਹਿਸੂਸ ਕਰਦੇ ਹਨ। ਸਾਧਾਰਨ ਪੰਜਾਬੀਆਂ ਦੀ ਗੱਲ ਤਾਂ ਛਡੋ। ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਨਾਲ ਜੁੜੇ ਹੋਏ ਲੋਕਾਂ, ਧਾਰਮਿਕ ਪੰਜਾਬੀਆਂ ਅਤੇ ਪੰਜਾਬੀ ਲੇਖਕਾਂ ਦੀ ਅਗਲੀ ਪੀੜ੍ਹੀ ਵੀ ਸੁਭਾਵਿਕ ਹੀ ਅੰਗਰੇਜ਼ੀ ਨਾਲ ਵਧੇਰੇ ਨੇੜਤਾ ਮਹਿਸੂਸ ਕਰਦੀ ਹੈ।





ਮੋਤਾ ਸਿੰਘ ਦੀਆਂ ਧੀਆਂ-ਐਮਾ ਸਿੰਘ ਅਤੇ ਨੌਰਮਾ ਸਿੰਘ

***ਅਮਰੀਕਾ ਬੈਠੇ ਨੇ ਮੈਂ ਸੋਚਿਆ, ਇਹ ਕਿਵੇਂ ਹੋ ਸਕਦਾ ਹੈ ਕਿ ਇਕ ਸਦੀ ਪਹਿਲਾਂ ਪਹੁੰਚੇ ਅਨਪੜ੍ਹ-ਅਧਪੜ੍ਹ ਪੰਜਾਬੀ ਗ਼ਲਤ-ਮਲਤ, ਟੁੱਟੀ-ਭੱਜੀ ਪੰਜਾਬੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਦਿਲ ਦੀ ਗੱਲ ਨਾ ਲਿਖਦੇ ਹੋਣ! ਉਹ ਭੇਜੀਆਂ-ਅਣਭੇਜੀਆਂ ਚਿੱਠੀਆਂ ਵੀ ਹੋ ਸਕਦੀਆਂ ਸਨ ਜਾਂ ਲਿਖ-ਲਿਖ ਕੇ ਟਰੰਕੀ ਵਿਚ ਸਾਂਭ ਰੱਖੇ ਕਾਗ਼ਜ਼ ਵੀ ਹੋ ਸਕਦੇ ਸਨ। ਇਹ ਇਸ ਪ੍ਰਸੰਗ ਵਿਚ ਸੀ ਕਿ ਮੈਨੂੰ ਪਿਛਲੀ ਸਦੀ ਦੇ ਸ਼ੁਰੂ ਵਿਚ ਅਮਰੀਕਾ ਪਹੁੰਚੇ ਮੋਤਾ ਸਿੰਘ ਚੂਹੜਚੱਕ ਦਾ ਪਤਾ ਲੱਗਿਆ। ਚੰਗੀ ਗੱਲ ਇਹ ਹੈ ਕਿ ਉਸ ਬਾਰੇ ਉਸ ਦੀਆਂ ਦੋ ਧੀਆਂ ਨੇ ਕਾਫ਼ੀ ਜਾਣਕਾਰੀ ਦਿੱਤੀ ਹੋਈ ਹੈ।***

## ਰੁਜ਼ਗਾਰ

ਦੁਪਹਿਰ ਬਾਅਦ ਮੈਂ ਰੋਟੀ ਖਾ ਕੇ ਕੜਕਦੀ ਧੁੱਪੇ ਦਫਤਰ ਜਾ ਰਿਹਾ ਸਾਂ ਤੇ ਕੁਝ ਘਾਹ ਦੇ ਤਿਣਕੇ ਮੇਰੇ ਉਤੇ ਆ ਡਿੱਗੇ। ਮੈਂ ਦੇਖਿਆ ਮਜਦੂਰ ਇਕ ਤਲਵਾਰ ਜਿਹੀ ਲੈ ਕੇ ਆਸੇ-ਪਾਸੇ ਵੱਲ ਵਾਰ ਕਰ ਰਿਹਾ ਸੀ ਜਿਸ ਕਰਕੇ ਘਾਹ ਤੇ ਬੂਟੀ ਆਲੇ-ਦੁਆਲੇ ਬਿਖਰ ਜਾਂਦੀ।

ਮੈਂ ਉਸ ਨੂੰ ਕਿਹਾ, "ਕਿਉਂ ਨਹੀਂ ਤੁਸੀਂ ਇਸ ਬੂਟੀ ਨੂੰ ਜੜੋਂ ਪੁਟ ਕੇ ਕਿਤੇ ਦਬਾ ਦਿੰਦੇ, ਇਸ ਤਰ੍ਹਾਂ ਤਾਂ ਇਹ ਦੂਰ-ਦੂਰ ਤੀਕ ਉਗ ਜਾਵੇਗੀ, ਨਾਲੇ ਕਈ ਕਈ ਲਗਰਾਂ ਫੁੱਟ ਆਉਣਗੀਆਂ ਤੇ ਤੁਹਾਨੂੰ ਫਿਰ ਤੋਂ ਇਸ ਨੂੰ ਕਟਣਾ ਪਵੇਗਾ।" ਉਹ ਮੁਸਕਰਾਇਆ ਤੇ ਬੋਲਿਆ, "ਬਾਬੂ ਜੀ ਜੇ ਅਸੀਂ ਇਹ ਬੂਟੀ ਅੱਜ ਹੀ ਖਤਮ ਕਰ ਦਿਤੀ ਤਾਂ ਅਗਲੇ ਸਾਲ ਸਾਨੂੰ ਰੁਜ਼ਗਾਰ ਕਿਥੋਂ ਮਿਲੇਗਾ?"

*-ਨਾਇਬ ਸਿੰਘ ਸੈਂਪਲੇ*
*ਫੋਨ: 91-98724-05203*

# ਦਲਿਤਾਂ ਦਾ ਦੁਖਾਂਤ 'ਨੌਂ ਬਾਰਾਂ ਦਸ'

**ਕਲਾ-ਕ੍ਰਿਤ**

'ਨੇਤੀ ਥਿਏਟਰ' ਦੇ ਬੈਨਰ ਹੇਠ ਬਰੈਮਲੀ ਸਿਟੀ ਸੈਂਟਰ ਸਥਿਤ ਲੈਸਟਰ ਬੀ ਪੀਅਰਸਨ ਥਿਏਟਰ ਵਿਖੇ ਨੌਜਵਾਨ ਨਾਟਕ ਨਿਰਦੇਸ਼ਕ ਗੁਰਚਰਨ ਸਿੰਘ ਦੀ ਨਿਰਦੇਸ਼ਨਾ ਹੇਠ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਉਤੇ ਆਧਾਰਤ ਇਸੇ ਸਿਰਲੇਖ ਹੇਠਲੇ ਨਾਟਕ ਦੀ ਪੇਸ਼ਕਾਰੀ ਦਰਸ਼ਕਾਂ ਦੇ ਮਨਾਂ ਉਪਰ ਅਮਿਟ ਯਾਦਾਂ ਛੱਡ ਗਈ। ਨਾਟਕ ਦੇ ਹਰ ਕਲਾਕਾਰ ਦੀ ਅਦਾਇਗੀ ਕਲਾਤਮਿਕ ਅਤੇ ਦਿਲਾਂ ਨੂੰ ਧੂਹ ਪਾਉਣ ਵਾਲੀ ਸੀ।

ਨਾਟਕ ਦੀ ਕਹਾਣੀ ਪੰਜਾਬ ਦੇ ਪਿੰਡਾਂ ਦੇ

**ਗੁਰਦਿਆਲ ਸਿੰਘ ਬੱਲ, ਕੈਨੇਡਾ**
**ਫੋਨ: 647-982-6091**

ਅਜਿਹੇ ਦਲਿਤ ਨੌਜਵਾਨ ਦੀ ਮਨੋਦਸ਼ਾ ਉਪਰ ਉਸਾਰੀ ਗਈ ਹੈ ਜੋ ਸੁਪਨੇ ਅਤੇ ਹਕੀਕਤ ਦੇ ਸਦੀਵੀ ਦਵੰਦ 'ਚ ਬੁਰੀ ਤਰ੍ਹਾਂ ਫਸਿਆ ਭਿਆਨਕ ਤਰਾਸਦੀ ਦਾ ਸ਼ਿਕਾਰ ਹੁੰਦਾ ਹੈ। ਕਹਾਣੀਕਾਰ ਅਤੇ ਬਾਅਦ ਵਿਚ ਨਾਟਕਕਾਰ ਨੇ ਨਿੰਦਰ ਨਾਂ ਕੇਂਦਰੀ ਪਾਤਰ ਰਾਹੀਂ ਇਸ ਕਿਸਮ ਦੀ ਕਥਾ ਪਾਈ ਹੈ ਕਿ ਪੰਜਾਬ ਦੇ ਪਿੰਡਾਂ ਦੇ ਅਨੇਕਾਂ ਸਮਾਜਕ, ਆਰਥਿਕ, ਸਭਿਆਚਾਰਕ ਆਯਾਮ ਖੁਦ-ਬਖੁਦ ਖੁੱਲ੍ਹਦੇ ਚਲੇ ਜਾਂਦੇ ਹਨ।

ਤਰਾਸਦੀ ਦੇ ਪੁਰਾਣੇ ਸੰਕਲਪ ਨੂੰ ਅੰਗਰੇਜ਼ ਨਾਵਲਕਾਰ ਟਾਮਸ ਹਾਰਡੀ ਨੇ ਆਪਣੇ ਨਾਵਲ 'ਟੈਸ' ਵਿਚ ਇਸੇ ਨਾਂ ਦੀ ਕਿਰਸਾਨ ਦੀ ਧੀ ਦੀ ਭਿਆਨਕ ਹੋਣੀ ਦੀ ਕਥਾ ਸਿਰਜ ਕੇ ਤੋੜਿਆ ਸੀ। ਵਰਿਆਮ ਸੰਧੂ ਨਿਸਚੇ ਹੀ ਹਾਰਡੀ ਤੋਂ ਅਗਾਂਹ ਜਾਂਦਾ ਹੈ ਅਤੇ ਉਸੇ ਤਰ੍ਹਾਂ ਦੀ ਕਲਾਤਮਿਕ ਸ਼ਿੱਦਤ, ਸੂਹਜ ਅਤੇ ਸੰਜਮ ਨਾਲ ਨਵੀਂ ਕਥਾ ਸਿਰਜ ਕੇ



ਨਿੰਦਰ ਨੂੰ ਹਕੀਕੀ ਜਗਤ ਬਾਰੇ ਸਿੱਖ-ਮੱਤ ਦਿੰਦਾ ਹੋਇਆ ਇਕ ਪਾਤਰ।

ਸਹਿਜੇ ਹੀ ਬੇਹੱਦ ਸਸ਼ਕਤ ਅੰਦਾਜ਼ ਵਿਚ ਦਰਸਾ ਜਾਂਦਾ ਹੈ ਕਿ ਅਤਿ ਗਰੀਬ ਦਲਿਤਾਂ ਦੇ ਮੁੰਡੇ ਦੀ ਕਹਾਣੀ ਉਪਰ ਵੀ ਸੋਫੋਕਲੀਜ਼, ਹਾਰਡੀ ਜਾਂ ਭਾਰਤੀ ਪ੍ਰੰਪਰਾ ਦੇ ਮਹਾਨ ਨਾਟਕਕਾਰ ਕਾਲੀਦਾਸ ਦੀ 'ਸ਼ਕੁੰਤਲਾ' ਵਰਗੀ ਹੁਸੀਨ ਸ਼ਹਿਜ਼ਾਦੀ ਨਾਲ ਵਾਪਰੇ ਦੁਖਾਂਤ ਦੇ ਹਾਰ ਹੀ ਅਰਥਪੂਰਨ ਤਰਾਸਦਿਕ ਕਥਾ ਸਿਰਜੀ ਜਾ ਸਕਦੀ ਹੈ।

ਨਾਟਕ ਦੇ ਨਾਇਕ ਨਿੰਦਰ ਦਾ ਪਿਤਾ ਹੈਨੀ। ਮਾਂ ਛਿੰਨੋ ਪਿੰਡ ਦੇ ਚੌਧਰੀਆਂ ਦੇ ਘਰੇ ਗੋਹਾ-ਕੂੜਾ ਕਰ ਕੇ ਡੰਗ ਟਪਾਉਂਦੀ ਹੈ। ਉਸ ਦਾ ਵੱਡਾ ਭਰਾ ਸੱਜਣ ਲੰਮੀ ਬਿਮਾਰੀ ਪਿਛੋਂ ਠੀਕ ਹੁੰਦਾ ਹੈ ਪਰ ਭੋਖੜੇ ਦਾ ਮਾਰਿਆ ਗੁਰੂ ਘਰ ਦੇ ਲੰਗਰ ਵਿਚੋਂ ਵਧੇਰੇ ਰੋਟੀਆਂ ਖਾ ਜਾਣ ਕਾਰਨ ਅਚਾਨਕ ਢਿੱਡ ਵਿਚ ਸੂਲ ਉਠਣ ਕਾਰਨ ਦਮ ਤੋੜ ਜਾਂਦਾ ਹੈ। ਉਸ ਦਾ ਛੋਟਾ ਭਰਾ ਭਿੱਲੀ ਬਚਪਨ ਤੋਂ ਸਿਧਰਾ ਹੈ ਅਤੇ ਕੋਈ ਵੀ ਕੰਮ ਕਰ ਸਕਣ ਤੋਂ ਅਸਮਰਥ ਹੈ। ਮਾਨੋ ਜ਼ਿੰਦਗੀ ਦੀਆਂ ਕਰੂਰ ਹਕੀਕਤਾਂ ਨੇ ਨਿੰਦਰ ਦੇ ਇਰਦ-ਗਿਰਦ ਸੀਮਾਵਾਂ ਦੇ ਅਜਿਹੇ ਘੇਰੇ ਘੱਤੇ ਹੋਏ ਹਨ ਜਿਨ੍ਹਾਂ ਵਿਚੋਂ ਬਾਹਰ ਨਿਕਲਣ ਦੀ ਕਿਸੇ ਪਾਸਿਓਂ ਵੀ ਕੋਈ ਸੰਭਾਵਨਾ ਨਹੀਂ ਹੈ। ਇਨ੍ਹਾਂ ਹਾਲਾਤ ਵਿਚ ਹੀ ਉਹ ਸਬੱਬ ਵਸ ਕਿਸੇ ਆਪਣੇ ਨਾਲ ਸ਼ਹਿਰ ਜਾ ਕੇ ਕੋਈ ਰੁਮਾਂਟਿਕ ਫਿਲਮ ਵੇਖ ਆਉਂਦਾ ਹੈ ਅਤੇ ਫਿਲਮ ਦੀ ਨਾਇਕਾ ਐਸ਼ਵਰਿਆ ਰਾਏ ਉਸ ਦੇ ਖੁਆਬਾਂ 'ਤੇ ਇਸ ਕਦਰ ਛਾਉਣੀਆਂ ਪਾ ਲੈਂਦੀ ਹੈ ਅਤੇ ਉਹ ਸੁਪਨ ਸੰਸਾਰ ਵਿਚ ਚਲਿਆ ਜਾਂਦਾ ਹੈ।

ਇਸ ਦ੍ਰਿਸ਼ ਵਿਚ ਸਟੇਜ ਤੋਂ ਪਰਦਾ ਖੁੱਲ੍ਹਦਿਆਂ ਹੀ ਉਡਦੇ ਧੂੰਏਂ ਅਤੇ ਰੰਗੀਨ ਲਾਈਟਾਂ ਦੀ ਚਕਾਚੌਂਧ ਵਿਚ ਨਾਜ਼ਕ ਬਦਨ/ਪਰੀ ਚਿਹਰਾ ਐਸ਼ਵਰਿਆ ਰਾਏ ਅਤੇ ਨਿੰਦਰ ਮੁਹੱਬਤ ਦੇ ਸਰੂਰ ਵਿਚ ਬਾਹਾਂ 'ਚ ਬਾਹਾਂ ਪਾਈ ਨੱਚਦੇ ਹੋਏ ਨਜ਼ਰ ਆਉਂਦੇ ਹਨ। ਪਿਛੋਕੜ ਵਿਚ 'ਹਮ ਦਿਲ ਦੇ ਚੁਕੇ ਸਨਮ' ਫਿਲਮ ਦੇ ਗੀਤ ਦੇ ਬੋਲ 'ਆਖੋਂ ਕੀ ਗੁਸਤਾਖੀਆਂ... ਮੁਆਫ ਹੋ' ਸਮੁੱਚੇ ਪ੍ਰਭਾਵ ਨੂੰ ਹੋਰ ਵੀ ਤੀਖਣ ਕਰ ਦਿੰਦੇ ਹਨ। ਇਸ ਦ੍ਰਿਸ਼ ਵਿਚ ਕੁਮਾਰੀ ਸੁਖਮਨ ਦੀ ਐਕਟਿੰਗ ਅਸ਼-ਅਸ਼ ਕਰਵਾ ਜਾਂਦੀ ਹੈ। ਨਾਟਕੀ ਝਾਕੀ ਵਿਚ ਨੱਚਦੇ-ਨੱਚਦੇ ਐਸ਼ਵਰਿਆ ਨਿੰਦਰ ਨੂੰ ਪਿਆਰ ਨਾਲ ਧੱਕਾ ਦਿੰਦੀ ਹੈ। ਮਧੁਰ ਸੁਪਨੇ ਦੀ ਇਸੇ ਅਵਸਥਾ ਵਿਚ ਨਾਇਕ ਨਿੰਦਰ ਆਪਣੇ ਮਾਲਕ ਚੌਧਰੀ ਜਸਵੰਤ ਸਿੰਘ ਦੇ ਵਿਹੜੇ ਵਿਚ ਘੂਕ ਸੁੱਤਾ ਪਿਆ ਹੈ। ਇਸੇ ਸਮੇਂ ਨਾਟਕ ਨਿਰਦੇਸ਼ਕ ਸੁਪਨੇ ਦੇ ਦ੍ਰਿਸ਼ ਨੂੰ ਸਮੇਟ ਕੇ ਤਰਾਸਦਿਕ ਕੰਟਰਾਸਟ ਖੜ੍ਹਾ ਕਰਨ ਲਈ ਉਸ ਦੀ ਜਗ੍ਹਾ 'ਤੇ ਅਸਲ ਜੀਵਨ ਦੀ ਕਰੂਰ ਹਕੀਕਤ ਦਾ ਦ੍ਰਿਸ਼ ਲੈ ਆਉਂਦਾ ਹੈ। ਨਿੰਦਰ ਦੀ ਮਾਤਾ ਛਿੰਨੋ ਅਚਾਨਕ ਗੋਹਾ-ਕੂੜਾ ਸੁੰਭਰਨ ਲਈ ਵਿਹੜੇ ਵਿਚ ਪ੍ਰਗਟ ਹੁੰਦੀ ਹੈ। ਨਿੰਦਰ ਨੂੰ ਲੰਮੀਆਂ ਤਾਣ ਕੇ ਪਏ ਨੂੰ ਵੇਂਹਦੇ ਸਾਰ ਉਸ ਨੂੰ ਧੱਪ ਚੜ੍ਹ ਜਾਂਦਾ ਹੈ ਅਤੇ ਉਹ ਉਸ ਨੂੰ ਬੁਰਾ-ਭਲਾ ਕਹਿੰਦਿਆਂ ਕੋਸਣਾ ਸ਼ੁਰੂ ਕਰ ਦਿੰਦੀ ਹੈ। ਬੋਲ-



ਸ਼ੋਅ ਤੋਂ ਬਾਅਦ ਡਰਾਮੇ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਅਤੇ ਉਨ੍ਹਾਂ ਦੇ ਸਹਿਯੋਗੀ।

ਬੁਲਾਰਾ ਚੌਧਰੀ ਜਸਵੰਤ ਦੇ ਕੰਨਾਂ ਤੱਕ ਵੀ ਜਾ ਅਪੜਦਾ ਹੈ ਅਤੇ ਉਹ ਆਉਂਦੇ ਸਾਰ ਮਾਂ, ਪੁੱਤਰ-ਦੋਵਾਂ ਨੂੰ ਹੀ ਚੰਗਾ-ਮੰਦਾ ਬੋਲਣਾ ਸ਼ੁਰੂ ਕਰ ਦਿੰਦਾ ਹੈ ਜੋ ਨਾਇਕ ਦੀ ਸ਼ੁਰੂਆਤੀ ਸੁਪਨਮਈ ਅਵਸਥਾ ਨੂੰ ਬੇਰਹਿਮੀ ਨਾਲ ਤੋੜਦਾ, ਕੌੜੇ ਯਥਾਰਥ ਦਾ ਅਸਲ ਰੂਪ ਵਿਚ ਫਨ ਖਲਾਰ ਕੇ ਵਿਕਰਾਲ ਰੂਪ ਵਿਚ ਸਾਹਮਣੇ ਆ ਜਾਂਦਾ ਹੈ।

ਚੌਧਰੀ ਜਸਵੰਤ ਵਿਹੜੇ ਵਿਚ ਨਿੰਦਰ ਅਤੇ ਛਿੰਨੋ ਦੀ ਮਾਮੂਲੀ ਝਾੜ-ਝੰਬ ਤੋਂ ਬਾਅਦ ਹੀ 'ਹਮਦਰਦਾਨਾ' ਵਿਅੰਗ ਦੇ ਦਾਅ 'ਤੇ ਆ ਜਾਂਦਾ ਹੈ। ਛਿੰਨੋ ਦੀ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਦੇ ਪੰਜਾਬ ਦੇ ਦਲਿਤਾਂ ਦੇ ਜੀਵਨ ਦੀਆਂ ਕਟੂ ਹਕੀਕਤਾਂ ਨੇ ਇਸ ਹੱਦ ਤਕ ਪੀਹ ਕੱਢੀ ਹੋਈ ਹੈ ਕਿ ਉਸ ਨੂੰ ਚੌਧਰੀ ਦੇ ਬੋਲਾਂ ਵਿਚਲੇ ਵਿਅੰਗ ਨੂੰ ਭਾਂਪ ਜਾਣ ਦੀ ਸੁਰਤ ਵੀ ਨਹੀਂ ਹੈ। ਉਹ ਚੌਧਰੀ ਦੀ ਪੁੱਛ ਦੇ ਜਵਾਬ ਵਿਚ ਆਪਣੇ ਅਣਿਆਈ ਉਮਰੇ ਮਰ ਗਏ ਪੁੱਤ ਸੱਜਣ ਦਾ ਰੋਣਾ ਰੋਂਦੀ ਹੈ। ਭਿੱਲੀ ਨੂੰ ਸਿਧਰਾ ਜਾਣ ਕੇ ਸੱਜਣ ਦੀ ਭਕਨੇ ਵਾਲੀ ਮੰਗੇਤਰ ਦੇ ਮਾਪਿਆਂ ਦੀ ਨਾਂਹ ਬਾਰੇ ਝੁਰਦੀ ਹੈ ਅਤੇ ਫਿਰ ਚੌਧਰੀ ਅੱਗੇ ਨਿੰਦਰ ਨੂੰ ਉਹ ਸਾਕ ਲੈਣ ਲਈ ਮਨਾਉਣ ਵਾਸਤੇ ਤਰਲਾ ਮਾਰਦੀ ਹੈ।

ਹੁਣ ਇਥੇ ਨਿੰਦਰ ਦੀ ਤਰਾਸਦੀ ਦੇ ਅਰਥਾਂ ਨੂੰ ਉਜਾਗਰ ਕਰਨ ਲਈ ਵਰਿਆਮ ਅਗਲੀ ਤਕਨੀਕ ਵਰਤਦਾ ਹੈ ਅਤੇ ਨਿਰਦੇਸ਼ਕ ਵੀ ਬਹੁਤ ਖਰੇ ਢੰਗ ਨਾਲ ਉਸ ਨੂੰ ਨਾਟਕੀ ਰੂਪ ਵਿਚ ਰੂਪਾਂਤਰਿਤ ਕਰਦਾ ਹੈ। ਚੌਧਰੀ, ਨਿੰਦਰ ਅਤੇ ਛਿੰਨੋ ਦਾ ਵਾਰਤਾਲਾਪ ਚੱਲ ਹੀ ਰਿਹਾ ਹੈ ਕਿ ਸੀਨ ਅੰਦਰ ਚੌਧਰੀ ਦਾ ਅਲਬੇਲਾ ਮਿੱਤਰ ਸਤਿਨਾਮ ਸਿੰਘ ਹਾਜ਼ਰ ਹੋ ਜਾਂਦਾ ਹੈ। ਉਨ੍ਹਾਂ ਦੀ ਦਾਰੂ ਦੀ ਮਹਿਫਲ ਜੰਮ ਜਾਂਦੀ ਹੈ। ਹੁਣ ਛਿੰਨੋ ਦੇ ਤਰਲੇ ਨੂੰ ਹੁੰਗਾਰਾ ਦੇਣ ਦੀ ਕੀਹਨੂੰ ਫੁਰਸਤ ਹੈ। ਜਸਵੰਤ ਸਿੰਘ ਲਈ ਨਿੰਦਰ ਦੀ ਮਨੋ-ਅਵਸਥਾ ਆਪਣਾ ਅਤੇ ਆਪਣੇ ਮਿੱਤਰ ਦੇ ਮਨੋਰੰਜਨ ਦਾ ਵਸੀਲਾ ਬਣ ਜਾਂਦੀ ਹੈ। ਨਿੰਦਰ ਨੂੰ ਦੱਸਿਆ ਜਾਂਦਾ ਹੈ ਕਿ ਸਤਿਨਾਮ ਐਸ਼ਵਰਿਆ ਦਾ ਮਾਮਾ ਲਗਦਾ ਹੈ। ਉਹ ਮੁੰਬਈ ਤੋਂ ਆਇਆ ਹੈ ਅਤੇ ਐਸ਼ਵਰਿਆ ਨਾਲ ਨਿੰਦਰ ਦਾ ਟਾਂਕਾ ਉਹੀ ਫਿੱਟ ਕਰਵਾਏਗਾ। ਇਹ 'ਘਾਤਕ' ਮਖੌਲ ਲੰਮੇ ਸਮੇਂ ਤਕ ਜਾਰੀ ਰਹਿੰਦਾ ਹੈ। ਇਸ ਦੇ ਨਾਲ ਹੀ ਨਿੰਦਰ ਦੀ ਮਨੋ-ਅਵਸਥਾ ਦੇ ਨਿਕਾਸ ਤੇ 'ਵਿਕਾਸ' ਨੂੰ ਦਰਸਾਉਣ ਲਈ ਕਹਾਣੀਕਾਰ ਅਤੇ ਨਾਟਕਕਾਰ ਨੇ ਕਈ ਹੋਰ ਦਿਲਚਸਪ ਜੁਗਤਾਂ ਨਿਪੁੰਨ ਅੰਦਾਜ਼ ਵਿਚ ਬੁਣੀਆਂ ਹੋਈਆਂ ਹਨ। ਮਸਲਨ, ਬਚਪਨ ਵਿਚ ਨਿੰਦਰ ਜਦੋਂ ਪਸ਼ੂ ਚਾਰਦਾ ਹੈ ਤਾਂ ਪਿੰਡ ਦੀਆਂ ਕਿੱਕਰਾਂ ਹੇਠਾਂ ਲਗਦੇ ਪ੍ਰਾਇਮਰੀ ਸਕੂਲ ਦੀ ਭੈਣ ਜੀ ਗੁਰਮੀਤ ਪ੍ਰਤੀ ਉਸ ਦੀ ਮਸੂਮ ਖਿੱਚ ਦਾ ਦ੍ਰਿਸ਼ ਹੈ ਅਤੇ ਇਸੇ ਤਰ੍ਹਾਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਜਸਵੰਤ ਨਾਲ ਸੇਪੀ ਰਲ ਜਾਣ ਤੇ ਉਸ ਦੀ ਆਪਣੀ ਹਾਣਨ ਧੰਤੋ ਨਾਲ ਉਸ ਦੀ ਨੋਕ-ਝੋਕ ਦੇ ਵੇਰਵੇ ਹਨ। ਨਿੰਦਰ ਆਪਣੇ ਆਪ ਨੂੰ ਦਿਓਲ ਜੱਟ ਮੰਨੀ ਬੈਠਾ ਹੈ ਅਤੇ ਫਿਲਮ ਸਟਾਰ ਧਰਮਿੰਦਰ ਤੇ ਪ੍ਰਕਾਸ਼ ਕੌਰ ਨੂੰ ਮਾਂ-ਪਿਉ ਸਮਝੀ ਜਾਂਦਾ ਹੈ।

ਚੌਧਰੀ ਜਸਵੰਤ ਸਿੰਘ ਦੀ ਭੂਮਿਕਾ ਨਾਟਕ ਨਿਰਦੇਸ਼ਕ ਗੁਰਚਰਨ ਨੇ ਖੁਦ ਕੀਤੀ ਹੈ ਜੋ ਅਮਰਿੰਦਰ ਵਲੋਂ ਨਿਭਾਈ ਗਈ ਨਿੰਦਰ ਦੀ ਭੂਮਿਕਾ ਦੇ ਹਾਰ ਹੀ ਸ਼ਲਾਘਾਯੋਗ ਹੈ ਪਰ ਪਹਿਲਾਂ ਧੰਤੋ ਦੇ ਰੂਪ ਵਿਚ ਅਤੇ ਪਿਛੋਂ ਦਰਗਾਹ ਦੇ ਸੀਨ ਅੰਦਰ ਸੀਤੋ ਦੇ ਦੋ ਰੋਲ ਵਿਚ ਸੰਦੀਪ ਸਿੱਧੂ ਨੇ ਵੀ ਸੁੰਦਰ ਅਦਾਕਾਰੀ ਨਾਲ ਕਮਾਲ ਕੀਤੀ। ਇਨ੍ਹਾਂ ਤੋਂ ਇਲਾਵਾ ਅਮਨਿੰਦਰ ਦਿੱਲੋਂ, ਲਖਵਿੰਦਰ ਦਿੱਲੀ, ਰਜਿੰਦਰ ਬੋਦਿਲ, ਜੋਗੀ ਸੰਘੇੜਾ, ਜਗਦੀਪ, ਜੱਸ ਧਾਲੀਵਾਲ ਤੇ ਰਿੱਕੀ ਖੱਟੜਾ, ਸਾਰਿਆਂ ਦੀਆਂ ਭੂਮਿਕਾਵਾਂ ਤਰਾਸਦੀ ਨੂੰ ਕਲਾਤਮਿਕ ਅਮੀਰੀ ਨਾਲ ਮਾਲਾ-ਮਾਲ ਕਰਦੀਆਂ ਮਲੂਮ ਹੁੰਦੀਆਂ ਹਨ।

ਵਿਹੜੇ ਵਿਚ ਬੈਠਿਆਂ ਦਾਰੂ ਦੀ ਮਹਿਫਲ ਚਲ ਰਹੀ ਹੈ; ਮਨੋਰੰਜਨ ਖਾਤਰ ਨਿੰਦਰ ਦਾ ਮੌਜੂ ਬਣਾਉਂਦਿਆਂ ਉਸ ਨੂੰ ਐਸ਼ਵਰਿਆ ਦੇ ਮਾਮੇ ਅਤੇ ਕਾਮਰੇਡ ਵਲੋਂ ਸ਼ਗਨ ਪਾਉਣ ਦਾ ਢਕਵੰਜ ਕੀਤਾ ਜਾ ਰਿਹਾ ਹੈ। ਹੁਣ ਇਥੇ ਕਹਾਣੀ ਦਾ ਨਾਟਕੀਕਰਨ ਸਪਾਟ ਹੋ ਸਕਦਾ ਸੀ ਪਰ ਨਿਰਦੇਸ਼ਕ ਬਹੁਤ ਹੀ ਚਤੁਰਾਈ ਨਾਲ ਮਾਹੌਲ ਨੂੰ ਕਾਵਿਕ ਬਣਾਉਣ ਲਈ 'ਵਿਹੜੇ ਛਣਕੂਗੀ ਵੰਗ ਤੇਰੀ/ਸੱਚੀਂ ਮੁੱਚੀਂ ਜਾਨ ਕੱਢ ਲਊ/ਬਿਲੌ ਮਿੱਠੀ-ਮਿੱਠੀ ਸੰਗ ਤੇਰੀ' ਬੋਲਾਂ 'ਤੇ ਆਧਾਰਤ ਸੰਗੀਤ ਅਤੇ ਨ੍ਰਿਤ ਦਾ ਤੋੜਾ ਲੈ ਆਉਂਦਾ ਹੈ।

... ਤੇ ਫਿਰ ਨਾਟਕ ਦੇ ਅਖੀਰ ਵਿਚ ਜਦੋਂ ਸੁਪਨੇ ਅਤੇ ਹਕੀਕਤ ਦਾ ਪਰਦਾ ਪਾਟਦਾ ਹੈ; ਨਿੰਦਰ ਦਾ ਭਰਮ ਟੁੱਟਦਾ ਹੈ। ਤਰਾਸਦੀ ਦਾ ਸਿਖਰ ਪਿਛੋਕੜ ਵਿਚ ਲਖਬੀਰ ਖਾਨ ਦੀ ਲਰਜ਼ਿਸ਼ ਅਤੇ ਸੋਜ਼ ਭਰੀ ਹੂਕ ਵਿਚ ਸੁਲਤਾਨ ਬਾਹੂ ਦੇ ਬੋਲਾਂ 'ਟੁੱਟ ਗਈ ਤੰਦ ਉਲਝ ਗਈ ਤਾਣੀ/ਚਾਵਾਂ ਦੀ ਡੋਲੀ ਲੁੱਟ ਕੇ ਲੈ ਗਏ/ਜੱਗ ਦੀ ਵੰਡ ਇਹ ਕਾਣੀ' ਨਾਲ ਸ਼ਿੱਦਤ ਅਤੇ ਰੂਹ ਨਾਲ ਉਸਾਰਿਆ ਹੈ। ਵਰਿਆਮ ਦੀ ਕਹਾਣੀ ਅਤੇ ਗੁਰਚਰਨ ਦੇ ਨਾਟਕ ਦੀ ਹੋਰ ਵੀ ਉਘੜਵੀਂ ਤੇ ਜ਼ਿਕਰਯੋਗ ਸਿਫਤ ਇਹ ਸੀ ਕਿ ਪਾਤਰਾਂ 'ਚੋਂ ਕਿਸੇ ਦੀ ਸੁਰ ਕਿਧਰੇ ਵੀ ਤਿੱਖੀ ਨਹੀਂ ਸੀ।

ਵਰਿਆਮ ਸੰਧੂ ਨੇ ਨਿੰਦਰ ਅਤੇ ਛਿੰਨੋ ਦੀ ਬਦਹਾਲੀ, ਵਿਚਾਰੇਪਣ ਅਤੇ ਬੇਵਸੀ ਦੀ ਇੰਤਹਾ ਦੀ ਖਬਰ ਦੇਣੀ ਹੈ ਅਤੇ ਅਜਿਹਾ ਸੱਜਣ ਦੀ ਮੌਤ ਦੇ ਕਾਂਬਾ ਛੇੜ ਦੇਣ ਵਾਲੇ ਵੇਰਵੇ ਤੋਂ ਬਿਨਾਂ ਸੰਭਵ ਨਹੀਂ ਸੀ ਪਰ ਵਰਿਆਮ ਦਾ ਸੰਜਮ ਵੇਖੋ ਕਿ ਅਜਿਹਾ ਵੇਰਵਾ ਵੀ ਲਾਊਡ ਨਹੀਂ ਹੈ।... ਤੇ ਫਿਰ ਨਾਟਕ ਦੇ ਐਨ ਕੇਂਦਰ ਵਿਚ ਚੌਧਰੀ ਜਸਵੰਤ ਤੇ ਉਸ ਦੇ ਸਾਥੀ ਦਾਰੂ ਦੀ ਮਜਲਿਸ ਵਿਚ ਜਦੋਂ ਨਿੰਦਰ ਨਾਲ ਮਸ਼ਕਰੀਆਂ ਦੀ ਖੇਡ ਖੇਡਦੇ ਹਨ, ਉਸ ਦੌਰਾਨ ਜਸਵੰਤ ਕਿਧਰੇ ਬਦੀ ਦੇ ਇਕਹਿਰੇ ਜਾਂ ਦੂਹਰੇ ਪ੍ਰਤੀਕ ਵਿਚ ਪ੍ਰਵਰਤਿਤ ਹੋਇਆ ਮਲੂਮ ਨਹੀਂ ਹੁੰਦਾ। ਵਰਿਆਮ ਅਤੇ ਗੁਰਚਰਨ, ਦੋਵਾਂ ਦੇ ਕਲਾਤਮਿਕ ਸੰਜਮ ਨੂੰ ਨਮੋ ਹੈ।

ਗੁਰਚਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਟੈਲੀਵਿਜ਼ਨ ਐਂਡ ਥਿਏਟਰ ਵਿਭਾਗ ਦੀ ਪੈਦਾਵਾਰ ਹੈ ਅਤੇ ਸਾਡੇ ਮਿੱਤਰ ਸਵਰਗੀ ਬਲਰਾਜ ਪੰਡਿਤ ਨੂੰ ਉਹ ਆਪਣਾ ਗੁਰੂ ਮੰਨਦਾ ਹੈ। 2003 ਵਿਚ ਉਹਨੇ ਡਿਗਰੀ ਲਈ ਅਤੇ ਅਗਲੇ 7-8 ਵਰ੍ਹੇ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਅੰਦਰ ਧਾਰਮਿਕ ਸਾਧਨਾ ਵਾਲੀ ਲਗਨ ਅਤੇ ਪ੍ਰਤੀਬਧਤਾ ਨਾਲ ਥਿਏਟਰ ਕਰਦਾ ਰਿਹਾ। ਢਾਈ-ਤਿੰਨ ਵਰ੍ਹੇ ਪਹਿਲਾਂ ਉਹ ਟੋਰਾਂਟੋ ਆਇਆ ਅਤੇ ਨੇਤੀ ਥਿਏਟਰ ਗਰੁੱਪ ਕਾਇਮ ਕੀਤਾ। ਨਾਟਕ ਲਈ ਲਾਈਟ ਦਾ ਸਾਰਾ ਪ੍ਰਬੰਧ ਗੁਰਚਰਨ ਦੀ ਜੀਵਨ ਸਾਥਣ ਬੀਬਾ ਪ੍ਰਭਜੀਤ ਨੇ ਕੀਤਾ।

## ਸ਼ਾਨ ਪੰਜ-ਆਬ ਦੀ

ਮਿੱਟੀ ਵਿਚ ਸ਼ਾਨ ਮਿਲ ਗਈ ਪੰਜਾਬ ਦੀ।
ਪੱਤੀ ਪੱਤੀ ਖਿੰਡ ਗਈ ਸੋਹਣੇ ਗੁਲਾਬ ਦੀ।

ਜਮਨਾ ਤੋਂ ਖੈਬਰ ਤੱਕ ਕਦੇ ਸੀ ਠਹਿਕਦਾ
ਹਰ ਪਾਸੇ ਚਰਚਾ ਸੀ, ਇਹਦੀ ਮਹਿਕ ਦਾ
ਟੋਟੇ, ਟੋਟੇ ਹੋਇਆ ਪਿਆ ਸਾਹ ਵਰੋਲਦਾ
ਮੁੱਕ ਜਾਣਾ ਕਿਸੇ ਦਿਨ ਏਵੇਂ ਹੀ ਸਹਿਕਦਾ
ਕਰਨੀ ਨਹੀਂ ਗੱਲ ਕਿਸੇ ਇਹਦੀ ਠਾਠ ਦੀ
ਮਿੱਟੀ ਵਿਚ ਸ਼ਾਨ ਮਿਲ ਗਈ ਪੰਜਾਬ ਦੀ।

ਪੰਜਾਂ ਦਰਿਆਵਾਂ ਦੀ ਇਹ ਸੋਹਣੀ ਧਰਤੀ
ਕਮ-ਅਕਲੀ ਨੇ ਫਟ ਲੀਰੋ-ਲੀਰ ਕਰ'ਤੀ
ਕੁਰਸੀਆਂ ਤੇ ਅਹੁਦਿਆਂ ਦੀ ਤਪਦਿਕ ਦੀ
ਅੱਗ 'ਚ ਪੰਜਾਬੀਆਂ ਦੀ ਰੂਹ ਸੜ ਗਈ
ਇਥੇ ਕਰੀਏ ਕੀ ਗੱਲ ਦੁੱਖਾਂ ਦੇ ਹਿਸਾਬ ਦੀ...

ਸੱਤਾਂ ਵਿਚੋਂ ਪੰਜ, ਪੰਜੋਂ, ਢਾਈ ਰਹਿ ਗਏ
ਉਨ੍ਹਾਂ ਦਾ ਵੀ ਪਾਣੀ, ਬਦੋ-ਬਦੀ ਲੈ ਗਏ
'ਅੰਨ-ਦਾਤਾ' ਬਣ ਕੇ ਫਕੀਰ ਰਹਿ ਗਿਆ
ਮਾਰੇ ਕਰਜ਼ੇ ਦੇ, ਗਰੀਬ ਮੌਤ ਰਾਹੇ ਪੈ ਗਏ
ਉਡਦੀ ਪਈ ਰੇਤ, ਸਤਲੁਜ, ਬਿਆਸ ਦੀ।
ਮਿੱਟੀ ਵਿਚ ਸ਼ਾਨ ਮਿਲ ਗਈ ਪੰਜਾਬ ਦੀ।

ਲਾਉਣੀਆਂ ਕੀ ਸੀਆਂ, ਕੀ ਸੁਹਾਗੇ ਫੇਰਨੇ
ਨਸ਼ਿਆਂ ਦੀ ਆਦਤ, ਲਏ ਜਵਾਨ ਘੇਰ ਨੇ
ਪਿਆ ਪੱਖੇ ਵਾਂਗੂ ਡੋਲਦਾ, ਸਰੀਰ ਸਭ ਦਾ
ਉਜਾੜਿਆ ਪੰਜਾਬ ਨਸ਼ਿਆਂ ਦੇ ਕਹਿਰ ਨੇ
ਸੜੀ ਕਿਸਮਤ ਮਾਝੇ, ਮਾਲਵੇ, ਦੁਆਬ ਦੀ...

ਹੁਣ ਛਿੜਦੇ ਨੀ ਵੱਗ ਮੱਝੀਆਂ ਤੇ ਗਾਂਵਾਂ ਦੇ
ਸੁਣੇ ਇੱਜੜਾਂ ਦੀ 'ਮੈਂ ਮੈਂ' ਨਾ ਵਿਚ ਰਾਵ੍ਹਾਂ ਦੇ
ਧੂੜ ਲੁੱਤੇ ਹਾਲੀ-ਪਾਲੀ ਕਿਤੇ ਨਹੀ ਦਿਸਦੇ
ਮਹਿਕ ਕੱਚੇ ਦੁੱਧ ਦੀ, ਨਾ ਵਿਚ ਸਾਹਵਾਂ ਦੇ
ਨਾ ਟੱਲ, ਟੱਲੀ, ਹੇਕ ਕੋਈ, ਸੁਣੇ ਰਾਗ ਦੀ...

ਚੁੰਘਣੇ ਨਹੀਂ ਡੋਕੇ, ਚੋਣੀਆਂ ਨੀਂ ਬੂਰੀਆਂ
ਕੁੱਟ ਕੁੱਟ ਖਾਣੀਆਂ, ਕਿਸੇ ਨਹੀਂ ਚੂਰੀਆਂ
ਅੱਲ੍ਹੜਾਂ ਦੇ ਪਿੰਡੇ 'ਚੋਂ ਨਹੀਂ ਅੱਗ ਸਿੰਮਣੀ
ਨਾ ਛੈਲ-ਬਾਂਕੇ ਨੱਢੇ, ਅੱਖੀਆਂ ਸਰੂਰੀਆਂ
ਹੁਣ ਕਰਨੀ ਕੀ ਗੱਲ ਕਿਸੇ ਨੇ ਸ਼ਬਾਬ ਦੀ...

ਹਾੜੀ, ਸੌਣੀ ਕਿਤੇ ਵੀ ਨਹੀਂ ਮੇਲੇ ਲੱਗਦੇ
ਘੋਲਾਂ ਦੀਆਂ ਛਿੰਜਾਂ 'ਚ, ਨਹੀਂ ਢੋਲ ਵੱਜਦੇ
ਕੌਡੀ-ਸੌਚੀ, ਮੁਗਧਰ ਚਿਰਾਂ ਦੇ ਭੁੱਲ ਗਏ
ਮੁਛਹਿਰੇ, ਚੌੜੇ ਸੀਨੇ, ਨਹੀਂ ਕੈਠੇ ਸੱਜਦੇ
ਰੀਸ ਕਿੱਥੋਂ ਹੋਣੀ ਦੌਲੀ, ਦਾਰੇ, ਬਾਜ਼ ਦੀ...

ਜੂਹਾਂ, ਬੇਲੇ, ਨੈਆਂ, ਨਦੀਆਂ ਗੁਆਚ ਗਏ
ਸੱਦਾਂ, ਢੋਲੇ, ਮਾਹੀਏ, ਵੰਝਲੀ ਦੇ ਰਾਗ ਗਏ
ਹੁਣ ਕਿਹੜੀ ਹੀਰ, ਕੁੱਟ ਲਿਆਊ ਚੂਰੀਆਂ
ਅੱਜ ਕੈਦੋਆਂ, ਸੈਦਿਆਂ ਦੇ ਭਾਗ ਜਾਗ ਪਏ
ਉਜਾੜੀ ਡਾਲੀ ਡਾਲੀ ਉਲੂਆਂ ਨੇ ਬਾਗ ਦੀ...

ਘੋੜੀਆਂ, ਸੁਹਾਗ, ਸਿੱਠਣੀਆਂ, ਰੁੱਸੀਆਂ
ਪੱਤਲਾਂ, ਅਲਾਹੁਣੀਆਂ ਨੇ ਸਾਥੋਂ ਖੁੱਸੀਆਂ
ਭੁੱਲ ਗਏ ਆਂ ਸੁਣਾਉਣੇ ਛੰਦ ਖਾਟ ਬੈਠ ਕੇ
ਹਾਸਿਆਂ, ਮਖੌਲਾਂ, ਦੀਆਂ ਤੰਦਾਂ ਟੁੱਟੀਆਂ
ਪਲੀਤ ਹੋ ਗਈ ਮਿਟੀ ਰਸਮੋ-ਰਿਵਾਜ ਦੀ...

ਤ੍ਰਿੰਞਣਾਂ ਦੇ ਗੀਤ, ਹੂਕ, ਹੇਕ ਭੁੱਲ ਗਈ
ਅੱਜ ਅਲ੍ਹੜ ਜਵਾਨੀ ਫੈਸ਼ਨਾਂ 'ਚ ਰੁਲ ਗਈ
ਭੁੱਲੇ, ਕੱਢਣੇ ਕਸੀਦੇ, ਬਾਗ, ਫੁੱਲਕਾਰੀਆਂ
ਚਾਅਵਾਂ-ਰੀਝਾਂ-ਸੱਧਰਾਂ 'ਚ ਜ਼ਹਿਰ ਘੁਲ ਗਈ
ਸੌਂ ਗਈ ਤਕਦੀਰ, ਮਾਪਿਆਂ ਦੇ ਭਾਗ ਦੀ...

ਵਿਆਹ-ਸ਼ਾਦੀਆਂ ਦੇ ਰਸਮੋ ਰਿਵਾਜ਼ ਗਏ
ਮੇਲ, ਮੇਲੀ, ਮੇਲਣਾਂ, ਲਾਗੀ ਗੁਆਚ ਗਏ
ਚੂੜੇ-ਬੀੜੇ, ਤਿਉਰ, ਬਿਉਰ ਸਾਰੇ ਵਿੱਸਰੇ
ਘੱਗਰੀ, ਜੰਡੀ, ਵਾਗਾਂ, ਸੁਰਮਾ ਰਿਵਾਜ ਗਏ
ਪੈਂਚਾਂ-ਡੂਮਾਂ, ਰਾਜਿਆਂ ਦੇ ਲਾਗੀ ਲਾਗ ਵੀ...

ਗਿੱਧੇ, ਸੰਮੀ, ਭੰਗੜੇ, ਲੁੱਡੀ ਕੋਈ ਪਾਵੇ ਨਾ
ਸੱਦਾਂ, ਢੋਲੇ, ਮਾਹੀਏ ਕਿਤੇ ਕੋਈ ਗਾਵੇ ਨਾ
ਛੂ-ਛੂ ਹੁੰਦੀ ਝੁੰਮਰ ਦੀ ਕਿਤੇ ਨਹੀਂ ਸੁਣਦੀ
ਮੇਲਿਆਂ 'ਚ ਕਿਤੇ ਕੋਈ ਬਾਘੀ ਬੁਲਾਵੇ ਨਾ
ਇੰਜ ਲੱਗਦਾ ਏ ਰੂਹ ਮਰ ਗਈ ਪੰਜਾਬ ਦੀ...

ਆਓ ਕਰੀਏ ਦੁਆਵਾਂ ਇਹਦੀ ਖੈਰ ਮੰਗੀਏ
ਬਹੁਰੂਪੀਆਂ ਦੀ ਜੀਭ, ਫਾਲੇ ਨਾਲ ਡੰਗੀਏ
ਰੁੱਸ ਗਇਆਂ ਸ਼ਾਨਾਂ ਮੋੜ ਲਿਆਈਏ ਰਲਕੇ
ਸਾਰੇ ਫਰਕ ਭੁਲਾ ਕੇ, ਇਹਦੀ ਪੀਤ ਵੰਡੀਏ
ਗੂੰਜ ਰੁਕਣੀ ਨੀ ਕਿਸੇ ਤੋਂ ਸਾਂਝੀ ਆਵਾਜ਼ ਦੀ।
ਮਿੱਟੀ ਵਿਚ ਸ਼ਾਨ ਮਿਲ ਗਈ ਪੰਜਾਬ ਦੀ।

*-ਚੰਨ, ਫੋਨ: 908-788-8427*

# ਗੋਲ ਬਿਸਤਰਾ ਖੋਲ੍ਹੀਏ


ਸ਼ਬਦ ਝਰੋਖਾ




ਬਲਜੀਤ ਬਾਸੀ

ਫੋਨ: 734-259-9353


ਬਿਸਤਰਾ ਮਨੁੱਖੀ ਜ਼ਿੰਦਗੀ ਦੀ ਇਕ ਲਾਜ਼ਮੀ ਆਰਾਮਗਾਹ ਹੈ। ਆਮ ਆਦਮੀ ਦੀ ਉਮਰ ਦਾ ਘਟੋ ਘੱਟ ਤੀਜਾ ਹਿੱਸਾ ਤਾਂ ਜ਼ਰੂਰ ਬਿਸਤਰੇ 'ਤੇ ਹੀ ਬਸਰ ਹੁੰਦਾ ਹੈ ਹਾਲਾਂਕਿ ਬਥੇਰੇ ਐਸੇ ਵੀ ਹਨ ਜਿਹੜੇ ਅੱਧੀ ਜ਼ਿੰਦਗੀ ਬਿਸਤਰੇ 'ਤੇ ਲਿਟਿਆਂ ਹੀ ਬਤੀਤ ਕਰ ਦਿੰਦੇ ਹਨ। ਬੀਮਾਰ ਆਦਮੀ ਦਾ ਅੱਧਾ ਇਲਾਜ ਬਿਸਤਰਾ ਹੀ ਕਰਦਾ ਹੈ। ਉਂਜ ਬਿਸਤਰੇ ਬਿਸਤਰੇ ਦਾ ਵੀ ਫਰਕ ਹੈ। ਅਮੀਰ ਆਦਮੀ ਦਾ ਬਿਸਤਰਾ ਤਾਂ ਸਮਝੋ ਸੇਜ ਹੀ ਹੁੰਦੀ ਹੈ ਜਦ ਕਿ ਗਰੀਬ ਫਕੀਰ ਦੀ ਗੋਦੜੀ ਜਾਂ ਖਿੰਥਾ ਹੀ ਬਿਸਤਰਾ ਹੈ। ਅੱਜ ਕੱਲ੍ਹ ਆਮ ਪੰਜਾਬੀ ਬਿਸਤਰੇ ਵਿਚ ਸਭ ਤੋਂ ਹੇਠਾਂ ਇਕ ਦਰੀ, ਫਿਰ ਤਲਾਈ, ਤੇ ਸਭ ਤੋਂ ਉਪਰ ਚਾਦਰ ਵਿਛਾਈ ਜਾਂਦੀ ਹੈ। ਸਿਰ ਦੇ ਢਾਸਣੇ ਲਈ ਸਿਰਹਾਣਾ ਅਤੇ ਉਪਰ ਓੜਨ ਲਈ ਮੌਸਮ ਦੇ ਹਿਸਾਬ ਨਾਲ ਚਾਦਰ, ਕੰਬਲ ਜਾਂ ਰਜਾਈ ਹੁੰਦੀ ਹੈ। ਸੰਖੇਪ ਵਿਚ ਸੌਣ ਹਿਤ ਵਿਛਾਏ ਕਪੜੇ ਹੀ ਬਿਸਤਰਾ ਹੁੰਦਾ ਹੈ।

ਬਿਸਤਰਾ ਸ਼ਬਦ ਦਾ ਪੂਰਵਵਰਤੀ ਰੂਪ ਬਿਸਤਰ ਹੈ। ਬਿਸਤਰਾ ਸ਼ਬਦ ਫਾਰਸੀ ਅਸਲੇ ਦਾ ਹੈ, ਜਿਥੋਂ ਇਹ ਭਾਰਤੀ ਭਾਸ਼ਾਵਾਂ ਵਿਚ ਦਾਖਲ ਹੋਇਆ। ਫਾਰਸੀ ਵਿਚ ਇਸ ਸ਼ਬਦ ਦਾ ਅਰਥ ਫਰਸ਼ ਵੀ ਹੁੰਦਾ ਹੈ। ਫਾਰਸੀ 'ਬਿਸਤਰ-ਨਸ਼ੀਨ' ਦਾ ਮਤਲਬ ਹੈ 'ਬਿਸਤਰੇ ਵਿਚ ਪਿਆ।' ਬਹੁਤ ਸਾਰੇ ਸ੍ਰੋਤਾਂ ਅਨੁਸਾਰ ਇਹ ਸ਼ਬਦ ਸੰਸਕ੍ਰਿਤ 'ਵਿਸਤਰ' ਤੋਂ ਬਣਿਆ ਹੈ ਜਿਸ ਤੋਂ ਵਿਸਤਾਰ ਜਾਂ ਵਿਸਥਾਰ ਸ਼ਬਦ ਵੀ ਬਣੇ ਹਨ। ਇਸ ਵਿਚ ਫੈਲਾਉ ਦੇ ਭਾਵ ਹਨ। ਸੰਸਕ੍ਰਿਤ ਵਿਸਤਰ ਬਣਿਆ ਹੈ 'ਵਿ+ਸਤ੍ਰ' ਤੋਂ। 'ਵਿ' ਤਾਂ ਇਕ ਅਗੇਤਰ ਹੀ ਹੈ 'ਸਤ੍ਰ' ਦਾ ਅਰਥ ਹੈ-ਫੈਲਣਾ, ਵਿਛਣਾ। 'ਸਤ੍ਰ' ਭਾਰੋਪੀ ਖਾਸੇ ਵਾਲਾ ਮੂਲ ਹੈ ਜਿਸ ਦੇ ਸੁਜਾਤੀ ਸ਼ਬਦ ਗਰੀਕ, ਲਾਤੀਨੀ, ਗੌਥਿਕ, ਜਰਮਨ ਅਤੇ ਅੰਗਰੇਜ਼ੀ ਵਿਚ ਮਿਲਦੇ ਹਨ। ਅੰਗਰੇਜ਼ੀ ਸ਼ਬਦ Strew ਇਸੇ ਨਾਲ ਜਾ ਜੁੜਦਾ ਹੈ ਜਿਸ ਦਾ ਅਰਥ ਖਿੰਡਾਉਣਾ, ਫੈਲਾਉਣਾ ਹੁੰਦਾ ਹੈ। Structure ਸ਼ਬਦ ਵੀ ਇਸੇ ਮੂਲ ਤੋਂ ਬਣਿਆ ਹੈ। ਕੁਝ ਵਿਦਵਾਨਾਂ ਅਨੁਸਾਰ ਤਾਰੇ ਦੇ ਅਰਥ ਵਾਲਾ Star ਸ਼ਬਦ ਵੀ ਇਸੇ ਤੋਂ ਨਿਰਮਿਤ ਹੋਇਆ ਕਿਉਂਕਿ ਤਾਰਾ ਵੀ ਰੋਸ਼ਨੀ ਦੀਆਂ ਕਿਰਨਾਂ ਫੈਲਾਉਂਦਾ ਹੈ।

ਸੰਸਕ੍ਰਿਤ ਵਿਚ ਵਿਸਤਰ ਸ਼ਬਦ ਦੇ ਅਰਥ ਪਲੰਘ ਜਾਂ ਆਸਣ ਵੀ ਹੈ। ਅਸੀਂ ਜਾਣਦੇ ਹਾਂ ਕਿ ਲੋੜੀਂਦੇ ਕੱਪੜਿਆਂ ਨੂੰ ਮੰਜੇ ਆਦਿ 'ਤੇ ਵਿਛਾਉਣ ਨਾਲ ਹੀ ਬਿਸਤਰੇ ਦਾ ਰੂਪ ਉਘੜਦਾ ਹੈ। ਬਿਸਤਰੇ ਲਈ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਵਿਛਾਉਣਾ ਸ਼ਬਦ ਵੀ ਵਰਤਿਆ ਜਾਂਦਾ ਹੈ ਜਿਸ ਵਿਚ ਵਿਛਾਉਣ ਦਾ ਭਾਵ ਸਪਸ਼ਟ ਹੀ ਨਿਹਿਤ ਹੈ। ਅਸਲ ਵਿਚ ਵਿਛਾਉਣਾ ਸ਼ਬਦ ਵਿਸਤਰ ਦਾ ਹੀ ਵਿਗੜਿਆ ਰੂਪ ਹੈ। ਇਸ ਲਈ ਧੁਨੀ ਤੇ ਅਰਥ ਪੱਖੋਂ ਬਿਸਤਰਾ ਸ਼ਬਦ ਵਿਚ ਵਿਸਤਾਰਨ ਦਾ ਭਾਵ ਸਾਰਥਕ ਲਗਦਾ ਹੈ। ਇਸ ਤੋਂ ਇਹ ਅਨੁਮਾਨ ਸੌਖਿਆਂ ਹੀ ਲਗਦਾ ਹੈ ਕਿ ਸੰਸਕ੍ਰਿਤ ਤੋਂ ਵਿਸਤਰ ਸ਼ਬਦ ਫਾਰਸੀ ਵਿਚ ਗਿਆ ਤੇ ਉਥੋਂ ਬਿਸਤਰ ਤੇ ਫਿਰ ਬਿਸਤਰਾ ਬਣ ਕੇ ਸਾਡੀਆ ਭਾਸ਼ਾਵਾਂ ਵਿਚ ਮੁੜ ਆਇਆ। ਪਰ ਬਿਸਤਰਾ ਸ਼ਬਦ ਦੀ ਵਿਉਤਪਤੀ ਇਕ ਹੋਰ ਮੂਲ ਤੋਂ ਵੀ ਸਹੀ ਕੀਤੀ ਜਾਂਦੀ ਹੈ ਜੋ ਮੈਨੂੰ ਵਧੇਰੇ ਤਾਰਕਿਕ ਮਲੂਮ ਹੁੰਦੀ ਹੈ। ਫਾਰਸੀ ਵਿਚ ਬਿਸਤਰ ਸ਼ਬਦ ਵਧੇਰੇ ਤੌਰ 'ਤੇ ਫਕੀਰ, ਫੌਜੀ ਜਾਂ ਮੁਸਾਫਿਰ ਦੇ ਵਿਛਾਉਣੇ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਸਵੇਰੇ ਜਾਂ ਸੌਣ ਪਿਛੋਂ ਇਕੱਠਾ ਜਾਂ ਗੋਲ ਕਰ ਲਿਆ ਜਾਂਦਾ ਹੈ। ਫਾਰਸੀ ਵਿਚ ਬਿਸਤਰ ਦਾ ਅਰਥ ਫਕੀਰ ਦੀ ਅਰਾਮਗਾਹ ਵੀ ਹੈ। ਆਮ ਤੌਰ 'ਤੇ ਅਸੀਂ ਮੰਜੇ ਆਦਿ 'ਤੇ ਵਿਛਾਏ ਬਿਸਤਰੇ ਨੂੰ ਹਰ ਰੋਜ਼ ਗੋਲ ਨਹੀਂ ਕਰਦੇ, ਜਾਂ ਤਾਂ ਵਿਛੇ ਰਹਿਣ ਦਿੰਦੇ ਹਾਂ ਜਾਂ ਤਹਿ ਮਾਰ ਕੇ ਰੱਖਦੇ ਹਾਂ। ਸੋ, ਫਾਰਸੀ ਬਿਸਤਰੇ ਵਿਚ ਸਫਰ ਵਿਚ ਲਿਜਾਣ ਵਾਲੀ ਸਹੂਲਤ ਦਾ ਭਾਵ ਵਧੇਰੇ ਪ੍ਰਤੱਖ ਹੁੰਦਾ ਹੈ। ਬਿਸਤਰਾ ਵਿਛਾਉਣਾ, ਲਾਉਣਾ ਜਾਂ ਜਮਾਉਣਾ ਉਕਤੀਆਂ ਤੋਂ ਭਾਵ ਇਕ ਐਸੀ ਚੀਜ਼ ਹੈ ਜੋ ਪਹਿਲਾਂ ਅਣਵਿਛੀ ਹੈ। ਦਰਅਸਲ ਇਥੇ ਬੰਨ੍ਹੀ ਹੋਈ ਚੀਜ਼ ਤੋਂ ਮੁਰਾਦ ਹੈ।



ਬੰਨ੍ਹਣਾ ਇਕ ਭਾਰੋਪੀ ਅਸਲੇ ਵਾਲਾ ਸ਼ਬਦ ਹੈ ਜਿਸ ਤੋਂ ਅੰਗਰੇਜ਼ੀ Bind, Bond ਆਦਿ ਸ਼ਬਦ ਬਣਦੇ ਹਨ। ਸਾਡੀ ਭਾਸ਼ਾ ਵਿਚ ਇਸ ਦੇ ਹੋਰ ਰੂਪ ਹਨ-ਬੱਝਾ, ਬੱਧਾ, ਬੰਧ ਆਦਿ। ਪੰਜਾਬੀ ਤੇ ਹੋਰ ਭਾਸ਼ਾਵਾਂ ਦਾ ਬੱਧ ਸ਼ਬਦ ਸੰਸਕ੍ਰਿਤ ਬੱਧ ਹੀ ਹੈ। ਫਾਰਸੀ ਵਿਚ ਬੱਧ ਦੇ ਸਮਾਨੰਤਰ ਬਸਤ ਸ਼ਬਦ ਆਉਂਦਾ ਹੈ ਜਿਸ ਦਾ ਅਰਥ ਬੱਝਾ, ਬੰਦ, ਜੰਮਿਆ ਹੁੰਦਾ ਹੈ। ਉਰਦੂ 'ਚ 'ਬਸਤ ਕਰਨਾ' ਦਾ ਮਤਲਬ ਬੰਨ੍ਹਣਾ, ਇਕੱਠਾ ਕਰਨਾ ਹੁੰਦਾ ਹੈ। ਇਸ ਤੋਂ ਬਸਤੋ-ਬੰਦ ਜਾਂ ਬੰਦੋਬਸਤ ਸ਼ਬਦ ਬਣਦੇ ਹਨ ਜਿਸ ਦੇ ਸ਼ਾਬਦਿਕ ਅਰਥ ਤਾਂ ਬੰਨ੍ਹਣਾ ਹੀ ਹੈ ਪਰ ਵਿਕਸਿਤ ਅਰਥ ਹਨ-ਯੋਜਨਾਬੰਦੀ, ਇੰਤਜ਼ਾਮ, ਪ੍ਰਬੰਧ, ਵਿਵਸਥਾ, ਢੰਗ, ਹੀਲਾ, ਜੁਗਤ, ਨਿਪਟਾਰਾ ਆਦਿ। ਪੰਜਾਬੀ ਵਿਚ ਕੁਝ ਇਸੇ ਭਾਵ ਦੇ ਸਮਾਨੰਤਰ ਲੀਹਾਂ 'ਤੇ ਵਿਕਸਿਤ ਹੋਏ ਦੋ ਸ਼ਬਦ ਹਨ-ਬੰਨ੍ਹ-ਸੁੱਬ ਤੇ ਬਾਨ੍ਹਣੂ।

ਫਾਰਸੀ ਬਸਤਾਕ ਦਾ ਅਰਥ ਨੌਕਰ, ਚਾਕਰ, ਟਹਿਲੂਏ ਆਦਿ ਹੁੰਦਾ ਹੈ ਯਾਨਿ ਜੋ ਨਾਲ ਬੱਧੇ ਹੋਏ ਹਨ। ਦਸਤਬਸਤ ਦਾ ਅਰਥ ਦੋਨੋਂ ਹੱਥ ਜੋੜ ਕੇ ਨਮਸਕਾਰ ਕਰਨਾ ਹੁੰਦਾ ਹੈ। ਅਸੀਂ ਪੰਜਾਬੀ ਵਿਚ ਬੇਹੱਦ ਨਿਮਰਤਾ ਤੇ ਅਧੀਨਗੀ ਜਤਾਉਂਦੇ ਕਹਿ ਦਿੰਦੇ ਹਾਂ, 'ਦੋਨੋਂ ਹੱਥ ਬੰਨ੍ਹ ਕੇ ਮੇਰੀ ਮਿੰਨਤ ਹੈ।' ਇਸ ਹਿਸਾਬ ਨਾਲ ਬਿਸਤਰਾ ਉਹ ਹੈ ਜੋ ਬੰਨ੍ਹਿਆ ਹੋਇਆ ਹੈ, ਅਰਥਾਤ ਲਗਾਤਾਰ ਸਫਰ ਤੇ ਜਾ ਰਹੇ ਫਕੀਰ, ਫੌਜੀ ਜਾਂ ਮੁਸਾਫਿਰ ਦੇ ਉਹ ਚੰਦ ਕੱਪੜੇ ਹਨ ਜੋ ਇਕ ਗਠੜੀ ਦੀ ਤਰ੍ਹਾਂ ਬੰਨ੍ਹੇ ਹੋਏ ਹਨ ਤੇ ਜਿਸ ਨੂੰ ਖੋਲ੍ਹ ਕੇ ਸੌਣ ਵਾਸਤੇ ਕਦੇ ਵੀ ਵਿਛਾਇਆ ਜਾ ਸਕਦਾ ਹੈ। ਗੌਰਤਲਬ ਹੈ ਕਿ ਇਸ ਤਰ੍ਹਾਂ ਬਿਸਤਰੇ ਵਿਚ ਦਰਅਸਲ ਬਿਸਤਰਾ-ਬੰਨ੍ਹ ਦਾ ਭਾਵ ਨਿਹਿਤ ਹੈ ਤੇ ਦੇਖਿਆ ਜਾਵੇ ਤਾਂ ਬਿਸਤਰਾ-ਬੰਨ੍ਹ ਸ਼ਬਦ ਵਿਚ ਦੋ ਬੰਨ੍ਹ ਸਮਾਏ ਹੋਏ ਹਨ। ਹੋਰ ਮਜ਼ੇ ਦੀ ਗੱਲ ਹੈ ਕਿ ਕਿਸੇ ਨੂੰ ਕੱਢ ਦੇਣਾ, ਭਜਾ ਦੇਣਾ ਜਾਂ ਬੇਦਖਲ ਕਰ ਦੇਣਾ ਦੇ ਅਰਥਾਂ ਵਾਲਾ 'ਬਿਸਤਰਾ ਗੋਲ ਕਰਨਾ' ਮੁਹਾਵਰਾ ਪ੍ਰਚਲਿਤ ਹੈ ਜਦ ਕਿ ਅਸੀਂ ਦੇਖਿਆ ਹੈ ਕਿ ਬਿਸਤਰਾ ਤਾਂ ਪਹਿਲਾਂ ਹੀ ਗੋਲ ਹੈ! ਇਕ ਹੋਰ ਸ਼ਬਦ-ਜੁੱਟ ਹੈ 'ਬੋਰੀਆ-ਬਿਸਤਰਾ' ਜਿਸ ਤੋਂ ਇਸੇ ਅਰਥ ਵਾਲਾ ਮੁਹਾਵਰਾ ਬਣਿਆ ਹੈ, 'ਬੋਰੀਆ ਬਿਸਤਰਾ ਗੋਲ ਕਰਨਾ।' ਅਸਲ ਵਿਚ ਫਾਰਸੀ ਬੋਰੀਆ ਦਾ ਅਰਥ ਵੀ ਬਿਸਤਰਾ ਹੀ ਹੈ। ਇਸ ਤਰ੍ਹਾਂ ਦੇ ਦੁਹਰਾਉ ਨੂੰ ਦੁਰੁਕਤੀ ਆਖਦੇ ਹਨ। ਖਤ-ਪੱਤਰ, ਜਲ-ਪਾਣੀ ਵੀ ਦੁਰੁਕਤੀਆਂ ਹਨ। ਬਿਸਤਰਾ ਗਿੱਲਾ ਕਰਨਾ ਦਾ ਮਤਲਬ ਬੱਚੇ ਜਾਂ ਬੁਢੇ ਦਾ ਬਿਸਤਰੇ ਵਿਚ ਹੀ ਪਿਸ਼ਾਬ ਕਰਨਾ ਹੁੰਦਾ ਹੈ। ਹਮ-ਬਿਸਤਰ ਹੋਣਾ ਦਾ ਮਤਲਬ ਨਾਜਾਇਜ਼ ਲਿੰਗਕ ਸਬੰਧਾਂ ਵਿਚ ਬੱਝ ਕੇ ਔਰਤ-ਮਰਦ ਦਾ ਇਕੱਠਿਆਂ ਸੌਣਾ ਹੁੰਦਾ ਹੈ। ਠੇਠ ਪੰਜਾਬੀ ਵਿਚ ਨਾਲ ਪੈਣਾ ਕਹਿ ਲਿਆ ਜਾਂਦਾ ਹੈ।

ਅੰਗਰੇਜ਼ੀ ਬੈੱਡ ਸ਼ਬਦ ਆਮ ਤੌਰ 'ਤੇ ਮੰਜੇ ਵੱਲ ਸੰਕੇਤ ਕਰਦਾ ਹੈ। ਹਾਂ, ਕਦੇ ਕਦੇ ਇਸ ਤੋਂ ਭਾਵ ਮੰਜਾ-ਬਿਸਤਰਾ ਵੀ ਹੁੰਦਾ ਹੈ। ਇਕੱਲੇ ਬਿਸਤਰੇ ਲਈ ਅੰਗਰੇਜ਼ੀ ਸ਼ਬਦ ਬੈਡਿੰਗ ਹੈ। ਪਰ ਸਾਡੇ ਚਿਤਵਨ ਵਿਚ ਸ਼ਾਇਦ ਬੈੱਡ ਸ਼ਬਦ ਦਾ ਅਰਥ ਬਿਸਤਰਾ ਹੈ ਇਸੇ ਲਈ ਪੰਜਾਬੀ ਅਖਬਾਰਾਂ ਵਿਚ ਹਸਪਤਾਲ ਦੇ ਬੈੱਡਾਂ ਲਈ ਬਿਸਤਰੇ ਸ਼ਬਦ ਵਰਤਿਆ ਜਾਦਾ ਹੈ, ਜਿਵੇਂ 'ਪੰਜਾਹ ਬਿਸਤਰਿਆਂ ਵਾਲੇ ਹਸਪਤਾਲ ਦਾ ਉਦਘਾਟਨ ਕੀਤਾ ਗਿਆ।' ਮੇਰੀ ਜਾਚੇ ਅਜਿਹੇ ਸੰਦਰਭ ਵਿਚ ਮੰਜਾ ਸ਼ਬਦ ਵਰਤਿਆ ਜਾਣਾ ਚਾਹੀਦਾ ਹੈ, 'ਪੰਜਾਹ ਮੰਜਿਆਂ ਵਾਲਾ ਹਸਪਤਾਲ' ਕਿਉਂਕਿ ਮੰਜਾ ਸ਼ਬਦ ਹੀ ਅੰਗਰੇਜ਼ੀ ਬੈੱਡ ਦਾ ਸਹੀ ਅਰਥਾਵਾਂ ਹੈ। ਨਾਲੇ ਬਿਸਤਰੇ ਨਾਲੋਂ ਮੰਜੇ ਦੁਆਰਾ ਸਥਾਨ ਘੇਰਨ ਅਤੇ ਬੀਮਾਰ ਦੇ ਲਿਟਣ ਦੇ ਭਾਵ ਵਧੇਰੇ ਉਜਾਗਰ ਹੁੰਦੇ ਹਨ।

ਫਾਰਸੀ 'ਬਸਤ' ਮੂਲ ਤੋਂ ਇਕ ਹੋਰ ਅਹਿਮ ਸ਼ਬਦ ਬਣਿਆ ਹੈ ਤੇ ਉਹ ਹੈ-ਝੋਲੇ, ਥੈਲੇ ਜਾਂ ਜੁਜ਼ਦਾਨ ਦੇ ਅਰਥਾਂ ਵਾਲਾ ਬਸਤਾ ਸ਼ਬਦ। ਇਹ ਸ਼ਬਦ ਮੁਢਲੇ ਤੌਰ 'ਤੇ ਕਾਗਜ਼, ਕਿਤਾਬਾਂ, ਮਿਸਲਾਂ ਆਦਿ ਬੰਨ੍ਹਣ ਵਾਲੇ ਕਪੜੇ ਦੀ ਗਠੜੀ ਵੱਲ ਸੰਕੇਤ ਕਰਦਾ ਹੈ। ਬਹੁਤਿਆਂ ਨੂੰ ਚੇਤੇ ਹੋਵੇਗਾ, ਪਹਿਲੀਆਂ ਵਿਚ ਬੱਚੇ ਖੱਦਰ ਆਦਿ ਦੀ ਗੱਠ ਜਿਹੀ ਵਿਚ ਕਿਤਾਬਾਂ-ਕਾਪੀਆਂ ਬੰਨ੍ਹ ਕੇ ਸਕੂਲ ਲਿਜਾਂਦੇ ਸਨ। ਇਹੀ ਅਸਲੀ ਬਸਤਾ ਸੀ। ਬਾਅਦ ਵਿਚ ਕਪੜੇ ਵਿਚ ਸਿਊਣਾਂ ਮਾਰ ਕੇ ਝੋਲੇ ਜਿਹੇ ਦੀ ਸ਼ਕਲ ਦਿੱਤੀ ਗਈ। ਅਜੋਕੇ ਬਸਤੇ ਤਾਂ ਹੋਰ ਹੀ ਰੂਪ ਧਾਰ ਗਏ ਹਨ। ਅੱਜ ਕੱਲ੍ਹ ਸਕੂਲਾਂ ਵਿਚ ਬਸਤਾ ਸਜਾਉਣ ਦੇ ਮੁਕਾਬਲੇ ਹੁੰਦੇ ਹਨ। ਬਸਤੇ ਵਿਚ ਬੇਸ਼ੁਮਾਰ ਕਿਤਾਬਾਂ, ਕਾਪੀਆਂ, ਲੰਚ ਬਾਕਸ ਤੇ ਹੋਰ ਨਿੱਕੜ-ਸੁੱਕੜ ਹੁੰਦਾ ਹੈ। ਕਈ ਵਾਰੀ ਬਸਤੇ ਦਾ ਭਾਰ ਬੱਚੇ ਨਾਲੋਂ ਵੱਧ ਹੋ ਜਾਂਦਾ ਹੈ। ਸਾਡੇ ਵੇਲੇ ਤਾਂ ਪਾੜ੍ਹੇ ਦੀ ਨਿਸ਼ਾਨੀ ਫੱਟੀ ਬਸਤਾ ਹੀ ਸੀ। ਕਿਸੇ ਨੇ ਲਿਖਿਆ ਹੈ,

ਬਚਪਨ ਦਾ ਫੱਟੀ ਬਸਤਾ,  
ਜਵਾਨੀ ਦਾ ਅਨੋਖਾ ਰਸਤਾ  
ਜ਼ਿੰਦਗੀ ਦੀ ਹਾਲਤ ਖਸਤਾ,  
ਬਹੁਤ ਕੁਝ ਸਿਖਾ ਦਿੰਦੇ ਹਨ।

ਬਸਤੇ ਵਾਲੇ ਕਪੜੇ ਨੂੰ ਫਾਰਸੀ ਵਿਚ ਬਸਤਨੀ ਵੀ ਆਖਦੇ ਹਨ। ਬਸਤੇ ਦੇ ਮੁਕਾਬਲੇ ਵਿਚ ਅੰਗਰੇਜ਼ੀ ਸ਼ਬਦ ਬੰਡਲ ਆਉਂਦਾ ਹੈ ਜਿਸ ਵਿਚ ਵੀ ਬੰਨ੍ਹਣ ਦੇ ਭਾਵ ਹਨ। ਸਾਡੇ ਫਕੀਰ ਪੋਥੀਆਂ 'ਕਮਰ ਬੱਧ' ਵਿਚ ਰੱਖਦੇ ਸਨ, ਕਬੀਰ ਸਾਹਿਬ ਫਰਮਾਉਂਦੇ ਹਨ,

ਹਮ ਕਉ ਸਾਥਰੁ ਉਨ ਕਉ ਖਾਟ  
ਮੂਡ ਪਲੋਸਿ ਕਮਰ ਬਧਿ ਪੋਥੀ॥

ਕਬੀਰ ਸਾਹਿਬ ਨੇ ਸਾਥਰ ਸ਼ਬਦ ਵਰਤਿਆ ਹੈ ਤਾਂ ਇਸ ਦੀ ਵੀ ਜ਼ਰਾ ਚਰਚਾ ਕਰ ਲਈਏ। ਸਾਥਰ ਜਾਂ ਸੱਥਰ ਸ਼ਬਦ ਵੀ ਇਕ ਤਰ੍ਹਾਂ ਬਿਸਤਰੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸੱਥਰ ਮੂਲ ਰੂਪ ਵਿਚ ਕੱਖਾਂ ਜਾਂ ਪਰਾਲੀ ਦੇ ਆਸਣ ਨੂੰ ਆਖਦੇ ਹਨ ਜੋ ਕਿਸੇ ਦੇ ਮਰ ਜਾਣ 'ਤੇ ਅਫਸੋਸ ਕਰਨ ਲਈ ਵਿਛਾਇਆ ਜਾਂਦਾ ਹੈ। ਇਸ ਨੂੰ ਫੂਹੜੀ ਵੀ ਕਿਹਾ ਜਾਂਦਾ ਹੈ। ਸ਼ਬਦ ਹਜ਼ਾਰੇ ਵਿਚ ਤੁਕ ਆਉਂਦੀ ਹੈ, 'ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।' ਪੰਜਾਬੀ ਸੱਥਰ ਸ਼ਬਦ ਸੰਸਕ੍ਰਿਤ ਸਮਸਤਰ (ਸਮ+ਸਤਰ) ਦਾ ਵਿਉਤਪਤ ਰੂਪ ਹੈ। ਇਥੇ ਸਤਰ ਜੁਜ਼ ਦਾ ਅਰਥ ਵਿਛਾਉਣਾ, ਖਿਲਾਰਨਾ ਹੀ ਹੈ ਜੋ ਅਸੀਂ ਪਹਿਲਾਂ ਦੇਖ ਆਏ ਹਾਂ। ਘਾਹ-ਫੂਸ ਜਾਂ ਨਾਲੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Straw ਵੀ ਇਸੇ ਦਾ ਸੁਜਾਤੀ ਹੈ। ਇਹ ਅੰਗਰੇਜ਼ੀ Strew (ਖਿਲਾਰਨਾ, ਫੈਲਾਉਣਾ) ਦਾ ਹੀ ਭਾਈ ਹੈ ਜਿਸ ਬਾਰੇ ਪਹਿਲਾਂ ਚਰਚਾ ਹੋ ਚੁੱਕੀ ਹੈ।

## ਕਾਵਿ-ਮੰਚ

### ਦਸਮੇਸ਼ ਦਰਸ਼ਨ

ਜਦ ਵੀ ਮੈਂ ਖਾਲਸੇ ਨੂੰ  
ਸਾਕਾਰ ਦੇਖਦਾ ਹਾਂ।  
ਤੇਰਾ ਹੀ ਰੂਪ ਸੁਹਣਾ  
ਦਾਤਾਰ ਦੇਖਦਾ ਹਾਂ।  
ਕਲਗੀ ਦੀ ਸ਼ਾਨ ਦੇਖਾਂ  
ਉਡਦਾ ਹੈ ਬਾਜ ਅੱਗੇ,  
ਨੀਲੇ ਤੇ ਨੂਰ ਤੇਰਾ  
ਅਸਵਾਰ ਦੇਖਦਾ ਹਾਂ।

ਸਿਰ 'ਤੇ ਮਨੁੱਖਤਾ ਦੇ  
ਧਰਿਆ ਮੈਂ ਤਾਜ ਦੇਖਾਂ,  
ਤੇਰਾ, ਜਾਂ ਕੇਸਗੜ੍ਹ 'ਚ  
ਦਰਬਾਰ ਦੇਖਦਾ ਹਾਂ।  
ਪੰਜਾਂ ਤੋਂ ਸੀਸ ਲੈ ਕੇ  
ਲੱਖਾਂ ਨੂੰ ਅਮਰ ਕੀਤਾ,  
ਤਲਵਾਰ ਦਾ ਉਹ ਤੇਰਾ  
ਸ਼ਾਹਕਾਰ ਦੇਖਦਾ ਹਾਂ।

ਸੁੰਦਰ ਸਰੂਪ ਸਿੰਘ ਨੂੰ  
ਬਖਸ਼ੇ ਤੈਂ ਪੰਜ ਕੱਕੇ,  
ਪੰਜਾਂ ਦੀ ਸ਼ਾਨ ਸਿਰ 'ਤੇ  
ਦਸਤਾਰ ਦੇਖਦਾ ਹਾਂ।  
ਨੀਵੇਂ ਨਿਮਾਣਿਆਂ ਨੂੰ  
ਬਖਸ਼ੀ ਤੈਂ ਸ਼ਹਿਨਸ਼ਾਹੀ,  
ਹਰ ਥਾਂ ਦਾਤਾਰ ਤੇਰਾ  
ਉਪਕਾਰ ਦੇਖਦਾਂ ਹਾਂ।  
'ਅਜੀਤ' ਟੁਰ ਗਿਆ ਹੈ  
'ਜੁਝਾਰ' ਵੀ ਟੁਰੇਗਾ,  
ਚਮਕੌਰ ਦਾ ਉਹ ਸਾਕਾ  
ਖੂੰਖਾਰ ਦੇਖਦਾ ਹਾਂ।

ਤੇਰੇ ਦੋ ਜਿਗਰ ਟੋਟੇ  
ਖਾ ਗਈ ਜੋ ਡੈਣ ਬਣ ਕੇ,  
ਸਰਹੰਦ ਦੀ ਉਹ ਖੂਨੀ  
ਦੀਵਾਰ ਦੇਖਦਾ ਹਾਂ।  
ਜੰਞੂ ਤਿਲਕ ਦੀ ਖਾਤਿਰ  
ਇਸ ਦੇਸ਼ ਕੌਮ ਖਾਤਿਰ,  
ਤੇਰਾ ਤੀਲ੍ਹ ਤੀਲ੍ਹ ਹੋਇਆ  
ਘਰਬਾਰ ਦੇਖਦਾ ਹਾਂ।

ਜ਼ਿੰਦਗੀ ਨੂੰ ਵਾਰ ਜੰਮੇ  
ਜ਼ਿੰਦਗੀ ਨੂੰ ਪਾਉਣ ਵਾਲੇ,  
ਤੇਰੇ ਖਾਲਸੇ ਨੂੰ ਹਰ ਥਾਂ  
ਸਰਦਾਰ ਦੇਖਦਾ ਹਾਂ।  
ਉਰਵਾਰ ਦੇਖਦਾ ਹਾਂ  
ਜਾਂ ਪਾਰ ਦੇਖਦਾ ਹਾਂ,  
ਤੇਰਾ ਹੀ ਨੂਰ ਸੁਹਣਾ  
ਹਰ ਵਾਰ ਦੇਖਦਾ ਹਾਂ।

*-ਗਿਆਨ ਸਿੰਘ ਕੋਟਲੀ, ਵੈਨਕੂਵਰ*  
*ਫੋਨ: 604-502-7151*

---

### ਧੀਆਂ

ਸਾਡੀ ਹੋਂਦ ਗੁੰਗੀ ਏ  
ਅਸੀਂ ਗੁੰਗੀ ਕੁੱਖ ਦੀਆਂ ਜਾਈਆਂ।  
ਤੇਰੇ ਘਰ ਖੇਡਣ ਦੇ ਦਿਨ ਚਾਰ  
ਸ਼ਰਮਾਂ ਹੇਠ ਦੱਬ ਆਈਆਂ।

ਅਸੀਂ ਧੀਆਂ ਵੇ ਬਾਬਲਾ  
ਹਰ ਘਰ ਨੂੰ ਬਣਾਉਂਦੀਆਂ,  
ਅਸੀਂ ਧੀਆਂ ਵੇ ਬਾਬਲਾ  
ਹਰ ਘਰ ਵਿਚ ਪਰਾਈਆਂ।

ਨੀ ਮਾਏਂ ਜੱਗ ਜਣਨੀਏਂ  
ਹੁਣ ਐਸਾ ਜ਼ੁਲਮ ਨਾ ਢਾਈਂ,  
ਜੰਮੀਂ ਧੀ ਕੋਈ ਦੁਰਗਾ  
ਨਾ ਗੁੰਗੀ ਧੀ ਕੋਈ ਜਾਈਂ।

ਨਾ ਹਉਕਾ ਭਰ ਕੇ ਤੱਕੀਂ  
ਨਾ ਪਾਸਾ ਮੋੜ ਕੇ ਸੌਂਵੀਂ,  
ਧੀਆਂ ਤਾਂ ਖ਼ੁਸ਼ਬੂ ਰੋਸ਼ਨੀ  
ਨਾ ਅੰਦਰ ਡੱਕ ਕੇ ਰੱਖੀਂ।

*-ਦੇਵਿੰਦਰ ਕੌਰ ਗੁਰਾਇਆ*  
*ਫੋਨ: 571-315-9543*

---

### ਆਪਣੇ ਦਿਲ ਦਾ ਰੋਗ

ਕੋਠੇ ਚੜ੍ਹ ਨਹੀਂ ਦਸਿਆ ਜਾਂਦਾ,  
ਲੋਕੋ! ਆਪਣੇ ਦਿਲ ਦਾ ਰੋਗ।  
ਹੁਣ ਪਛਤਾਇਆਂ ਕੁਝ ਨਹੀਂ ਹੋਣਾ,  
ਹੁਣ ਚਿੜੀਆਂ ਨਾ ਰਹਿ ਗਏ ਚੋਗ।  
ਗੋਰਖ਼ ਨਾਥ ਦੇ ਟਿੱਲੇ ਵਰਗਾ,  
ਪੂਰਨ ਜਿਹਾ ਨਾ ਮਿਲਦਾ ਜੋਗ।

ਮਿੱਧੀਆਂ ਗਈਆਂ ਸਭੇ ਆਸਾਂ,  
ਕਿਹਦਾ ਕਿਹਦਾ ਕਰੀਏ ਸੋਗ।  
ਇਸ਼ਕ ਮੁਹੱਬਤ ਦੇ ਨੇ ਫ਼ਫੜੇ,  
ਬਨਾਉਟੀ ਰਾਂਝੇ ਕਰਨ ਵਿਜੋਗ।

ਆਪੇ ਹੀ ਗਲ ਬਣ ਜਾਣੀ ਹੈ,  
ਜਿਥੇ ਧੁਰੋਂ ਨੇ ਲਿਖੇ ਸੰਜੋਗ।  
'ਸੁਹਲ' ਲਮੀਆਂ ਉਮਰਾਂ ਭੋਗੋ,  
ਸਭ ਦਾ ਇਕ ਦਿਨ ਪੈਣਾ ਭੋਗ।

*-ਮਲਕੀਅਤ ਸੁਹਲ*  
*ਫੋਨ: 91-98728-48610*

### ਅਮਰੀਕਾ ਵਿਚ

ਅਮਰੀਕਾ ਕਹਿੰਦੇ ਐਸ਼ ਬੜੀ ਏ!  
ਸੁੱਖਦਾਇਕ ਰਿਹਾਇਸ਼ ਬੜੀ ਏ!  
ਦੇਖੋ! ਤਸਵੀਰ ਦਾ ਦੂਜਾ ਪਾਸਾ,  
ਇਥੇ ਜ਼ਿੰਦਗੀ ਨਹਿਸ਼ ਬੜੀ ਏ।

ਪਿਆਰ-ਮੁਹੱਬਤ ਕਰਨ ਵਾਸਤੇ,  
ਨਾ ਕੋਈ ਇਥੇ ਖ਼ਾਸ ਘੜੀ ਏ।  
ਹਰ ਜਗ੍ਹਾ 'ਤੇ, ਬੇ-ਹਯਾਈ,  
ਕਿਸੇ ਨੂੰ ਚੁੰਬੜੀ ਨਾਰ ਖੜ੍ਹੀ ਏ।

ਬੀਚ 'ਤੇ ਲੋਕ ਨਹਾਵਣ ਜਾਂਦੇ,  
ਪਹਿਨਣ ਨੂੰ ਇਕ ਲੀਰ ਬੜੀ ਏ।  
ਕੁੜੀਆਂ ਤਾਂ ਫਿਰ ਕੁੜੀਆਂ ਹੀ ਨੇ,  
ਬੁੜ੍ਹੀਆਂ ਦੇ ਵੀ ਮੱਖ ਲੜੀ ਏ।

ਹਰ ਰਿਸ਼ਤਾ ਇਕ ਨਾਟਕ ਜਾਪੇ,  
ਘੁਲ਼ਦੀ ਇਥੇ, ਨਿਤ ਕੜ੍ਹੀ ਏ।  
ਚੋਗ ਚੁਗਣ, ਪਰਦੇਸੀ ਆਉਂਦੇ,  
ਦਿਲ 'ਚ ਲੈ ਕੇ ਆਸ ਬੜੀ ਏ।

ਇਥੇ ਆਣ ਕੇ ਫਿਕਰਾਂ ਦੇ ਵਿਚ,  
ਦੇਖੋ! ਸਭ ਦੀ ਜਾਨ ਅੜੀ ਏ।  
ਕੰਮ-ਕਾਰ ਨੇ ਮੁਸ਼ਕਿਲ ਮਿਲਦੇ,  
ਜੇ ਅੰਗਰੇਜ਼ੀ, ਨਹੀਂ ਪੜ੍ਹੀ ਏ।

ਕਰਜ਼ੇ ਦੇ ਵਿਚ, ਫ਼ਸ ਗਏ ਲੋਕੀਂ,  
ਕਿਸ਼ਤਾਂ ਉਤੇ, ਕਿਸ਼ਤ ਚੜ੍ਹੀ ਏ।  
ਕੀ ਖੱਟਿਆ ਤੇ ਕੀ ਗਵਾਇਆ,  
'ਰਾਠੀ' ਸੋਚਣ ਦੀ ਘੜੀ ਏ।

*-ਰਾਠੇਸ਼ਵਰ ਸਿੰਘ ਸੂਰਾਪੁਰੀ*  
*ਫੋਨ: 916-969-9337*

### ਲਿਖਿਆ ਕਰ

ਫੁੱਲਾਂ ਨੂੰ ਫੁੱਲ ਤੇ ਖਾਰਾਂ ਨੂੰ ਖਾਰ ਲਿਖਿਆ ਕਰ  
ਜਿੱਤ ਨੂੰ ਜਿੱਤ ਤੇ ਹਾਰ ਨੂੰ ਹਾਰ ਲਿਖਿਆ ਕਰ।  
ਹਰ ਥਾਂ ਨ੍ਹੀਂ ਆਉਂਦੀ ਕਿਰਪਾਨ ਦੇ ਨਾਲ ਕਿਰਪਾ  
ਲਾਹ ਦਿੰਦੀ ਹੈ ਮਾਸੂਮਾਂ ਦੀਆਂ ਗਰਦਨਾਂ ਜੋ  
ਉਹਨੂੰ ਕਾਤਬਾ, ਦੋ ਧਾਰੀ ਤਲਵਾਰ ਲਿਖਿਆ ਕਰ।  
'ਵਲਗਣ' ਲਾਈ ਸੁਆਦ ਲਈ ਉਲੂਆਂ ਨੇ  
ਉਹਨੂੰ ਸਦਾ ਕੰਡਿਆਲੀ ਜਿਹੀ ਤਾਰ ਲਿਖਿਆ ਕਰ।  
ਜਿਹਨੇ ਕੌਡੀਓਂ ਖੋਟੇ ਇਨਸਾਨ ਕੀਤੇ  
ਨਾ ਮੋਤੀਆਂ ਵਾਲੀ ਸਰਕਾਰ ਲਿਖਿਆ ਕਰ।  
ਭਾਰ ਚੁੱਕਣ ਦੇ ਲਈ ਸਰਕਾਰ ਬਣਦੀ  
ਚੁੱਕਿਆ ਕਿਰਤੀਆਂ ਸਾਰਾ ਹੈ ਭਾਰ ਲਿਖਿਆ ਕਰ।  
ਔਰਤ ਨੂੰ ਔਰਤ ਤੇ ਮਰਦ ਨੂੰ ਮਰਦ ਲਿਖ ਲੈ  
ਹਰ ਇੱਕ ਔਰਤ ਨੂੰ ਕਦੇ ਨਾ ਨਾਰ ਲਿਖਿਆ ਕਰ।

ਕੁਝ ਟਕਿਆਂ ਨੇ ਲਗਦੈ ਤੇਰੀ ਮੱਤ ਮਾਰੀ  
ਦੁਸ਼ਮਣ ਨੂੰ ਦੁਸ਼ਮਣ ਯਾਰ ਨੂੰ ਯਾਰ ਲਿਖਿਆ ਕਰ।  
ਕਵਿਤਾ ਜਿਹੇ ਨਿਹੱਥੇ ਵੀ ਕਤਲ ਕੀਤੇ  
ਸਦਾ ਹੋਇਆ ਹੈ ਸਾਡੇ 'ਤੇ ਵਾਰ ਲਿਖਿਆ ਕਰ।  
'ਕੱਲੀ ਚਿੜੀ ਨਹੀਂ ਬਾਜਾਂ ਦੇ ਨਾਲ ਲੜਦੀ  
'ਸਵਾ ਲਖ' ਵਿਚ ਲਈ ਉਧਾਰ ਲਿਖਿਆ ਕਰ।  
ਛੇਵੀਂ ਪਾਤਸ਼ਾਹੀ ਨੇ ਕਰੇ ਪੂਰੇ,  
ਕੀਤੇ ਕੌਲਾਂ ਦੇ ਨਾਲ ਇਕਰਾਰ ਲਿਖਿਆ ਕਰ।  
ਨੰਗ ਆਪਣਾ ਮੋਦੀ ਨੇ ਢਕ ਲਿਆ ਹੈ  
ਲੀੜੇ ਬਾਦਲ ਦੇ ਦਿੱਤੇ ਉਤਾਰ ਲਿਖਿਆ ਕਰ।  
ਉਚੇ 'ਮੋਹਨ' ਚੁਬਾਰਿਆਂ ਤੋਂ ਡਰ ਕੇ  
ਗੁਰੂ ਬਾਣੀ ਦਾ ਕਰੜਾ ਸਾਰ ਲਿਖਿਆ ਕਰ।  
ਮਰ ਜਾਣਾ ਹੈ ਲਾਲਿਆ ਅੱਜ ਭਲਕੇ  
ਕਾਲੇ ਕਾਂਵਾਂ ਦੀ ਸਾਨੂੰ ਨਾ ਡਾਰ ਲਿਖਿਆ ਕਰ।

*-ਹਰਜਿੰਦਰ ਸਿੰਘ ਗੁਲਪੁਰ*  
*ਫੋਨ: 814-656-3063*

# ਦਰਦਮੰਦਾਂ ਦਾ ਦਰਦੀ ਦਲੀਪ ਸਿੰਘ ਸੰਧੂ

**ਚੇਤੇ ਕਰਦਿਆਂ**

1947 ਦੀ ਵੰਡ ਸਮੇਂ ਸਾਂਝੇ ਪੰਜਾਬ ਵਿਚ ਮਚੀ ਕਤਲੋਗਾਰਤ, ਲੁੱਟ-ਮਾਰ ਅਤੇ ਬੇਪਤੀ ਦੀਆਂ ਹਿਰਦੇਵੇਧਕ ਅਤੇ ਅਣਮਨੁੱਖੀ ਘਟਨਾਵਾਂ ਦੇ ਦਰਦ ਨੂੰ ਵਿਰਲਾਪ ਰੂਪ ਕਵਿਤਾ 'ਉਠ ਦਰਦਮੰਦਾਂ ਦਿਆ ਦਰਦੀਆ, ਉਠ ਤੱਕ ਆਪਣਾ ਪੰਜਾਬ' ਰਾਹੀਂ ਪੇਸ਼ ਕਰਨ ਦਾ ਖਿਆਲ ਅੰਮ੍ਰਿਤਾ ਪ੍ਰੀਤਮ ਨੂੰ ਉਦੋਂ ਤੱਕ ਨਹੀਂ ਸੀ ਆਇਆ ਹੋਣਾ ਕਿ ਅੰਮ੍ਰਿਤਸਰ ਦੇ ਜ਼ਿਲੇ ਦਾ ਇਕ ਸੰਵੇਦਨਸ਼ੀਲ ਅਫ਼ਸਰ ਆਪਣੇ ਗੋਰੇ ਅਫ਼ਸਰ ਦੇ ਅੱਗੇ ਫ਼ਰਿਆਦ ਲੈ ਕੇ ਪੇਸ਼ ਹੋਇਆ ਕਿ ਉਸ ਨੂੰ ਬਿਪਤਾ ਦੇ ਇਸ ਸਮੇਂ ਵਿਚ ਆਪਣੇ ਹਮਵਤਨੀਆਂ ਦੀ ਮੱਦਦ ਕਰਨ ਦਾ ਅਖ਼ਤਿਆਰ ਦਿੱਤਾ ਜਾਵੇ।

ਜਿਵੇਂ ਕਿਵੇਂ ਉਸ ਤੋਂ ਅਖ਼ਤਿਆਰ ਪ੍ਰਾਪਤ ਕਰ ਕੇ ਉਜੜੇ-ਪੁਜੜੇ, ਲੁੱਟੇ-ਪੁੱਟੇ, ਬੇਪੱਤ,


**ਪ੍ਰੋ. ਅਵਤਾਰ ਸਿੰਘ**
ਫੋਨ: 91-94175-18384

ਬੇਸਹਾਰਾ ਸ਼ਰਨਾਰਥੀਆਂ ਦੀ ਹਰ ਹਾਲ ਅਤੇ ਹਰ ਹੀਲੇ ਸਾਂਭ-ਸੰਭਾਲ ਵਿਚ ਜੁੱਟਣ ਵਾਲਾ ਇਨਸਾਨ ਕੋਈ ਹੋਰ ਨਹੀਂ, ਬਲਕਿ ਇਮਾਨਦਾਰੀ, ਰਹਿਮਦਿਲੀ ਅਤੇ ਨਿਰਸਵਾਰਥ ਸੇਵਾ ਦਾ ਮੁਜੱਸਮਾ ਸ. ਦਲੀਪ ਸਿੰਘ ਸੰਧੂ ਸੀ ਜਿਸ ਦਾ ਜਨਮ ਜ਼ਿਲ੍ਹਾ ਲਾਹੌਰ ਦੇ ਪਿੰਡ ਰਾਜਾ ਜੰਗ ਵਿਚ ਸ. ਰਣ ਸਿੰਘ ਨੰਬਰਦਾਰ ਦੇ ਪੁੱਤਰ ਪੁਲਿਸ ਇੰਸਪੈਕਟਰ ਸ. ਹਰਸਾ ਸਿੰਘ ਦੇ ਘਰ 1920 ਈਸਵੀ ਨੂੰ ਹੋਇਆ। ਉਹ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ 1938 ਵਿਚ ਬਤੌਰ ਨਾਇਬ ਤਹਿਸੀਲਦਾਰ ਨਿਯੁਕਤ ਹੋਏ। ਸੇਵਾਕਾਲ ਦੇ ਨੌਵੇਂ ਸਾਲ ਵਿਚ ਦੇਸ਼ ਵੰਡ ਦੇ ਭਿਆਨਕ ਦੁਖਾਂਤ ਸਮੇਂ, ਅੰਮ੍ਰਿਤਸਰ ਜ਼ਿਲ੍ਹੇ ਦੇ ਅਗਜ਼ੈਕਟਿਵ ਮੈਜਿਸਟਰੇਟ ਦੀ ਹੈਸੀਅਤ ਵਿਚ ਅਨੇਕ ਸ਼ਰਨਾਰਥੀ ਕੈਂਪਾਂ ਦਾ ਬੰਦੋਬਸਤ ਕੀਤਾ ਅਤੇ ਪਾਕਿਸਤਾਨ ਤੋਂ ਆਏ ਹਮਵਤਨੀ ਭਾਈਆਂ ਦੀ ਤਨ, ਮਨ ਅਤੇ ਧਨ ਨਾਲ ਵਿਤੋਂ ਵੱਧ ਮਦਦ ਕੀਤੀ।

ਠੰਢ-ਠੇਰ ਹੋਈ, ਹਾਲਾਤ ਸੁਧਰੇ ਤਾਂ ਰੇਲਵੇ ਦੇ ਚੀਫ਼ ਇੰਜੀਨੀਅਰ ਸ. ਬਹਾਦਰ ਸਿੰਘ ਦੀ ਬੇਟੀ ਅਜੀਤ ਕੌਰ ਨਾਲ ਸ਼ਾਦੀ ਤੈਅ ਹੋ ਗਈ। ਪਰਿਵਾਰਕ ਵਾਤਾਵਰਨ ਵਿਚ ਉਨ੍ਹਾਂ ਦਾ ਸੁਭਾਅ ਲੋਭ-ਲਾਲਚ ਤੋਂ ਮੁਕਤ ਸਵੈ-ਨਿਰਭਰ, ਨਰਮਦਿਲ ਅਤੇ ਬੇਗਰਜ਼ ਇਨਸਾਨ ਵਾਲਾ ਬਣ ਚੁਕਿਆ ਸੀ। ਦੇਸ਼ ਦੀ ਵਰਤਮਾਨ ਦਸ਼ਾ ਅਤੇ ਨਾਜ਼ੁਕ ਸਮਾਜਕ ਦ੍ਰਿਸ਼ ਨੇ ਉਨ੍ਹਾਂ ਦੇ ਹਿਰਦੇ ਨੂੰ ਰਹਿਮ ਅਤੇ ਨੇਕੀ ਦਾ ਸਬਕ ਸਿਖਾਇਆ ਹੋਇਆ ਸੀ। ਇਸੇ ਕਾਰਨ ਉਨ੍ਹਾਂ ਨੇ ਆਪਣੀ ਸ਼ਾਦੀ ਦੀ ਰਸਮ ਬੇਹੱਦ ਸਾਦਗੀ ਭਰੇ ਮਾਹੌਲ ਅਤੇ ਅੰਦਾਜ਼ ਵਿਚ ਕੀਤੀ। ਆਪਣੀ ਸ਼ਾਦੀ ਉਨ੍ਹਾਂ ਸਿਰਫ਼ ਸਵਾ ਰੁਪਏ ਦੇ ਸ਼ਗਨ ਨਾਲ ਕੀਤੀ। ਸੰਵੇਦਨਸ਼ੀਲਤਾ ਕੇਵਲ ਕਹਿਣ ਸੁਣਨ ਦੀ ਗੱਲ ਨਹੀਂ ਹੁੰਦੀ, ਜੇ ਖੂਨ ਵਿਚ ਹੋਵੇ ਤਾਂ ਕਿਰਦਾਰ ਵਿਚ ਜ਼ਰੂਰ ਪ੍ਰਗਟ ਹੁੰਦੀ ਹੈ।

1941-42 ਦੌਰਾਨ ਪੀ.ਸੀ.ਐਸ. ਨਿਯੁਕਤ ਹੋਣ 'ਤੇ ਉਨ੍ਹਾਂ ਦੇਸ਼ ਵੰਡ ਉਪਰੰਤ ਪੈਦਾ ਹੋਏ ਜ਼ਮੀਨ ਦੀ ਤਕਸੀਮ, ਅਲਾਟਮੈਂਟ ਤੇ ਮੁਰੱਬੇਬੰਦੀ ਦੇ ਗੁੰਝਲਦਾਰ ਕੰਮ ਨੂੰ ਆਪਣੇ ਹੱਥ ਲੈ ਲਿਆ ਅਤੇ ਇਸ ਕਠਨ ਕਾਰਜ ਨੂੰ ਸਿਰਤੋੜ ਮਿਹਨਤ, ਲਿਆਕਤ, ਨੀਝ ਅਤੇ ਸੂਝ-ਬੂਝ ਨਾਲ ਨੇਪਰੇ ਚਾੜ੍ਹਿਆ। 1962 ਦੀ ਭਾਰਤ ਚੀਨ ਜੰਗ ਸਮੇਂ ਉਹ ਬਟਾਲੇ ਐਸ.ਡੀ.ਐਮ. ਸਨ। ਸਮੇਂ ਦੀ ਮੰਗ ਅਨੁਸਾਰ ਉਨ੍ਹਾਂ ਹਲਕੇ ਦੇ ਨੌਜਵਾਨਾਂ ਨੂੰ ਫ਼ੌਜ ਵਿਚ ਭਰਤੀ ਹੋਣ ਲਈ ਪ੍ਰੇਰਿਆ। ਇਸੇ ਤਰ੍ਹਾਂ 1965 ਤੇ 1971 ਦੀਆਂ ਹਿੰਦ-ਪਾਕਿਸਤਾਨ ਜੰਗਾਂ ਦੌਰਾਨ ਸਰਕਾਰ ਵਲੋਂ ਉਨ੍ਹਾਂ ਨੂੰ ਸਰਹੱਦੀ ਇਲਾਕਿਆਂ ਵਿਚ ਨੁਕਸਾਨ ਦੀ ਮਾਰ ਹੇਠ ਆਏ ਲੋਕਾਂ ਦੀ ਨੁਕਸਾਨਪੂਰਤੀ ਅਤੇ ਘਰੋਂ ਬੇਘਰ ਹੋਏ ਲੋਕਾਂ ਦੇ ਪੁਨਰਵਾਸ ਦਾ ਜ਼ਿੰਮਾ ਸੌਂਪਿਆ ਗਿਆ। 1972-73 ਵਿਚ ਸਰਕਾਰ ਨੇ ਉਨ੍ਹਾਂ ਨੂੰ ਆਈ.ਏ.ਐਸ. ਨਿਯੁਕਤ ਕੀਤਾ ਅਤੇ ਉਹ ਜਾਇੰਟ ਸੈਕਰੇਟਰੀ, (ਕੋਆਪਰੇਸ਼ਨ) ਅਤੇ ਜਾਇੰਟ ਸੈਕਰੇਟਰੀ (ਰੈਵੇਨਿਊ) ਵਜੋਂ ਸੇਵਾ ਯੁਕਤ ਰਹੇ। 1976-78 ਵਿਚ ਉਹ ਪੰਚਾਇਤ ਅਤੇ ਪੇਂਡੂ ਵਿਕਾਸ ਵਿਭਾਗ ਦੇ ਡਾਇਰੈਕਟਰ ਬਣੇ। ਅਖ਼ੀਰ ਬਿਹਤਰੀਨ ਕਾਰਗੁਜ਼ਾਰੀ ਭਰਪੂਰ ਸੇਵਾ ਨਿਭਾਉਂਦੇ ਹੋਏ ਸੇਵਾ ਨਮਿਰਤ ਹੋਏ।

ਫਿਰ ਸਰਕਾਰ ਨੇ 1982 ਵਿਚ ਉਨ੍ਹਾਂ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਨਿਯੁਕਤ ਕੀਤਾ। ਉਨ੍ਹਾਂ ਦੀ ਪ੍ਰਬੰਧਕੀ ਸਮਝਦਾਰੀ ਅਤੇ ਕੁਸ਼ਲਤਾ ਨੂੰ ਦੇਖਦਿਆਂ ਚੀਫ਼ ਖਾਲਸਾ ਦੀਵਾਨ ਵਲੋਂ ਐਜੂਕੇਸ਼ਨ ਸੁਸਾਇਟੀ-ਚੰਡੀਗੜ੍ਹ ਦੇ ਮੈਂਬਰ ਵਜੋਂ ਸੇਵਾ ਦਿੱਤੀ ਗਈ। ਇਥੇ ਹੀ ਬੱਸ ਨਹੀਂ, ਉਨ੍ਹਾਂ ਆਪਣੇ ਬਲਬੂਤੇ, ਲਗਨ ਅਤੇ ਦ੍ਰਿੜਤਾ ਨਾਲ ਚੰਡੀਗੜ੍ਹ ਦੇ ਸੈਕਟਰ-40 ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਕਾਮਯਾਬ



ਨਿਰਮਾਣ ਅਤੇ ਸੰਚਾਲਨ ਕੀਤਾ। ਆਪਣੀ ਰਿਹਾਇਸ਼ਗਾਹ ਸੈਕਟਰ-8 ਦੀ ਵੈਲਫ਼ੇਅਰ ਸੁਸਾਇਟੀ ਦੀ ਲਗਾਤਾਰ ਤੀਹ ਸਾਲ ਸਦਾਰਤ ਕਰਦਿਆਂ ਸੇਵਾ 'ਚ ਜੁਟੇ ਰਹੇ ਤੇ ਸਮੁੱਚੇ ਸੈਕਟਰ ਦੀਆਂ ਤਮਾਮ ਸਮੱਸਿਆਵਾਂ ਸੁਲਝਾਉਂਦੇ ਰਹੇ।

ਇਸ ਲੰਬੀ, ਬੇਜੋੜ ਅਤੇ ਅਣਥੱਕ ਘਾਲਣਾ ਦੇ ਪਿਛੇ ਉਨ੍ਹਾਂ ਦੀ ਪਤਨੀ ਦੇ ਸਹਿਯੋਗ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇ ਸਿਦਕ, ਸਿਰੜ ਅਤੇ ਸਹਿਜ ਬਿਰਤੀ ਦੀ ਇੱਕੋ ਮਿਸਾਲ ਕਾਫ਼ੀ ਹੈ ਕਿ ਉਹ ਦੇਸ਼ ਵੰਡ ਸਮੇਂ ਪਾਕਿਸਤਾਨ ਵਿਚੋਂ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਆਏ ਸਨ। ਉਨ੍ਹਾਂ ਆਪਣੇ ਵਿਚਾਰ ਅਤੇ ਵਿਹਾਰ ਨੂੰ ਕਦੀ ਵੀ ਗੁਰਬਾਣੀ ਦੇ ਹੁਕਮ ਅਤੇ ਅਦਬ ਤੋਂ ਦੂਰ ਨਹੀਂ ਜਾਣ ਦਿਤਾ। ਗੁਰੂ ਦੇ ਅਦਬ, ਹੁਕਮ ਅਤੇ ਭੈਅ ਦੇ ਸਨਮੁਖ, ਇਹ ਲਾਮਿਸਾਲ ਦੰਪਤੀ ਖ਼ੁਦ ਇਕ ਮਿਸਾਲ ਬਣੀ।

ਸ. ਦਲੀਪ ਸਿੰਘ ਗੁਰੂ ਘਰ ਦੇ ਅਨਿਨ ਸ਼ਰਧਾਲੂ ਸਨ। ਉਨ੍ਹਾਂ ਦਾ ਜੀਵਨ ਨੌਵੇਂ ਪਾਤਸ਼ਾਹ ਦੀ ਸਿਖਿਆ ਤੋਂ ਵਧੇਰੇ ਪ੍ਰੇਰਤ ਸੀ। ਬਾਬੇ ਬਕਾਲੇ ਉਹ ਗਾਹੇ-ਬਗਾਹੇ ਜਾਂਦੇ ਅਤੇ ਗੁਰੂ ਤੇਗ ਬਹਾਦਰ ਜੀ ਦੇ ਭਜਨ ਬੰਦਗੀ ਸਥਾਨ ਭੋਰਾ ਸਾਹਿਬ ਵਿਖੇ ਅਕਸਰ ਹਾਜ਼ਰੀ ਭਰਦੇ। ਉਨ੍ਹਾਂ ਦਾ ਅਟੱਲ ਵਿਸ਼ਵਾਸ ਸੀ ਕਿ ਬੰਦਗੀ ਹੀ ਬੰਦੇ ਦੇ ਜੀਵਨ ਵਿਚ ਸਿਦਕ ਲੈ ਕੇ ਆਉਂਦੀ ਹੈ ਅਤੇ ਸਿਦਕ ਨਾਲ ਹੀ ਬੇੜੇ ਪਾਰ ਲਗਦੇ ਹਨ। ਉਹ ਸਮਝਦੇ ਸਨ ਕਿ ਉਚੇ ਅਹੁਦਿਆਂ 'ਤੇ ਬਿਰਾਜਮਾਨ ਸ਼ਖ਼ਸੀਅਤਾਂ ਦੇ ਕਿਰਦਾਰ ਵਿਚ ਗਿਰਾਵਟ ਇਸ ਕਾਰਨ ਵੀ ਆਉਂਦੀ ਹੈ ਕਿ ਉਹ ਪ੍ਰਸ਼ਾਸਕੀ ਜ਼ਿੰਮੇਵਾਰੀ ਨੂੰ ਸ਼ਕਤੀ ਤਸਲੀਮ ਕਰ ਲੈਂਦੇ ਹਨ। ਜ਼ਿੰਮੇਦਾਰੀ ਦਾ ਅਹਿਸਾਸ ਸੇਵਾ ਭਾਵ ਨਾਲ ਜਾ ਜੁੜਦਾ ਹੈ, ਜਦਕਿ ਸ਼ਕਤੀ ਭਾਵ ਸ਼ਾਸਨ ਵੱਲ ਮੋੜਾ ਕੱਟ ਕੇ ਕੁਸ਼ਾਸਨ ਵਿਚ ਪਲਟ ਜਾਂਦਾ ਹੈ। ਉਨ੍ਹਾਂ ਪ੍ਰਸ਼ਾਸਕੀ ਅਹਿਸਾਸ ਨੂੰ ਹਮੇਸ਼ਾਂ ਸੇਵਾ ਤੱਕ ਮਹਿਦੂਦ ਰੱਖਿਆ ਅਤੇ ਸੇਵਾ ਭਾਵ ਨੂੰ ਉਹ ਬੰਦਗੀ ਦੇ ਤੁੱਲ ਅਨੁਮਾਨਦੇ ਸਨ।

ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਬੇਹੱਦ ਸੁਚੱਜੇ ਢੰਗ ਨਾਲ ਕੀਤਾ। ਉਨ੍ਹਾਂ ਦੇ ਪੁੱਤਰਾਂ ਸ. ਇੰਦਰਜੀਤ ਸਿੰਘ ਸੰਧੂ (ਆਈ.ਏ.ਐਸ.), ਸ. ਬਲਦੀਪ ਸਿੰਘ ਸੰਧੂ (ਆਈ.ਆਰ.ਐਸ.) ਅਤੇ ਸ. ਮਨਦੀਪ ਸਿੰਘ ਸੰਧੂ (ਆਈ.ਏ.ਐਸ.) ਦੀ ਜੀਵਨ ਸ਼ੈਲੀ ਵਿਚੋਂ ਵੀ ਸ. ਦਲੀਪ ਸਿੰਘ ਦੀ ਮਿਕਨਾਤੀਸੀ ਅਤੇ ਨਿਰਛਲ ਸ਼ਖ਼ਸੀਅਤ ਦੇ ਦੀਦਾਰ ਹੁੰਦੇ ਹਨ। ਸ਼ਾਲੀਨਤਾ ਉਨ੍ਹਾਂ ਦੇ ਪਰਿਵਾਰ ਦੀ ਸ਼ਾਨ ਅਤੇ ਪਛਾਣ ਹੈ। ਇਸ ਦੇ ਨਕਸ਼ ਉਨ੍ਹਾਂ ਦੇ ਪੋਤੇ-ਪੋਤੀਆਂ ਦੀ ਬੋਲ-ਬਾਣੀ ਤੇ ਵਿਹਾਰ ਵਿਚ ਵੀ ਪ੍ਰਤੱਖ ਦੇਖੇ ਜਾ ਸਕਦੇ ਹਨ। ਸ. ਦਲੀਪ ਸਿੰਘ ਸੰਧੂ ਇਸ ਜਗਤ ਤਮਾਸ਼ੇ ਵਿਚ, ਪੂਰੀ ਗੰਭੀਰਤਾ ਅਤੇ ਸੁਹਿਰਦਤਾ ਨਾਲ ਆਪਣੀ ਜ਼ਿੰਮੇਦਾਰੀ ਨਿਭਾਉਂਦਿਆਂ 30 ਜੂਨ 2014 ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਤੁਰ ਜਾਣ 'ਤੇ ਉਨ੍ਹਾਂ ਦੇ ਪੋਤੇ-ਪੋਤੀਆਂ ਦੇ ਜ਼ਿਹਨ ਵਿਚ ਸਹਿਵਨ ਹੀ ਇਕ ਸ਼ਬਦ 'ਏ ਗਰੇਟ ਪੈਟਰੀਆਰਕ' ਨੇ ਦਸਤਕ ਦਿੱਤੀ। ਅਜਿਹੇ ਇਨਸਾਨ ਸਿਰਫ਼ ਪਰਿਵਾਰ ਦਾ ਹੀ ਥੰਮ੍ਹ ਨਹੀਂ ਹੁੰਦੇ, ਬਲਕਿ ਪੂਰੇ ਸਮਾਜ ਨੂੰ ਆਪਣੀ ਕਰਨੀ ਦੇ ਜ਼ੋਰ ਨਾਲ ਥੰਮ੍ਹ ਲੈਂਦੇ ਹਨ।

ਜਿਸ ਕੋਲ ਜੀਣ ਥੀਣ ਦੇ ਸਾਧਨਾ ਦੀ ਬਹੁਤਾਤ ਹੁੰਦੀ ਹੈ, ਉਹ ਚਿੰਤਾ ਰੋਗ ਵਿਚ ਘਿਰ ਜਾਂਦਾ ਹੈ; ਤੇ ਜਿਸ ਕੋਲ ਹੋਵੇ ਕੱਖ ਨਾ, ਉਹ ਭਟਕਣ ਦਾ ਸ਼ਿਕਾਰ ਹੋ ਜਾਂਦਾ ਹੈ। ਤੰਗੀ ਵਿਚ ਬੰਦਾ ਟੁੱਟ ਜਾਂਦਾ ਹੈ ਤੇ ਚੰਗੀ ਵਿਚ ਖਿਲਰ ਜਾਂਦਾ ਹੈ। ਦੋਹਾਂ ਦਿਸ਼ਾਵਾਂ ਵਿਚ ਮਨੁੱਖ ਨੂੰ ਕਿਸੇ ਸਹਾਰੇ ਜਾਂ ਓਟ ਦੀ ਲੋੜ ਪੈਂਦੀ ਹੈ: ਦੂਹਾ ਸਿਰਿਆ ਕਾ ਆਪਿ ਸੁਆਮੀ। ਚੰਗੇ ਪਿਛੋਕੜ, ਬਿਹਤਰੀਨ ਵਰਤਮਾਨ ਅਤੇ ਉਜਵਲ ਭਵਿਖ ਦੇ ਜ਼ਾਹਿਰਾ ਸੰਕੇਤ ਦਰਮਿਆਨ ਸ. ਦਲੀਪ ਸਿੰਘ ਦੀ ਇਨਸਾਨੀਅਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਵਚ ਵਿਚ ਸਿਰਫ਼ ਸੁਰੱਖਿਅਤ ਹੀ ਨਹੀਂ ਰਹੀ, ਬਲਕਿ ਬਾਣੀ ਦੀ ਗਿਜ਼ਾ ਨਾਲ ਹੋਰ ਤਾਕਤਵਰ ਹੋਈ ਅਤੇ ਹਮਦਰਦੀ ਦੇ ਰੂਪ ਵਿਚ ਹਮੇਸ਼ਾਂ ਜਲਵਾਗਰ ਰਹੀ।


ਇਕ ਜੰਗ ਸਰਹੱਦ 'ਤੇ ਲੜੀ ਜਾਂਦੀ ਹੈ ਪਰ ਇਕ ਹੋਰ ਜੰਗ ਸਰਹੱਦ ਤੋਂ ਉਰੇ ਅਤੇ ਪਰੇ ਲੜੀ ਨਹੀਂ, ਭੁਗਤਣੀ ਪੈਂਦੀ ਹੈ। ਜਿਨ੍ਹਾਂ ਨੂੰ ਜੰਗ ਦਾ ਖਮਿਆਜ਼ਾ ਭੁਗਤਣਾ ਪਿਆ, ਸ. ਦਲੀਪ ਸਿੰਘ ਸੰਧੂ ਉਨ੍ਹਾਂ ਲਈ ਹਮੇਸ਼ਾ ਭਾਈ ਘਨ੍ਹੱਈਆ ਦੇ ਨਕਸ਼ੇ-ਕਦਮਾਂ 'ਤੇ ਤੁਰੇ। ਗੁਰਮਤਿ ਅਨੁਸਾਰ ਸੇਵਾ ਵਿਚ ਜੁਟੇ ਵਿਅਕਤੀ ਨੂੰ ਭਾਈ ਸਾਹਿਬ ਆਖਿਆ ਜਾਂਦਾ ਹੈ। ਪ੍ਰਸ਼ਾਸਕੀ ਜਗਤ ਲਈ ਪ੍ਰੇਰਨਾ ਅਤੇ ਸਬਕ ਵਜੋਂ ਜੀ ਕਰਦਾ ਹੈ ਕਿ ਉਨ੍ਹਾਂ ਨੂੰ ਭਾਈ ਸਾਹਿਬ ਦਲੀਪ ਸਿੰਘ ਆਈ.ਏ.ਐਸ. ਵਜੋਂ ਯਾਦ ਕੀਤਾ ਜਾਵੇ। ਆਓ! ਉਨ੍ਹਾਂ ਦੀ ਮਿੱਠੀ ਅਤੇ ਨਿੱਘੀ ਯਾਦ ਵਿਚ ਸਿਮਰਨ ਕਰੀਏ,

ਆਵਹੁ ਭੈਣੇ ਗਲਿ ਮਿਲਹ
ਅੰਕਿ ਸਹੇਲੜੀਆਹ॥
ਮਿਲਿ ਕੈ ਕਰਹ ਕਹਾਣੀਆ
ਸੰਮ੍ਰਥ ਕੰਤ ਕੀਆਹ॥

# ਮਨੁੱਖਤਾ ਦਾ ਸੇਵਕ ਸੀ ਡਾ. ਰਾਜਪਾਲ ਅੰਮ੍ਰਿਤਸਰ

**ਯਾਦ-ਝਰੋਖਾ**

1978 ਵਿਸਾਖੀ ਦੇ ਨਿਰੰਕਾਰੀ ਗੋਲੀ ਕਾਂਡ ਤੋਂ ਬਾਅਦ ਅੰਮ੍ਰਿਤਸਰ ਸ਼ਹਿਰ ਦੇ ਨਾਗਰਿਕਾਂ 'ਤੇ ਕਈ ਸਤ੍ਹ-ਸਤੀਆਂ ਚੱਲਦੀਆਂ ਰਹੀਆਂ। ਨਿੱਤ ਦਿਨ ਦੇ ਬੰਦ, ਹੜਤਾਲਾਂ, ਧਰਨਿਆਂ, ਮੁਜ਼ਾਹਰਿਆਂ ਨੇ ਲੋਕਾਂ ਦਾ ਨੱਕ 'ਚ ਦਮ ਕਰ ਛੱਡਿਆ ਸੀ। ਨਵੰਬਰ 1985 ਦੇ ਅਖੀਰਲੇ ਦਿਨ, ਮੇਰਾ ਭਤੀਜਾ ਰਾਜਕਮਲਦੀਪ ਜੋ ਕੁਝ ਮਹੀਨਿਆਂ ਦਾ ਸੀ, ਬਹੁਤ ਬਿਮਾਰ ਹੋ ਗਿਆ। ਹੋਰ ਦਿਨਾਂ ਵਾਂਗ ਮੌਸਮ ਤਾਂ ਠੰਢਾ ਸੀ, ਪਰ ਨਿੱਤ ਦਿਨ ਦੇ ਬੰਬ-ਬਰੂਦ ਪਟਾਕੇ ਲੁੱਟਾਂ ਖੋਹਾਂ ਕਰ ਕੇ



**ਚਰਨਜੀਤ ਸਿੰਘ ਪੰਨੂ**
ਫੋਨ: 408-608-4961

ਹਵਾਵਾਂ ਵਿਚ ਸੜ੍ਹਾਂਦ ਤੇ ਪ੍ਰਦੂਸ਼ਣ ਸੀ। ਚਾਰ-ਚੁਫੇਰੇ ਪੁਲਿਸ ਨਾਕੇ। ਪੁਲਿਸ ਰਾਹਗੀਰਾਂ ਨੂੰ ਤੰਗ ਕਰਦੀ ਆਪਣੀ ਕਾਰਗੁਜ਼ਾਰੀ ਨਿਭਾ ਰਹੀ ਸੀ। ਖਾੜਕੂਆਂ ਦੇ ਮੋਟਰ ਸਾਈਕਲ ਲੰਘਦੇ ਤਾਂ ਉਹ ਦੂਰੋਂ ਹੀ ਪਛਾਣ ਕੇ ਨਜ਼ਰਾਂ ਪਾਸੇ ਕਰ ਲੈਂਦੇ ਸਨ।

ਸਾਰਾ ਦਿਨ ਬੰਦ/ਹੜਤਾਲ ਤੇ ਫਿਰ ਕਰਫ਼ਿਊ ਹੋਣ ਕਾਰਨ ਕੋਈ ਦਵਾ-ਦਾਰੂ ਨਹੀਂ ਮਿਲ ਸਕਿਆ। ਬੁਖਾਰ, ਰੇਸ਼ਾ ਤੇ ਜ਼ੁਕਾਮ ਨਾਲ ਬੱਚੇ ਦੀ ਛਾਤੀ ਜਕੜੀ ਜਾ ਰਹੀ ਸੀ। ਰਾਤ ਵੇਲੇ ਹਾਲਤ ਬਹੁਤ ਵਿਗੜ ਗਈ ਤੇ ਪੂਰੇ ਟੱਬਰ ਵਾਸਤੇ ਇਹ ਵੱਡੀ ਚਿੰਤਾ ਦਾ ਕਾਰਨ ਬਣ ਗਈ। ਪੁਤਲੀਘਰ ਤੋਂ ਪਹਿਲਾਂ ਗੰਗਾ ਬਿਲਡਿੰਗ ਦੇ ਸਾਹਮਣੇ ਡਾ. ਰਾਜਪਾਲ ਮੇਰਾ ਵਾਕਫ਼ਕਾਰ ਦੋਸਤ ਮਨਜ਼ੂਰਸ਼ੁਦਾ ਚਿਕਿਤਸਕ ਸੀ। ਮੈਂ ਉਸ ਨੂੰ ਆਪਣਾ ਮਸਲਾ ਫ਼ੋਨ 'ਤੇ ਦੱਸਿਆ। ਉਸ ਨੇ ਵੀ ਪੁਲਿਸ ਤੇ ਖਾੜਕੂਆਂ ਵੱਲੋਂ ਜਾਰੀ ਸਖ਼ਤ ਹਦਾਇਤਾਂ ਕਰ ਕੇ ਆਪਣੀ ਲਾਚਾਰੀ ਪ੍ਰਗਟ ਕੀਤੀ। ਬੱਚੇ ਦੀ ਜਾਨ ਬਚਾਉਣ ਦਾ ਵਾਸਤਾ ਸੁਣ ਕੇ ਉਹ ਮੰਨ ਗਿਆ ਕਿ ਚਲੋ ਥੋੜ੍ਹੀ ਦੇਰ ਵਿਚ ਮੈਂ ਦਰਵਾਜ਼ਾ ਖੋਲ ਦਿਆਂਗਾ ਤੁਸੀਂ ਪਿਛਲੀ ਗਲੀ ਵਿਚੋਂ ਦੀ ਚੁਪਕੇ-ਚੁਪਕੇ ਆ ਜਾਇਓ। ਲੋਕਾਂ ਨੂੰ ਦੂਵੱਲੀ ਮਾਰ ਪੈਂਦੀ ਸੀ ਉਸ ਵੇਲੇ..ਇੱਕ ਖਾੜਕੂਆਂ ਦਾ ਭੈ ਤੇ ਦੂਜਾ ਪੁਲਿਸ ਦਾ ਡਰ।

ਕੋਟ ਖ਼ਾਲਸੇ ਤੋਂ ਸੂਰਤ ਸਿੰਘ ਰੋਡ ਰਾਹੀਂ ਖ਼ਾਲਸਾ ਕਾਲਜ ਨੇੜੇ ਜੀ. ਟੀ. ਰੋਡ 'ਤੇ ਪਹੁੰਚੇ। ਦੂਰੋਂ ਮੋਟਰ ਸਾਈਕਲ ਵੇਖ ਕੇ ਪੁਲਿਸ ਨੇ ਹੱਥ ਦੇ ਦਿੱਤਾ। ਸਰਬਜੀਤ ਦੇ ਪਿੱਛੇ ਬੈਠਿਆਂ ਮੈਂ ਛੋਟਾ ਹੂੰਘ ਰਿਹਾ ਬੱਚਾ ਦਿਖਾ ਕੇ ਪੁਲਸੀਆਂ ਨੂੰ ਬੇਨਤੀ ਕੀਤੀ।

'ਕਰਫ਼ਿਊ ਦੀ ਬੜੀ ਸਖ਼ਤੀ ਨਾਲ ਪਾਲਣਾ ਕਰਨ ਕਰਾਉਣ ਦਾ ਸਾਨੂੰ ਹੁਕਮ ਹੈ, ਪਰ ਜਾਓ ਅੱਗੇ ਧਿਆਨ ਰੱਖਿਓ। ਇਸ ਵੇਲੇ ਤੁਹਾਨੂੰ ਕੋਈ ਡਾਕਟਰ ਵੀ ਨਹੀਂ ਮਿਲਣਾ।'

ਬੱਚੇ ਦੀ ਤਰਸਯੋਗ ਹਾਲਤ ਵੇਖ ਕੇ ਟੁਕੜੀ ਇੰਚਾਰਜ ਜਲਦੀ ਹੀ ਮੰਨ ਗਿਆ। ਉਸ ਵੇਲੇ ਇਹ ਪ੍ਰਚਲਿਤ ਸੀ ਕਿ ਖਾੜਕੂਆਂ ਦੇ ਮੋਟਰ ਸਾਈਕਲ ਦਾ ਕੋਡ ਨੰਬਰ ਉਨ੍ਹਾਂ ਨੂੰ ਅਗਾਊਂ ਪਤਾ ਹੁੰਦਾ ਸੀ ਤੇ ਉਸ ਦੀ ਬਿੜਕ ਪੈਂਦੇ ਹੀ ਨਾਕੇ ਤੇ ਖੜ੍ਹੀ ਪੁਲਿਸ ਟੁਕੜੀ ਪਰੇ ਨੂੰ ਮੂੰਹ ਕਰ ਕੇ ਰਸਤਾ ਸਾਫ਼ ਕਰ ਦਿੰਦੀ ਸੀ। ਜੇ ਕੋਈ ਸ਼ਰੀਫ਼ ਵਹੇ ਚੜ੍ਹ ਜਾਏ ਤਾਂ ਜਾਮਾ ਤਲਾਸ਼ੀ ਬਹਾਨੇ ਪਹਿਲਾਂ ਉਸ ਦੀਆਂ ਜੇਬਾਂ ਸਾਫ਼ ਕਰਦੇ, ਫਿਰ ਮੁਸ਼ਕਾਂ ਬੰਨ੍ਹ ਕੇ ਕਿਸੇ ਗੁਪਤ ਜਗ੍ਹਾ ਲਿਜਾ ਕੇ ਉਸ ਦਾ ਮੁੱਲ ਆਂਕਦੇ ਉਸ ਦੇ ਪਿਛਲਿਆਂ ਤਿੰਨਾਂ ਤੋਂ ਭਾਰੀ ਫਿਰੌਤੀ ਵਸੂਲ ਕਰਦੇ। ਪੁਲਿਸ ਥਾਣਿਆਂ ਵਾਂਗ ਖਾੜਕੂਆਂ ਦੇ ਵੀ ਜ਼ੋਨ ਵੰਡੇ ਹੋਏ ਸਨ ਤੇ ਇਹ ਖਾਲਸਾ ਕਾਲਜ ਵਾਲਾ ਜ਼ੋਨ ਕਾਰਜ ਸਿੰਘ ਥਾਂਦੇ ਦੀ ਜੈਲ ਸੀ। ਖਾਲਸਾ ਕਾਲਜ ਲੰਘ ਕੇ ਇੱਕ ਹੋਰ ਪੁਲਿਸ ਦਸਤਾ ਅੱਗੇ ਆ ਗਿਆ। ਬੱਚੇ ਦੀ ਹਾਲਤ ਏਨੀ ਨਾਜ਼ਕ ਹੋ ਰਹੀ ਸੀ ਕਿ ਉਨ੍ਹਾਂ ਕੋਲ ਖੜੋ ਕੇ ਦੱਸਣਾ ਸਮਾਂ ਗਵਾਉਣਾ ਵਾਂਗ ਸੀ।

'ਚਲੋ ਚੱਲ ਵੇਖੀ ਜਾਊ, ਨਿਕਲ ਚੱਲ।' ਮੈਂ ਸਰਬਜੀਤ ਨੂੰ ਹੱਲਾਸ਼ੇਰੀ ਦਿੱਤੀ।

ਉਹ ਮੋਟਰਸਾਈਕਲ ਤੇਜ਼ ਕਰ ਕੇ ਲੰਘਾ ਗਿਆ। ਕਾਹਲੀ ਅੱਗੇ ਟੋਏ, ਕਲੀਨਿਕ ਦੇ ਨੇੜੇ ਪਹੁੰਚਦੇ ਇੱਕ ਸਾਈਕਲ ਸਵਾਰ ਅੱਗੇ ਆ ਗਿਆ। ਸਾਈਕਲ ਮੋਟਰ ਸਾਈਕਲ ਨੇ ਢਾਹ ਲਿਆ ਤੇ ਚਾਲਕ ਕਈ ਲੋਟਣੀਆਂ ਖਾਂਦਾ ਪਾਸੇ ਜਾ ਡਿੱਗਾ। ਪਿਛਲੇ ਨਾਕੇ ਵਾਲੇ ਪੁਲਸੀਏ ਜਿਨ੍ਹਾਂ ਦੀ ਨਜ਼ਰ ਪਹਿਲਾਂ ਹੀ ਨਿਕਲ ਚੁੱਕੇ ਸ਼ਿਕਾਰ ਦਾ ਪਿੱਛਾ ਕਰ ਰਹੀ ਸੀ, ਵੇਖ ਕੇ ਤੁਰੰਤ ਦੌੜੇ। ਉਨ੍ਹਾਂ ਨੇ ਸੜਕ 'ਤੇ ਡਿੱਗੇ ਬੰਦੇ ਨੂੰ ਨਹੀਂ ਸੰਭਾਲਿਆ, ਸਗੋਂ ਸਰਬਜੀਤ ਵੱਲ ਝਪਟ ਪਏ ਜੋ ਹਾਲਤਾਂ ਦੀ ਦੋਹਰੀ ਮਾਰ ਕਰ ਕੇ ਘਬਰਾਇਆ ਹੋਇਆ ਸੀ। ਟੱਕਰ ਦੇ ਏਨੇ ਜ਼ਬਰਦਸਤ ਝਟਕੇ ਵਿਚੋਂ ਬੱਚੇ ਨੂੰ ਮੈਂ ਪਿੱਛੇ ਆਪਣੇ ਨਾਲ ਘੁੱਟ ਕੇ ਬਚਾਈ ਰੱਖਿਆ ਜੋ ਵਿਲਕ ਰਿਹਾ ਸੀ।

ਹੌਲਦਾਰ ਨੇ ਬੱਚੇ ਦੀ ਐਮਰਜੈਂਸੀ ਹਾਲਤ ਵੇਖੀ ਤਾਂ ਉਨ੍ਹਾਂ ਦੀਆਂ ਉਮੀਦਾਂ ਢਿੱਲੀਆਂ ਪੈ ਗਈਆਂ। ਸਾਈਕਲ ਸਵਾਰ ਨੂੰ ਵੀ ਕੁਝ ਰਗੜਾਂ ਲੱਗੀਆਂ। ਮੈਂ ਬੱਚੇ ਨੂੰ ਲੈ ਕੇ ਡੋਲੀ ਨੀਡ ਦੇ ਸਾਹਮਣੇ ਡਾ. ਰਾਜਪਾਲ ਦਾ ਪਿਛਲਾ ਦਰ ਖੜਕਾਇਆ ਤੇ ਚੋਰਾਂ ਵਾਂਗ ਅੰਦਰ ਘੁਸ ਗਿਆ। ਡਾਕਟਰ ਨੂੰ ਬੇਨਤੀ ਕਰ ਕੇ ਜ਼ਖਮੀ ਸਾਈਕਲ ਸਵਾਰ ਨੂੰ ਵੀ ਦਵਾ ਦਾਰੂ ਕਰਾਇਆ ਜੋ ਬਹੁਤ ਹੀ ਸ਼ਰਾਬੀ ਹਾਲਤ ਵਿਚ ਸੀ। ਸਾਡੀ ਪੈੜ ਨੱਪਦਾ ਪੁਲਿਸ ਹੌਲਦਾਰ ਵੀ ਡੰਡੇ ਖੜਕਾਉਂਦਾ ਕਲੀਨਿਕ ਵਿਚ ਘੁੱਸ ਆਇਆ ਤੇ ਕਰਫ਼ਿਊ ਦੀ ਉਲੰਘਣਾ ਦੇ ਬਹਾਨੇ ਡਾ. ਰਾਜਪਾਲ ਦੇ ਗਲ ਪੈ ਗਿਆ।

'ਤੇਰਾ ਚਲਾਨ ਕਰਾਉਂਦਾ ਹਾਂ.. ਤੂੰ ਅਮਨ ਕਾਨੂੰਨ ਦੇ ਰਸਤੇ ਵਿਚ ਰੁਕਾਵਟ ਪਾ ਰਿਹਾ ਹੈਂ। ਕਰਫ਼ਿਊ ਦੀ ਉਲੰਘਣ ਕਰ ਕੇ ਦੁਕਾਨ ਖੋਲ੍ਹੀ ਤੂੰ। ਜੇ ਤੈਨੂੰ ਕੋਈ ਅਤਿਵਾਦੀ ਗੋਲੀ ਮਾਰ ਕੇ ਗੱਡੀ ਚੜ੍ਹਾ ਜਾਏ ਤਾਂ ਸਰਕਾਰ ਨੇ ਸਾਡੇ 'ਤੇ ਹੀ ਜ਼ਿੰਮੇਵਾਰੀ ਸੁੱਟਣੀ ਹੈ।' ਉਹ ਡਾਕਟਰ ਨੂੰ ਊਲ-ਜਲੂਲ ਬੋਲਦਾ ਕਾਨੂੰਨ ਸਮਝਾ ਰਿਹਾ ਸੀ।

ਡਾਕਟਰ ਨੇ ਬੱਚੇ ਨੂੰ ਤੁਰੰਤ ਗੁਲੂਕੋਸ ਲਾਇਆ, ਦਵਾਈ ਦੀਆਂ ਬੂੰਦਾਂ ਉਸ ਦੀ ਜ਼ੁਬਾਨ 'ਤੇ ਪਾਈਆਂ, ਸ਼ੀਸ਼ੀਆਂ ਦਿੱਤੀਆਂ ਤੇ ਉਸ ਵਿਚ ਜੀਵਨ ਉਮੀਦ ਭਰ ਦਿੱਤੀ।

'ਮੈਂ ਇੱਕ ਡਾਕਟਰ ਹਾਂ ਤੇ ਅਜਿਹੇ ਨਾਜ਼ੁਕ ਹਾਲਤ ਵਿਚ ਇਨ੍ਹਾਂ ਮਰੀਜ਼ਾਂ ਦੀ ਸੇਵਾ ਕਰਨ ਮੇਰਾ ਪਹਿਲਾ ਧਰਮ ਹੈ।' 'ਜਦੋਂ ਉਹ ਗੋਲੀ ਮਾਰਨ 'ਤੇ ਆਏ, ਉਨ੍ਹਾਂ ਤੈਨੂੰ ਵੀ ਨਹੀਂ ਛੱਡਣਾ ਤੇ ਮੈਨੂੰ ਵੀ ਨਹੀਂ।' ਡਾਕਟਰ ਦੇ ਸਫ਼ਾਈ ਦੇਣ ਤੇ ਵੀ ਉਹ ਟੱਸ ਤੋਂ ਮੱਸ ਨਾ ਹੋਇਆ। ਮੈਂ ਜੇਬ ਟੋਂਹਦੇ ਵੀਹ ਰੁਪਏ ਕੱਢ ਕੇ ਉਸ ਵੱਲ ਵਧਾਏ। ਵੀਹ ਦਾ ਨੋਟ ਵੇਖ ਕੇ ਉਹ ਹੋਰ ਚੌੜਾ ਹੋ ਗਿਆ।

'ਮੈਂ ਤੁਹਾਡਾ ਮੰਗਤਾ ਥੋੜ੍ਹਾ ਹਾਂ। ਮੈਂ ਮੌਕੇ ਦਾ ਕਾਨੂੰਨ ਅਧਿਕਾਰੀ ਹਾਂ।'

ਉਸ ਦੀ ਅੜੀਅਲ ਨੀਤੀ ਵੇਖ ਕੇ ਮੈਂ ਪੰਜਾਹ ਦਾ ਨੋਟ ਫੜਾਇਆ। ਉਹ ਜੇਬ ਵਿਚ ਪਾ ਕੇ ਬੁੜ ਬੁੜ ਕਰਾ ਚੱਲਦਾ ਬਣਿਆ।

ਕੱਝ ਦਿਨਾਂ ਬਾਅਦ ਦੂਸਰੀ ਮਿਲਣੀ 'ਤੇ ਡਾ. ਰਾਜਪਾਲ ਨੇ ਦੱਸਿਆ ਕਿ ਉਹ ਹੌਲਦਾਰ ਅਗਲੇ ਦਿਨ ਸਵੇਰੇ ਫੇਰ ਆਇਆ ਸੀ ਤੇ ਧਮਕੀਆਂ ਦੇ ਕੇ ਸੌ ਰੁਪਏ ਲੈ ਗਿਆ। ਡਾਕਟਰ ਬੜਾ ਮਿਲਾਪੜਾ ਤੇ ਸਾਊ ਸੁਭਾਅ ਵਾਲਾ ਸੀ ਤੇ ਉਸ ਦੇ ਖਾੜਕੂਆਂ ਨਾਲ ਵੀ ਸਬੰਧ ਸਨ। ਉਹ ਜ਼ਖਮੀ ਹੋਏ ਖਾੜਕੂਆਂ ਦਾ ਦਵਾ-ਦਾਰੂ ਕਰਦਾ ਰਹਿੰਦਾ ਸੀ। ਇਹ ਸ਼ਰੀਫ਼ ਡਾਕਟਰ ਨੂੰ ਉਨ੍ਹਾਂ ਘੜੇ ਦੀ ਮੱਛੀ ਬਣਾ ਰੱਖਿਆ ਸੀ ਜਿਸ ਕੋਲੋਂ ਰਾਤ ਬਰਾਤੇ ਜ਼ਖਮੀ ਖਾੜਕੂਆਂ ਦੀ ਮਲ੍ਹਮ ਪੱਟੀ ਵੀ ਕਰਵਾ ਜਾਂਦੇ ਤੇ ਨਕਦ ਨਾਵਾਂ ਵੀ ਲੈ ਜਾਂਦੇ।

ਪੰਜਾਬ ਪੁਲਿਸ ਦੀਆਂ ਨਵੀਆਂ ਲਭਾਊ ਤਰੱਕੀਆਂ ਚਾਹੁਣ ਵਾਲੇ ਪੁਲਸੀਏ ਉਸ ਡਾਕਟਰ ਦੇ ਸਿਰ ਹੋ ਗਏ। ਮੁਖ਼ਬਰ ਹਰ ਵਕਤ ਉਸ ਦੀ ਸੂਹ ਰੱਖਦੇ ਕਿ ਇਹ ਖਾੜਕੂਆਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰ ਰਿਹਾ ਹੈ। ਡਾਕਟਰ ਦੋ ਪੁੜਾਂ ਵਿਚਕਾਰ ਪੀਸਿਆ ਜਾਣ ਲੱਗਾ। ਸਖ਼ਤੀ ਹੋਣ ਕਾਰਨ ਉਹ ਖਾੜਕੂਆਂ ਕੋਲੋਂ ਕੰਨੀਂ ਕਤਰਾਉਣ ਲੱਗਾ। ਅਖੀਰ ਅਸਲੀ ਜਾਂ ਨਕਲੀ ਖਾੜਕੂਆਂ ਨੇ ਇੱਕ ਰਾਤ ਇੱਕ ਲੱਖ ਨਕਦ ਦਾ ਸੁਆਲ ਪਾ ਦਿੱਤਾ। ਜ਼ਖਮੀ ਖਾੜਕੂਆਂ ਦੇ ਇਲਾਜ ਬਹਾਨੇ ਉਸ ਨੂੰ ਉਸੇ ਦੀ ਕਾਰ ਵਿਚ ਉਧਾਲ ਕੇ ਲੈ ਗਏ ਤੇ ਪੈਸੇ ਲੈ ਕੇ ਛੁਟਕਾਰਾ ਕੀਤਾ। ਬਾਦ ਵਿਚ ਉਸ ਜਗ੍ਹਾ ਘੇਰਾ ਪੈਣ ਕਰ ਕੇ ਇਕ ਮਾਰਿਆ ਗਿਆ ਤੇ ਬਾਕੀ ਦੌੜ ਗਏ। ਉਸ ਥਾਂ ਤੋਂ ਡਾ. ਰਾਜਪਾਲ ਦੀ ਹੱਥ ਲਿਖਤ ਦਵਾਈ ਪਰਚੀ ਮਿਲਣ ਕਾਰਨ ਪੁਲਿਸ ਵਾਲਿਆਂ ਆ ਦਬੋਚਿਆ ਅਤੇ ਖੱਜਲ ਖ਼ਰਾਬੀ ਹੋਣ ਤੇ ਨੋਟਾਂ ਦੀ ਬੁਝੀ ਭੇਟ ਕਰ ਪਿਛੋਂ ਉਸ ਨੂੰ ਮੁੜ ਘਰ ਵਾਪਿਸ ਆਉਣਾ ਨਸੀਬ ਹੋਇਆ। ਖਾੜਕੂਆਂ ਬਾਰੇ ਦਿੱਤੀ ਕਿਸੇ ਦੀ ਸੂਹ ਦਾ ਸਾਰਾ ਭਾਂਡਾ ਡਾਕਟਰ ਦੇ ਸਿਰ ਭੱਜਾ। ਇੱਕ ਰਾਤ ਉਸ ਨੂੰ ਗੋਲੀਆਂ ਦੀ ਬੁਛਾੜ ਨਾਲ ਢੇਰੀ ਕਰ ਦਿੱਤਾ ਗਿਆ ਤੇ ਮਨੁੱਖਤਾ ਦੀ ਸੇਵਾ ਕਰਦੀ ਉਸ ਦੀ ਕਲੀਨਿਕ ਹਮੇਸ਼ਾ ਲਈ ਬੰਦ ਹੋ ਗਈ। ਮੇਰੇ ਮਨ ਵਿਚ ਉਸ ਮਸੀਹੇ ਦੀ ਮਿੱਠੀ ਯਾਦ ਹਮੇਸ਼ਾ ਜਗਦੀ ਰਹੇਗੀ ਜਿਸ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਛੋਟੇ ਬੱਚੇ ਦਾ ਇਲਾਜ ਕਰ ਕੇ ਉਸ ਨੂੰ ਜੀਣ ਜੋਗਾ ਕਰ ਦਿੱਤਾ।

ਕਹਾਣੀ

# ਚਾਚਾ ਹੇਤੂ

***ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ ਦੀ ਕਹਾਣੀ 'ਚਾਚਾ ਹੇਤੂ' ਵਿਚੋਂ ਪੁਰਾਣੇ ਪੰਜਾਬ ਦਾ ਕੋਈ ਪਾਤਰ ਝਾਤੀਆਂ ਮਾਰਦਾ ਦਿਸਦਾ ਹੈ। ਅੱਜ ਕੱਲ੍ਹ ਦੇ ਪਾਤਰਾਂ ਵਾਂਗ ਇਸ ਪਾਤਰ ਵਿਚ ਕੋਈ ਬਹੁਤਾ ਵਿੰਗ-ਵਲ ਨਹੀਂ, ਝੱਟ ਤੁਹਾਨੂੰ ਉਸ ਨਾਲ ਹਮਦਰਦੀ ਵੀ ਜਾਗ ਪੈਂਦੀ ਹੈ। ਕਹਾਣੀਕਾਰ ਦੇ ਆਖਣ ਵਾਂਗ ਸੱਚਮੁੱਚ ਅਜਿਹੇ ਪਾਤਰ ਸਦਾ-ਸਦਾ ਲਈ ਇਤਿਹਾਸ ਦੇ ਪੰਨਿਆਂ ਵਿਚ ਦਫਨ ਹੋ ਗਏ ਹਨ। ਸੰਭਵ ਇਹ ਵੀ ਹੈ ਕਿ ਸਾਡੀਆਂ ਆਉਣ ਵਾਲੀਆ ਪੀੜ੍ਹੀਆਂ ਨੂੰ ਅਜਿਹੇ ਪਾਤਰ ਆਪਣੇ ਲੱਗਣੋਂ ਵੀ ਹਟ ਜਾਣ। -ਸੰਪਾਦਕ***

ਮਹਿੰਦਰ ਸਿੰਘ ਜੋਸ਼ੀ

ਅਗਲੇ ਦਿਨ ਸਾਡਾ ਅੰਗਰੇਜ਼ੀ ਦਾ ਇਮਤਿਹਾਨ ਸੀ, ਤੇ ਅਸੀਂ 'ਸੈਵਨ ਵੰਡਰਜ਼ ਆਫ਼ ਦਿ ਵਰਲਡ' ਨੂੰ ਘੋਟੇ ਲਾ ਰਹੇ ਸਾਂ। ਸਾਢੇ ਨੌਂ ਤੋਂ ਘੱਟ ਕੀ ਵੱਜੇ ਹੋਣਗੇ, ਜਦੋਂ ਚਾਚੇ ਦੀ ਗੱਜਦੀ ਗੂੰਜਦੀ ਆਵਾਜ਼ ਆਈ, "ਮੁੰਡਿਓ, ਓਇ ਮੁੰਡਿਓ!" ਇਸ ਆਵਾਜ਼ ਵਿਚ ਅਕੇਵੇਂ ਤੋਂ ਅੱਗੇ ਲੰਘ ਕੇ ਕਰੋਧ ਦੀ ਸੰਘਣੀ ਪਰਛਾਈਂ ਸੀ। ਮਾੜੇ ਕੀਤੇ ਚਾਚਾ ਹਰਖਦਾ ਨਹੀਂ ਹੁੰਦਾ। ਕਈ ਵਾਰੀ ਬੁਲਾ ਬੈਠਾ ਹੋਵੇਗਾ, ਸਾਨੂੰ ਹਾਕ ਸੁਣੀ ਨਹੀਂ ਹੋਣੀ। ਅਸੀਂ ਇਕਦਮ ਕਿਤਾਬਾਂ ਸੁੱਟ ਕੇ ਦਗੜ-ਦਗੜ ਕਰਦੇ ਹੇਠਾਂ ਉਤਰ ਆਏ। ਸਾਡੇ ਭੱਜ ਕੇ ਪਹੁੰਚਣ ਨਾਲ ਹੀ ਚਾਚੇ ਦਾ ਪਿੱਤਾ ਸ਼ਾਂਤ ਹੋ ਗਿਆ ਤੇ ਉਹ ਆਪਣੀ ਸੁਭਾਵਿਕ ਮਿਠਾਸ ਨਾਲ ਪੁੱਛਣ ਲੱਗਾ, "ਤੁਸੀਂ ਪਛਾਣਦੇ ਓ, ਇਹ ਕੌਣ ਐ?"

ਵੀਹ ਕੁ ਸਾਲ ਦਾ ਇਕ ਗਭਰੀਟ ਚਾਚੇ ਕੋਲ ਤੱਪੜ 'ਤੇ ਬੈਠਾ ਮੁਸਕੜੀਏ ਹੱਸ ਰਿਹਾ ਸੀ। ਅਸੀਂ ਬੜੇ ਧਿਆਨ ਨਾਲ ਉਹਦਾ ਹੁਲੀਆ ਪੜ੍ਹਿਆ, ਯਾਦ ਦੇ ਦਫ਼ਤਰਾਂ ਵਿਚ ਹਥਰੋਲੀਆਂ ਦਿੱਤੀਆਂ ਤੇ ਫਿਰ ਆਪਣੀ ਨਲਾਇਕੀ ਦੇ ਕੱਚੇ ਕੀਤੇ ਬੋਲੇ, "ਨਾ ਚਾਚਾ।"

"ਓਇ ਤੁਸੀਂ ਐਡੇ-ਐਡੇ ਹੋ ਗੇ ਬੁੱਢ-ਬਲੇਢ, ਐਦੂੰ ਪਿੱਛੋਂ ਕਦੋਂ ਆਪਣੇ ਰਿਸ਼ਤੇਦਾਰਾਂ ਨੂੰ ਜਾਣਨ ਲੱਗੋਂਗੇ? ਥੋਡਾ ਬਾਬਾ ਹੈ ਕਿ ਨਾ ਉਤਮ ਸੂੰ?"

ਰਲਦਾ ਸੀ ਇਹ ਬਾਬਾ, ਸਾਡੇ ਨਾਲ ਕਿਧਰੇ ਗਿਆਰ੍ਹਵੀਂ-ਬਾਰ੍ਹਵੀਂ ਪੀੜ੍ਹੀ ਵਿਚ। ਅਸੀਂ ਕਿਹਾ, "ਹਾਂ।"

"ਇਹ ਉਹਦੀ ਮਾਸੀ ਦੀ ਪੋਤੀ ਦੀ ਨਣਦ ਦੀ ਜਠਾਣੀ ਦਾ ਕੁੜਮੇਟਾ ਐ।"

ਸ਼ਰਮਿੰਦੇ ਅਸੀਂ ਬੜੇ ਸਾਂ ਆਪਣੇ ਇਸ ਰਿਸ਼ਤੇਦਾਰ ਤੋਂ ਜਾਣੂ ਨਾ ਹੋਣ ਲਈ, ਪਰ ਮੁਸੀਬਤ ਇਹ ਸੀ ਕਿ ਅਲਜਬਰੇ ਦੇ ਫਾਰਮੂਲਿਆਂ, ਜੁਮੈਟਰੀ ਦੀਆਂ ਪ੍ਰੋਪਜ਼ੀਸ਼ਨਾਂ, ਗੈਸਾਂ ਬਣਾਉਣ ਦੀਆਂ ਵਿਧੀਆਂ, ਇਤਿਆਦਿ ਨਾਲ ਗੜੁੱਚ ਦਿਮਾਗਾਂ ਤੋਂ ਸਾਨੂੰ ਉਕਾ ਆਸ ਨਹੀਂ ਸੀ ਕਿ ਜਦੋਂ ਅਗਲੀ ਵਾਰੀ ਸਾਡਾ ਇਹ ਸਕੇਲਾ ਚਾਚੇ ਨੇ ਦਿਖਾਇਆ, ਤਾਂ ਅਸੀਂ ਇਹਦੇ ਨਾਲ ਆਪਣੀ ਸੰਗਲੀ ਦੀਆਂ ਲੋੜੀਂਦੀਆਂ ਕੜੀਆਂ ਜੋੜ ਸਕਾਂਗੇ।

"ਮੇਰੇ ਮੂੰਹ ਕੰਨੀਂ ਨਾ ਝਾਕੀ ਜਾਉ ਹੁਣ। ਭਾਈ ਨੂੰ ਮੰਦਰ ਵਾਲੀ ਖੂਹੀ 'ਤੇ ਨਵ੍ਹਾ ਕੇ ਲਿਆਓ। ਮੈਂ ਇਹਦੀ ਰੋਟੀ ਬਣਾਉਨਾ।"

ਚਾਚਾ ਫਟਾਫਟ ਆਲੂ ਛਿੱਲਣ ਲੱਗ ਪਿਆ ਤੇ ਅਸੀਂ ਇਮਤਿਹਾਨ ਦੇ ਦਬਕਾਏ ਬਾਬੇ ਉਤਮ ਸਿੰਘ ਨੂੰ ਕੋਸਦੇ 'ਭਾਈ' ਨਾਲ ਮੰਦਰ ਨੂੰ ਤੁਰ ਪਏ।

ਚਾਚੇ ਨੂੰ ਸਾਡੀ ਪੜ੍ਹਾਈ ਵਿਚ ਦਿਲਚਸਪੀ ਨਾ ਹੋਵੇ, ਅਜਿਹੀ ਕੋਈ ਗੱਲ ਨਹੀਂ ਸੀ। ਉਹ ਤਾਂ ਸਾਨੂੰ ਨਾਜ਼ਮਾਂ, ਸਿਸ਼ਨ ਜੱਜਾਂ ਦੀਆਂ ਕੁਰਸੀਆਂ 'ਤੇ ਬੈਠੇ ਦੇਖਣਾ ਚਾਹੁੰਦਾ ਸੀ। ਇਸੇ ਚਾਅ ਵਿਚ ਉਹ ਆਪ ਸਾਡੇ ਕੱਪੜੇ ਧੋਂਦਾ, ਸਾਡਾ ਕਮਰਾ ਸੁੰਭਰਦਾ, ਸਵੇਰੇ ਚਾਰ ਵਜੇ ਜਗਾ ਕੇ ਸਾਨੂੰ ਚਾਹ ਪਿਆਲਦਾ। ਵਾਰਸ਼ਿਕ ਪ੍ਰੀਖਿਆ ਸੀ, ਜੇ ਅਸੀਂ ਰਹਿ ਜਾਂਦੇ, ਉਹਨੂੰ ਅੰਤਾਂ ਦਾ ਦੁੱਖ ਹੁੰਦਾ। ਅੱਧਾ ਘੰਟਾ ਪੜ੍ਹਨੋਂ ਹਟੇ ਰਹਿਣ ਨਾਲ ਨੰਬਰਾਂ ਨੂੰ ਧੱਕਾ ਵੱਜੇਗਾ, ਉਹਨੂੰ ਇਹ ਵੀ ਸਮਝ ਸੀ ਪਰ ਉਹਦੀ ਅਪਣੱਤ ਦਾ ਕੋਈ ਡੌਲ-ਬੰਨਾ ਨਹੀਂ ਸੀ। ਉਹ ਕਿਵੇਂ ਝੱਲ ਸਕਦਾ ਸੀ, ਕੋਈ ਭਾਈਬੰਦ, ਨੇੜੇ ਦਾ ਜਾਂ ਦੂਰ ਦਾ, ਉਹਦੇ ਹੁੰਦਿਆਂ ਸੁਨਾਮ ਆਵੇ ਤੇ ਉਹਦੀ ਪੁੱਛ-ਪ੍ਰਤੀਤ ਨਾ ਹੋਵੇ।

ਸਾਡੇ ਏਸ ਚਾਚੇ ਦੀ, ਜਿਹੜਾ ਆਪਣਾ ਨਾਂ ਗੁਰਹੇਤ ਸਿੰਘ ਲੈਂਦਾ ਹੈ, ਪਰ ਜਿਹਨੂੰ ਲੋਕ ਮੂੰਹ 'ਤੇ ਹੇਤ ਸਿੰਘ, ਤੇ ਪਿੱਠ ਪਿੱਛੇ ਹੇਤੂ ਕਹਿੰਦੇ ਸਨ, ਛੋਟੀ ਜਿਹੀ ਦੁਕਾਨ ਸੀ ਦੁੱਧ ਚਾਹ ਦੀ। ਤੇ ਉਹਦੇ ਚੁਬਾਰੇ ਵਿਚ ਅਸੀਂ ਰਹਿੰਦੇ ਸਾਂ। ਸਾਡੇ ਕੋਲ ਨਾ ਕੋਈ ਵਾਧੂ ਮੰਜਾ ਸੀ, ਨਾ ਬਿਸਤਰਾ। ਸੁਨਾਮ ਉਨ੍ਹੀਂ ਦਿਨੀਂ ਪਟਿਆਲਾ ਰਾਜ ਦਾ ਜ਼ਿਲ੍ਹਾ ਸੀ, ਚੌਥਾ ਪਾਵਾ ਤੇ ਪ੍ਰਾਹੁਣੇ ਧੜਾ-ਧੜ ਡਿਗਦੇ ਸਨ, ਕੋਈ ਕਿਵੇਂ, ਕੋਈ ਕਿਵੇਂ। ਆਉਣ ਵਾਲਾ ਜੇ ਚਾਚੇ ਦਾ ਯਾਰ-ਗਾਰ ਹੁੰਦਾ ਤਾਂ ਉਹਦੇ ਨਾਲ ਹੀ ਸੌਂ ਜਾਂਦਾ। ਕੋਈ ਹੋਰ ਚਿਟ-ਕੱਪੜੀਆ ਹੁੰਦਾ ਤਾਂ ਸਾਡੇ ਵਿਚੋਂ ਕਿਸੇ ਦਾ ਬਿਸਤਰਾ ਉਹਦੀ ਭੇਟ ਹੋ ਜਾਂਦਾ ਤੇ ਅਸੀਂ ਦੋਵੇਂ ਭਰਾ 'ਕੱਠੇ ਸੌਂਦੇ। ਤੇ ਜੇ ਉਹ ਪਹਿਨਣ-ਪੱਚਰਨ ਵਿਚ ਬਹੁਤ ਢਿੱਲਾ-ਮੱਠਾ ਹੁੰਦਾ ਤਾਂ ਚਾਚਾ ਉਹਨੂੰ ਆਪਣੀ ਦਰੀ-ਤਲਾਈ ਦੇਂਦਾ ਤੇ ਆਪ ਸਾਡੇ ਕੱਪੜਿਆਂ ਵਿਚ ਸੌਂਦਾ। ਕੇਸ ਧੋਣ ਨੂੰ ਅਸੀਂ ਕੋਈ ਐਤਵਾਰ ਨਾ ਖੁੰਝਾਉਂਦੇ ਤੇ ਤੜਕੇ ਆਥਣ ਕੰਘੀ ਦੇ ਬਰੀਕ ਪਾਸੇ ਨਾਲ ਵਹਾਈ ਕਰਦਿਆਂ ਖੋਪਰੀ ਦੀ ਚਮੜੀ ਉਧੇੜ ਲੈਂਦੇ ਪਰ ਜਦੋਂ ਵੀ ਪਿੰਡ ਜਾਂਦੇ, ਮਾਂ ਨੂੰ ਸਾਡੇ ਸਿਰ ਢੇਰਿਆਂ, ਧੱਖਾਂ, ਲੀਖਾਂ ਨਾਲ ਭਰੇ ਮਿਲਦੇ। ਪੂਰੇ ਚਿੜਿਆਘਰ। ਖ਼ਬਰੇ ਕਿਹੜਿਆਂ-ਕਿਹੜਿਆਂ ਪੱਤਣਾਂ ਦੇ ਪੰਛੀ ਘੁੰਮਦੇ-ਘੁੰਮਾਉਂਦੇ ਬਿਸਤਰਿਆਂ ਦੇ ਰਾਹ ਉਥੇ ਪਹੁੰਚ ਜਾਂਦੇ ਸਨ।

ਚਾਚਾ ਕਿਸੇ ਮਤ-ਧਰਮ ਦਾ ਚੀੜ੍ਹਾ ਅਨੁਇਆਈ ਨਹੀਂ ਸੀ। ਕਿਸੇ ਤੀਰਥ-ਧਾਮ 'ਤੇ ਤਾਂ ਕੀ ਜਾਣਾ ਸੀ (ਮਰ-ਮੁੱਕਿਆਂ ਦੇ ਫੁੱਲ ਗੰਗਾ ਪਾਉਣ ਤੋਂ ਛੁੱਟ), ਉਹ ਕਿਸੇ ਮੰਦਰ ਗੁਰਦੁਆਰੇ ਵੀ ਨਾ ਜਾਂਦਾ। ਬਿਲਕੁਲ ਨਿਰਅੱਖਰ ਹੋਣ ਕਰ ਕੇ ਉਹਨੂੰ ਗੁਟਕਾ ਪੜ੍ਹਨ ਦੀ ਜਾਚ ਨਹੀਂ ਸੀ। ਜ਼ਬਾਨੀ ਪਾਠ ਕਰਦਾ, ਪਰ ਸਿਆਲ ਦੇ ਮਹੀਨੇ ਇਸ਼ਨਾਨ ਦੇ ਨਾਲ-ਨਾਲ। ਏਧਰ ਕੱਛ ਨੁੱਚੜੀ, ਓਧਰ ਪਾਠ ਸਮਾਪਤ। ਜਪੁਜੀ ਤੇ ਆਸਾ ਦੀ ਵਾਰ ਦੀਆਂ ਪਉੜੀਆਂ ਤੇ ਫਰੀਦ, ਕਬੀਰ ਦੇ ਸ਼ਲੋਕਾਂ ਵਿਚ ਏਥੇ-ਉਥੇ ਸੁਣੀ ਸੁਣਾਈ ਦਾ ਮਿਰਚ ਮਸਾਲਾ ਪਾ ਕੇ ਉਹਨੇ ਬੜੀ ਅਚਰਜ ਅੰਨ-ਕੂਟ ਪਕਾਈ ਹੋਈ ਸੀ। ਮੈਂ ਕਿੰਨੀ ਵਾਰੀ ਉਹਨੂੰ ਉਹਦੀਆਂ ਭੁੱਲਾਂ ਦੱਸੀਆਂ। ਇਹ ਵੀ ਸਮਝਾਇਆ ਕਿ ਗੁਰਬਾਣੀ ਦਾ ਲਗ ਅੱਖਰ ਗ਼ਲਤ ਬੋਲਣਾ ਪਾਪ ਹੈ ਪਰ ਉਸ ਤੋਂ ਪੁਰਾਣੀ ਲੀਹ ਨਾ ਛੁੱਟੀ। ਕੀ ਪਤਾ, ਕਿੰਨੇ ਦਹਾਕਿਆਂ ਤੋਂ ਆਪਣੇ ਹੀ ਢੰਗ ਨਾਲ ਰਚੀ ਮੁਹਾਰਨੀ ਦੁਹਰਾਉਂਦਾ ਚਲਿਆ ਆ ਰਿਹਾ ਸੀ। ਕਿੱਥੋਂ ਸੁਧਾਈ ਹੋ ਸਕਦੀ ਸੀ ਉਹਦੀ ਕੋਈ ਹੁਣ। ਜਿਹੜੀਆਂ ਤੁਕਾਂ ਹੱਥੋਂ ਮੈਨੂੰ ਸਭ ਤੋਂ ਬਹੁਤ ਖਿਝ ਛੁੱਟਦੀ ਸੀ, ਉਹ ਸਨ,

ਔਖੀ ਘਾਟੀ ਮੁਸ਼ਕਲ ਪਾਣੀ।
ਕਹੁ ਕਬੀਆ ਤੈਂ ਕਿਸ ਬਿਧ ਜਾਣੀ।
ਸਿਰ ਪਰ ਹਾਥ ਢਾਕ ਪਰ ਘੜਾ।
ਕਹੁ ਨਾਰੀ ਤੈਂ ਕਿਸ ਬਿਧ ਭਰਾ।

"ਭਲਾ ਚਾਚਾ ਇਹ ਕਿਧਰ ਦਾ ਪਾਠ ਐ?" ਮੈਂ ਪੰਜਵੇਂ-ਸਤਵੇਂ ਦਿਨ ਸਤ ਕੇ ਪੁੱਛਦਾ।

"ਕਿਉਂ, ਚੰਗਾ ਭਲੈ! ਇਹ ਆਪਾਂ ਤੋਂ ਕੁਛ ਮੰਗਦੈ?"

ਅਗਲੇ ਦਿਨ ਫੇਰ ਉਹੀ ਇਸ਼ਨਾਨ ਤੇ ਫੇਰ ਉਹੀ ਮੰਤਰ ਜਾਪ। ਜਿਨ੍ਹੀਂ ਦਿਨੀਂ ਚਾਚੇ ਦੀ ਪੜ੍ਹਨ ਦੀ ਵਰੇਸ ਸੀ, ਟਾਵੇਂ-ਟੱਲੇ ਬੱਚੇ ਹੀ ਮਦਰੱਸੇ ਜਾਂਦੇ ਸਨ। ਜਦੋਂ ਵੀ ਕਿਸੇ ਨੇ ਸਕੂਲ ਮੁਆਇਨੇ ਲਈ ਆਉਣਾ, ਮੁੰਡਿਆਂ ਦੀ ਦਿਲ-ਵਧਾਈ ਲਈ ਮੋਤੀਚੂਰ ਦੇ ਲੱਡੂ ਵੰਡਣੇ। ਇਕ ਵਾਰੀ ਇਸ ਤਰ੍ਹਾਂ ਇੰਸਪੈਕਟਰ ਸਾਹਿਬ ਪਿੰਡ ਆਏ ਤਾਂ ਚਾਚਾ ਅਲਫ਼ ਬੇ ਦਾ ਇਕਹਿਰਾ ਕਾਗ਼ਜ਼ ਫੜੀ ਬੈਠਾ। ਉਨ੍ਹਾਂ ਨੇ ਉਹਨੂੰ ਪਿਆਰ ਨਾਲ ਕੋਲ ਬੁਲਾ ਕੇ ਪੁੱਛਿਆ, "ਇਹ ਕਿਵੇਂ ਐਂ, ਜਦੋਂ ਵੀ ਮੈਂ ਸਾਲ ਪਿੱਛੋਂ ਆਉਨਾਂ, ਤੂੰ ਅਲਫ਼ ਬੇ 'ਤੇ ਈ ਹੁੰਨੈ?"

ਚਾਰ ਤਜ਼ਾਬ ਸੋਨੇ ਵਿਚ ਖੋਟ ਹੋਵੇ ਤਾਂ ਹੋਵੇ, ਚਾਚੇ ਦੇ ਬੋਲ ਵਿਚ ਕਿਥੇ! ਕਹਿੰਦਾ, "ਮੈਂ ਤਾਂ ਜੀ ਡੰਗਰਾਂ ਦਾ ਪਾਲੀ ਆਂ, ਮਹਿਨੇ ਦੇ ਦਿਨ ਲੱਡੂਆਂ ਦਾ ਮਾਰਿਆ ਸਕੂਨ ਆ ਬੈਠਦਾਂ।" ਇੰਸਪੈਕਟਰ ਸਾਹਿਬ ਉਹਦੇ ਉਤਰ 'ਤੇ ਬਹੁਤ ਪ੍ਰਸੰਨ ਹੋਏ ਤੇ ਉਹਨੂੰ ਦੋ ਲੱਡੂ ਹੋਰਾਂ ਨਾਲੋਂ ਜ਼ਿਆਦਾ ਮਿਲ ਗਏ।

ਪੜ੍ਹਨ ਤਾਂ ਪਾਇਆ ਗਿਆ ਸੀ ਚਾਚੇ ਨੂੰ ਸੰਤਾਂ ਦੇ ਡੇਰੇ, ਪਰ ਏਸ ਪਾਸੇ ਉਹਦਾ ਚਿੱਤ ਨਾ ਲੱਗਿਆ। ਮੋਟੇ-ਮੋਟੇ ਅੱਖਰਾਂ ਵਾਲੀ ਪੱਥਰ ਛਾਪੇ ਦੀ ਪੰਜ ਗ੍ਰੰਥੀ ਉਹਨੂੰ ਸੁਮੇਰ ਪਰਬਤ ਲਗਦੀ ਸੀ। ਛੇ ਮਹੀਨੇ ਲੰਘ ਕੇ ਉਹ ਛੇ ਅੱਖਰਾਂ ਦਾ ਵੀ ਸਿਆਣੂ ਨਾ ਹੋਇਆ। ਸੰਤ ਅੱਕ ਗਏ। ਕਹਿੰਦੇ, "ਡੰਗਰ-ਵੱਛਾ ਸਾਂਭ ਸੋਹਣਿਆ। ਤੂੰ ਕਿਵੇਂ ਪੜ੍ਹੇਂ। ਨਮਦਾ-ਬੁੱਧੀ ਪੇਸ਼ ਨਹੀਂ ਜਾਣ ਦਿੰਦੀ ਤੇਰੀ।"

ਘਰਦਿਆਂ ਦੇ ਭਾ ਦਾ ਚਾਚਾ ਸਾਊ ਤੇ ਸੁਲੱਗ ਹੀ ਨਹੀਂ, ਸਿਆਣਾ ਵੀ ਸੀ। ਉਨ੍ਹਾਂ ਨੇ ਸੋਚਿਆ, ਕੁਸੰਗ ਧਲੀ ਨਹੀਂ ਬੱਝਣ ਦਿੰਦਾ ਤੇ ਉਹਨੂੰ ਕਾਸ਼ੀ ਭੇਜ ਦਿੱਤਾ, ਜਿਥੇ ਸਾਡੇ ਇਕ ਵਿਦਵਾਨ ਬਜ਼ੁਰਗ ਨਿਆਇ ਸ਼ਾਸਤਰ ਪੜ੍ਹਾਉਂਦੇ ਸਨ। ਆਪਣੇ ਵਿਸ਼ੇ ਦੇ ਉਹ ਤਿੰਨ ਚੋਣਵੇਂ ਪੰਡਤਾਂ ਵਿਚੋਂ ਸਨ ਤੇ ਕਾਸ਼ੀ ਵਿਚ ਉਨ੍ਹਾਂ ਦਾ ਬੜਾ ਹੀ ਆਦਰ ਮਾਣ ਸੀ। ਦੋ ਵੇਲੇ ਸਾਬਣ ਤੇਲ ਨਾਲ ਨ੍ਹਾ ਕੇ ਤੇ ਪੰਜ-ਗਜ਼ੀਆਂ ਖੁੰਬ-ਚੜ੍ਹੀਆਂ ਧੋਤੀਆਂ ਪਹਿਨ ਕੇ ਚਾਚੇ ਦੀ ਰੂਹ ਨਿਕਲ ਆਈ। ਖੀਰਾਂ, ਪੂੜੇ, ਪਰਸ਼ਾਦ, ਨਿਰੇ ਪਦਾਰਥ ਚਾਚੇ ਨੂੰ ਛਕਣ ਨੂੰ ਮਿਲਦੇ ਤੇ ਉਹ ਚੰਗਾ ਵਾਹਵਾ ਪਰਚ ਗਿਆ ਪਰ ਜਦੋਂ ਮਹੀਨੇ, ਵੀਹ ਦਿਨ ਪਿੱਛੋਂ ਆਪਣੀ ਢਾਣੀ ਦੇ ਹਾਣੀਆਂ-ਪਾਲੀਆਂ ਨਾਲ ਨੱਚਣ-ਟੱਪਣ ਤੇ ਝੱਖਾਂ ਮਾਰਨ ਦਾ ਡੌਂ ਉਠਿਆ, ਚਾਚਾ ਸਿਰ ਸੁੱਟ ਕੇ ਪੈ ਪਿਆ। ਪੰਡਿਤ ਜੀ ਨੇ ਪੁੱਛਿਆ, "ਕੀ ਗੱਲ ਕਾਕਾ, ਤੂੰ ਰੋਟੀ ਕਿਉਂ ਛੱਡ ਦਿਤੀ?" ਜੇ ਭਲਾ ਦਿਲ ਦੀ ਘੁੰਡੀ ਖੋਲ੍ਹੇ ਬਿਨਾਂ ਹੀ ਸਰ ਜਾਵੇ, ਚਾਚਾ ਕਹਿੰਦਾ, "ਮੈਂ ਤਾਂ ਮੱਕੀ ਦੇ ਦਾਣੇ ਚੱਬੂੰ!" ਉਹਦਾ ਖਿਆਲ ਸੀ, ਮਠਿਆਈਆਂ ਤੇ ਹੋਰ ਸੁਆਦੀ ਮਾਲ ਦੀ ਕਿੰਨੀ ਹੀ ਭਰਮਾਰ ਹੋਵੇ, ਏਥੇ ਸੰਸਕ੍ਰਿਤ ਦੀ ਪਾਠਸ਼ਾਲਾ ਵਿਚ ਮੱਕੀ ਦੇ ਭੁੱਜੇ ਦਾਣੇ ਕਿਥੋਂ ਮਿਲਣਗੇ। ਚਾਚੇ ਦੇ ਬਹਾਨੇ ਵਿਚ ਏਨੀ ਜਾਨ ਨਹੀਂ ਸੀ, ਜਿੰਨੀ ਉਹ ਸਮਝ ਬੈਠਾ ਸੀ। ਪਾਠਸ਼ਾਲਾ ਦੇ ਸਰਪ੍ਰਸਤ ਸੇਠ ਕੋਲ ਏਸ ਨਿੱਕੇ ਬ੍ਰਹਮਚਾਰੀ ਦੀ ਰੁਚੀ ਦੀ ਭਿਣਕ ਪਹੁੰਚੀ ਤੇ ਬਿੰਦ-ਝੱਟ ਵਿਚ ਮੱਕੀ ਦੀਆਂ ਖਿੱਲਾਂ ਚਾਚੇ ਦੇ ਚੱਬਣ ਲਈ ਅੱਪੜ ਗਈਆਂ। ਜਦੋਂ ਪੱਜਾਂ ਦੀ ਦਾਲ ਗਲਦੀ ਨਾ ਦਿਸੀ, ਚਾਚਾ ਸਿੱਧੇ ਰਾਹ ਹੋ ਗਿਆ, "ਮੈਂ ਨੀ ਇਥੇ ਰਹਿੰਦਾ। ਮੇਰੇ ਤਾਂ ਪਿੰਡ ਦੇ ਮੁੰਡੇ ਜਿਆਦ ਆਉਂਦੇ 'ਨ।" ਪੰਡਿਤ ਜੀ ਨੇ ਤਾੜ ਲਿਆ, ਇਹ ਵਿਰਕਤ ਨਹੀਂ ਉਪਨਿਸ਼ਦਾਂ, ਦਰਸ਼ਨਾਂ ਦੀ ਲਪੇਟ ਵਿਚ ਆਉਣ ਵਾਲਾ, ਤੇ ਉਹਨੂੰ ਪਸ਼ੌਰ ਪਰਤਾ ਦਿਤਾ। ਕਹਿਣ ਨੂੰ ਤਾਂ ਚਾਚਾ ਕਈ ਵਾਰ ਕਹਿ ਲੈਂਦੇ, "ਹੇ ਉਦੋਂ ਸ਼ਾਸਤਰੀ ਪੜ੍ਹ ਲੈਂਦੇ, ਮੌਜ ਕਰਦੇ", ਪਰ ਚਾਚੇ ਨੂੰ ਜਾਣਨ ਵਾਲਾ ਕੋਈ ਕਿਵੇਂ ਕਿਸੇ ਭੁਲੇਖੇ ਵਿਚ ਆ ਸਕਦਾ ਹੈ। ਉਹ ਬਣਾਇਆ ਕਦੋਂ ਗਿਆ ਸੀ ਕੋਮਦੀਆਂ ਕੰਠ ਕਰਨ ਲਈ।

ਚਾਚੇ ਹੁਣਾਂ ਦੀ ਜੁੰਡੀ ਖੇਲ੍ਹਦੀ-ਮਲ੍ਹਦੀ ਕਿਸੇ ਸੁਲਫ਼ੇਬਾਜ਼ ਕੋਲ ਪਹੁੰਚ ਗਈ। ਵਿਚੋਂ ਕਿਸੇ ਨੇ ਦੇਖਾ-ਦੇਖੀ ਉਹਦੀ ਹੁਣੇ-ਹੁਣੇ ਭਰੀ ਚਿਲਮ ਫੜ ਲਈ। ਉਹ ਸੂਟਾ ਕਾਹਦਾ ਜਿਹਨੇ ਲਾਟ ਨਾ ਕੱਢੀ। ਨਵਾਂ ਪਿਆਕ ਖਿੱਚਦਾ-ਖਿਚਦਾ ਬੇਹੋਸ਼ ਹੋ ਗਿਆ। ਜੋੜੀਦਾਰਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸਿਆਣਿਆਂ ਨੂੰ ਪਤਾ ਪੁਚਾਉਣ ਦੀ ਹਿੰਮਤ ਨਾ। ਮਿੱਤਰ ਆਪਣੇ ਨੂੰ ਲੱਤਾਂ-ਬਾਹਾਂ ਤੋਂ ਚੁੱਕ ਕੇ ਛੱਪੜ 'ਤੇ ਲੈ ਗਏ ਤੇ ਸੁਲਫ਼ੇ ਦੀ ਗਰਮੀ ਖੋਣ ਲਈ ਲੱਗੇ ਮਾਘ ਦੇ ਮਹੀਨੇ ਗੋਤੇ 'ਤੇ ਗੋਤਾ ਦੇਣ। ਇਕ ਘੰਟਾ ਡੁਬਕੀਆਂ ਚਲਦੀਆਂ ਰਹੀਆਂ ਤੇ ਫੇਰ ਉਹ ਟਾਟਕੇ ਵਿਚ ਪਾ ਦਿਤਾ। ਦੇਖਦੇ-ਦੇਖਦੇ ਮਰੀਜ਼ ਬਾਰਾਂ-ਵੰਨੀ ਦਾ ਹੋ ਗਿਆ ਤੇ ਬੇਲੀਆਂ ਨਾਲ ਘਰਾਂ ਨੂੰ ਤੁਰ ਪਿਆ।

ਮੂੰਹ ਸੁਆਦ ਕਰਨ ਨੂੰ ਜੀ ਲਲਚਾਇਆ ਤੇ ਚਾਚੇ ਹੁਣੀਂ ਨਿਆਈਂ ਦੀ ਇਮਲੀ ਦੇ ਉਦਾਲੇ ਹੋ ਗਏ। ਏਧਰ ਓਧਰ ਦੇਖਿਆ, ਤੁੱਕੇ ਤੋੜਨ ਲਈ ਕੁਝ ਨਜ਼ਰ ਨਾ ਆਵੇ। ਅਖ਼ੀਰ ਗਿਰਝਾਂ ਦੇ ਚੂੰਡੇ ਕਰੰਗ ਨਾਲ ਹੀ ਕੰਮ ਚਲਾਉਣ ਦੀ ਸੋਚੀ। ਪੰਜ ਦਸ ਵਾਰੀ ਹੱਡ ਵਗਾਹ ਕੇ ਸੁੱਟਿਆ ਤੇ ਤੁੱਕੇ ਟੁੱਟਣ ਦਾ ਕੰਮ ਖਾਸਾ ਚੰਗਾ ਰਿੜ੍ਹ ਪਿਆ। ਫੇਰ ਇਹ ਹਥਿਆਰ ਟਾਹਣੇ ਨਾਲ ਤਿੜਕਿਆ ਤੇ ਚਾਚੇ ਦੇ ਸ਼੍ਰੋਮਣੀ ਸਾਥੀ ਬਿਸ਼ਨੇ ਦੇ ਸਿਰ ਵਿਚ ਵੱਜਿਆ। ਖੋਪਰੀ ਵਿਚ ਪਾੜ ਖੁੱਲ੍ਹ ਗਿਆ ਤੇ ਲਹੂਆਂ ਦੇ ਘਰਾਲ ਵਗ ਤੁਰੇ। ਡਾਕਟਰ ਸੰਗ ਦੇ ਵਿਚ ਹੀ ਸਨ। ਬਿਸ਼ਨੇ ਨੂੰ ਢਾਬ ਦੇ ਅੰਮ੍ਰਿਤ ਕੁੰਡ 'ਤੇ ਲੈ ਜਾ ਕੇ ਘਾਅ ਚੀਕਣੀ ਮਿੱਟੀ ਨਾਲ ਭਰਿਆ, ਉਹਦੇ ਹੱਥ-ਮੂੰਹ ਤੇ ਕੱਪੜੇ ਧੋਤੇ ਤੇ ਗੋਮ-ਗੋਮੇ ਘਰ ਲਿਆ ਕੇ ਉਹਨੂੰ ਮੰਜੇ ਉਤੇ ਲਿਟਾ ਦਿਤਾ।

ਚੁਮਾਸੇ ਦੇ ਰੰਗੀਨ ਦਿਨ। ਮਿੱਤਰ ਮੰਡਲੀ ਅੰਬ ਚੂਪਣ ਨੂੰ ਬੇਚੈਨ। ਖੀਸੇ ਸਭ ਦੇ ਖਾਲੀ। ਮਾਈ ਦਿੱਤਾ ਕਹਿੰਦਾ, "ਮੈਂ ਆਪਣੇ ਤਾਏ ਦੇ ਪੈਸੇ ਚੁਰਾ ਕੇ ਲਿਆਉਨਾਂ, ਤੁਸੀਂ ਮੇਰੇ ਨਾਲ ਚੱਲੋ।" ਦੁਕਾਨ ਨੂੰ ਜੰਦਰਾ ਵੱਜਾ ਸੀ, ਸਾਰੇ ਕੋਠੇ 'ਤੇ ਚੜ੍ਹ ਗਏ। ਲੱਕ ਨੂੰ ਪੱਗ ਬੰਨ੍ਹ ਕੇ ਮਾਈ ਦਿੱਤਾ ਮੋਘੇ ਵਿਚ ਹੇਠਾਂ ਲਮਕਾ ਦਿਤਾ ਤੇ ਜਦੋਂ ਗੱਲੇ ਦੀ ਨਕਦੀ ਕਾਬੂ ਹੋ ਗਈ, ਉਸੇ ਪੱਗ ਨਾਲ ਉਹਨੂੰ ਉਪਰ ਖਿੱਚਣ ਲੱਗੇ। ਪੱਗ ਪਰ ਐਸੀ ਸੋਧ ਕੇ ਬੱਝੀ, ਮਾਈ ਦਿੱਤਾ ਤਕੜੀ ਦੀ ਡੰਡੀ ਵਾਂਗ ਸਾਵਾਂ ਤੁਲ ਗਿਆ। ਇਕ-ਦੋ ਵਾਰ ਘਸੀਟਿਆਂ ਸਫ਼ਲਤਾ ਨਾ ਮਿਲੀ ਤਾਂ ਸਿਖੰਦੜ ਚੋਰ ਉਹਨੂੰ ਉਥੇ ਹੀ ਛੱਡ ਕੇ ਦੌੜ ਆਏ।

ਜੋ ਕੁਝ ਚਾਚੇ ਤੇ ਉਹਦੇ ਸਹਾਇਕ ਬਿਸ਼ਨੇ ਨੇ ਪਲੇਗ ਦੀ ਮਹਾਂਮਾਰੀ ਵੇਲੇ ਕੀਤਾ, ਜੇ ਉਹਦੀ ਕਦਰ ਪੈਂਦੀ ਤਾਂ ਉਨ੍ਹਾਂ ਨੂੰ ਸਰਦਾਰ-ਬਹਾਦਰੀ ਮਿਲਦੀ। ਬਿਮਾਰੀ ਬੜੀ ਭੈੜੀ ਸੀ, ਨਾ ਉਹਦਾ ਕੋਈ ਇਲਾਜ, ਨਾ ਕੋਈ ਟੂਣਾ। ਜਿਹੜਾ ਇਕ ਵਾਰੀ ਡਿੱਗ ਪਿਆ, ਉਠ ਹੀ ਨਾ ਸਕਿਆ। ਕਈ ਘਰਾਣੇ ਇਕ-ਇਕ ਦਿਨ ਵਿਚ ਹੀ ਗੁੱਲ ਹੋ ਗਏ। ਭਰੀਆਂ ਤੁੰਨੀਆਂ ਹਵੇਲੀਆਂ ਸੁੰਨੀਆਂ ਛੱਡ ਕੇ ਲੋਕ ਬਾਹਰ ਟਿੱਬਿਆਂ 'ਤੇ ਛੰਨਾ ਪਾਈ ਬੈਠੇ। ਭੈਅ ਏਨਾ ਕਿ 'ਪਲੇਗ' ਦਾ ਨਾਂ ਜ਼ਬਾਨ 'ਤੇ ਲਿਆਉਣ ਦਾ ਕਿਸੇ ਤੋਂ ਸਾਹਸ ਨਾ ਹੋਵੇ। ਮੁਰਦਿਆਂ ਦੀ ਗੱਲ ਵੱਖ, ਚੰਗੇ ਰਿਸ਼ਤੇਦਾਰ ਢਿੱਲਿਆਂ ਦੇ ਨੇੜੇ ਫਟਕਣ ਤੋਂ ਕੰਨੀਂ ਕਤਰਾਉਣ। ਸਿਮਰੂ ਬਾਣੀਆਂ ਸਬਾਤ ਵਿਚ ਪਿਆ ਸੜੀ ਜਾਵੇ ਤੇ ਘਰਦੇ ਕਹਿਣ, ਉਹ ਤਾਂ ਗਰੋਂ-ਘੋਈ ਗਿਐ। ਜਦੋਂ ਅਸਲੀਅਤ ਉਘੜੀ, ਚਾਚੇ ਨੇ ਜੰਦਰਾ ਤੋੜ ਕੇ ਉਹਨੂੰ ਸ਼ਮਸ਼ਾਨ ਵਿਚ ਲਿਆਂਦਾ ਤੇ ਉਹਦੀ ਮਿੱਟੀ ਟਿਕਾਣੇ ਲਾਈ। ਰੰਨ ਨਾ ਕੰਨ, ਚਾਚੇ ਨੂੰ ਪਲੇਗ ਦਾ ਕੀ ਡਰ ਸੀ। ਸ਼ਰਾਬ ਦੀ ਬੋਤਲ ਤੇ ਸੇਰ ਝਟਕਾ ਚਾਚੇ ਦਾ, ਤੇ ਏਨਾ ਕੁਝ ਹੀ ਬਿਸ਼ਨੇ ਦਾ, ਤੇ ਏਸ ਤਿਲ-ਫੁਲ ਬਦਲੇ ਉਹ ਦਿਨ ਤੇ ਰਾਤ ਮੁਰਦੇ ਸਾਂਭਣ ਲਈ ਪਿੰਡ ਦੇ ਗੁਲਾਮ। ਲਾਸ਼ ਨੂੰ ਗੱਡੇ 'ਤੇ ਸੁੱਟਣ, ਛੱਪੜ ਵਿਚ ਹੰਘਾਲਣ ਤੇ ਚਿਤਾ ਉਤੇ ਰੱਖ ਦੇਣ। ਲੱਕੜਾਂ ਦੇ ਜ਼ਖ਼ੀਰੇ ਮੁੱਕ ਗਏ ਤਾਂ ਛੱਤਾਂ ਦੀਆਂ ਸ਼ਤੀਰੀਆਂ ਤੇ ਚੁਬਾਰਿਆਂ ਦੀਆਂ ਪੌੜੀਆਂ ਪਾੜ ਲਈਆਂ। ਭਾਈਚਾਰੇ ਵਲੋਂ ਏਨੀ ਸੇਵਾ ਕਰਦਿਆਂ ਦਾ ਉਕਰ ਇਹ ਹੋਇਆ ਕਿ ਕੋਈ ਕਾਂਸੀ ਪਿੱਤਲ ਦੇ ਭਾਂਡਿਆਂ ਵਿਚ ਰੋਟੀ ਨਾ ਦੇਵੇ। ਠੀਕਰਿਆਂ ਵਿਚ ਪਾ-ਪਾ ਖਾਣ ਕੁੱਤੇ ਵਾਂਗੂ।

ਜਦੋਂ ਦੀ ਮੈਨੂੰ ਹੋਸ਼ ਆਈ ਹੈ, ਮੈਂ ਤਾਂ ਚਾਚੇ ਨੂੰ ਦੁੱਧ-ਚਾਹ ਦੀ ਹੱਟ ਕਰਦੇ ਹੀ ਦੇਖਿਆ ਹੈ ਪਰ ਉਹ ਦੱਸਦਾ ਹੈ, ਉਹਨੇ ਕਈ ਪਾਪੜ ਹੋਰ ਵੀ ਵੇਲੇ ਹਨ। ਵਿਦਿਆ ਪ੍ਰਾਪਤੀ ਤੋਂ ਖਹਿੜਾ ਛੁੱਟਿਆ ਤਾਂ ਉਹ ਪਹਿਲਵਾਨਾਂ ਨਾਲ ਘੁੰਮਣ ਲੱਗਾ। ਆਪ ਤਾਂ ਨਾ ਘੁਲਦਾ, ਨਾ ਸੌਂਚੀ ਪੱਕੀ ਖੇਡਦਾ; ਉਹਦਾ ਕੰਮ ਸੀ, ਦੁੱਧ ਦਾ ਗਜਾ ਕਰਨਾ ਤੇ ਬਦਾਮ ਘੋਟਣੇ। ਜੇ ਆਪਣਾ ਬੰਦਾ ਢਹਿ ਗਿਆ ਤਾਂ ਗਰਕ ਹੋਣ ਲਈ ਧਰਤੀ ਵਿਚ ਵਿਰਲਾਂ ਲੱਭਣੀਆਂ, ਤੇ ਜੇ ਜਿੱਤ ਗਿਆ ਤਾਂ ਚਾਂਘਰਾਂ ਮਾਰ ਕੇ ਤੇ ਬੱਕਰੇ ਬੁਲਾ ਕੇ ਤਾਰਿਆਂ ਦੇ ਕੰਨ ਬੋਲੇ ਕਰ ਦੇਣੇ। ਉਧਰੋਂ ਅੱਕਿਆ, ਨਚਾਰਾਂ ਨਾਲ ਜਾ ਰਲਿਆ। ਕਦੇ ਢੋਲਕੀ ਗਲ ਪਾ ਲਈ, ਕਦੇ ਮਸਾਲ ਫੜ ਲਈ। ਅੱਜ ਏਥੇ, ਕੱਲ੍ਹ ਉਥੇ।

ਚਾਚੇ ਨੂੰ ਕਵੀਸ਼ਰੀ ਸੁਣਨ ਦਾ ਵੀ ਸ਼ੌਕ ਸੀ। ਉਨ੍ਹੀਂ ਦਿਨੀਂ ਇਕ ਦਲਿਤ ਬੀਬੀ ਸੰਤੀ ਢੱਡ ਸਾਰੰਗੀ ਨਾਲ ਗਾਉਂਦੀ ਸੀ, ਇਕ ਸ਼ਿਵਦੇਵੀ ਬਾਹਮਣੀ। ਚਾਚਾ ਸ਼ੰਕਰ ਦੀ ਥਾਪਨਾ ਵਾਲੀ ਗਾਇਕਾ ਨੂੰ ਪਿੰਡ ਲੈ ਆਇਆ ਤੇ ਮਹਿਫ਼ਿਲ ਜੁੜ ਗਈ। ਚਾਚੇ ਨੂੰ ਸੋਚ ਸੀ, ਉਹ ਨਾ ਹੋਵੇ, ਪਿੰਡ ਆਈ ਕਲਾਕਾਰ ਦਾ ਮੁੱਲ ਹੀ ਨਾ ਪਵੇ। ਉਹਨੇ ਇਕ ਛਾਂਟਵਾਂ ਕਦਰਦਾਨ ਨਸ਼ੇ ਨਾਲ ਸਾਣ ਉਤੇ ਚਾੜ੍ਹ ਕੇ ਤੇ ਦੋ ਸੌ ਰੁਪਇਆ ਕਿਸੇ ਤੋਂ ਉਧਾਰ ਦਿਵਾ ਕੇ ਅਖਾੜੇ ਵਿਚ ਲਿਆ ਬਿਹਾਇਆ। ਸ਼ਿਵਦੇਵੀ ਜਦੋਂ ਵੀ ਭੌਂ ਕੇ ਉਹਦੇ ਸਾਹਮਣੇ ਆਉਂਦੀ, ਉਹ ਪੰਜ ਰੁਪਈਏ ਵਾਰ ਦਿੰਦਾ। ਇਸ ਖਰਬੂਜੇ ਦਾ ਰੰਗ ਹੋਰ ਖਰਬੂਜਿਆਂ 'ਤੇ ਚੜ੍ਹਿਆ। ਆਥਣੇ ਚਾਂਦੀ ਦੀ ਝੋਲੀ ਭਰੀ ਸ਼ਿਵਦੇਵੀ ਚਾਚੇ ਨੂੰ ਕਹਿੰਦੀ, "ਚੁੱਕ ਲੈ ਜੋ ਤੇਰੀ ਮਰਜ਼ੀ।" ਚਾਚੇ ਨੇ ਇਹਨੂੰ ਉਲਟਾ ਆਪਣਾ ਅਪਮਾਨ ਸਮਝਿਆ ਤੇ ਰੁੱਸ ਕੇ ਬਹਿ ਗਿਆ।

ਉਨ੍ਹਾਂ ਦਿਨਾਂ ਨੂੰ ਚਾਚਾ ਹੁਣ ਕਈ ਵਾਰ ਯਾਦ ਕਰ ਲੈਂਦਾ ਹੈ, "ਦੋ ਪੈਸੇ ਜੋੜ ਲੇ ਹੁੰਦੇ, ਬਿਆਹ ਈ ਹੋ ਜਾਂਦਾ।"

ਚਾਚੇ ਨੇ ਕੁਝ ਦੇਰ ਗੱਡਾ ਵੀ ਵਾਹਿਆ। ਪਸ਼ੌਰ ਤੋਂ ਪੰਜਾਹ ਕੋਹ ਹੈ ਖੰਨਾ। ਜਾਣ ਦਾ ਭਾੜਾ ਅੱਠ ਆਨੇ ਮਣ, ਤੇ ਮੁੜਨ ਦਾ ਚਾਰ ਆਨੇ ਮਣ। ਜਿਹੜੇ ਦੋ ਪੈਸੇ ਲਿਆਉਂਦਾ, ਘਰ ਖੁਹਾ ਲੈਂਦਾ। ਰਾਹ ਵਿਚ ਖਾਧੀ ਚੂਰੀ ਹੀ ਪੱਲੇ ਰਹਿ ਜਾਂਦੀ। ਹਲ ਫੜਿਆ ਤਾਂ ਉਹਦੇ ਭਰਾ, ਦੋਵੇਂ ਉਹਤੋਂ ਵੱਡੇ, ਧੀਦੋ ਦੇ ਵੀਰ ਬਣ ਕੇ ਟੱਕਰੇ। ਫਸਲ ਦੀ ਵਿਕਰੀ ਸਾਰਿਆਂ ਤੋਂ ਵੱਡੇ ਚੰਗੇ ਭਲੇ ਨੌਕਰ ਨੇ ਹਥਿਆ ਲਈ ਤੇ ਵਿਚਕਾਰਲੇ ਨੇ ਕੁਝ ਨਾ ਮਿਲਣ ਤੇ ਜਲੇਵੇਂ ਵਿਚ ਉਹਨੂੰ ਘਰੋਂ ਕੱਢ ਦਿਤਾ।

ਜਿਹੜਾ ਧੰਦਾ ਚਾਚੇ ਨੇ ਅਸਲੋਂ ਜੀਅ ਲਾ ਕੇ ਕੀਤਾ, ਉਹ ਸ਼ਰਾਬ ਦੀ ਠੇਕੇਦਾਰੀ ਸੀ। ਉਹਨੂੰ ਖੱਟੀ ਦੀ ਕੋਈ ਭੁੱਖ ਨਹੀਂ ਸੀ। ਲੋਕਾਂ ਨੂੰ ਪੀਂਦਿਆਂ ਨੂੰ ਦੇਖ ਕੇ ਹੀ ਰਾਜ਼ੀ ਰਹਿੰਦਾ। ਲਾਲ ਪਰੀ ਦਾ ਇਕ ਸ਼ੈਦਾਈ ਚਾਚੇ ਨੂੰ ਕਹਿੰਦਾ, "ਤੈਨੂੰ ਰੁਪਈਏ ਨੂੰ ਬੋਤਲ ਪੈਂਦੀ ਐ। ਤੂੰ ਮੈਨੂੰ ਭਾ ਦੇ ਭਾ ਦੇਹ। ਮੈਂ ਅੱਗੇ ਗਾਹਕ ਨੂੰ ਦੁਆਨੀ ਘਾਟਾ ਪਾ ਕੇ ਦੇਊਂ।" ਇਕ ਉਹਤੋਂ ਵੀ ਬਹੁਤ ਹੌਸਲੇ ਵਾਲਾ ਬੋਲਿਆ, "ਜਿਹੜਾ ਵੀ ਕੋਈ ਪੀਂਦੈ, ਉਹਨੂੰ ਮੇਰੇ ਪਲਿਓਂ ਪਿਆਓ ਤੇ ਜਦੋਂ ਤਕ ਢੋਲ ਨੀ ਮੁੱਕਦਾ, ਟੂਟੀ ਬੰਦ ਨਾ ਕਰੋ।"

ਗਲੀਓਂ ਗਲੀ ਹੋਕਾ ਫਿਰ ਗਿਆ। ਜਿਨ੍ਹਾਂ ਨੇ ਕਦੇ ਸਹੁੰ ਨਹੀਂ ਸੀ ਭੰਨੀ, ਉਹ ਵੀ ਮੁਫ਼ਤ ਦੀ ਪੀ ਕੇ ਲਟਬੌਰੇ ਹੋ ਗਏ। ਆਟੇ ਗੁੰਨ੍ਹਦੀਆਂ ਤੇ ਗੁਤਾਵੇ ਰਲਾਉਂਦੀਆਂ ਕਈ ਤੀਵੀਆਂ ਛੰਨੇ ਚੁੱਕੇ ਕੇ ਆ ਗਈਆਂ। ਪਿੰਡ ਵਿਚ ਸ਼ਰਾਬ ਦੇ ਸਦਾਵਰਤ ਦੀ ਲੀੜ੍ਹ ਤੁਰ ਪਈ। ਅੱਜ ਇਕ ਦਾ ਢੋਲ ਲੁੱਟ ਰਿਹਾ ਹੈ, ਕੱਲ੍ਹ ਦੂਜੇ ਦਾ। ਪਤਾ ਨਹੀਂ ਸੱਚ, ਪਤਾ ਨਹੀਂ ਝੂਠ, ਚਾਚਾ ਦਸਦੈ, ਚੀਨ ਦੇ ਇਕ ਨੌਕਰ ਨੇ ਆਪਣਾ ਸ਼ਰਾਬ ਦਾ ਕਰਜ਼ਾ ਚੌਦਾਂ ਸੌ ਵਿਚ ਜ਼ਮੀਨ ਧਰ ਕੇ ਤੇ ਏਨੇ ਨੂੰ ਹੀ ਵਹੁਟੀ ਵੇਚ ਕੇ ਉਤਾਰਿਆ। ਸਾਲ ਪਿੱਛੋਂ ਹਿਸਾਬ ਹੋਇਆ ਤਾਂ ਚਾਚਾ ਆਪ ਨੌਂ ਸੌ ਹੇਠ ਆਇਆ ਹੋਇਆ ਸੀ।

ਥੋੜ੍ਹੇ ਦਿਨ ਹੋਏ ਪਤਾ ਲੱਗਾ, ਚਾਚਾ ਕੈਂਸਰ ਦੇ ਨਾ-ਮੁਰਾਦ ਰੋਗ ਨੇ ਗ੍ਰਸ ਲਿਆ ਹੈ ਤੇ ਉਹ ਪਲ-ਪਲ ਕਰਾਹੁੰਦਾ ਆਪਣਾ ਅੰਤ ਉਡੀਕ ਰਿਹਾ ਹੈ। ਮੈਂ ਪਿੰਡ ਗਿਆ ਤਾਂ ਉਹ ਬੁਰੇ ਹਾਲੀਂ ਸੀ। ਰੰਗ ਦਾੜ੍ਹੀ-ਮੁੱਛਾਂ ਦੇ ਵਾਲਾਂ ਤੋਂ ਵੱਧ ਪੀਲਾ, ਚਿਹਰਾ ਸੁੱਕੇ ਬੇਰ ਵਾਂਗ ਪਿਚਕਿਆ, ਲਹੂ-ਮਾਸ ਨੁੱਚੜੀ ਦੇਹ ਐਉਂ ਪਈ ਜਿਵੇਂ ਮੰਜੇ ਦੀ ਤੀਜੀ ਬਾਹੀ ਹੋਵੇ। ਦੁੱਖ-ਸੁੱਖ ਪੁੱਛਿਆ ਤਾਂ ਗੱਲ ਟਾਲ ਕੇ ਆਪਣੇ ਬਚਪਨ ਤੇ ਜੁਆਨੀ ਦੀਆਂ ਕਹਾਣੀਆਂ ਤੋਰ ਲਈਆਂ। ਨਾ ਮੇਰੇ ਬੈਠੇ ਉਹਨੇ ਹੂੰਗਰ ਮਾਰੀ, ਨਾ ਆਪਣੀ ਕਿਸੇ ਥੁੜ੍ਹ ਤਕਲੀਫ਼ ਦਾ ਗਿਲਾ ਕੀਤਾ। ਮੈਂ ਆਉਣ ਲਈ ਉਠਿਆ ਤਾਂ ਕਹਿੰਦਾ, "ਤੂੰ ਲਿੱਸਾ ਹੋ ਰਿਹੈਂ, ਧਿਆਨ ਰੱਖਿਆ ਕਰ ਆਪਣੇ ਸਰੀਰ ਦਾ।"

ਖੋਜ ਦੱਸਦੀ ਹੈ, ਜਦੋਂ ਦੀ ਸ੍ਰਿਸ਼ਟੀ ਬਣੀ ਹੈ, ਬੇਅੰਤ ਕਿਸਮ ਦੇ ਜੀਵਾਂ ਦੀਆਂ ਨਸਲਾਂ ਨਸ਼ਟ ਹੋ ਚੁੱਕੀਆਂ ਹਨ। ਮੈਨੂੰ ਮੁੜ-ਮੁੜ ਖਿਆਲ ਆਉਂਦਾ ਹੈ, ਚਾਚੇ ਦੀ ਮੌਤ ਨਾਲ ਇਕ ਹੋਰ ਨਸਲ ਲੋਪ ਹੋ ਜਾਵੇਗੀ।

## ਗੱਲ ਬਣੀ ਕਿ ਨਹੀਂ

### ਨਵਾਂ ਦੌਰ

ਖਰੇ-ਖੋਟੇ ਦਾ ਰਿਹਾ ਨ੍ਹੀਂ ਫਰਕ ਏਥੇ,
ਕਿਤੇ ਲਾਈ ਤੇ ਕਿਤੇ ਬੁਝਾਈ ਜਾਂਦੇ।
ਉਤੋਂ ਠੰਡ ਦੀ ਭਿਖਿਆ ਮੰਗਦੇ ਨੇ,
ਅੱਗ ਬੁੱਕਲ ਦੇ ਵਿਚ ਲਗਾਈ ਜਾਂਦੇ।
ਠੂੰਹੇ-ਬਿੱਛੂਆਂ ਦੀ ਗੱਲ ਤਾਂ ਰਹੀ ਪਾਸੇ,
ਡੰਗ ਸੱਪਾਂ ਦੇ ਵਾਂਗ ਚਲਾਈ ਜਾਂਦੇ।
ਹੋਕੇ ਬੁਲਬੁਲਾਂ ਦੇ ਲੋਕੀਂ ਦੇਣ ਇਥੇ,
ਚੱਕੀਰਾਹੇ ਹੀ ਕੱਢ ਵਿਖਾਈ ਜਾਂਦੇ।
ਦਿਖਾਉਂਦੇ ਫਿਰਦੇ ਸੋਹਣੀਆਂ ਸੂਰਤਾਂ ਨੂੰ,
ਦਿਲ ਕਾਲਖ ਦੇ ਵਿਚ ਨੁਹਾਈ ਜਾਂਦੇ।
ਲੀਰਾਂ ਜਿਨ੍ਹਾਂ ਫੁਲਕਾਰੀ ਦੀਆਂ ਕੀਤੀਆਂ ਸੀ,
ਤੋਪੇ ਉਹੀ ਲਗਾਉਂਦੀਆਂ ਫਿਰਦੀਆਂ ਨੇ।
ਕਾਂ ਚੁੱਪ ਨੇ ਨਵੇਂ ਇਸ ਦੌਰ ਅੰਦਰ ਕੂੰਜਾਂ,
ਕੂੰਜਾਂ ਦੇ ਹੱਥੋਂ ਹੀ ਘਿਰਦੀਆਂ ਨੇ।

***-ਐਸ. ਅਸ਼ੋਕ ਭੌਰਾ***

# 'ਖੂਬਸੂਰਤ' ਖਿਆਲ

## ਪਿਆਰ ਤੇ ਅਮਨ ਦਾ ਗੀਤ...





ਇਸ ਸਾਲ ਸਤੰਬਰ ਵਿਚ ਰਿਲੀਜ਼ ਹੋ ਰਹੀ ਹਿੰਦੀ ਫਿਲਮ 'ਖੂਬਸੂਰਤ' ਨਾਲ ਕਈ ਖੂਬਸੂਰਤ ਖਿਆਲ ਜੁੜ ਗਏ ਹਨ। ਇਸ ਫਿਲਮ ਵਿਚ ਪਾਕਿਸਤਾਨੀ ਅਦਾਕਾਰ ਤੇ ਗਾਇਕ ਫਵਾਦ ਖਾਨ ਅਤੇ ਸੋਨਮ ਕਪੂਰ ਦੀਆਂ ਮੁੱਖ ਭੂਮਿਕਾਵਾਂ ਹਨ ਅਤੇ ਇਹ ਫਿਲਮ 1980 ਵਿਚ ਇਸੇ ਨਾਂ ਹੇਠ ਬਣੀ ਹਿੱਟ ਫਿਲਮ ਦੀ ਰੀਮੇਕ ਹੈ। ਪਿਆਰ ਵਾਲੀਆਂ ਉਮਦਾ ਫਿਲਮਾਂ ਲਈ ਮਸ਼ਹੂਰ ਫਿਲਮਸਾਜ਼ ਰਿਸ਼ੀਕੇਸ਼ ਮੁਖਰਜੀ ਦੀ ਉਸ ਫਿਲਮ ਵਿਚ ਰੇਖਾ ਅਤੇ ਰਾਕੇਸ਼ ਰੌਸ਼ਨ ਨੇ ਮੁੱਖ ਕਿਰਦਾਰ ਨਿਭਾਏ ਸਨ।

ਜਿਉਂ-ਜਿਉਂ ਇਹ ਨਵੀਂ ਫਿਲਮ 'ਖੂਬਸੂਰਤ' ਬਣਨੀ ਸ਼ੁਰੂ ਹੋਈ, ਪਾਕਿਸਤਾਨ ਵਿਚ ਫਵਾਦ ਖਾਨ ਦਾ ਇਸ ਕਰ ਕੇ ਵਿਰੋਧ ਸ਼ੁਰੂ ਹੋ ਗਿਆ ਕਿ ਉਹ ਭਾਰਤੀ ਫਿਲਮਾਂ ਵਿਚ ਕਿਉਂ ਕੰਮ ਕਰ ਰਿਹਾ ਹੈ। ਉਸ ਨੇ ਇਹ ਗੱਲਾਂ ਉਛਾਲ ਰਹੇ ਕੱਟੜਪੰਥੀਆਂ ਦਾ ਡਟ ਕੇ ਵਿਰੋਧ ਕੀਤਾ ਅਤੇ ਕਿਹਾ ਕਿ ਕਲਾ ਦਾ ਕੋਈ ਧਰਮ, ਨਸਲ ਜਾਂ ਜਾਤ ਨਹੀਂ ਹੁੰਦੀ; ਦੂਜੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੁਝ ਵੀ ਵੰਡਿਆ ਹੋਇਆ ਨਹੀਂ ਹੈ। ਹਾਂ, ਜਿਹੜੇ ਲੋਕ ਦੋਹਾਂ ਮੁਲਕਾਂ ਵਿਚਕਾਰ ਲਗਾਤਾਰ ਨਫ਼ਰਤ ਦੇ ਬੀਜ ਬੋਅ ਰਹੇ ਹਨ, ਉਨ੍ਹਾਂ ਨੂੰ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਸਾਂਝ ਕੌੜੀ ਲਗਦੀ ਹੈ। ਉਂਜ, ਸੱਚਾਈ ਇਹ ਹੈ ਕਿ ਦੋਹਾਂ ਦੇਸ਼ਾਂ ਦੇ ਲੋਕ ਇਕ-ਦੂਜੇ ਨਾਲ ਸਾਂਝ ਬਣਾਉਣੀ ਚਾਹੁੰਦੇ ਹਨ। ਜੇ ਖੇਤਰੀ ਪੱਧਰ ਉਤੇ ਵੀ ਦੇਖੀਏ ਤਾਂ ਕਾਰੋਬਾਰ ਵਿਚ ਵੀ ਦੋਹਾਂ ਦੇਸ਼ਾਂ ਦੀ ਸਾਂਝ ਮਿਸਾਲ ਕਾਇਮ ਕਰ ਸਕਦੀ ਹੈ।



ਫਵਾਦ ਖਾਨ

ਚੇਤੇ ਰਹੇ ਕਿ ਭਾਰਤ ਵਿਚਲੇ ਕੱਟੜਪੰਥੀ ਅਕਸਰ ਅਜਿਹੀਆਂ ਕੌੜੀਆਂ-ਕੁਸੈਲੀਆਂ ਗੱਲਾਂ ਕਰਦੇ ਰਹਿੰਦੇ ਹਨ, ਤੇ ਪਾਕਿਸਤਾਨ ਤੋਂ ਆਏ ਕਲਾਕਾਰਾਂ ਦੇ ਸਮਾਗਮਾਂ ਵਿਚ ਲਗਾਤਾਰ ਵਿਘਨ ਪਾਉਂਦੇ ਰਹਿੰਦੇ ਹਨ। ਉਂਜ, ਚੰਗੀ ਗੱਲ ਇਹ ਹੈ ਕਿ ਦੋਹਾਂ ਦੇਸ਼ਾਂ ਦੇ ਕੱਟੜਪੰਥੀਆਂ ਦੀਆਂ ਅਜਿਹੀਆਂ ਜ਼ਹਿਰੀਲੀਆਂ ਸਰਗਰਮੀਆਂ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਕਲਾਕਾਰ ਇਕ-ਦੂਜੇ ਨਾਲ ਰਾਬਤਾ ਰੱਖ ਰਹੇ ਹਨ ਅਤੇ ਕੰਮ ਵੀ ਕਰ ਰਹੇ ਹਨ।




ਫਿਲਮ 'ਖੂਬਸੂਰਤ' ਦਾ ਪੋਸਟਰ।

ਇਸ ਨਵੀਂ ਫਿਲਮ 'ਖੂਬਸੂਰਤ' ਵਿਚ ਸੋਨਮ ਖਾਨ ਅਤੇ ਫਵਾਦ ਖਾਨ ਤੋਂ ਇਲਾਵਾ ਕਿਰਨ ਖੇਰ, ਰਤਨਾ ਪਾਠਕ, ਅਮੀਰ ਰਜ਼ਾ ਹੁਸੈਨ ਅਤੇ ਅਦਿਤੀ ਰਾਓ ਹੈਦਰੀ ਨੇ ਵੀ ਆਪੋ-ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਹਨ। ਇਸ ਫਿਲਮ ਦੇ ਨਿਰਦੇਸ਼ਕ ਸ਼ਸ਼ਾਂਕਾ ਘੋਸ਼ ਹਨ। ਫਵਾਦ ਖਾਨ ਜਿਹੜਾ ਪਾਕਿਸਤਾਨ ਵਿਚ ਬਹੁਤ ਮਸ਼ਹੂਰ ਅਦਾਕਾਰ ਹੈ, ਦਾ ਆਖਣਾ ਹੈ ਕਿ ਉਸ ਨੂੰ ਇਸ ਹਿੰਦੀ ਫਿਲਮ ਵਿਚ ਕੰਮ ਕਰ ਕੇ ਬੜਾ ਆਨੰਦ ਆਇਆ ਹੈ। ਹਿੰਦੀ ਫਿਲਮ ਜਗਤ ਨੇ ਵੀ ਉਸ ਨੂੰ ਬਾਹਾਂ ਖੋਲ੍ਹ ਕੇ ਨਿੱਘ ਨਾਲ ਜੀ ਆਇਆਂ ਕਿਹਾ ਹੈ। ਉਸ ਨੂੰ ਫਿਲਮ ਦੀ ਕਹਾਣੀ ਵੀ ਬੜੀ ਜਚੀ ਹੈ। ਜਦੋਂ ਉਸ ਨੂੰ ਇਸ ਫਿਲਮ ਦੀ ਪੇਸ਼ਕਸ਼ ਹੋਈ ਸੀ, ਉਸ ਨੇ ਪਹਿਲੀ 'ਖੂਬਸੂਰਤ' ਫਿਲਮ ਨਹੀਂ ਸੀ ਦੇਖੀ। ਇਹ ਫਿਲਮ ਦੇਖਣ ਤੋਂ ਬਾਅਦ ਉਸ ਨੇ ਨਵੀਂ ਫਿਲਮ ਬਣਾਉਣ ਲਈ ਝੱਟ 'ਹਾਂ' ਕਰ ਦਿੱਤੀ। ਉਸ ਮੁਤਾਬਕ ਕਿਸੇ ਫਿਲਮ ਦਾ ਰੀਮੇਕ ਬਣਾਉਣਾ ਹੈ ਤਾਂ ਜੋਖਮ ਵਾਲਾ ਕੰਮ, ਪਰ ਨਿਰਦੇਸ਼ਕ ਸ਼ਸ਼ਾਂਕ ਘੋਸ਼ ਨੇ ਉਨ੍ਹਾਂ ਦਾ ਕੰਮ ਬਹੁਤ ਹੱਦ ਤੱਕ ਸੌਖਾ ਕਰ ਦਿੱਤਾ ਸੀ। ਉਸ ਨੇ ਦੱਸਿਆ ਕਿ ਨਵੀਂ ਫਿਲਮ ਰੀਮੇਕ ਹੋਣ ਦੇ ਬਾਵਜੂਦ ਪੁਰਾਣੀ ਫਿਲਮ ਨਾਲੋਂ ਬਹੁਤ ਸਾਰੀ ਵੱਖਰੀ ਵੀ ਹੈ। ਪੁਰਾਣੀ ਫਿਲਮ ਵਿਚ ਰਕੇਸ਼ ਰੌਸ਼ਨ ਨੇ ਡਾਕਟਰ ਦਾ ਕਿਰਦਾਰ ਨਿਭਾਇਆ ਹੈ, ਜਦ ਕਿ ਉਹ ਇਸ ਫਿਲਮ ਵਿਚ ਰਾਜਪੂਤ ਸ਼ਹਿਜ਼ਾਦਾ ਬਣਿਆ ਹੈ।

ਸੋਨਮ ਕਪੂਰ ਇਸ ਫਿਲਮ ਨੂੰ ਲੈ ਕੇ ਫਵਾਦ ਖਾਨ ਤੋਂ ਵੀ ਵੱਧ ਉਤਸੁਕ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਇਸ ਫਿਲਮ ਨੂੰ ਇਕ ਚੁਣੌਤੀ ਵਾਂਗ ਲਿਆ ਹੈ। ਪੁਰਾਣੀ 'ਖੂਬਸੂਰਤ' ਫਿਲਮ ਵਿਚ ਰੇਖਾ ਨੇ ਆਪਣੀ ਅਦਾਕਾਰੀ ਨਾਲ ਧੰਨ-ਧੰਨ ਕਰਵਾ ਦਿੱਤੀ ਸੀ। ਉਸ ਦੀ ਕੋਸ਼ਿਸ਼ ਸੀ ਕਿ ਜੇ ਉਹ ਰੇਖਾ ਤੋਂ ਚੰਗੀ ਅਦਾਕਾਰੀ ਨਾ ਵੀ ਕਰ ਸਕੇ; ਤਾਂ ਘੱਟੋ-ਘੱਟ ਉਸ ਦੇ ਬਰਾਬਰ ਜ਼ਰੂਰ ਤੁਲੇ। ਇਹ ਗੱਲ ਵੀ ਠੀਕ ਹੈ ਕਿ ਰੀਮੇਕ ਫਿਲਮ ਵਿਚ ਸਭ ਦਾ ਧਿਆਨ ਪਹਿਲਾਂ ਬਣੀ ਫਿਲਮ ਵੱਲ ਹੁੰਦਾ ਹੈ ਅਤੇ ਫਿਲਮ ਆਲੋਚਕ ਤੇ ਦਰਸ਼ਕ ਇਸੇ ਹਿਸਾਬ ਨਾਲ ਫਿਲਮ ਦੇਖਦੇ ਹਨ। ਫਿਰ ਵੀ ਉਸ ਨੇ ਇਸ ਫਿਲਮ ਵਿਚ ਬੜਾ ਕੁਝ ਰੇਖਾ ਨਾਲੋਂ ਵੱਖਰਾ ਕਰਨ ਦਾ ਯਤਨ ਕੀਤਾ ਹੈ। ਇਹ ਫਿਲਮ ਉਸ ਦੇ ਫਿਲਮ ਅਦਾਕਾਰ ਬਾਪੂ ਅਨਿਲ ਕਪੂਰ ਨੇ ਬਣਾਈ ਹੈ ਅਤੇ ਉਸ ਦੀ ਵੀ ਕੋਸ਼ਿਸ਼ ਹੈ ਕਿ ਉਸ ਦੀ ਧੀ ਸੋਨਮ ਕਪੂਰ ਦਾ ਕਰੀਅਰ ਕੁਝ ਅਗਾਂਹ ਵਧੇ।

ਸੋਨਮ ਕਪੂਰ ਨੇ ਆਪਣਾ ਫਿਲਮੀ ਕਰੀਅਰ ਸਾਲ 2007 ਵਿਚ ਫਿਲਮ 'ਸਾਂਵਰੀਆ' ਨਾਲ ਆਰੰਭ ਕੀਤਾ ਸੀ। ਦੋ ਸਾਲ ਬਾਅਦ ਜਦੋਂ ਉਸ ਦੀ ਫਿਲਮ 'ਦਿੱਲੀ-6' ਰਿਲੀਜ਼ ਹੋਈ ਤਾਂ ਸਭ ਨੂੰ ਸਪਸ਼ਟ ਹੋ ਗਿਆ ਕਿ ਉਹ ਫਿਲਮੀ ਦੁਨੀਆਂ ਵਿਚ ਨਵੀਆਂ ਪੈੜਾਂ ਪਾ ਸਕਣ ਦੇ ਕਾਬਿਲ ਹੈ। ਇਸ ਤੋਂ ਬਾਅਦ 2013 ਵਿਚ ਉਸ ਦੀਆਂ ਤਿੰਨ ਫਿਲਮਾਂ- 'ਬੌਂਬੇ ਟਾਕੀਜ਼', 'ਰਾਂਝਨਾ' ਤੇ 'ਭਾਗ ਮਿਲਖਾ ਭਾਗ', ਰਿਲੀਜ਼ ਹੋਈਆਂ ਅਤੇ ਉਸ ਦਾ ਵਾਹਵਾ ਚਰਚਾ ਹੋਈ। ਹੁਣ 'ਖੂਬਸੂਰਤ' ਤੋਂ ਬਾਅਦ ਉਸ ਦੀਆਂ ਦੋ ਫਿਲਮਾ 'ਡੌਲੀ ਕੀ ਡੋਲੀ' ਅਤੇ 'ਪ੍ਰੇਮ ਰਤਨ ਧਨ ਪਾਇਓ' ਅਗਲੇ ਸਾਲ 2015 ਵਿਚ ਰਿਲੀਜ਼ ਹੋ ਰਹੀਆਂ ਹਨ।



1980 'ਚ ਬਣੀ ਫਿਲਮ 'ਖੂਬਸੂਰਤ' ਦੀ ਅਦਾਕਾਰਾ ਰੇਖਾ।




# ਹੁਨਰਮੰਦ ਅਦਾਕਾਰ ਨਿਹਾਲ ਪੁਰਬਾ

ਰਾਜਸਥਾਨ ਦੇ ਖੂਬਸੂਰਤ ਸ਼ਹਿਰ ਜੋਧਪੁਰ ਵਿਚ ਜਨਮੇ ਨਿਹਾਲ ਪੁਰਬਾ ਦਾ ਨਾਂ ਮਾਪਿਆਂ ਨੇ ਕੁਲਦੀਪ ਰੱਖਿਆ ਸੀ। 'ਕੁਲ' ਦੇ ਇਸ 'ਦੀਪ' ਦੇ ਪੈਰੀਂ ਚੱਕਰ ਜਨਮ ਵੇਲੇ ਤੋਂ ਹੀ ਲੱਗ ਗਿਆ ਸੀ। ਪਿਤਾ ਜੀ ਫ਼ੌਜ ਵਿਚ ਹੋਣ ਕਰ ਕੇ ਘੁਮੱਕੜਪੁਣਾ ਵਿਰਾਸਤ ਵਿਚ ਮਿਲ ਗਿਆ ਸੀ। ਨਿਹਾਲ ਜੋਧਪੁਰ, ਪਟਨਾ, ਲਖਨਊ, ਬੰਗਲੌਰ, ਅੰਬਾਲਾ, ਪਠਾਨਕੋਟ ਤੋਂ ਹੁੰਦਾ ਹੋਇਆ ਅੰਮ੍ਰਿਤਸਰ ਖਾਲਸਾ ਕਾਲਜ ਪਹੁੰਚ ਗਿਆ ਜਿੱਥੇ ਉਹ ਵਿਗਿਆਨ ਦੀਆਂ ਚੌਦਾਂ ਜਮਾਤਾਂ ਪੜ੍ਹਦਾ ਹੋਇਆ ਨਾਟਕ ਨਾਲ ਜੁੜ ਗਿਆ। ਅੰਮ੍ਰਿਤਸਰ ਪੰਜਾਬੀ ਨਾਟਕ ਦਾ ਮੁੱਖ ਕੇਂਦਰ ਰਿਹਾ ਹੈ। ਬਾਬੇ ਗੁਰਸ਼ਰਨ ਤੋਂ ਬਾਅਦ ਸਮਕਾਲੀ ਨਾਟਕਕਾਰਾਂ ਨੇ ਵੀ ਇਸ ਰਵਾਇਤ ਨੂੰ ਅੱਗੇ ਤੋਰਿਆ ਹੋਇਆ ਹੈ। ਨਿਹਾਲ ਅੰਮ੍ਰਿਤਸਰ ਵਿਚ ਨਾਮੀ ਨਾਟਕਕਾਰਾਂ ਕੇਵਲ ਧਾਲੀਵਾਲ ਅਤੇ ਰਜਿੰਦਰ ਰਾਜੂ ਨਾਲ ਮਿਲ ਕੇ ਨਾਟਕ ਖੇਡਦਾ ਰਿਹਾ। ਅੰਮ੍ਰਿਤਸਰ ਦੇ ਤਜਰਬੇ ਨੇ ਉਹਨੂੰ ਚੰਗਾ ਕਲਾਕਾਰ ਬਣਨ ਦੇ ਰਾਹੇ ਤੋਰਿਆ।

ਫਿਰ ਉਹ ਲੁਧਿਆਣੇ ਜਾ ਢੁੱਕਿਆ ਜਿੱਥੇ ਉਹਦਾ ਮੇਲ ਫ਼ਿਲਮ ਅਤੇ ਨਾਟਕ ਕਲਾਕਾਰ ਨਿਰਮਲ ਰਿਸ਼ੀ ਨਾਲ ਹੋਇਆ। ਉਹ ਲੁਧਿਆਣੇ ਵਿਚ ਨਾਟਕ ਖੇਡਦਾ, ਤੇ ਫਿਰ ਲੁਧਿਆਣੇ ਤੋਂ ਮੋਗਾ ਅਤੇ ਮੰਡੀ ਗੋਬਿੰਦਗੜ੍ਹ ਦੇ ਕਾਲਜਾਂ ਵਿਚ ਬਤੌਰ ਨਾਟਕ-ਅਧਿਆਪਕ ਕੰਮ ਕਰਦਾ ਰਿਹਾ। ਨਿਹਾਲ ਯਾਦ ਕਰਦਾ ਹੈ ਕਿ ਲੁਧਿਆਣੇ ਦਾ ਸ਼ਾਇਦ ਹੀ ਕੋਈ ਕਾਲਜ ਹੋਵੇ ਜਿੱਥੇ ਉਹਨੇ ਨਾਟਕ ਨਾ ਤਿਆਰ ਕਰਵਾਇਆ ਹੋਵੇ। 2008 ਵਿਚ ਨਿਹਾਲ ਫ਼ਿਲਮ ਅਦਾਕਾਰ ਬਣਨ ਦਾ ਸੁਪਨਾ ਪੂਰਾ ਕਰਨ ਲਈ ਮੁੰਬਈ ਰਵਾਨਾ ਹੋ ਗਿਆ। ਉਹਨੂੰ ਲੜੀਵਾਰਾਂ ਅਤੇ ਫ਼ਿਲਮਾਂ ਵਿਚ ਗੁਜ਼ਾਰੇ ਜੋਗਾ ਕੰਮ ਮਿਲਣ ਲੱਗਾ। ਨਿਹਾਲ ਪੰਜਾਬੀ ਫ਼ਿਲਮਾਂ 'ਸੁਖਮਨੀ', 'ਲੜ ਗਿਆ ਪੇਚਾ', 'ਜਿਹਨੇ ਮੇਰਾ ਦਿਲ ਲੁੱਟਿਆ' ਅਤੇ 'ਪਤਾ ਨੀ ਰੱਬ ਕਿਹੜਿਆਂ ਰੰਗਾਂ ਵਿਚ ਰਾਜ਼ੀ' ਵਿਚ ਨਜ਼ਰ ਆਇਆ। ਉਹਨੇ ਹਿੰਦੀ ਫ਼ਿਲਮ 'ਤੇਰੇ ਨਾਲ ਲਵ ਹੋ ਗਿਆ' ਵਿਚ ਵੀ ਕੰਮ ਕੀਤਾ।

ਸੰਨ 2010 ਦੇ ਆਖਰੀ ਮਹੀਨਿਆਂ ਵਿਚ ਉਹਦੀ ਮੁਲਾਕਾਤ ਦੋ ਸਹਿ-ਅਦਾਕਾਰਾਂ ਜਤਿੰਦਰ ਸ਼ਰਮਾ ਅਤੇ ਰਾਜ ਸਿੰਘ ਝਿੰਜਰ ਨਾਲ ਹੋਈ। ਇਹ ਦੋਵੇਂ ਅਦਾਕਾਰ ਅੱਗੇ ਹਦਾਇਤਕਾਰ ਜਤਿੰਦਰ ਮੌਹਰ ਦੇ ਸੰਪਰਕ ਵਿਚ ਸਨ ਜੋ ਪੰਜਾਬੀ ਫ਼ਿਲਮ 'ਮਿੱਟੀ' ਲਈ ਜਾਣੇ ਜਾਂਦੇ ਹਨ। ਇਨ੍ਹਾਂ ਦੋਸਤਾਂ ਨੇ ਨਿਹਾਲ ਦੀ ਮੁਲਾਕਾਤ ਜਤਿੰਦਰ ਮੌਹਰ ਨਾਲ ਕਰਵਾ ਦਿੱਤੀ। ਜਤਿੰਦਰ ਮੌਹਰ ਨੇ ਸੰਨ 2012 ਵਿਚ ਸ਼ੁਰੂ ਕੀਤੀ ਫ਼ਿਲਮ 'ਸਰਸਾ' ਵਿਚ ਨਿਹਾਲ ਨੂੰ ਭਿੰਦੇ ਫੈਂਸੀ ਦਾ ਕਿਰਦਾਰ ਨਿਭਾਉਣ ਲਈ ਚੁਣ ਲਿਆ। ਨਿਹਾਲ ਦੇ ਸ਼ਬਦਾਂ ਵਿਚ 'ਸਰਸਾ' ਉਹਦੇ ਲਈ ਪਹਿਲਾ ਸਭ ਤੋਂ ਵੱਡਾ ਮੌਕਾ ਸੀ। ਭਿੰਦੇ ਦਾ ਕਿਰਦਾਰ ਯੂਨੀਵਰਸਿਟੀ ਪੜ੍ਹਨ ਵਾਲੇ ਨਸ਼ਈ ਮੁੰਡੇ ਦਾ ਸੀ ਜਿਹਦੇ ਨਾਮ ਨਾਲ ਫੈਂਸੀ ਜੁੜ ਚੁੱਕਿਆ ਹੈ, ਕਿਉਂਕਿ ਉਹ ਫੈਂਸੀਡਰਿੱਲ ਨਸ਼ੇ ਦੇ ਤੌਰ 'ਤੇ ਪੀਂਦਾ ਹੈ। ਨਿਹਾਲ ਨੇ ਇਹ ਕਿਰਦਾਰ ਨਿਭਾਉਣ ਲਈ ਖੁਦ ਕਾਫੀ ਖੋਜ ਕੀਤੀ। ਨਸ਼ਾ ਕਰਨ ਵਾਲੇ ਮੁੰਡਿਆਂ ਨੂੰ ਮਿਲਦਾ ਰਿਹਾ। ਨਸ਼ੇ ਤੋਂ ਹਮੇਸ਼ਾ ਦੂਰ ਰਹਿਣ ਵਾਲੇ ਨਿਹਾਲ ਨੇ ਕਿਰਦਾਰ ਨੂੰ ਮਹਿਸੂਸ ਕਰਨ ਲਈ ਇੱਕ ਵਾਰ ਫੈਂਸੀ ਵੀ ਪੀ ਕੇ ਦੇਖੀ। ਇਸ ਕਿਰਦਾਰ ਲਈ ਨਿਹਾਲ ਨੂੰ ਚੰਗੀ ਵਾਹ-ਵਾਹੀ ਮਿਲੀ।



ਨਿਹਾਲ ਪੁਰਬਾ (ਐਨ ਸੱਜੇ) ਯਾਦ ਗਰੇਵਾਲ ਤੇ ਬਲਜੀਤ ਸਿੰਘ ਦਿਉ।

ਦੂਜਾ ਵੱਡਾ ਕਿਰਦਾਰ ਨਿਹਾਲ ਨੂੰ ਮਸ਼ਹੂਰ ਹਦਾਇਤਕਾਰ ਬਲਜੀਤ ਸਿੰਘ ਦਿਉ ਦੀ ਆਉਣ ਵਾਲੀ ਫ਼ਿਲਮ 'ਹਿੰਮਤ ਸਿੰਘ' ਵਿਚ ਮਿਲਿਆ। ਉਹ ਬਲਜੀਤ ਸਿੰਘ ਦਿਉ ਦੀ ਫ਼ਿਲਮਸਾਜ਼ੀ ਦੇ ਹੁਨਰ ਦਾ ਮੁਰੀਦ ਹੈ। ਇਸ ਫ਼ਿਲਮ ਦਾ ਜ਼ਿਕਰ ਕਰਦੇ ਹੋਏ ਉਹ ਨਾਮੀ ਅਦਾਕਾਰ ਯਾਦ ਗਰੇਵਾਲ ਦਾ ਧੰਨਵਾਦ ਕਰਦਾ ਨਹੀਂ ਥੱਕਦਾ। 'ਹਿੰਮਤ ਸਿੰਘ' ਦੇ ਤਜਰਬੇ ਨੇ ਨਿਹਾਲ ਨੂੰ ਅਦਾਕਾਰੀ ਅਤੇ ਫ਼ਿਲਮਸਾਜ਼ੀ ਦੀਆਂ ਬਾਰੀਕ ਕੁੰਢੀਆਂ ਸਮਝਣ ਵਿਚ ਮਦਦ ਕੀਤੀ ਹੈ। ਉਹ ਓਮਪੁਰੀ ਅਤੇ ਅਨੁਪਮ ਖੇਰ ਦੀ ਕਤਾਰ ਦਾ ਅਦਾਕਾਰ ਬਣਨਾ ਚਾਹੁੰਦਾ ਹੈ। ਉਹ ਚੰਗਾ ਅਦਾਕਾਰ ਹੋਣ ਦੇ ਨਾਲ ਚੰਗਾ ਫ਼ਿਲਮ ਲੇਖਕ ਵੀ ਹੈ। ਹਾਸਰਸ ਲਿਖਤਾਂ ਉੱਤੇ ਨਿਹਾਲ ਦੀ ਪਕੜ ਕਮਾਲ ਦੀ ਹੈ।

HD IP

Security Solution

ULTRA High Resolution

Gas stations, Liquor Store, Hotel/Motels, Homes or Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr. Sukhpal

1-661-586-5080

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

ਗੋਲਡਨ ਪੰਜਾਬ ਕਲੱਬ (ਯੂ ਐਸ ਏ)

ਮਾਣ ਨਾਲ ਪੇਸ਼ ਕਰਦਾ ਹੈ-ਪਹਿਲੀ ਵਾਰ ਬੇ-ਏਰੀਆ ਵਿਚ

'ਮੀਆਂ ਨਾਲ ਤੀਆਂ'

ਟਿਕਟ ਸਿਰਫ 5 ਡਾਲਰ

ਮੰਚ ਸੰਚਾਲਨ



ਨੀਲਮ ਸੈਣੀ
(510) 502-0551

ਐਤਵਾਰ, 3 ਅਗਸਤ 2014
ਬਾਅਦ ਦੁਪਹਿਰ 1:00 ਤੋਂ ਸ਼ਾਮ 6:00 ਵਜੇ ਤੱਕ

Newark Pavalion: 6430 Thornton Ave., Newark, CA 94560

ਮਨੋਰੰਜਨ ਲਈ ਗਿੱਧਾ, ਭੰਗੜਾ, ਸਕਿੱਟਾਂ, ਬੇ-ਏਰੀਆ ਦੇ ਗਾਇਕ, ਲਾਈਵ ਡੀ ਜੇ, ਮਹਿੰਦੀ, ਰੀਫਲ ਇਨਾਮ (ਆਪਣੇ ਮੀਆਂ ਨਾਲ)

ਜਿਊਲਰੀ, ਮਹਿੰਦੀ, ਰੱਖੜੀ, ਕੱਪੜੇ ਦੇ ਨਾਲ ਨਾਲ ਖਾਣ-ਪੀਣ ਦੇ ਸਟਾਲ ਵੀ ਹੋਣਗੇ, ਅਤੇ ਮਨੋਰੰਜਨ ਲਈ ਹੋਰ ਬੜਾ ਕੁਝ

ਗਰੈਂਡ ਸਪਾਂਸਰ



ਸਤਵੰਤ ਸਿੰਘ
(ਇੰਸ਼ੋਰੈਂਟ ਸਰਵਿਸ)

ਹੋਰ ਜਾਣਕਾਰੀ ਲਈ ਸੰਪਰਕ ਕਰੋ

ਦਰਸ਼ਨ ਸਿੰਘ ਔਜਲਾ (510) 750-6116, ਪ੍ਰੋ. ਬਲਜਿੰਦਰ ਸਿੰਘ (510) 304-9310, ਪ੍ਰੀਤਮ ਸਿੰਘ (510) 750-4067
ਤਾਰਾ ਸਿੰਘ ਸਾਗਰ (510) 453-5759, ਡਾ. ਬਲਜੀਤ ਕੌਰ ਜੰਮੂ (510) 343-4162, ਸ਼ਹਿਬਾਜ਼ ਸੰਧੂ (510) 825-1713
ਸੰਤੋਖ ਸਿੰਘ ਤੱਖਰ (510) 755-3607, ਲਾਜ ਸੈਣੀ (510) 502-6743

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਂਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!

ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE


WITH PURCHASE OF 8 TIRES

269.99 Installed

LP22.5

CASH PRICE STEER OR DRIVE

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



FET, SALES TAX, MOUNTING INCLUDED

INSTALLED OUT THE DOOR PRICE

661-203-0433